ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

# ਸੰਤ ਗਾਥਾ

(ਭਾਗ – ਦੂਜਾ)

(ਜੀਵਨ ਬ੍ਰਹਮਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ)

ਪ੍ਰੇਮ ਸਿੰਘ ਮੇਜਰ (ਰਿਟਾ:)

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ – 110001

 www.sikhbookclub.com

**Sant Gatha, Vol.-II**

*Bhai Vir Singh*

ISBN#978-81-904956-1-5

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਐਡੀਸ਼ਨ, ਜਨਵਰੀ, 2009

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer :***
Printograph
2966/41, Beadon Pura
Karol Bagh, New Delhi - 110005

ਮੁੱਲ : 60/- ਰੁਪਏ

# ਪ੍ਰਵੇਸ਼ਕਾ

*ਸਾਧ ਕੀ ਸੋਭਾ ਕਾ ਨਾਹੀ ਅੰਤ*

*ਸਾਧ ਕੀ ਸੋਭਾ ਸਦਾ ਬੇਅੰਤ।*

ਸੰਤਾਂ, ਸਾਧਾਂ ਦੀਆਂ ਕਥਾਵਾਂ, ਕਹਾਣੀਆਂ ਸਾਨੂੰ ਹਮੇਸ਼ਾ ਹੀ ਉਚ ਜੀਵਨ ਆਚਾਰ ਜੀਊਣ ਲਈ ਪ੍ਰੇਰਨਾ ਕਰਦੀਆਂ ਰਹਿੰਦੀਆਂ ਹਨ। ਸਾਧਾਂ ਦੀ ਸੋਭਾ, ਸੰਤਾਂ ਦੀ ਮਹਿਮਾ ਦਾ ਤਾਂ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਸਿਆਣਿਆਂ ਕਿਹਾ ਹੈ ਜੈਸਾ ਅੰਨ ਤੈਸਾ ਮਨ। ਇਸੀ ਤਰ੍ਹਾਂ ਜੋ ਅਸੀਂ ਸੁਣਦੇ, ਪੜ੍ਹਦੇ ਅਤੇ ਦੇਖਦੇ ਕਰਦੇ ਹਾਂ ਉਹੋ ਜਿਹਾ ਬਣਨ ਦੀ ਕੋਸ਼ਿਸ਼ ਵੀ ਕਰਦੇ ਹਾਂ।

ਭਾਈ ਵੀਰ ਸਿੰਘ ਸਾਹਿਤ ਸਦਨ ਦਾ ਇਹ ਉਪਰਾਲਾ ਕਿ ਸੰਤ ਬਾਬਾ ਸ਼ਾਮ ਸਿੰਘ। ਹੋਰਾਂ ਦੀ ਜੀਵਨ ਕਥਾ ਪੁਸਤਕ ਰੂਪ ਵਿਚ ਆਮ ਸੰਗਤਾਂ ਨੂੰ ਪਹੁੰਚਾਈ ਜਾਵੇ ਚੰਗੀ ਗੱਲ ਹੈ। ਇਹ ਪੁਸਤਕ ਪਹਿਲਾਂ ਵੀ ਛੱਪ ਚੁੱਕੀ ਹੈ ਹੁਣ ਇਹ ਦੂਜੀ ਵਾਰ ਛੱਪ ਰਹੀ ਹੈ। ਇਸ ਵਿਚ ਸੰਤ ਸ਼ਾਮ ਸਿੰਘ ਹੋਰਾਂ ਦਾ ਜੀਵਨ ਹੀ ਨਹੀਂ ਬਲਕਿ ਉਸ ਸਮੇਂ ਦਾ ਪੂਰਾ ਹਾਲ ਪਤਾ ਲਗਦਾ ਹੈ ਕਿ ਕਿਵੇਂ ਸੰਤ ਜੀ ਸੇਵਾ ਕਰਦੇ ਸਨ, ਕਿਵੇਂ ਪ੍ਰਚਾਰ ਕਰਦੇ ਸਨ ਅਤੇ ਕਿਵੇਂ ਲੋੜਵੰਦਾਂ ਦੀ ਸਹਾਇਤਾ ਕਰਦੇ ਸਨ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਦਾ ਜੀਵਨ ਇਕ ਅਮਲੀ ਜੀਵਨ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਤੇ ਸਤਿਕਾਰ ਪ੍ਰਤੀ ਉਹ ਹਮੇਸ਼ਾਂ ਤੱਤਪਰ ਰਹਿੰਦੇ ਸਨ।

ਮੈਨੂੰ ਖੁਸ਼ੀ ਹੈ ਕਿ ਇਹ ਪੁਸਤਕ ਜਿਸਦੀ ਕਿ ਸੰਗਤਾਂ ਬੜੀ ਚਿਰ ਤੋਂ ਮੰਗ ਕਰ ਰਹੀਆਂ ਸਨ ਮੁੜ ਛਪ ਰਹੀ ਹੈ। ਆਸ ਕਰਦਾ ਹਾਂ ਕਿ ਸੰਗਤਾਂ ਬਾਬਾ ਜੀ ਦੇ ਜੀਵਨ ਸਮਾਚਾਰਾਂ ਨੂੰ ਪੜ੍ਹਕੇ ਲਾਹਾ ਲੈਣਗੀਆਂ।

੧ ਅਕਤੂਬਰ ੧੯੯੬
ਗੁਰਦੁਆਰਾ ਬੰਗਲਾ ਸਾਹਿਬ
*ਨਵੀਂ ਦਿੱਲੀ-੧੧੦੦੦੧*

ਸੰਗਤਾਂ ਦਾ ਦਾਸ
ਸੰਤ ਬਾਬਾ ਹਰਬੰਸ ਸਿੰਘ ਜੀ
*(ਕਾਰ ਸੇਵਾ ਵਾਲੇ)*


www.sikhbookclub.com



ਸੰਤ ਬਾਬਾ ਸ਼ਾਮ ਸਿੰਘ ਜੀ


www.sikhbookclub.com

# ਸੰਤ ਗਾਥਾ ਭਾਗ ੨

## ਤਤਕਰਾ

### ਜੀਵਨ ਸੰਤ ਬਾਬਾ ਸ਼ਾਮ ਸਿੰਘ ਜੀ –


| | |
|---|---|
| ਉਥਾਨਕਾ | ਅ |
| ਸੇਵਾ ਪੰਥੀ ਸੰਪ੍ਰਦਾ (ਸ੍ਰੀ ਮਹੰਤ ਹੀਰਾ ਸਿੰਘ ਜੀ ਲਿਖਤ) | ੨ |
| ਸੇਵਾ ਪੰਥੀ ਸੰਤ ਪਰਨਾਲੀ | ੪ |
| ਸੰਤ ਭਾਈ ਰਾਮ ਸਿੰਘ ਜੀ ਦਾ ਜਨਮ | ੫ |
| ਸੰਤ ਭਾਈ ਰਾਮ ਸਿੰਘ ਜੀ | ੫ |
| ਬਾਲਕ ਸ਼ਾਮ ਸਿੰਘ ਦੀ ਸੰਤਾਂ ਨੂੰ ਸੌਂਪਣਾ | ੭ |
| ਸੰਤ ਭਾਈ ਰਾਮ ਸਿੰਘ ਜੀ ਦੀ ਸ਼ਾਹ ਪੁਰੋਂ ਰਵਾਨਗੀ | ੯ |
| ਬਾਲ ਅਵਸਥਾ ਵਿਚ ਸੇਵਾ ਤੇ ਸਤਿਸੰਗ ਦੀ ਘਾਲ | ੧੦ |
| ਵਿਦਯਾ ਪ੍ਰਾਪਤੀ | ੧੩ |
| ਗੁਰਬਾਣੀ ਸ਼ੁਧ ਪਾਠ ਵਿਧੀ | ੧੩ |
| ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਚਰਨੀ ਲਾਉਣਾ | ੧੫ |
| ਗੁਰਬਾਣੀ ਲਿਖਣ, ਕੰਠ ਕਰਨ ਦਾ ਉਪਦੇਸ਼ | ੧੬ |
| ਗੁਰੂ ਨਾਨਕ ਚਰਨਾਂ ਪਰ ਸ਼ਰਧਾ ਦਾ ਫਲ | ੧੭ |
| ਸ੍ਰੀ ਦਰਬਾਰ ਸਾਹਿਬ ਦਰਸ਼ਨ-ਖਿੱਚ | ੧੯ |

ਸੰਤ ਮੰਡਲੀ ਹਰਦੁਆਰੋਂ ਅੰਮ੍ਰਿਤਸਰ
ਸੰਤ ਰਾਮ ਸਿੰਘ ਜੀ ਸਚਖੰਡ ਗਮਨ ੨੪
ਸੰਤ ਸ਼ਾਮ ਸਿੰਘ ਜੀ ਦੀ ਉਦਾਸੀ ਤੇ ਸੁਧਾਸਰ ਆਉਣਾ ੨੫
ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ, ਸੇਵਾ, ਇਸ਼ਨਾਨ ਮਹਾਤਮ ੨੬
ਭਾਈ ਦੇਸ ਰਾਜ ਜੀ ਦੀ ਗੁਰ ਦਰਬਾਰ ਸੇਵਾ ੨੭
ਸ੍ਰੀ ਦਰਬਾਰ ਸਾਹਿਬ ਸੇਵਾ ਤੇ ਪੂਜਨ ਦਾ ਫਲ ੩੩
ਸ੍ਰੀ ਹਰਿਮੰਦਰ ਇਸ਼ਨਾਨ ਸਫਾਈ ਸੇਵਾ ਵਿਧੀ ੩੪
ਗੁਰ ਦਰਬਾਰ ਸੇਵਾ ਪਰ ਸ਼ਰਧਾ ੩੬
ਗੁਰੂ ਰਾਮਦਾਸ ਨਗਰੀ ਦੀ ਮਹਾਨਤਾ ੩੭
ਸ੍ਰੀ ਤਰਨ ਤਾਰਨ ਸਿਰਜਨਾ ਬਾਰੇ ਸਰੋਤ ੩੮
ਗੁਰੂ ਬਾਬੇ ਦੀ ਚੜ੍ਹਤ ਦਾ ਪੈਸਾ ਮਹੁਰਾ ਹੈ ੩੯
ਸੰਤ ਬਾਬਾ ਜੀ ਦਾ ਦਿਨ-ਚਰਿਯਾ ੪੦
ਰੱਖ, ਧਾਗੇ, ਤਵੀਤ, ਜੰਤ੍ਰ ਮੰਤ੍ਰ ਦੀ ਮਨਾਹੀ ੪੫
ਝੂਠੀ ਮਾਇਆ ਲਈ ਅਰਦਾਸ ਤੋਂ ਪ੍ਰਹੇਜ਼ ੪੬
ਸੰਤਾਂ ਦੀ ਜੈ ਕਿ ਮਾਇਆ ਦੀ ਜੈ ! ੪੬
ਤਮਾਕੂ ਵਰਤਣ ਵੇਚਣ ਵਾਲੇ ਤੋਂ ਤਮਾਕੂ ਛੁਡਾਣਾ ੪੭
ਲੰਗਰ ਲਈ ਪਾਥੀਆਂ ਪੱਥਣਾ ੪੯
ਦਸਾਂ ਨਹੁਆਂ ਦੀ ਕਿਰਤ ਦੀ ਬਰਕਤ ੫੦
ਅਧਰਮ ਦੀ ਕਮਾਈ ਤੋਂ ਪ੍ਰਹੇਜ਼ ੫੨
ਮਾਇਆ ਤੋਂ ਨਿਰਲੇਪਤਾ ੫੩
ਵਡਿਆਈ ਦਾ ਤਿਆਗ ੫੪
ਗੁਰੂ ਦਰਬਾਰ ਵਿਚ ਸਿਖ ਮਾਤ੍ਰ ਦਾ ਦਰਜਾ ਸਮ ੫੬
ਧਰਮ ਸਾਲਾ ਆਟਾ ਮੰਡੀ ਦਾ ਬਣਨਾ ੫੭
ਕਮਾਲ ਦੀ ਨਿੰਮ੍ਰਤਾ ੬੦
ਭਾਈ ਹੇਮ ਰਾਜ ਨੂੰ ਨਿਰਮਾਣਤਾ ਉਪਦੇਸ਼ ੬੧

ਸ

ਮੱਥਾ ਨਾ ਟਿਕਾਉਣਾ ੬੨
ਭਾਈ ਸਾਹਿਬ ਵੀਰ ਸਿੰਘ ਜੀ ਦੀ ਸਾਖ ੬੪
ਪਾਰਸ ਹੋਇ ਤਾਂ ਪੂਜ ਕਰਾਏ ੬੫
ਗਰੀਬਾਂ ਤੇ ਤਰਸ ੬੬
ਕਾਲ ਪੀੜਤ ਜਨਤਾ ਦੀ ਸਹਾਇਤਾ ੬੯
ਲੋੜਵੰਦਾਂ ਦੀ ਚੁਪ-ਚਾਪ ਸਹਾਇਤਾ ੭੧
ਪ੍ਰਲੋਕ ਵਿਚ ਸਹਾਇਤਾ ਕਰਨ ਦੀ ਮੰਗ ਪਰ ੭੩
ਚੋਰਾਂ ਤੋਂ ਚੋਰੀ ਛੁਡਾਉਣ ਦੀਆਂ ਸਾਖੀਆਂ ੭੪
ਪਰਦੇਸੀਆਂ ਦੀ ਸੇਵਾ ੭੭
ਜੀਵ ਦਇਆ ੭੮
ਬਾਣੀ ਨਾ ਪੜ੍ਹਨ ਵਾਲੇ ਦੇ ਘਰ ਦੀ ਲੱਸੀ ਨਾਂ ਕਬੂਲੀ ੮੦
ਅਟਾਰੀ ਵਾਲੀ ਸਰਦਾਰਨੀ ਦਾ ਰੋਗੀ ਬੱਚਾ ਅਰੋਗ ਹੋਣਾ ੮੧
ਰਹਿਤ-ਮਰਿਯਾਦਾ ਦੀ ਦ੍ਰਿੜ੍ਹਤਾ ੮੩
'ਜੜ੍ਹ ਹਰੀ' ਤੇ 'ਜੜ੍ਹ ਸੁੱਕੀ' ੮੪
ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਦੀ ਵਿਸ਼ੇਸ਼ਤਾ ੮੫
ਦੇਹ ਧਾਰੀ ਗੁਰੂ ਨਹੀਂ ਧਾਰਨਾ ੮੭
ਗੁਰੂ ਦੀਖਯਾ ੮੭
ਕਰਜ਼ ਉਤਾਰਿਆ ਸਤਿਗੁਰੂ ੮੮
ਗੁਰ ਸੇਵਾ ਤੇ ਸਤਿਸੰਗ ਦੋਵੇਂ ਲਾਜ਼ਮੀ ਹਨ ੮੯
ਸਰ ਸੁੰਦਰ ਸਿੰਘ ਜੀ ਮਜੀਠੀਏ ਨੂੰ ਅੰਮ੍ਰਿਤ ਛਕਾਉਣਾ ੯੦
ਸੰਤਾਂ ਦੇ ਕੀਰਤਨ ਸਮੇਂ ਰਾਗ ਸਾ-ਪ੍ਰਤੱਖ ੯੨
ਸੰਤਾਂ ਦੀ ਅਰਦਾਸ ਤੇ ਕੀਰਤਨ ਪਰ ਵਰਖਾ ਹੋਣੀ ੯੩
ਹਰੀ ਕੀਰਤਨ ਪ੍ਰਤਾਪ ੯੪
ਕੀਰਤਨੀਏ ਨੂੰ ਸਿਖਯਾ ੯੭
ਸੰਤ ਵਜ਼ੀਰ ਸਿੰਘ ਨੂੰ ਸੁੱਖਾ ਪੀਣੋ ਵਰਜਿਆ ੯੮

| | |
|---|---|
| ਸ੍ਰੀ ਸੁਖਮਨੀ ਸਾਹਿਬ ਮਹਾਤਮ | ੯੯ |
| ਸ੍ਰੀ ਸੰਤ ਅਤਰ ਸਿੰਘ ਜੀ ਮਸਤੂਆਣਾ | ੧੦੦ |
| ਸ੍ਰੀ ਸੰਤ ਭਾਈ ਕਰਮ ਸਿੰਘ ਜੀ ਹੋਤੀ ਮਰਦਾਨ | ੧੦੨ |
| ਕੀਰਤਨੀਏ ਦੀ ਸਹਾਇਤਾ | ੧੦੩ |
| ਪ੍ਰਚਾਰਕ ਵਿਦਜਾਲਾ ਤੇ ਹਸਪਤਾਲ ਤਰਨ ਤਾਰਨ | ੧੦੪ |
| ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ | ੧੦੬ |
| ਸੰਤ ਭਾਈ ਰਤਨ ਸਿੰਘ ਜੀ ਦਾ ਸਿਦਕ | ੧੧੧ |
| ਸ੍ਰੀ ਗੁਰੂ ਗ੍ਰੰਥ ਸੇਵਾ ਤੇ ਪਾਠ | ੧੧੨ |
| ਸੰਤ ਭਾਈ ਬਾਹਿਰਿਆ ਸਿੰਘ ਜੀ ਕੰਧਰਾ ਨਿਵਾਸੀ | ੧੧੫ |
| ਵਾਹਿਗੁਰੂ ਜੀ ਕੀ ਫਤਹ ਬੁਲਾਉਣ ਪਰ | ੧੧੭ |
| ਗੁਰਮੁਖੀ ਅੱਖਰਾਂ ਦਾ ਸਤਿਕਾਰ | ੧੧੯ |
| ਅੰਮ੍ਰਿਤ ਵੇਲੇ ਅਖਬਾਰ ਪੜ੍ਹਨ ਦੀ ਮਨਾਹੀ | ੧੧੯ |
| ਵਿਦਜਕ ਕਾਨਫਰੰਸ ਲਾਹੌਰ ਤੇ ਜਾਣਾ | ੧੨੦ |
| ਕਾਰ ਸੇਵਾ ਸ੍ਰੀ ਦਰਬਾਰ ਸਾਹਿਬ | ੧੨੨ |
| ਕਾਰ ਸੇਵਾ ਸਬੰਧੀ ਪੁਰਾਤਨ ਪੱਤਰੇ ਦੀ ਨਕਲ | ੧੨੪ |
| ਸੰਤ ਬਾਬਾ ਜੀਵਣ ਸਿੰਘ ਜੀ | ੧੨੬ |
| ਗੁਰੂ ਕੇ ਬਾਗ ਦਾ ਮੋਰਚਾ | ੧੨੮ |
| ਗੰਗਾ ਇਸ਼ਨਾਨ ਹਿਤ ਹਰਦੁਆਰ ਜਾਣਾ | ੧੩੧ |
| ਬਾਬੇ ਤਾਰੇ ਚਾਰ ਚੱਕ | ੧੩੩ |
| ਰਾਗ ਮਾਲਾ | ੧੩੪ |
| ਮਹਾਰਾਜਾ ਰਿਪੁਦਮਨ ਸਿੰਘ ਨਾਭਾ | ੧੩੫ |
| ਤੀਰਥ ਯਾਤਰਾ ਪਾਤਾਲਪੁਰੀ ਸ੍ਰੀ ਕੀਰਤਪੁਰ | ੧੪੧ |
| ਯਾਤਰਾ ਵਿਚ ਕਿਸ ਕਿਸ ਗੱਲ ਦਾ ਵਿਸ਼ੇਸ਼ ਧਿਆਨ | ੧੪੨ |
| ਅੰਤਰ-ਯਾਮਤਾ | ੧੪੪ |
| ਸ੍ਰੀ ਦਰਬਾਰ ਸਾਹਿਬ ਦੀ ਚੌਂਕੀ ਸਾਹਿਬ | ੧੪੭ |

| | |
|---|---|
| ਮਨ ਨੂੰ ਵੱਸ ਕਰਨ ਦਾ ਸਾਧਨ | ੧੫੦ |
| ਕਾਮ ਕ੍ਰੋਧ ਤੋਂ ਛੁਟਕਾਰੇ ਦਾ ਸਾਧਨ | ੧੫੧ |
| ਮੰਤਰ ਹਥ ਰਾਖੀ ਕੁੰਜੀ | ੧੫੨ |
| ਗੁਰਸਿੱਖੀ ਸਹਿਜ ਦਾ ਮਾਰਗ | ੧੫੩ |
| ਸ੍ਰੀ ਬਾਬਾ ਸਾਹਿਬ ਸਿੰਘ ਜੀ ਵਲੋਂ ਨਾਮ ਉਪਦੇਸ਼ | ੧੫੪ |
| ਮਜ਼ਹਬੀ ਸਿੰਘਾਂ ਨੂੰ ਪੰਥ ਨਾਲ ਰਲਾਉਣਾ | ੧੫੫ |
| ਸੰਤਾਂ ਦੀ ਵਾਕ-ਸਤਤਾ | ੧੫੬ |
| ਗੁਰਦੁਆਰਿਆਂ ਦੀ ਸੇਵਾ | ੧੫੮ |
| ਸੇਵਾ ਸ੍ਰੀ ਸੰਤੋਖ ਸਰ ਸਾਹਿਬ | ੧੬੦ |
| ਸੇਵਾ ਹੰਸਲੀ ਸ੍ਰੀ ਤਰਨ ਤਾਰਨ | ੧੬੨ |
| ਹੰਸਲੀ ਸ੍ਰੀ ਦਰਬਾਰ ਸਾਹਿਬ ਪ੍ਰਿਥਮ ਖੁਦਾਈ | ੧੬੩ |
| ਗੁਰਦੁਆਰਾ ਸ੍ਰੀ ਝੰਡਾ ਬੁੰਗਾ ਸਾਹਿਬ ਨਵ-ਉਸਾਰੀ | ੧੬੯ |
| ਗੁਰ: ਝੰਡਾ ਬੁੰਗਾ ਸਾਹਿਬ ਨੂੰ ਕਮੇਟੀ ਨੇ ਦਫਤਰ ਬਨਾਣਾ | ੧੭੨ |
| ਸੰਤ ਬਾਬਾ ਗੁਰਮੁਖ ਸਿੰਘ ਤੇ ਸੰਤ ਬਾਬਾ ਸਾਧੂ ਸਿੰਘ ਜੀ | ੧੭੪ |
| ਸੰਤ ਭਾਈ ਸਵਾਇਆ ਸਿੰਘ ਜੀ ਛਬੀਲ ਵਾਲੇ | ੧੭੭ |
| ਸੰਤ ਭਾਈ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲੇ | ੧੭੯ |
| ਲੇਖਕ ਨੂੰ ਸੰਤ ਬਾਬਾ ਜੀਵਾ ਸਿੰਘ ਦੇ ਦਰਸ਼ਨ ਪ੍ਰਾਪਤ | ੧੮੦ |
| ਸੰਤ ਮੰਨਾ ਸਿੰਘ ਜੀ | ੧੮੫ |
| ਸੰਤ ਭਾਈ ਗੋਬਿੰਦ ਸ਼ਾਹ ਸਿੰਘ ਜੀ | ੧੮੬ |
| ਸੰਤ ਸੇਵਾ ਸਿੰਘ ਜੀ ਆਨੰਦਗੜ੍ਹ ਸਾਹਿਬ ਵਾਲੇ | ੧੮੭ |
| ਗੁਰੂ ਘਰ ਦੀ ਸੇਵਾ ਦਿਲੀ ਪ੍ਰੇਮ ਨਾਲ ਚਾਹੀਏ | ੧੮੯ |
| ਸ੍ਰੀ ਅੰਮ੍ਰਿਤ ਸਰੋਵਰ ਨਾਲ ਅਗਾਧ ਪ੍ਰੇਮ | ੧੯੦ |
| ਅੰਤ ਸਮੇਂ ਲਿਵਲੀਨਤਾ ਤੇ ਸੁਚੇਤਤਾਈ | ੧੯੦ |
| ਗੁਰਪੁਰੀ ਗਮਨ | ੧੯੨ |
| ਸਸਕਾਰ ਸਮਾਰੋਹ | ੧੯੪ |

ਪਾਤਾਲ ਪੁਰੀ ਪੁਸ਼ਪ ਪ੍ਰਵਾਹ ੧੯੫
ਸੁਭਰ ਭਰੇ ਪ੍ਰੇਮ ਰਸ ਰੰਗਿ (ਸ੍ਰੀ ਭਾਈ ਸਾਹਿਬ ਜੀ ਦੇ ਬਚਨ) ੧੯੬
ਸੰਤ ਬਾਬਾ ਨੰਦ ਸਿੰਘ ਜੀ ਦੀ ਸਾਖ ੧੯੭
ਸੰਤ ਭਾਈ ਰਣਧੀਰ ਸਿੰਘ ਜੀ ਲਿਖਤ ੧੯੭
ਪ੍ਰਦੇਸੀ ਪਰ ਬਾਬਾ ਜੀ ਦੇ ਦਰਸ਼ਨ ਦਾ ਪ੍ਰਭਾਵ ੧੯੮
ਚਿਤਵੀ ਸ਼ੰਕਾ ਦਾ ਸਮਾਧਾਨ ੧੯੮
ਸੇਵਾ ਸਿਮਰਨ ਤੇ ਕੀਰਤਨ ਦਾ ਮੰਡਲ
(ਸ੍ਰੀ ਭਾਈ ਸਾਹਿਬ ਦੇ ਬਚਨ) ੧੯੯
ਦਰਸ਼ਨ ਦਾ ਪ੍ਰਭਾਵ ੨੦੧
ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ੨੦੨
ਸ੍ਰੀ ਮਾਨ ਸੰਤ ਬਾਬਾ ਖੜਕ ਸਿੰਘ ਜੀ ੨੦੯

੧ ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

# ਉਥਾਨਕਾ

ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸੰਤ ਗਾਥਾ ਭਾਗ ੧ ਦੀ ਉਥਾਨਕਾ ਵਿਚ ਲਿਖਿਆ ਹੈ :

"ਜਿਵੇਂ ਰਾਜਸੀ ਪਹਿਲੂ ਦਾ ਸਿੱਖ ਇਤਿਹਾਸ ਪੰਥਕ ਘਾਲਾਂ, ਕੁਰਬਾਨੀਆਂ ਤੇ ਮੱਲਾਂ ਮਾਰੀਆਂ ਦਾ ਰੁਲ ਰਿਹਾ ਹੈ, ਤਿਵੇਂ ਸਿੱਖ ਸਾਧੂਆਂ, ਸੰਤਾਂ, ਅਭਿਆਸੀਆਂ ਅਤੇ ਗੁਰਮੁਖਾਂ ਦਾ ਬੀ ਨਹੀਂ ਲੱਭਦਾ। ਐਸੇ ਮਹਾਂ ਪੁਰਖ, ਜਿਨ੍ਹਾਂ ਦੀਆਂ ਕੁਰਬਾਨੀਆਂ, ਜਗਜਾਸੂਆਂ, ਅਭਿਆਸੀਆਂ ਤੇ ਸਿੱਖ ਬ੍ਰਿਧ, ਬਾਲ, ਜੁਆਨ, ਇਸਤ੍ਰੀ ਪੁਰਖ ਸਭ ਲਈ ਚਾਨਣ ਮੁਨਾਰੇ ਤੋਂ ਵੱਧ ਪ੍ਰਕਾਸ਼ ਪਾ ਸਕਦੀਆਂ ਹਨ, ਸਾਡੀ ਭੁੱਲ ਅਤੇ ਅਵੇਸਲੇਪਨ ਦੇ ਕਾਲੇ ਗੁਬਾਰ ਵਿਚ ਗੁੰਮ ਹੁੰਦੀਆਂ ਗਈਆਂ ਤੇ ਹੁੰਦੀਆਂ ਜਾ ਰਹੀਆਂ ਹਨ।"

ਭਾਈ ਸਾਹਿਬ ਜੀ ਦੇ ਪ੍ਰਗਟ ਕੀਤੇ ਇਸ ਸ਼ੁਭ ਵੀਚਾਰ ਨੂੰ ਮੁਖ ਰੱਖਕੇ ਇਸ ਨਿਮਾਣੇ ਜਿਹੇ ਦਾਸ ਨੇ ਸ੍ਰੀ ਗੁਰੂ ਰਾਮਦਾਸ

ਜੀ ਮਹਾਰਾਜ ਦੀ ਓਟ ਲੈ ਕੇ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਜੀਵਨ ਸਮਾਚਾਰ ਤਿਆਰ ਕਰਨ ਦਾ ਉੱਦਮ ਆਰੰਭਿਆ ।

ਸਤਿਕਾਰ ਯੋਗ ਭਾਈ ਸਾਹਿਬ ਜੀ ਦੇ ਨਿਕਟਵਰਤੀਆਂ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਕਈ ਵੇਰ ਕੋਈ ਸੱਜਣ ਆਪਣੇ ਮਨ ਵਿਚ ਕੋਈ ਸੰਕਲਪ ਜਾਂ ਖ਼ਿਆਲ ਲੈ ਕੇ ਆਪ ਦੇ ਦਰਸ਼ਨ ਨੂੰ ਆਏ ਤਾਂ ਉਨ੍ਹਾਂ ਦੇ ਕੁਝ ਕਹਿਣ ਤੋਂ ਪਹਿਲੇ ਆਪ ਨੇ ਸਹਿਜ ਸੁਭਾਵ ਐਸੇ ਵਚਨ ਕਰ ਦੇਣੇ ਜਿਸ ਨਾਲ ਅਗਲੇ ਦੇ ਚਿਤਵੇ ਸੰਕਲਪਾਂ ਦਾ ਉੱਤਰ ਉਸ ਨੂੰ ਮਿਲ ਜਾਣਾ। ਦਾਸ ਨੂੰ ਬੀ ਇਸ ਤਰ੍ਹਾਂ ਦਾ ਤਜਰਬਾ ਕਈ ਵਾਰ ਹੋਇਆ। ਸੰਨ ੧੯੩੬, ੩੭ ਵਿਚ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਕੁਝ ਜੀਵਨ ਸਮਾਚਾਰ, ਭਾਈ ਪ੍ਰਤਾਪ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ, ਸਪੁਤ੍ਰ ਭਾਈ ਮਾਨ ਸਿੰਘ ਜੀ, ਜੋ ਕਿ ਸੰਤਾਂ ਦੇ ਬੜੇ ਪ੍ਰੇਮੀ ਸਨ, ਦੇ ਲਿਖੇ ਖਾਲਸਾ ਸਮਾਚਾਰ ਵਿਚ ਛਪੇ ਸਨ। ਲੇਖਕ ਦੋ ਵੇਰ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਪਾਸ ਹਾਜ਼ਰ ਹੋਇਆ ਇਹ ਅਰਜ਼ ਕਰਨ ਲਈ ਕਿ ਆਪ ਮੈਨੇਜਰ ਖਾਲਸਾ ਸਮਾਚਾਰ ਨੂੰ ਆਗਜਾ ਕਰਨ ਕਿ ਓਹ ਸਮਾਚਾਰ ਪੁਸਤਕ ਆਕਾਰ ਵਿਚ ਛਪਵਾ ਦੇਣ, ਸੰਤ ਗਾਥਾ ਭਾਗ ੨ ਬਣਾ ਕੇ, ਕੁਝ ਕਹਿਣ ਦੀ ਹਿੰਮਤ ਤਾਂ ਨਾ ਪਈ ਪਰ ਮੇਰੇ ਮਨ ਨੂੰ ਉਨ੍ਹਾਂ ਨੇ ਸੁਝਾਉ ਬਖ਼ਸ਼ਿਆ ਕਿ ਭਈ ਤੂੰ ਆਖਦਾ ਹੈਂ ਕਿ ਮੈਂ ਸੰਤਾਂ ਦਾ ਸੇਵਕ ਹਾਂ ਤੇ ਦੋ ਸਾਲ ਉਨ੍ਹਾਂ ਦੀ ਸੇਵਾ ਵਿਚ ਰਿਹਾ ਬੀ ਹਾਂ, ਇਹ ਸੇਵਾ ਫਿਰ ਤੂੰ ਆਪ ਹੀ ਕਰ ।

ਇਕ ਵਾਰ ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ਦਿੱਲੀ

ਵਿਖੇ ਆਏ, ਆਪ ਦੇ ਦਰਸ਼ਨ ਦਾਸ ਨੂੰ ਸੇਠੀ ਟੈਂਟ ਹਾਊਸ, ਕਰੋਲ ਬਾਗ ਨਵੀਂ ਦਿੱਲੀ ਵਾਲਿਆਂ ਦੇ ਗ੍ਰਿਹ ਵਿਖੇ ਹੋਏ। ਦਾਸ ਨੇ ਸੰਤਾਂ ਜੋਗ ਬੇਨਤੀ ਕੀਤੀ ਕਿ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਜੀਵਨੀ ਤਿਆਰ ਕਰਨ ਦੀ ਮੇਰੀ ਇੱਛਾ ਹੈ। ਅਸੀਸ ਬਖ਼ਸ਼ੋ ਕਿ ਸਤਿਗੁਰੂ ਜੀ ਇਹ ਸੇਵਾ ਦਾਸ ਪਾਸੋਂ ਕਰਵਾ ਲੈਣ। ਸੰਤ ਬਾਬਾ ਜੀ ਨੇ ਪ੍ਰਸੰਨ ਹੋ ਉੱਤਰ ਵਿਚ ਇਹ ਗੁਰ ਵਾਕ ਉਚਾਰਣ ਕੀਤਾ :—

'ਹਰਿ ਕੀਆ ਕਥਾ ਕਹਾਣੀਆ ਗੁਰ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥'
[ਤਿਲੰਗ ਮਹਲਾ ੪ ॥

ਉਸ ਸਮੇਂ ਭਾਈ ਠਾਕਰ ਸਿੰਘ ਜੀ ਸਾਬਕ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਜੋ ਕੋਲ ਹੀ ਬੈਠੇ ਸਨ, ਅੰਦਰ ਗਏ ਤੇ ਸੰਤ ਬਾਬਾ ਜੀ ਦੇ ਜੀਵਨ ਸਮਾਚਾਰ, ਜੋ ਉਨ੍ਹਾਂ ਨੇ ਆਪ ਲਿਖੇ ਸਨ, ਲਿਆ ਕੇ ਦਾਸ ਦੇ ਹਵਾਲੇ ਕਰ ਦਿਤੇ।

ਇਕ ਕਾਰਨ ਹੋਰ ਬੀ ਇਸ ਉੱਦਮ ਨੂੰ ਉਤਸ਼ਾਹ ਦੇਣ ਵਾਲਾ ਬਣਿਆ ਕਿ ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ ਨਾਜ਼ਮ ਨਾਭਾ ਨੇ ਦੱਸਿਆ ਕਿ ਜਦ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦਾਖ਼ਲ ਹੋਇਆ ਤਾਂ ਮੇਰਾ ਦਿਲ ਬੜਾ ਵੈਰਾਗ ਵਿਚ ਰਹਿੰਦਾ ਸੀ, ਅਰਦਾਸਾਂ ਕਰਦਾ ਰਹਿੰਦਾ ਸਾਂ ਕਿ ਹੇ ਗੁਰੂ ਰਾਮਦਾਸ ਪਾਤਸ਼ਾਹ ਮੇਹਰ ਕਰੋ, ਕੋਈ ਐਸਾ ਸੰਤ ਮੇਲੋ ਜੋ ਮੈਨੂੰ ਸਿੱਖੀ ਸਿਦਕ ਦੀ ਦ੍ਰਿੜ੍ਹਤਾ ਬਖ਼ਸ਼ੇ ਤੇ ਮੇਰਾ ਮਨ ਟਿਕ ਕੇ ਸੁਖੀ ਹੋ ਜਾਵੇ। ਇਸੇ ਹਾਲਤ ਵਿਚ ਮੈਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਦਰਸ਼ਨ ਕੀਤੇ ਤੇ ਆਪਣੀ ਵੇਦਨਾ ਪ੍ਰਗਟ

ਕੀਤੀ। ਉਨ੍ਹਾਂ ਨੇ ਫੁਰਮਾਇਆ ਕਿ ਮੈਂ ਤੈਨੂੰ ਉੱਚ ਕਰਨੀ ਵਾਲੇ ਸੰਤਾਂ ਦਾ ਪਤਾ ਤਾਂ ਦੱਸ ਦੇਂਦਾ ਹਾਂ ਪਰ ਜੋ ਓਹ ਹੁਕਮ ਕਰਨ ਨੰਮ੍ਰ ਹੋ ਕੇ ਪੂਰੀ ਤਰ੍ਹਾਂ ਪਾਲਣਾ ਹੋਵੇਗਾ। ਮੈਂ ਵਚਨ ਦਿਤਾ ਕਿ ਜੀ ਹਰ ਹਾਲ ਪਾਲਣ ਕਰਾਂਗਾ। ਫਿਰ ਉਨ੍ਹਾਂ ਨੇ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਨਾਮ ਲਿਆ ਤੇ ਦੱਸਿਆ ਕਿ ਓਹ ਐਸੇ ਸੰਤ ਹਨ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਨਾਮ ਚਿਤ ਆਉਂਦਾ ਹੈ। ਮੇਰੇ ਬਜ਼ੁਰਗਾਂ ਦੇ ਮੁੱਢਾਂ ਦੇ ਉਨ੍ਹਾਂ ਨਾਲ ਮੇਲ ਗੇਲ ਹਨ, ਮੈਨੂੰ ਯਾਦ ਹੈ ਕਿ ਮੈਂ ਅਜੇ ਪੰਜ ਕੁ ਬਰਸ ਦਾ ਸਾਂ ਜਦੋਂ ਮੇਰੇ ਪਿਤਾ ਡਾ: ਚਰਨ ਸਿੰਘ ਜੀ ਮੈਨੂੰ ਉਂਗਲੀ ਲਾ ਕੇ ਇਨ੍ਹਾਂ ਸੰਤਾਂ ਪਾਸ ਲਿਆਏ, ਸੰਤਾਂ ਨੇ ਬੜਾ ਪਿਆਰ ਕੀਤਾ ਤੇ ਆਸ਼ੀਰਵਾਦ ਦਿਤੀ, ਉਸ ਤੋਂ ਪਿਛੋਂ ਮੈਨੂੰ ਅੰਮ੍ਰਿਤ ਦੀ ਦਾਤ ਬੀ ਉਨ੍ਹਾਂ ਨੇ ਬਖ਼ਸ਼ੀ। ਇਹ ਸਮਾਚਾਰ ਇਸੇ ਪੁਸਤਕ ਵਿਚ ਪੰਨਾ ੧੯੯ ਪਰ ਬੀ ਛਪ ਗਏ ਹਨ। ਪੰਥ ਦੀ ਪ੍ਰਸਿੱਧ ਮਹਾਨ ਹਸਤੀ ਦੇ ਹਿਰਦੇ ਵਿਚ ਬੀ ਸੰਤ ਬਾਬਾ ਜੀ ਦਾ ਪਿਆਰ ਤੇ ਸਤਿਕਾਰ ਸੁਣ ਕੇ ਮੈਂ ਹੋਰ ਬੀ ਚਾਉ ਨਾਲ ਇਹ ਕੰਮ ਕਰਨਾ ਆਰੰਭਿਆ, ਤੇ ਲਿਖਤੀ ਸਮਾਚਾਰ ਇਕੱਤ੍ਰ ਕਰਨੇ ਹੋਰ ਲਗਨ ਨਾਲ ਸ਼ੁਰੂ ਕਰ ਦਿਤੇ।

ਸੰਤ ਮੰਨਾ ਸਿੰਘ ਜੀ ਦੇ ਸੇਵਕ ਭਾਈ ਨਰੈਣ ਸਿੰਘ ਜੀ, ਜੋ ਅੱਜ ਕੱਲ ਸ੍ਰੀ ਭਾਈ ਕਨ੍ਹੱਯਾ ਸਾਹਿਬ ਜੀ ਦੇ ਯਾਦਗਾਰੀ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਸ੍ਰੀ ਮਹੰਤ ਹਨ, ਉਨ੍ਹਾਂ ਨੇ ਭੀ ਬੜੀ ਮਿਹਨਤ ਕਰ ਕੇ ਸੰਤਾਂ ਦੇ ਜੀਵਨ ਸਮਾਚਾਰ ਲਿਖੇ ਸਨ, ਮੰਗ ਕਰਨ ਤੇ ਉਨ੍ਹਾਂ ਨੇ ਬੀ ਬੜੀ ਕ੍ਰਿਪਾ ਕਰਕੇ ਆਪਣਾ ਸੰਚਾ ਦਾਸ ਦੇ ਹਵਾਲੇ ਕਰ ਦਿਤਾ।

ਗੁਰਪੁਰਵਾਸੀ ਸਰਦਾਰ ਬਸ਼ੇਸ਼ਰ ਸਿੰਘ ਜੀ ਸਾਬਕ

ਛ

ਨਾਜ਼ਮ (ਡਿਪਟੀ ਕਮਿਸ਼ਨਰ) ਨਾਭਾ, ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਉਹ ਸੰਤਾਂ ਦੇ ਬੜੇ ਪ੍ਰੇਮੀ ਸਨ, ਉਹਨਾਂ ਨੇ ਬੀ ਆਪਣੀ ਕਾਪੀ, ਜਿਸ ਵਿਚ ਸੰਤਾਂ ਦੇ ਜੀਵਨ ਦੇ ਵਾਕਯਾਤ ਲਿਖੇ ਹੋਏ ਸਨ, ਦਾਸ ਨੂੰ ਪ੍ਰਦਾਨ ਕਰ ਦਿਤੀ। ਏਹ ਸੰਚੇ ਇਕੱਤ੍ਰ ਹੋ ਜਾਣ ਪਿਛੋਂ ਸਰਦਾਰ ਬਸ਼ੇਸ਼ਰ ਸਿੰਘ ਜੀ ਦਾਸ ਦੇ ਗ੍ਰਿਹ ਡੀਫੈਂਸ ਕਾਲੋਨੀ ਨਵੀਂ ਦਿੱਲੀ ਵਿਚ ਆ ਕੇ ਪੰਜ ਮਹੀਨੇ ਰਹੇ; ਇਸ ਸਮੇਂ ਵਿਚ ਸੰਤਾਂ ਦੇ ਜੀਵਨ ਦਾ ਡਰਾਫਟ ਤਿਆਰ ਕੀਤਾ ਗਿਆ, ਸਰਦਾਰ ਜੀ ਨੇ ਪੂਰੀ ਸਹਾਇਤਾ ਕੀਤੀ. ਲਿਖਣ ਦੀ ਸੇਵਾ ਭਾਈ ਤ੍ਰਿਲੋਚਨ ਸਿੰਘ ਜੀ, ਸਪੁਤ੍ਰ ਭਾਈ ਠਾਕਰ ਸਿੰਘ ਜੀ ਸਾਬਕ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਬੜੇ ਪ੍ਰੇਮ ਨਾਲ ਨਿਬਾਹੀ।

ਇਹ ਜੀਵਨ ਸਮਾਚਾਰਾਂ ਦਾ ਖਰੜਾ ਤਿਆਰ ਹੋਣ ਤੇ ਲੇਖਕ ਨੇ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਮਹੰਤ, ਟਿਕਾਣਾ ਸੰਤ ਭਾਈ ਰਾਮ ਕਿਸ਼ਨ ਜੀ ਪਟਿਆਲਾ ਦੀ ਸੇਵਾ ਵਿਚ ਭੇਜਿਆ। ਉਨ੍ਹਾਂ ਨੇ ਪੜ੍ਹ ਕੇ ਪਸੰਦ ਕੀਤਾ ਤੇ ਆਪਣੇ ਵਲੋਂ ਸੇਵਾ ਪੰਥੀ ਸੰਪ੍ਰਦਾ ਦਾ ਸੰਖੇਪ ਵਿਵਰਣ ਲਿਖ ਭਜਿਆ, ਜੋ ਇਸੇ ਪੁਸਤਕ ਦੇ ਆਰੰਭ ਵਿਚ ਛਾਪਿਆ ਗਿਆ ਹੈ।

ਸਰਦਾਰ ਸੁੰਦਰ ਸਿੰਘ ਜੀ ਮੈਸਰਜ਼ ਜਵਾਹਰ ਸਿੰਘ ਸੁੰਦਰ ਸਿੰਘ ਜੀ, ੧੦੭ ਨਿਊ ਕਲਾਥ ਮਾਰਕੀਟ ਅਹਿਮਦਾਬਾਦ ਵਾਲਿਆਂ ਨੇ ਬੀ ਇਸ ਸੰਚੇ ਦੀ ਤਿਆਰੀ ਵਿਚ ਬੜੀ ਨਿੱਗਰ ਸਹਾਇਤਾ ਕੀਤੀ ਹੈ, ਲੇਖਕ ਉਨ੍ਹਾਂ ਦਾ ਦਿਲੋਂ ਰਿਣੀ ਹੈ।

ਉਪਰ ਲਿਖੇ ਸਾਰੇ ਸੱਜਣਾਂ ਦਾ ਲੇਖਕ ਵਲੋਂ ਬਹੁਤ ਬਹੁਤ ਧੰਨਵਾਦ ਹੈ। ਜਿਨ੍ਹਾਂ ਨੇ ਇਸ ਜੀਵਨ ਕਥਾ ਦੇ

ਤਿਆਰ ਕਰਨੇ ਹਿਤ ਆਪਣੇ ਸੰਚੇ ਦੇ ਕੇ ਬੜੀ ਸਹਾਇਤਾ ਕੀਤੀ ਹੈ ।

ਸ੍ਰੀ ਮਾਨ ਸੰਤ ਬਾਬਾ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ ਦੇ ਅੰਤਲੇ ਧਿਆਇ ਵਿਚ ਨਿਜੀ ਨੰਮ੍ਰਤਾ ਦੇ ਕੁਝ ਇਸ ਤਰ੍ਹਾਂ ਦੇ ਅੱਖਰ ਲਿਖੇ ਹਨ :–

"ਹੇ ਸੰਤੋ! ਮੇਰੀ ਢੀਠਤਾ-ਸਿਰੋਂ ਨਾ ਦੇਖਣਾ, ਕਾਮ, ਕ੍ਰੋਧ ਲੋਭ ਮੋਹ ਮਾਨ, ਮਤਸਰ, ਆਸਾ, ਤ੍ਰਿਸ਼ਨਾ, ਪੁਨਾਂ ਪੰਚ ਦੋਖਾਂ ਕੇ ਦੋਖ ਸਿਉਂ ਕੌਨ ਕੌਨ ਮੈਂ ਕਹੌਂ; ਸੋ ਦਸ ਬੀਸ ਔਗੁਣ ਦਿਖਾਇ ਕਰ ਮੈਂ ਲਜਾਇਮਾਨ ਹੋਤਾ ਹੂੰ, ਕਾਹੇ ਤੇ ਜੋ ਆਪ ਸ੍ਰੀ ਗੁਰੁਦੇਵ ਜੀ ਇਉਂ ਕਹਿਤੇ ਹੈ :–

'ਜੇਤਾ ਸਮੁੰਦ ਸਾਗਰੁ ਨੀਰਿ ਭਰਿਆ ਤੇਤੇ ਅਉਗੁਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥'
[ਗਉੜੀ ਮ: ੧

'ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ
ਨਾ ਹਮ ਗੁਣ ਨ ਸੇਵਾ ਸਾਧੀ ॥ ਡੁਬਦੇ ਪਾਥਰ ਮੇਲਿ ਲੈਹੁ
ਤੁਮ ਆਪੇ ਸਾਚੁ ਨਾਮ ਅਬਿਨਾਸੀ ਹੇ ॥'
[ਮਾਰੂ ਸੋਲਹੇ ਮਹਲਾ ੩–੫

ਜੋ ਏਤੀ ਬੜੀ ਗਰੀਬੀ ਤਾਂ ਸ੍ਰੀ ਗੁਰੂ ਸਾਹਿਬ ਜੀ ਨੇ ਆਪ ਕਰੀ ਹੈ : ਤਾਂਤੇ ਅਵਰ ਕਿਸੀ ਤੁੱਛ ਨੇ ਕਿਆ ਕਰਨੀ ਹੈ :

ਝ

ਪੁਨਾ, ਸ੍ਰੀ ਭਾਈ ਗੁਰਦਾਸ ਸਾਹਿਬ ਜੀ ਕਾ ਬਚਨ ਹੈ ;

'ਆਪਨੀ ਕਰਨੀ ਕਰਿ ਨਰਕ ਹੂ ਨ ਪਾਵਉ ਠੌਰ
ਤੁਮਰੇ ਬਿਰਦ ਕਉ ਆਸਰੋ ਸੰਭਾਰ ਹੌਂ।'

ਐਸੇ ਸਮਝ ਕਰਿ ਕਿਛੁ ਕਹਾ ਨਹੀਂ ਜਾਤਾ ਜੋ ਯਾਂ ਤੇ ਵੀ ਨੀਵੀਂ ਅਤਿ ਦੀਨਤਾ ਹੋਵੇ ਤਾਂ ਮੈਂ ਲਿਖੂੰ। ਸਿਧਾਂਤ ਏਹੁ ਜੋ ਮੇਰੇ ਅਵਗੁਣ ਲਿਖਣੇ ਅਰ ਕਥਨੇ ਅਕੱਥਨੀਯ ਹੈਂ, ਲਿਖੇ ਕਥੇ ਨਹੀਂ ਜਾਤੇ।"

ਐਸੇ ਨਿੰਮ੍ਰਤਾ ਭਰੇ ਹਿਰਦੇ ਤੇ ਉੱਚ ਕਰਨੀ ਵਾਲੇ ਦੀਰਘ ਦਰਸ਼ੀ ਮਹਾਂ ਪੁਰਸ਼, ਸੰਤ ਬਾਬਾ ਜੀ ਦੀ ਜੀਵਨ ਕਥਾ ਤਿਆਰ ਕਰਨ ਵਿਚ ਲੇਖਕ ਦਾ ਕੋਈ ਗੁਣ, ਅਕਲ, ਸਮਝ ਯਾ ਵਡਿਆਈ ਨਹੀਂ। ਸਤਿਗੁਰੂ ਸਚੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਅਪਾਰ ਰਹਿਮਤ ਕਰਕੇ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਚਰਨ ਸ਼ਰਨ ੧੯੨੨, ੧੯੨੩ ਵਿਚ ਗੁਰ ਸੇਵਾ ਤੇ ਸਤਿਸੰਗ ਦੀ ਦਾਤ ਬਖਸ਼ੀ ਤੇ ਉਸ ਮਿਹਰ ਦੇ ਸਦਕੇ ਇਸ ਜੀਵਨ ਸਮਾਚਾਰ ਲਈ ਸੰਚਯ ਇਕੱਠੇ ਕਰਨ ਦੀ ਲਗਨ ਤੇ ਉਦਮ ਬਖਸ਼ਿਆ, ਤੇ ਪਹਿਲਾ ਖਰੜਾ ਤਿਆਰ ਕਰਵਾਇਆ। ਦਾਸ ਦਾ ਇਸ ਵਿਚ ਸਿਰਫ ਇਤਨਾ ਹੀ ਹਿੱਸਾ ਹੈ ; ਬਾਕੀ ਸਾਰੀ ਮਿਹਨਤ ਸਾਡੇ ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਵਰੋਸਾਏ ਹੋਏ ਗਿਆਨੀ ਮਹਾਂ ਸਿੰਘ ਜੀ, ਐਡੀਟਰ ਖਾਲਸਾ ਸਮਾਚਾਰ ਅੰਮ੍ਰਿਤਸਰ ਦੀ ਹੈ, ਜਿਨ੍ਹਾਂ ਨੇ ਬੜੇ ਉਤਸ਼ਾਹ ਤੇ ਪਿਆਰ ਦੀ ਹੁਬ ਨਾਲ ਸਾਰੀ ਲਿਖਤ ਨੂੰ ਵਾਚਿਆ, ਸੋਧਿਆ, ਰੋਚਕ ਬਣਾਇਆ, ਗੁਰਬਾਣੀ ਦੇ ਸਾਰੇ ਪ੍ਰਮਾਣ ਸੋਧੇ, ਉਨ੍ਹਾਂ ਦੇ ਪਤੇ ਲਗਾਏ ਤੇ ਫੇਰ ਪਰੂਫ ਪੜ੍ਹਨ ਦੀ ਸੇਵਾ ਭੀ ਕੀਤੀ। ਇਹ ਸਾਰਾ ਕੁਝ

ਉਨ੍ਹਾਂ ਨੇ ਨਿਸ਼ਕਾਮ ਸੇਵਾ ਕੀਤੀ ਹੈ। ਮੇਰੀ ਸਤਿਗੁਰਾਂ ਦੇ ਪਵਿਤ੍ਰ ਚਰਨਾਂ ਕਵਲਾਂ ਵਿਚ ਅਰਦਾਸ ਹੈ ਜੋ ਉਨ੍ਹਾਂ ਦੀ ਇਹ ਸੇਵਾ ਦਰ ਪ੍ਰਵਾਣ ਹੋਵੇ, ਤੇ ਦਾਤਾ ਉਨ੍ਹਾਂ ਨੂੰ ਪੂਰਨ ਦੇਹ ਅਰੋਗਤਾ ਬਖਸ਼ਣ ਤੇ ਆਪਣੀ ਸਤਜਾ ਤੇ ਸੁਮਤੀ ਬਖ਼ਸ਼ ਕੇ ਉਨ੍ਹਾਂ ਪਾਸੋਂ ਢੇਰ ਚਿਰ ਇਸ ਪ੍ਰਕਾਰ ਦੀ ਆਪਣੀ ਸੇਵਾ ਲੈਂਦੇ ਰਹਿਣ।

ਦਾਸ—ਪ੍ਰੇਮ ਸਿੰਘ ਮੇਜਰ
(ਰੀਟਾਇਰਡ)

੧੨੯੨/VI/੭, ਸਵਾਂਕ ਮੰਡੀ
ਅੰਮ੍ਰਿਤਸਰ
੨੧-੯-੧੯੭੪

—o—

੧ ਓ ਸਤਿਗੁਰ ਪ੍ਰਸਾਦਿ ॥

# ਸੰਤ ਗਾਥਾ

## (ਭਾਗ ੨)

## ਜੀਵਨ ਸ੍ਰੀਮਾਨ ਸੰਤ ਬਾਬਾ ਸ਼ਾਮ ਸਿੰਘ ਜੀ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਤਕਰੀਬਨ ੯੦ ਬਰਸ ਨਿਵਾਸ ਰਖਕੇ, ਸੇਵਾ ਸਿਮਰਨ ਤੇ ਕੀਰਤਨ-ਰਸ ਸਨਿਗਧ ਜੀਵਨ ਗੁਜ਼ਾਰ ਕੇ ੧੧ ਵੈਸਾਖ ਸੰਮਤ ੧੯੮੩ ਬਿਕ੍ਰਮੀ (੨੦ ਅਪਰੈਲ ੧੯੨੬ ਈ:) ਨੂੰ ਲਗਪਗ ੧੨੩ ਬਰਸ ਦੀ ਦੀਰਘ ਆਯੂ ਭੋਗ ਕੇ ਸਰੀਰ ਤਿਆਗ ਗਏ ਸਨ। ਆਪ ਗੁਰੂ ਘਰ ਦੇ ਅਨਿੰਨ ਸੇਵਕ, ਨਾਮ ਬਾਣੀ ਦੇ ਰਸੀਏ, ਕਰਨੀ ਕਹਿਣੀ ਦੇ ਸੂਰੇ, ਰਸਾਲ ਕੀਰਤਨੀਏ ਤੇ ਪਰਮ ਸਤਿਕਾਰਿਤ ਸੇਵਾ ਪੰਥੀ ਸੰਤ ਵਜ਼ਕਤੀ ਸਨ। ਆਪ ਨੇ ਅਨਗਿਣਤ ਭੁੱਲੀਆਂ ਭਟਕੀਆਂ ਰੂਹਾਂ ਨੂੰ ਨਾਮ ਉਪਦੇਸ਼ ਦੇ ਕੇ ਗੁਰਬਾਣੀ ਦੇ ਪਿਆਰ ਵਿਚ ਜਗਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਸ਼ਰਨ ਵਿਚ ਲਿਆਂਦਾ ਤੇ ਗੁਰੂ ਘਰ ਦੀ, ਸਰਬਤ ਦੀ, ਜੀਵ-ਮਾਤ੍ਰ ਦੀ ਸੇਵਾ ਦਾ ਚਾਉ ਉਪਜਾਕੇ ਉਨ੍ਹਾਂ ਨੂੰ ਸੁਖੀ ਕੀਤਾ ਤੇ ਜੀਅਦਾਨ ਦਿਤਾ। ਉਨ੍ਹਾਂ ਦੇ ਜੀਵਨ ਦੇ ਕੁਝ ਵੇਰਵੇ ਅਗਲੇ ਪੰਨਿਆਂ ਵਿਚ ਪਾਠਕਾਂ ਦੀ ਭੇਟਾ ਹਨ।

# ਸੇਵਾ-ਪੰਥੀ ਸੰਪ੍ਰਦਾ

{ ਸ੍ਰੀ ਮਹੰਤ ਭਾਈ ਹੀਰਾ ਸਿੰਘ ਜੀ
ਡੇਰਾ ਸੰਤ ਭਾਈ ਰਾਮ ਕਿਸ਼ਨ ਜੀ, ਪਟਿਆਲਾ ਲਿਖਤ }

ਸ੍ਰੀ ਸੰਤ ਬਾਬਾ ਸ਼ਾਮ ਸਿੰਘ ਜੀ ਸੇਵਾ-ਪੰਥੀ ਅੱਡਣ ਸ਼ਾਹੀ ਸੰਪ੍ਰਦਾ ਦੇ ਮਹਾਂ ਪੁਰਖ ਸਨ। ਇਸ ਸੰਪ੍ਰਦਾ ਦੇ ਮੁਖੀ ਬਾਬਾ ਕਨ੍ਹਯਾ ਸਾਹਿਬ ਜੀ ਹੋਏ ਹਨ, ਜਿਨ੍ਹਾਂ ਦਾ ਜੀਵਨ, ਸੇਵਾ ਪੰਥੀ ਅੱਡਣ ਸ਼ਾਹੀ ਸਭਾ ਸ੍ਰੀ ਅੰਮ੍ਰਿਤਸਰ ਵਲੋਂ, "ਪਰਚੀਆਂ ਸ੍ਰੀ ਭਾਈ ਕਨ੍ਹਯਾ ਜੀ" ਵਿਚ ਛਪ ਚੁੱਕਾ ਹੈ। ਭਾਈ ਕਨ੍ਹਯਾ ਜੀ ਨੇ ਸੇਵਾ ਦੀਆਂ ਬਹੁਤ ਘਾਲਣਾ ਘਾਲੀਆਂ। ਨੌਵੀਂ ਪਾਤਸ਼ਾਹੀ ਤੇ ਦਸਵੀਂ ਪਾਤਸ਼ਾਹੀ ਜੀ ਤੋਂ ਬਖਸ਼ੀਸ਼ਾਂ ਪ੍ਰਾਪਤ ਕੀਤੀਆਂ। ਉਨ੍ਹਾਂ ਦੇ ਹੁਕਮ ਨਾਲ ਪ੍ਰੇਮੀਆਂ ਨੇ ਕਹੂਟੇ–ਕੈਮਲਪੁਰ ਦੇ ਜ਼ਿਲ੍ਹੇ ਸਾਧ ਸੰਗਤ ਦੇ ਸੁਖ ਵਾਸਤੇ ਧਰਮਸਾਲ ਪਵਾਈ। ਉਨ੍ਹਾਂ ਦੇ ਮੁਖੀ ਚੇਲੇ ਸ੍ਰੀ ਭਾਈ ਸੇਵਾ ਰਾਮ ਜੀ ਨੇ ਤਾਂ ਥਾਂ ਥਾਂ ਤੇ ਧਰਮਸਾਲਾਂ ਪਵਾਈਆਂ, ਖੂਹ ਲਵਾਏ, ਨੂਰਪੁਰ ਥਲ ਜ਼ਿਲਾ ਸ਼ਾਹਪੁਰ, ਖੁਸ਼ਾਬ, ਮੀਆਂ-ਵਾਲੀ, ਭਖਰ, ਮੁਜ਼ੱਫਰਗੜ੍ਹ ਆਦਿ ਥਾਵਾਂ ਤੇ। ਇਨ੍ਹਾਂ ਦੀਆਂ ਬੀ ਜੀਵਨ ਪਰਚੀਆਂ ਉਕਤ ਸਭਾ ਵਲੋਂ ਛਪ ਚੁਕੀਆਂ ਹਨ। ਇਨ੍ਹਾਂ ਦੇ ਨਾਮ ਤੇ ਹੀ ਸੰਪ੍ਰਦਾ ਦਾ ਨਾਮ ਸੇਵਾ-ਪੰਥੀ ਪਿਆ। ਭਾਈ ਸੇਵਾ ਰਾਮ ਜੀ ਦੇ ਮੁਖੀ ਚੇਲੇ ਸ੍ਰੀ ਭਾਈ ਅੱਡਣ ਸਾਹਿਬ ਜੀ ਸਨ, ਜਿਨ੍ਹਾਂ ਦੇ ਅਗੋਂ ੨੫੦ ਚੇਲੇ ਹੋਏ। ਭਾਈ ਅੱਡਣ ਜੀ ਭੀ ਬੜੇ ਕਰਨੀ ਵਾਲੇ ਕਰਾਮਾਤੀ ਸੰਤ ਹੋਏ ਹਨ। ਇਨ੍ਹਾਂ ਦੇ ਸ਼ੁਭ ਨਾਮ ਤੇ ਬੀ 'ਸੇਵਾ ਪੰਥੀ' ਸੰਪ੍ਰਦਾ ਦਾ ਦੂਜਾ ਨਾਮ "ਅੱਡਣ ਸ਼ਾਹੀ" ਸੰਪ੍ਰਦਾ ਵੱਜਿਆ।

ਸੇਵਾ ਪੰਥੀ ਮਹਾਂ ਪੁਰਖਾਂ ਦਾ ਜੀਵਨ ਪੜ੍ਹਨਾ ਹੋਵੇ ਤਾਂ ਪੋਥੀ ਸੰਤ ਰਤਨ-ਮਾਲਾ ਵਿਚੋਂ ਪੜ੍ਹਿਆ ਜਾ ਸਕਦਾ ਹੈ। ਸ੍ਰੀ ਭਾਈ ਅੱਡਣ ਸਾਹਿਬ ਜੀ ਦੇ ਚੇਲੇ ਸ੍ਰੀ ਭਾਈ ਭਲਾ ਰਾਮ ਜੀ, ਜਿਨ੍ਹਾਂ ਨੇ ਮਹਾਂ ਪੁਰਖਾਂ ਦੇ ਹੁਕਮ ਨੂੰ ਮੰਨ ਕੇ ਨੂਰਪੁਰ ਗੁਰਦੁਆਰੇ ਦੀ ਸੇਵਾ ਕੀਤੀ, ਦੇ ਵੀ ਬਹੁਤ ਚੇਲੇ ਹੋਏ। (੧) ਸ੍ਰੀ ਭਾਈ ਜਗਤਾ ਜੀ, ਜੋ ਨੂਰਪੁਰ ਗੱਦੀ ਪਰ ਰਹੇ। (੨) ਸ੍ਰੀ ਭਾਈ ਵਸਤੀ ਰਾਮ ਜੀ, ਜਿਨ੍ਹਾਂ ਸ਼ਾਹਪੁਰ ਧਰਮਸਾਲਾ ਪਾਈ। ਜਿਨ੍ਹਾਂ ਦੇ ਚੇਲੇ ਸ੍ਰੀ ਸੰਤ ਭਾਈ ਰਾਮ ਕਿਸ਼ਨ ਜੀ ਸ਼ਾਹਪੁਰ ਵਾਲੇ ਹੋਏ। (੩) ਸ੍ਰੀ ਭਾਈ ਸਹਾਈ ਸਿੰਘ ਜੀ, ਜਿਨ੍ਹਾਂ ਕੋਟ ਈਸੇ ਸ਼ਾਹ (ਜ਼ਿਲਾ ਝੰਗ) ਵੱਖਰੀ ਧਰਮਸਾਲਾ ਪਾਈ। ਉਨ੍ਹਾਂ ਦੇ ਚੇਲੇ ਸ੍ਰੀ ਭਾਈ ਰਾਮ ਸਿੰਘ ਜੀ। ਇਨ੍ਹਾਂ ਦੋਹਾਂ ਮਹਾਂ ਪੁਰਖਾਂ ਦਾ ਜੀਵਨ ਸਮਾਚਾਰ ਸ੍ਰੀ ਬਾਬਾ ਸ਼ਾਮ ਸਿੰਘ ਜੀ ਨੇ ਆਪ ਆਪਣੀ ਰਚਿਤ "ਭਗਤ ਪ੍ਰੇਮ ਪ੍ਰਕਾਸ਼" ਗ੍ਰੰਥ ਵਿਚ ਲਿਖਿਆ ਹੈ।

—ਹੀਰਾ ਸਿੰਘ ਮਹੰਤ

# ਸੇਵਾ ਪੰਥੀ ਸੰਤ ਪਰਨਾਲੀ

ਸ੍ਰੀ ਭਾਈ ਕਨ੍ਹਯਾ ਸਾਹਿਬ ਜੀ

|

ਸ੍ਰੀ ਭਾਈ ਸੇਵਾ ਰਾਮ ਜੀ

|

ਸੀ ਭਾਈ ਅੱਡਣ ਸਾਹਿਬ ਜੀ

|

ਸ੍ਰੀ ਭਾਈ ਭਲਾ ਰਾਮ ਜੀ

| | | |
|---|---|---|
| ਸੰਤ ਭਾਈ ਸਹਾਈ ਸਿੰਘ ਜੀ | ਸ੍ਰੀ ਭਾਈ ਵਸਤੀ ਰਾਮ ਜੀ | ਸ੍ਰੀ ਭਾਈ ਜਗਤਾ ਜੀ |
| ਸੰਤ ਭਾਈ ਰਾਮ ਸਿੰਘ ਜੀ | ਸੰਤ ਭਾਈ ਰਾਮ ਕਿਸ਼ਨ ਸਾਹਿਬ ਜੀ | ਸ੍ਰੀ ਭਾਈ ਹਜਾਰੀ ਸਾਹਿਬ ਜੀ |
| ਬਾਬਾ ਸ਼ਾਮ ਸਿੰਘ ਜੀ | ਭਾਈ ਲੋੜੀਂਦਾ ਰਾਮ ਜੀ | ਭਾਈ ਸਹਾਈ ਰਾਮ ਜੀ |
| ਬਾਬਾ ਝੰਡਾ ਸਿੰਘ ਜੀ | ਭਾਈ ਸ਼ੰਕਰ ਦਾਸ ਜੀ | ਭਾਈ ਰਲਾ ਰਾਮ ਜੀ |
| ਬਾਬਾ ਖੜਕ ਸਿੰਘ ਜੀ | ਮਹੰਤ ਭਾਈ ਹੀਰਾ ਸਿੰਘ ਜੀ | ਭਾਈ ਲਖਮੀ ਦਾਸ ਜੀ |
| | ਮਹੰਤ ਭਾਈ ਗੁਪਾਲ ਸਿੰਘ ਜੀ | ਭਾਈ ਗੁਲਾਬ ਸਿੰਘ ਜੀ |
| | | ਭਾਈ ਆਸਾ ਸਿੰਘ ਜੀ |
| | | ਭਾਈ ਤੀਰਥ ਸਿੰਘ ਜੀ |


www.sikhbookclub.com

# ਸੰਤ ਸ਼ਾਮ ਸਿੰਘ ਜੀ ਦਾ ਜਨਮ

ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜਨਮ ਸ਼ਾਹਪੁਰ ਸ਼ਹਿਰ ਵਿਖੇ, ਅਨੁਮਾਨ ਹੈ ਕਿ ੧੮੬੦ ਬਿ: (੧੮੦੩ ਈ:) ਦੇ ਆਨਮਾਨ ਹੋਇਆ। ਆਪ ਜੀ ਦੇ ਸਤਿਕਾਰ ਯੋਗ ਪਿਤਾ ਜੀ ਦਾ ਸ਼ੁਭ ਨਾਮ 'ਭਾਈ ਦਰਬਾਰੀ ਜੀ' ਸੀ ਤੇ ਪੂਜਨੀਕ ਮਾਤਾ ਜੀ ਦਾ ਨਾਮ 'ਮਾਤਾ ਕ੍ਰਿਸ਼ਨ ਦੇਈ ਜੀ'। ਆਪ ਜੀ ਦੇ ਪਿਤਾ ਜੀ ਦੀ ਮਾਲੀ ਹਾਲਤ ਕੁਝ ਗ਼ੀਬੀ ਵਾਲੀ ਸੀ; ਪਰ ਸ਼ਾਹਪੁਰ ਦੇ ਸ੍ਰੀ ਮਾਨ ਸੰਤ ਭਾਈ ਵਸਤੀ ਰਾਮ ਜੀ ਅੱਡਣ ਸ਼ਾਹੀ ਦੇ ਸਤਿਸੰਗ ਵਿਚ ਆਪ ਨੇ ਆਤਮ ਧਨ ਸੁਹਣਾ ਸੰਚਿਤ ਕਰ ਲਿਆ ਸੀ। ਆਪ ਦੇ ਗ੍ਰਿਹ ਜਨਮੇ ਇਸ ਬਾਲਕ ਨੇ ਅਜੇ ਤੁਰਨਾ ਫਿਰਨਾ ਹੀ ਸਿਖਿਆ ਸੀ ਕਿ ਭਾਈ ਦਰਬਾਰੀ ਜੀ ਦਾ ਦੇਹਾਂਤ ਹੋ ਗਿਆ ਤੇ ਬਾਲਕ ਦੀ ਪ੍ਰਤਿਪਾਲਾ ਦਾ ਬੋਝ ਨਿਰੋਲ ਮਾਤਾ ਜੀ ਦੇ ਸਿਰ ਆ ਪਿਆ। ਘਰ ਕੋਈ ਨਕਦੀ ਜ਼ਮੀਨ ਆਦਿ ਜਾਇਦਾਦ ਨਹੀਂ ਸੀ। ਮਾਤਾ ਜੀ ਆਪਣੇ ਬੱਚੇ ਦੇ ਨਿਰਬਾਹ ਲਈ ਚੱਕੀ ਪੀਸ ਕੇ ਉਦਰ ਪੂਰਨਾ ਕਰਦੇ ਰਹੇ। ਬਾਲਕ ਦੀ ਉਮਰ ਪੰਜ ਕੁ ਸਾਲ ਦੀ ਹੋਈ ਹੋਵੇਗੀ ਕਿ ਲਗਪਗ ੧੮੬੫ ਬਿ: ਵਿਚ ਕਾਲ ਪੈ ਗਿਆ, ਤੰਗੀ ਹੋਰ ਬੀ ਵੱਧ ਆ ਗਈ।

# ਸੰਤ ਭਾਈ ਰਾਮ ਸਿੰਘ ਜੀ

ਸੰਤ ਬਾਬਾ ਸ਼ਾਮ ਸਿੰਘ ਜੀ ਨੇ ਇਕ ਗ੍ਰੰਥ ਆਪ ਰਚਿਆ ਹੈ ਜਿਸ ਦਾ ਨਾਮ ਹੈ "ਸ੍ਰੀ ਭਗਤ ਪ੍ਰੇਮ ਪ੍ਰਕਾਸ਼"। ਇਸ ਵਿਚ ਆਪ ਆਪਣੇ ਪੂਜਯ ਸੰਤ ਭਾਈ ਸਹਾਈ ਸਿੰਘ ਜੀ ਅਤੇ ਸੰਤ ਸ੍ਰੀ ਭਾਈ ਰਾਮ ਸਿੰਘ ਜੀ ਦਾ ਹਾਲ ਵਰਣਨ ਕਰਦੇ ਹੋਏ ਦਸਦੇ ਹਨ ਕਿ ਸੰਤ ਭਾਈ ਰਾਮ ਸਿੰਘ ਜੀ ਦੇ ਦਾਦਾ, ਭਾਈ ਗੁਰਬਖਸ਼ ਸਿੰਘ ਜੀ ਨੂੰ ਗੁਰੂ ਦਸਮੇਂ ਪਾਤਸ਼ਾਹ ਸ੍ਰੀ ਕਲਗੀਧਰ ਮਹਾਰਾਜ ਜੀ ਨੇ,



www.sikhbookclub.com

ਅਬਿਚਲ ਨਗਰ ਵਿਖੇ, ਸਿਖੀ ਸਿਦਕ ਤ ਸਰਬ ਪਦਾਰਥਾਂ ਦੇ ਵਰ ਦਾਨ ਬਖਸ਼ੇ ਸੀ ਤੇ ਬਚਨ ਕੀਤਾ ਸੀ ਕਿ "ਤੇਰੇ ਪੁੱਤਰ ਦੇ ਘਰ ਮੇਰਾ ਪਿਆਰਾ ਆਵੇਗਾ।" ਇਸ ਵਰ ਦੇ ਸਦਕੇ ਇਨ੍ਹਾਂ ਦੇ ਸਪੁੱਤਰ ਭਾਈ ਗੁਰਦਿਆਲ ਸਿੰਘ ਜੀ ਦੇ ਗ੍ਰਿਹ ਵਿਖੇ ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਦਾ ਜਨਮ ਮੀਰਪੁਰ (ਪੋਠੋਹਾਰ) ਵਿਖੇ ਹੋਇਆ। ਆਪ ਜੀ ਦੇ ਮਾਤਾ ਪਿਤਾ ਦੇ ਘਰ ਧਨ ਬਹੁਤ ਸੀ, ਪਰ ਬਾਲ ਅਵਸਥਾ ਤੋਂ ਹੀ ਆਪ ਦੀ ਬ੍ਰਿਤੀ ਬੜੀ ਵੈਰਾਗਵਾਨ ਹੋਣ ਕਾਰਨ ਪਰਮੇਸ਼੍ਵਰ ਦੇ ਪਿਆਰ ਵਿਚ ਆਪ ਨੇ ਗ੍ਰਿਹ ਤਿਆਗ ਦਿਤਾ।

ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਬੜੇ ਕਰਨੀ ਵਾਲੇ ਮਹਾਂ ਪੁਰਖ ਸਨ। ਆਪ ਵੈਰਾਗ ਤੇ ਤਿਆਗ ਦੇ ਪੁਤਲੇ ਸਨ। ਇਸ ਕਰ ਕੇ ਸੰਗਤਾਂ ਵਿਚ ਅਤਿ ਸਤਿਕਾਰੇ ਜਾਂਦੇ ਸਨ। ਆਪ ਨੇ ਕਿਸੇ ਇਕ ਥਾਂ ਆਪਣਾ ਟਿਕਾਣਾ ਨਹੀਂ ਸੀ ਬਣਾ ਰਖਿਆ, ਪਰ ਸਦਾ ਵਿਚਰਦੇ ਹੀ ਰਹਿੰਦੇ ਸਨ। "ਵਾਕ ਵਿਚ ਸੱਤਿਆ ਪ੍ਰਾਪਤ ਸੀ"। ਜਿਸ ਨਗਰ ਵਿਚ ਟਿਕਦੇ, ਦੂਜੇ ਨਗਰ ਦੀਆਂ ਸੰਗਤਾਂ ਆਪਣੇ ਨਗਰ ਵਿਚ ਸੰਤਾਂ ਦੇ ਚਰਨ ਪੁਵਾਉਣ ਦੇ ਦਿਨ, ਪਹਿਲਾਂ ਹੀ ਮੰਨਵਾ ਲੈਂਦੀਆਂ ਸਨ। ਜਿਸ ਨਗਰ ਜਾਂਦੇ, ਸ਼ਬਦ ਕੀਰਤਨ ਕਥਾ ਦਾ ਪਰਵਾਹ ਚਲਿਆ ਰਹਿੰਦਾ, ਸੇਵਾ, ਭਜਨ, ਬੰਦਗੀ ਤੇ ਗੁਰੂ ਕਾ ਲੰਗਰ ਅਤੁੱਟ ਵਰਤੀਂਦਾ ਰਹਿੰਦਾ ਸੀ। ਸੰਤ ਸ਼ਾਮ ਸਿੰਘ ਜੀ ਦੀ ਮਾਤਾ ਕ੍ਰਿਸ਼ਨ ਦੇਈ ਜੀ, ਬੀ ਸੰਤਾਂ ਦਾ ਜਸ ਸੁਣ ਚੁਕੇ ਹੋਏ ਸਨ; ਸੰਤਾਂ ਦੇ ਸ਼ਾਹਪੁਰ ਆਉਣ ਤੇ ਆਪ ਵੀ ਦਰਸ਼ਨਾਂ ਨੂੰ ਗਏ। ਜਿਥੇ ਸੰਤ ਠਹਿਰੇ ਹੋਏ ਸਨ, ਉਥੇ ਲੰਗਰ ਜਾਰੀ ਸੀ। ਸ਼ਬਦ ਕੀਰਤਨ, ਕਥਾ, ਪ੍ਰਵਾਹ ਤੋਂ ਮਾਤਾ ਜੀ ਨੇ ਆਤਮਕ ਤ੍ਰਿਪਤੀ ਪਾਈ ਤੇ ਲੰਗਰ ਦੀ ਸੇਵਾ ਵਿਚ ਆਪਣੇ ਆਪ ਨੂੰ ਰੁੱਝਿਆਂ ਰੱਖ ਕੇ ਹੱਥ ਸਫ਼ਲ ਕੀਤੇ।

# ਬਾਲਕ ਸ਼ਾਮ ਸਿੰਘ ਦੀ ਸੰਤਾਂ ਨੂੰ ਸੌਂਪਣਾ

ਘਰ ਵਿਚ ਕਮਾਈ ਕਰਨ ਵਾਲਾ ਕੋਈ ਨਾ ਹੋਣ ਕਰ ਕੇ ਨਿਰਬਾਹ ਔਖਾ ਸੀ । ਇਸ ਲਈ ਮਾਤਾ ਕ੍ਰਿਸ਼ਨ ਦੇਈ ਜੀ ਨੇ ਇਕ ਦਿਨ ਬਾਲਕ ਨੂੰ, ਜਿਸ ਦੀ ਵਰੇਸ ਤਦੋਂ ਪੰਜ ਕੁ ਸਾਲ ਦੀ ਸੀ, ਨਾਲ ਲੈ ਕੇ ਸ੍ਰੀ ਸੰਤ ਰਾਮ ਸਿੰਘ ਜੀ ਦੇ ਚਰਨਾਂ ਤੇ ਲਿਟਾ ਦਿਤਾ ਤੇ ਹੱਥ ਜੋੜਕੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ "ਮੈਂ ਇਸ ਬਾਲਕ ਦੀ ਪਾਲਣਾ ਕਰਨ ਤੋਂ ਅਸਮਰਥ ਹਾਂ–ਇਸ ਲਈ ਇਸਨੂੰ ਆਪ ਆਪਣੀ ਚਰਨੀਂ ਲਾ ਲਓ ਜੀ ।" ਬਾਲਕ ਭਾਵੇਂ ਬੜਾ ਛੋਟਾ ਸੀ, ਪਰ ਮਾਤਾ ਦੇ ਜ਼ੋਰ ਦੇਣ ਤੇ ਸੰਤਾਂ ਨੇ ਆਪਣੀ ਮੰਡਲੀ ਵਿਚ ਸੰਭਾਲ ਲਿਆ ਤੇ ਗੁਰੂ ਘਰ ਦੀ ਵਿਦਿਆ ਦੇਣੀ ਆਰੰਭ ਦਿੱਤੀ। ਇਹ ਪ੍ਰਸੰਗ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹੱਥ-ਲਿਖਤ ਗ੍ਰੰਥ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਇਨ੍ਹਾਂ ਅੱਖਰਾਂ ਵਿਚ ਦਿਤਾ ਹੈ :–

"ਏਕ ਸਮੇਂ ਸ੍ਰੀ ਸੁਆਮੀ (ਸੰਤ ਰਾਮ ਸਿੰਘ) ਜੀ ਬੈਠੇ ਸੇ ਆਸਨ ਅਸੀਨ, ਏਕ ਮਾਈ ਕ੍ਰਿਸ਼ਨ ਦੇਈ ਤਿਸ ਕਾ ਨਾਮ, ਸੋ ਕਾਲ ਕੀ ਆਂਚ ਮਾਨ ਕਰਿ ਏਕ ਛੋਟਾ ਪੁੱਤ੍ਰ ਲਿਆਇ ਭੇਟਾ ਕਰਤੀ ਭਈ ਮਸਤਕ ਟੇਕ ਕਰ। ਜੈਸੇ ਨਾਭਾ ਜੀ* ਦੀ ਮਾਈ ਕਾਲ ਆਂਚ

---

*ਇਸ ਦੀ ਕਥਾ ਇਸ ਪ੍ਰਕਾਰ ਹੈ :—

ਨਾਭਾ ਜੀ ਦੀ ਮਾਤਾ ਕਾਲ ਤੋਂ ਦੁਖੀ ਹੋ ਕੇ ਬੱਚੇ ਨੂੰ ਬਾਹਰ ਜੰਗਲ ਵਿਚ ਤਿਆਗ ਗਈ ਸੀ। ਅਕਾਲ ਪੁਰਖ ਦੀ ਪ੍ਰੇਰਨਾ ਨਾਲ ਦੋ ਸੰਤ, ਵਡੇ ਸ੍ਰੀ ਕੀਲ ਜੀ ਤੇ ਛੋਟੇ ਸ੍ਰੀ ਅਗਰਦਾਸ ਜੀ, ਓਥੇ ਆਏ, ਪੰਜਾਂ ਬਰਸਾਂ ਦੇ ਨੇਤ੍ਰ-ਹੀਣ ਬਾਲਕ ਨੂੰ ਨਿਰਜਨ ਜੰਗਲ ਵਿਚ ਇਕੱਲਿਆਂ ਬੈਠਾ ਦੇਖ ਕੇ ਸੰਤਾਂ ਨੂੰ ਦਇਆ ਆਈ. ਪੁਛਿਆ : ਹੇ ਬਾਲਕ ਤੂੰ ਇਥੇ ਕਿਸ ਤਰ੍ਹਾਂ ਬੈਠਾ ਹੈਂ ? ਨਾਭਾ ਜੀ

(ਬਾਕੀ ਦੇਖੋ ਫੁਟਨੋਟ ਸਫ਼ਾ ੮ ਦੇ ਹੇਠ)

ਮਾਨ ਕਰ ਪੁਤ੍ਰ ਕੋ ਬਨ ਮੇਂ ਤਿਆਗ ਆਈ ਸੀ । ਪਰ ਤਿਸ ਤੇ ਇਹ ਉਤਮ ਮੱਤਿ ਵਾਲੀ ਮਾਤਾ ਨੰਦਨ ਕਉ ਸੰਤ ਸਰਣ ਮੇਂ ਆਪ ਅਰਪਨ ਕਰਤੀ ਭਈ। ਤਾਂ ਸ੍ਰੀ ਸਵਾਮੀ ਜੀ ਕਹਿਤ ਭਏ, ਹੇ ਮਾਈ ਪੁਤ੍ਰ ਮਾਤਾ ਦੀ ਸੇਵਾ ਵਾਸਤੇ ਹੀ ਚੰਗਾ ਹੈ, ਤੂੰ ਇਸ ਨੂੰ ਲੈ ਜਾਇ ਆਪਣੇ ਨਿਕੇਤ, ਅਸਾਡੇ ਪਾਸ ਸਾਧ ਸਿਖ ਬਹੁਤ ਹੈਂ, ਤਾਂ ਤੇ ਅਸਾਨੂੰ ਲੋੜ ਨਹੀਂ । ਪੁਨਾ : ਹਾਥ ਜੋਰ ਕਰਿ ਮਾਈ ਜੀ ਬੇਨਤੀ ਕਰਤ ਭਈ, ਜੋ 'ਹੇ ਸਵਾਮੀ ਜੀ ਇਹ ਬਾਲਕ ਕਾਲ ਦੇ ਦੁਖ ਕਰਿ ਦੁਖੀ ਰਹਿਤਾ ਹੈ : ਤੇ ਜੋ ਆਪ ਜੀ ਦੀ ਸ਼ਰਣ ਕੋ ਪ੍ਰਾਪਤ ਹੋਤੇ ਹੈਂ ਤਿਨਕੀ ਸੁਭਾਵਕ ਹੀ ਕਾਲ ਕਲਪਨਾ ਦੂਰ ਹੋ ਜਾਤੀ ਹੈ ਸੁਰ ਤਰੂ ਵਤਿ। ਤਾਂ ਤੇ ਇਸ ਪਰ ਭੀ ਕ੍ਰਿਪਾ ਕਟਾਖ ਅਵਲੋਕਨ ਕਰੀਏ, ਹੇ ਭਗਵਨ੍!' ਐਸੇ ਮਾਈ ਕੇ ਬਚਨ ਸੁਣਿ ਕਰਿ ਸੰਤਰਾਜ ਜੀ ਕਹਿਤ ਭਏ "ਜੈਸੇ ਤੇਰੀ ਮਰਜ਼ੀ ਹੋਇ ਹੇ ਮਾਈ ਛੋਡ ਜਾਇ, ਜੋ ਵਾਹਿਗੁਰੂ ਬਿਸ੍ਵੰਭਰ ਸਰਬ ਕੀ ਪ੍ਰਤਿਪਾਲਨਾ ਕਰਿ ਰਿਹਾ ਹੈ, ਸਰਬ-ਕਾਲ ਸਰਬ-ਦੇਸ ਰੋਜ਼ੀ ਦਿਹੰਦ ਹੈ, ਇਸ ਕਾ ਪਾਲਨ ਭੀ ਸੋਈ ਕਰੇਗਾ, ਤਾਂ ਤੇ ਸਾਨੂੰ ਨਾਂਹੀ ਚਿੰਤਾ ।"

---

(ਸਫ਼ਾ ੭ ਦੇ ਫ਼ੁਟਨੋਟ ਦੀ ਬਾਕੀ)

ਨੇ ਕਿਹਾ ਕਿ ਮੇਰੀ ਮਾਂ ਗੋਹੇ ਚੁਗਣ ਵਾਸਤੇ ਗਈ ਹੈ। ਤਾਂ ਅੰਤਰਜਾਮੀ ਸੰਤਾਂ ਨੇ ਲਖ ਲੀਤਾ, ਜੋ ਕਾਲ ਤੋਂ ਦੁਖੀ ਹੋਈ ਮਾਈ ਇਸ ਨੇਤ੍ਰ-ਹੀਨ ਬਾਲਕ ਨੂੰ ਇਸ ਭਿਆਨਕ ਅਸਥਾਨ ਤੇ ਤਿਆਗ ਗਈ ਹੈ। ਸੰਤਾਂ ਪਾਸ ਜਲ ਦਾ ਕਰਮੰਡਲ ਸੀ, ਉਨ੍ਹਾਂ ਨੇ 'ਰਾਮ ਰਾਮ' ਕਹਿ ਕੇ ਬਾਲਕ ਦੇ ਨੇਤ੍ਰਾਂ ਉਪਰ ਛੱਟਾ ਮਾਰਿਆ, ਉਸ ਦੇ ਨੇਤ੍ਰ ਖੁਲ੍ਹ ਗਏ, ਫਿਰ ਉਨ੍ਹਾਂ ਨੇ ਸੰਤ ਸੇਵਾ ਤੇ ਨਾਮ ਜਪਣ ਦਾ ਉਪਦੇਸ਼ ਬਾਲਕ ਨੂੰ ਦਿੱਤਾ।

ਇਹ ਉਹੋ ਸ੍ਰੀ ਨਾਭਾ ਜੀ ਸਨ, ਜਿਨ੍ਹਾਂ ਨੇ ਲਾਭਦਾਇਕ ਗ੍ਰੰਥ "ਭਗਤ ਮਾਲ" ਰਚਿਆ ਤੇ ਬੜੇ ਉਚ-ਪਦਵੀ ਦੇ ਸੰਤ ਹੋਏ।

ਬਾਲਕ ਭਾਈ ਸ਼ਾਮ ਸਿੰਘ ਜੀ ਦੀ ਸੌਂਪਣਾ ਸੰਤ ਭਾਈ ਰਾਮ ਸਿੰਘ ਜੀ ਨੇ ਇਕ ਸੇਵਾਦਾਰ ਨੂੰ ਬੁਲਾ ਕੇ ਕਰ ਦਿਤੀ ਤੇ ਮਾਤਾ ਘਰ ਚਲੀ ਗਈ। ਮਾਤਾ ਦਾ ਮੋਹ ਅਕੱਥਨੀਯ ਹੁੰਦਾ ਹੈ, ਦੇਣ ਨੂੰ ਤਾਂ ਉਹ ਬਾਲਕ ਸੰਤਾਂ ਨੂੰ ਦੇ ਗਈ ਤੇ ਸੰਤ ਜੀ ਨੇ ਬੀ ਲੈ ਲਿਆ, ਪਰ ਮਾਤਾ ਦੀਆਂ ਆਂਦਰਾਂ ਨੂੰ ਜਿਸ ਵੇਲੇ ਖੋਹ ਪਵੇ ਸੰਤਾਂ ਦੇ ਡੇਰੇ ਆ ਜਾਏ ਤੇ ਬਾਲਕ ਨੂੰ ਖਾਂਦਿਆਂ ਪੀਂਦਿਆਂ ਵੇਖ ਕੇ ਆਂਦਰਾਂ ਠੰਢੀਆਂ ਕਰ ਕੇ ਪਿਆਰ ਕਰਕੇ ਮੁੜ ਜਾਏ। ਇਸ ਤਰ੍ਹਾਂ ਨਾਲ ਜਿੰਨਾ ਚਿਰ ਸੰਤ ਜੀ ਸ਼ਾਹਪੁਰ ਰਹੇ, ਮਾਤਾ ਜੀ ਅੱਵਲ ਤਾਂ ਰੋਜ਼, ਨਹੀਂ ਤਾਂ ਦੂਜੇ ਤੀਜੇ ਦਿਨ ਆ ਕੇ ਬਾਲਕ ਨੂੰ ਮਿਲ ਜਾਂਦੀ ਰਹੀ।

## ਸੰਤ ਭਾਈ ਰਾਮ ਸਿੰਘ ਜੀ ਦੀ ਸ਼ਾਹਪੁਰ ਤੋਂ ਰਵਾਨਗੀ

ਸੰਤ ਭਾਈ ਰਾਮ ਸਿੰਘ ਜੀ ਸ਼ਾਹਪੁਰ ਤੋਂ ਤੁਰਨ ਲਈ ਤਿਆਰ ਹੋਏ, ਬਾਲਕ ਭਾਈ ਸ਼ਾਮ ਸਿੰਘ ਜੀ ਨੂੰ ਥੋੜੇ ਜਿਹੇ ਚਿਰ ਵਿਚ ਹੀ ਪਰਮਾਰਥ ਦੇ ਪਾਸੇ ਦਾ ਇੰਨਾਂ ਰਸ ਪੈ ਗਿਆ, ਕਿ ਆਪ ਨੂੰ ਇਸ ਗੱਲ ਦੀ ਚਿੰਤਾ ਲਗ ਪਈ ਕਿ ਮਤੇ ਮਾਤਾ ਜੀ ਆਣਕੇ ਸੰਤਾਂ ਤੋਂ ਵਿਛੋੜ ਕੇ ਮੁੜ ਘਰ ਨਾ ਮੈਨੂੰ ਲੈ ਜਾਵੇ। ਸੰਤਾਂ ਦੇ ਕੱਪੜਿਆਂ ਦੀ ਇਕ ਗੱਠੜੀ ਲੈ ਕੇ ਪਹਿਲਾਂ ਹੀ ਗੁਰਦੁਵਾਰੇ ਵਿਚੋਂ ਬਾਹਰ ਚਲੇ ਗਏ, ਤਾਂ ਜੋ ਮਾਤਾ ਜੀ ਦੀ ਨਜ਼ਰ ਹੀ ਨਾ ਪੈਣ। ਜੇ ਮਾਤਾ ਜੀ ਦੀ ਨਜ਼ਰੀਂ ਪੈ ਗਏ, ਤਦ ਇਹ ਕਹਿ ਕੇ ਕਿ ਮੇਰੇ ਪਾਸ ਸੰਤਾਂ ਦੇ ਕੱਪੜੇ ਹਨ, ਹੁਣ ਸੰਤਾਂ ਦੇ ਨਾਲ ਜਾਣੋਂ ਰੁਕਣਾ ਕਠਨ ਹੈ, ਇਸ ਤਰ੍ਹਾਂ ਪਿੱਛਾ ਛੁਡਾ ਲਵਾਂਗਾ, ਤੇ ਸੰਤਾਂ ਨਾਲ ਚਲਾ ਜਾਵਾਂਗਾ।

ਸ੍ਰੀ ਮਾਨ ਸੰਤ ਰਾਮ ਸਿੰਘ ਜੀ ਦਾ ਸ਼ਾਹਪੁਰ ਤੋਂ ਤੁਰਣਾ ਕਰੁਣਾ ਰਸ ਦਾ ਵੇਗ ਸੀ। ਜੋ ਸ਼ਾਹਪੁਰ ਦੇ ਹਿੰਦੂ ਤੇ ਸਿਖ, ਨਰ

ਨਾਰੀ ਉਤੇ ਇਕੋ ਜਿਹਾ ਪ੍ਰਭਾਉ ਪਾ ਰਿਹਾ ਸੀ, ਸਾਰਿਆਂ ਦੇ ਨੇਤ੍ਰ ਸਜਲ ਸਨ। ਮਾਤਾ ਕ੍ਰਿਸ਼ਨ ਦੇਈ ਨੇ ਪੁਤ੍ਰ ਨੂੰ ਟੋਲਿਆ ਤਾਂ ਕਿਤੇ ਨਜ਼ਰੀਂ ਨਾ ਪਿਆ। ਮਾਤਾ ਉਨ੍ਹਾਂ ਨੂੰ ਗੈਰ ਹਾਜ਼ਿਰ ਦੇਖ ਕੇ ਘਬਰਾ ਗਈ। ਪੁੱਛਣ ਤੇ ਸੰਤਾਂ ਦੇ ਇਕ ਸੇਵਕ ਨੇ ਦੱਸਿਆ ਕਿ ਬਾਲਕ ਤਾਂ ਕਪੜਿਆਂ ਦੀ ਇਕ ਬਸਤਨੀ ਚੁੱਕ ਕੇ ਬਾਹਰ ਅੱਗੇ ਚਲਾ ਗਿਆ ਹੈ। ਮਾਤਾ ਜੀ ਦੌੜ ਕੇ ਬਾਹਰ ਗਏ ਤੇ ਬਾਲਕ ਨੂੰ ਜਾ ਮਿਲੇ। ਬੱਚੇ ਦੇ ਵਿਛੋੜੇ ਦੀ ਗੱਲ ਨੇ ਮਾਤਾ ਨੂੰ ਬੜਾ ਦਿਲਗੀਰ ਕਰ ਦਿੱਤਾ, ਉਸ ਨੂੰ ਕੁਛੜ ਚੁੱਕ ਲਿਆ, ਪਿਆਰ ਦਿੱਤਾ, ਮੂੰਹ ਚੁੰਮਿਆਂ, ਅੱਖਾਂ ਵਿਚ ਨੀਰ ਭਰ ਆਇਆ, ਰੁਕੇ ਹੋਏ ਗਲੇ ਨਾਲ ਕਹਿਣ ਲੱਗੀ, "ਬੱਚਾ ! ਸੰਤ ਜੀ ਚੱਲੇ ਹਨ ਤੂੰ ਅਜੇ ਇਆਣਾ ਹੈਂ, ਪ੍ਰਦੇਸਾਂ ਦਾ ਮੁਆਮਲਾ ਹੈ, ਬਾਹਰ ਨਿਰਬਾਹ ਹੋਣਾ ਔਖਾ ਜਾਪਦਾ ਹੈ, ਘਰ ਵਿਚ ਭਾਵੇਂ ਗ਼ਰੀਬੀ ਹੈ ਪਰ ਜਿਵੇਂ ਹੋਏਗਾ ਨਿਰਬਾਹ ਹੋ ਜ਼ਾਏਗਾ। ਜਿਸ ਵੇਲੇ ਤੂੰ ਵਡਾ ਹੋਵੇਂਗਾ, ਫੇਰ ਸੰਤਾਂ ਨਾਲ ਚਲਾ ਜਾਈਂ ਤੇ ਹੁਣ ਨਾ ਜਾਹ।" ਤਦ ਬਾਲਕ ਸ਼ਾਮ ਸਿੰਘ ਜੀ ਨੇ ਪ੍ਰੇਮ-ਭਰੇ ਬਚਨਾਂ ਨਾਲ ਮਾਤਾ ਜੀ ਦੇ ਮੋਹ ਦੇ ਵੇਗ ਨੂੰ ਸ਼ਾਂਤ ਕਰ ਦਿਤਾ, ਤੇ ਸੰਤ ਮੰਡਲੀ ਨਾਲ ਚਲੇ ਗਏ।

## ਬਾਲ ਅਵਸਥਾ'ਚ ਸੇਵਾ ਤੇ ਸਤਿਸੰਗ ਦੀ ਘਾਲ

ਮਾਤਾ ਜੀ ਨੂੰ ਢਾਰਸ ਦੇ ਕੇ ਬਾਲਕ ਸ਼ਾਮ ਸਿੰਘ ਜੀ ਸੰਤ ਮੰਡਲੀ ਨਾਲ ਤੁਰ ਪਏ, ਜਿਥੇ ਸੰਤ ਜਾਂਦੇ ਆਪ ਸਦਾ ਹੀ ਨਾਲ ਹੀ ਰਹਿੰਦੇ। ਇਸ ਤਰ੍ਹਾਂ ਫਿਰਦਿਆਂ ਤੁਰਦਿਆਂ ਉਨ੍ਹਾਂ ਨੇ ਛੋਟੀ ਅਵਸਥਾ ਵਿਚ ਹੀ ਕਾਫੀ ਗੁਰਬਾਣੀ ਕੰਠ ਕਰ ਲਈ; ਅੰਮ੍ਰਿਤ ਵੇਲੇ ਉਠ ਕੇ ਸ਼ੌਚ ਇਸ਼ਨਾਨ ਕਰਕੇ ਨਿਤਨੇਮ ਕਰਨ ਲੱਗ ਜਾਂਦੇ, ਫਿਰ ਦਿਨ ਭਰ ਜਿਹੜੀ ਸੇਵਾ ਮਿਲ ਜਾਵੇ, ਹੱਥ ਨਾਲ ਕਰਦੇ ਤੇ ਰਸਨਾਂ ਨਾਲ ਬਾਣੀ ਦਾ ਪਾਠ ਜਾਰੀ ਰਖਦੇ। ਜਿਸ ਵੇਲੇ ਤੱਕੋ, ਇਨ੍ਹਾਂ ਦੀ ਰਸਨਾਂ ਹਿਲਦੀ ਤੇ ਹੋਂਠ ਫੁਰਕਦੇ ਹੁੰਦੇ ਸਨ। ਸ੍ਰੀ ਮਾਨ

ਸੰਤ ਰਾਮ ਸਿੰਘ ਜੀ ਦੀ ਸੇਵਾ ਵਿਚ ਬੜੇ ਤੱਤਪਰ ਰਹਿੰਦੇ ਤੇ ਸੰਤਾਂ ਦੇ ਚਰਨਾਂ ਨਾਲ ਆਪ ਦੀ ਗਾੜ੍ਹੀ ਪ੍ਰੀਤ ਹੋ ਗਈ। ਆਯੂ ਛੋਟੀ ਸੀ ਤੇ ਇੰਨੀ ਛੋਟੀ ਸੀ, ਕਿ ਇਨ੍ਹਾਂ ਦੀ ਆਯੂ ਦੇ ਬਾਲ ਆਪਣੇ ਸਰੀਰ ਦੀ ਕ੍ਰਿਆ ਭੀ ਚੰਗੀ ਤਰ੍ਹਾਂ ਨਹੀਂ ਸਾਧ ਸਕਦੇ; ਪ੍ਰੰਤੂ ਬਾਲਕ ਸੰਤ ਸ਼ਾਮ ਸਿੰਘ ਜੀ ਬਾਲਪਣ ਵਿਚ ਭੀ ਅਣਥੱਕ ਸੇਵਾ ਵਿਚ ਲਗੇ ਰਹਿੰਦੇ ਸਨ; ਆਪਣੇ ਨਿਤ ਕਰਮ ਵਿਚ ਕਦੇ ਵੀ ਅਵੇਸਲੇ ਨਹੀਂ ਸਨ ਹੋਏ, ਤੇ ਨਾਮ ਬਾਣੀ ਵਿਚ ਕਦੇ ਆਲਸ ਨੂੰ ਨੇੜੇ ਨਹੀਂ ਸਨ ਆਉਣ ਦਿੰਦੇ।

ਸ੍ਰੀ ਭਗਤ ਪ੍ਰੇਮ ਪ੍ਰਕਾਸ਼ ਗ੍ਰੰਥ ਵਿਚ ਆਪ ਜੀ ਨੇ ਆਪਣੀ ਬਾਲ ਅਵਸਥਾ ਦਾ ਇਕ ਪ੍ਰਸੰਗ ਦਿੱਤਾ ਹੈ :–

ਇਕ ਸਮੇਂ ਠੰਢ ਕਾਲ ਦੀ ਰੁੱਤ ਸੀ, ਸੰਤਾਂ ਦੀ ਕ੍ਰਿਪਾ ਦੇ ਨਾਲ ਦਿੱਵ ਭੋਜਨ ਦੁੱਧ ਆਦਿਕ ਛਕ ਕਰਕੇ ਸਰਦੀ ਦੇ ਕਾਰਨ ਰਜ਼ਾਈ ਤੁਲਾਈ ਲੈ ਕੇ ਮੰਜੇ ਤੇ ਮੈਂ ਸੌਂ ਗਿਆ। ਜਦ ਦੋ ਦਿਨ ਲਗਾਤਾਰ ਸੰਤਾਂ ਨੇ ਬਹੁਤ ਸਵੇਰੇ ਕੀਰਤਨ ਕਥਾ ਵੇਲੇ ਮੈਨੂੰ ਸੰਗਤ ਵਿਚ ਨਾ ਡਿੱਠਾ,ਤਾਂ ਤੀਸਰੇ ਦਿਨ ਇਕ ਅਪਣੇ ਸੇਵਕ ਭਾਈ ਕਨ੍ਹੱਯਾ ਰਾਮ ਜੀ ਨੂੰ ਆਗਿਆ ਕੀਤੀ ਕਿ ਇਸ ਬਾਲਕ ਨੂੰ ਬੇੜੀ ਉਪਰ ਚੜ੍ਹਾ ਕੇ ਦਰਿਆਓਂ ਪਾਰ ਕਰ ਦਿਓ, ਤਾਂ ਜੋ ਇਹ ਆਪਣੀ ਮਾਤਾ ਪਾਸ ਚਲਾ ਜਾਏ। ਇਹ ਸੁਣ ਕੇ ਮੈਂ ਰੋਣ ਲਗ ਪਿਆ ਤੇ ਉਦਾਸੀ ਵਿਚ ਬਾਣੀ ਦੇ ਨੇਮ ਦਾ ਪ੍ਰਵਾਹ ਬੰਦ ਹੋ ਗਿਆ। ਇਹ ਦੇਖ ਕੇ ਭਾਈ ਕਨ੍ਹੱਯਾ ਰਾਮ ਜੀ ਨੇ ਇਕਾਂਤ ਵਿਚ ਮੈਨੂੰ ਸਮਝਾਇਆ ਕਿ ਸੰਤਾਂ ਪਾਸੋਂ ਭੁੱਲ ਬਖਸ਼ਾ ਲੈ। ਸੋ ਗਲ ਵਿਚ ਪੱਲਾ ਪਾ ਕੇ, ਖ਼ਿਮਾ ਮੂਰਤ ਸੰਤਾਂ ਦੇ ਚਰਨਾਂ ਤੇ ਮੈਂ ਜਾ ਪਿਆ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ, ਪਿਛਲੀ ਖ਼ਤਾ ਬਖਸ਼ ਲਓ, ਅਗੋਂ ਮੈਂ ਕਥਾ ਤੇ ਕੀਰਤਨ ਦੇ ਸਮੇਂ ਕਦੇ ਗ਼ੈਰ ਹਾਜ਼ਰ ਨਹੀਂ ਹੋਵਾਂਗਾ। ਦਯਾ ਦੇ ਸਮੁੰਦਰ ਸੰਤ ਜੀ ਨੇ ਖ਼ਿਮਾਂ ਬਖਸ਼ੀ, ਛਾਤੀ ਨਾਲ ਮੈਨੂੰ ਲਗਾ ਕੇ ਕੁਝ ਇਸ ਪ੍ਰਕਾਰ ਦਾ ਉਪਦੇਸ਼ ਦਿਤਾ :–

ਬੇਟਾ, ਸੰਤਾਂ ਦੀ ਸੰਗਤ ਵਿਚ ਮਿਲ ਬੈਠਣ ਦਾ ਲਾਭ ਇਹੀ ਹੈ ਕਿ ਬਾਣੀ ਦਾ ਅਭਿਆਸ ਵਧੇ ਤੇ ਸੇਵਾ ਕਰਕੇ ਜਨਮ ਸੁਫਲਾ ਹੋਵੇ। ਸਰੀਰ ਦੀ ਪਾਲਣਾ ਕੀਤੀ ਜਾਏ, ਆਰਾਮ ਦਿਤਾ ਜਾਏ, ਪਰ ਇੰਨਾ ਕਿ ਜਿਤਨੇ ਨਾਲ ਇਹ ਸੇਵਾ ਤੇ ਭਜਨ ਕਰਨ ਵਿਚ ਤਿਆਰ-ਬਰ-ਤਿਆਰ ਰਹੇ। ਇਸਨੂੰ ਆਰਾਮ-ਤਲਬੀ ਵਿਚ ਨਹੀਂ ਪਾਉਣਾ ਚਾਹੀਦਾ; ਜੇ ਸਰੀਰ ਆਰਾਮ-ਤਲਬ ਬਣ ਗਿਆ, ਤਦ ਅੰਮ੍ਰਿਤ ਵੇਲੇ ਉਠਣਾਂ, ਇਸ਼ਨਾਨ ਤੇ ਭਜਨ ਸਿਮਰਨ ਵਲੋਂ ਖੁੰਝਾਈ ਹੋਣ ਲੱਗ ਪਏਗੀ। ਇਸ ਲਈ ਜਿਥੇ ਸਰੀਰ ਨੂੰ ਅਰੋਗ ਰੱਖਣ ਲਈ ਖਾਣ-ਪੀਣ ਤੇ ਅਰਾਮ ਦੇਣ ਦੀ ਲੋੜ ਹੈ, ਉਥੇ ਇਸਨੂੰ ਆਲਸੀ ਨਹੀਂ ਹੋਣ ਦੇਣਾ ਚਾਹੀਦਾ।

ਸਾਧ ਸੰਗਤ ਰੂਪ ਲੋਹੇ ਦਾ ਕਿਲ੍ਹਾ ਹੈ, ਜਿੰਨਾ ਚਿਰ ਜਗਿਆਸੂ ਸਾਧ ਸੰਗਤ ਰੂਪ ਕਿਲ੍ਹੇ ਵਿਚ ਰਹੇਗਾ ਸੁੱਖੀ ਰਹੇਗਾ ਤੇ ਕਾਮ ਕ੍ਰੋਧ ਆਦਿਕ ਸ਼ਤਰੂਆਂ ਤੋਂ ਬਚਿਆ ਰਹੇਗਾ। ਇਨ੍ਹਾਂ ਮਹਾਂ ਵਿਖਾਦੀਆਂ ਦਾ ਉਥੇ ਚਾਰਾ ਨਹੀਂ ਚੱਲੇਗਾ। ਇਸ ਵਾਸਤੇ ਹੇ ਬੇਟਾ, ਗੁਰਬਾਣੀ ਦੇ ਆਸਰੇ ਰਹਿਣ ਲਈ ਤਹਾਨੂੰ ਸਾਡੇ ਵਲੋਂ ਤਾਕੀਦ ਹੈ; ਗੁਰਬਾਣੀ ਪੜ੍ਹਣ ਤੇ ਸੁਣਨ ਤੋਂ ਬਗ਼ੈਰ ਇਹ ਜੋ ਅਮੋਲਕ ਸੁਾਸ ਹਨ, ਐਵੇਂ ਨਹੀਂ ਗਵਾਉਣੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਬਿਨਾਂ ਅੰਨ ਜਲ ਨਹੀਂ ਛਕਣਾ, ਤੇ ਕਥਾ ਕੀਰਤਨ ਨੂੰ ਆਤਮਾ ਦਾ ਅਹਾਰ ਸਮਝਣਾ ਜਿਵੇਂ ਸਤਿਗੁਰਾਂ ਦਾ ਵਾਕ ਹੈ :

"ਸਿਮਰਿ ਸਿਮਰਿ ਨਾਮੁ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥"

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ, ਇਹ ਆਪਣੀ ਬਾਲ ਅਵਸਥਾ ਵਿਚ ਸੌਂ ਜਾਣ ਵਾਲੀ ਸਾਖੀ ਕਈ ਵੇਰ ਬੜੇ ਪ੍ਰੇਮ ਨਾਲ ਸੁਣਾਇਆ ਕਰਦੇ ਸਨ, ਤੇ ਸੰਤ ਭਾਈ ਕਨ੍ਹਯਾ ਰਾਮ ਜੀ ਦੀ ਕ੍ਰਿਪਾਲਤਾ ਦਾ ਧੰਨਵਾਦ ਕੀਤਾ ਕਰਦੇ ਤੇ ਬਚਨ ਕਰਦੇ ਕਿ ਧੰਨ ਹਨ ਸੰਤ ਪਰਉਪਕਾਰੀ, ਜਿਨ੍ਹਾਂ ਨੇ ਗੁਲਾਮ ਨੂੰ ਰਸਤੇ

ਪਾਇਆ। ਸੰਤ ਬਾਬਾ ਜੀ ਨੇ ਆਪਣੇ ਵਡੇ ਸੰਤਾਂ ਦੇ ਉਪਦੇਸ਼ ਨੂੰ ਐਸਾ ਪੱਲੇ ਬੰਨ੍ਹਿਆ ਕਿ ਸੁਾਸਾਂ ਦੇ ਅੰਤ ਤਕ ਤੋੜ ਨਿਭਾਇਆ। ਸ੍ਰੀ ਭਗਤ ਪ੍ਰੇਮ ਪ੍ਰਕਾਸ਼ ਗ੍ਰੰਥ ਵਿਚ ਆਪ ਜੀ ਨੇ ਲਿਖਿਆ ਹੈ ਕਿ ਇਸ ਤੋਂ ਪਿਛੋਂ ਗ਼ੁਲਾਮ ਵਾਹ ਲਗਦੀ ਕਦੇ ਕਥਾ ਕੀਰਤਨ ਸਤਿਸੰਗ ਵਿਚੋਂ ਗ਼ੈਰ ਹਾਜ਼ਰ ਨਹੀਂ ਹੋਇਆ। ਆਪ ਲੌਢੇ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਸਭ ਤੋਂ ਪਹਿਲਾਂ ਪਹੁੰਚਦੇ, ਜੇ ਅਜੇ ਸੰਗਤ ਨਾ ਆਈ ਹੁੰਦੀ, ਤਾਂ ਦਰੀਆਂ ਵਿਛਾਉਣੇ ਦੀ ਸੇਵਾ ਆਪ ਝਟਪਟ ਕਰਨ ਲਗ ਪੈਂਦੇ। ਸ੍ਰੀ ਅੰਮ੍ਰਿਤਸਰ ਜੀ, ਇਨ੍ਹਾਂ ਦੇ ਡੇਰੇ ਵਿਚ ਨਿੱਤਾ ਪ੍ਰਤੀ ਕਥਾ ਹੁੰਦੀ ਸੀ,ਆਪ ਸਭ ਤੋਂ ਪਹਿਲਾਂ ਸਾਵਧਾਨ ਹੋ ਕੇ ਬੈਠ ਜਾਂਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦਾ ਆਪ ਨੇ ਨੇਮ ਬੱਧਾ ਹੋਇਆ ਸੀ, ਜਿਸ ਤਰ੍ਹਾਂ ਇਸ ਨੇਮ ਨੂੰ ਆਪ ਨੇ ਨਿਭਾਇਆ, ਉਸ ਦੀ ਮਿਸਾਲ ਉਹ ਆਪ ਹੀ ਸਨ।

## ਵਿਦਿਆ ਦੀ ਪ੍ਰਾਪਤੀ

ਸੰਤ ਭਾਈ ਰਾਮ ਸਿੰਘ ਜੀ ਨੇ ਬਾਲਕ ਭਾਈ ਸ਼ਾਮ ਸਿੰਘ ਜੀ ਨੂੰ ਵਿਦਿਆ ਪੜ੍ਹਾਉਣ ਲਈ ਪੰਡਤ ਆਤਮਾ ਸਿੰਘ ਜੀ ਨੂੰ ਆਗਿਆ ਕੀਤੀ। ਜਦ ਬਾਲਕ ਨੂੰ ਅੱਖਰ-ਬੋਧ ਹੋ ਗਿਆ, ਲਗਾਂ ਦਾ ਭੇਦ ਸਮਝਾ ਦਿਤਾ ਗਿਆ, ਫੇਰ ਪੰਜ ਗ੍ਰੰਥੀ ਪੋਥੀ ਲਗਾ ਦਿਤੀ ਗਈ। ਪੰਜ ਗ੍ਰੰਥੀ ਦੇ ਪਾਠ ਦੀ ਸਮਾਪਤੀ ਹੋ ਜਾਣ ਤੇ ਦਸ ਗ੍ਰੰਥੀ ਲਗਾਈ ਗਈ। ਇਸ ਸੁਘੜ ਬਾਲਕ ਦੀ ਬੁੱਧੀ ਬੜੀ ਤੇਜ਼ ਸੀ ਤੇ ਇਸ ਨੇ ਥੋੜੇ ਸਮੇਂ ਵਿਚ ਹੀ ਪੰਜ ਗ੍ਰੰਥੀ, ਦਸ ਗ੍ਰੰਥੀ, ਬਾਈ ਵਾਰਾਂ ਤੇ ਭਗਤਾਂ ਦੀ ਬਾਣੀ ਭੀ ਸਰਲ ਕਰ ਲੀਤੀ।

## ਗੁਰਬਾਣੀ ਦਾ ਸ਼ੁਧ ਪਾਠ ਕਰਨ ਦੀ ਵਿਧੀ

ਗੁਰਬਾਣੀ ਦਾ ਪਾਠ ਬੜੇ ਗਹੁ ਨਾਲ ਕੀਤਿਆਂ ਹੀ ਸ਼ੁਧ

ਪਾਠ ਕੀਤਾ ਜਾ ਸਕਦਾ ਹੈ, ਅੱਜ ਕੱਲ੍ਹ ਦੇ ਪਾਠੀ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ ਤੇ ਪਾਠ ਅਸ਼ੁੱਧ ਕਰ ਜਾਂਦੇ ਹਨ।। ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਉਚਾਰੇ ਹੋਏ ਉਹ ਅੱਖਰ ਅਸੀਂ ਅੱਗੇ ਦਿੰਦੇ ਹਾਂ, ਜੋ ਹਰ ਪਾਠੀ ਦੇ ਧਿਆਨ ਦੇ ਯੋਗ ਹਨ। ਆਪ ਕਿਹਾ ਕਰਦੇ ਸਨ :–

'ਅਧਜਾਪਕ ਬਾਲਕਿਆਂ ਨੂੰ ਮੁਹਾਰਨੀ ਪੱਕੀ ਨਹੀਂ ਕਰਵਾਉਂਦੇ ਇਸ ਕਰਕੇ ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਸਪਸ਼ਟ ਤੇ ਸ਼ੁਧ ਪੜ੍ਹਣ ਦੀ ਜਾਚ ਕਿਸੇ ਵਿਰਲੇ ਨੂੰ ਹੀ ਆਉਂਦੀ ਹੈ। ਜਿਸ ਤਰ੍ਹਾਂ ਕਿ 'ਕੰਨੇ' ਨੂੰ 'ਮੁਕਤਾ' ਹੀ ਬੁਲਾਈ ਜਾਂਦੇ ਹਨ, 'ਆਕਾਰ' ਨੂੰ 'ਅਕਾਰ' ਅਰ 'ਸਾਲਾਹੀ ਸਾਲਾਹ' ਨੂੰ 'ਸਲਾਹੀ ਸਲਾਹ', 'ਪਾਤਾਲਾ ਪਾਤਾਲ' ਨੂੰ 'ਪਤਾਲਾ ਪਤਾਲ' ਪੜ੍ਹ ਜਾਂਦੇ ਹਨ। ਇਸੇ ਤਰ੍ਹਾਂ 'ਦੁਲਾਈਆਂ' ਨੂੰ 'ਲਾਂ' ਪੜ੍ਹਦੇ ਹਨ : 'ਕਰਨੈ' ਨੂੰ 'ਕਰਨੇ' 'ਆਖੀਐ' ਨੂੰ 'ਆਖੀਏ', 'ਮੁਹੌ' ਨੂੰ 'ਮੁਹੋ' ਪੜ੍ਹ ਜਾਂਦੇ ਹਨ। ਇਸੇ ਤਰ੍ਹਾਂ ਦੋਵੇਂ 'ਹਾਹੇ' ਕੋਈ ਵਿਰਲਾ ਹੀ ਬੁਲਾਉਂਦਾ ਹੈ : 'ਕਹਹਿ' ਨੂੰ 'ਕਹੈ', 'ਰਹਹਿ' ਨੂੰ 'ਰਹੈ', 'ਸੋਹਹਿ' ਨੂੰ 'ਸੋਹੈ' ਪੜ੍ਹ ਜਾਂਦੇ ਹਨ। ਫੇਰ 'ਜਾਕਉ' ਨੂੰ 'ਜਾਕੋ' ਅਤੇ 'ਦਇਆਲਾ' ਨੂੰ 'ਦਿਆਲਾ' ਪੜ੍ਹਦੇ ਹਨ। ਤਾਂ ਤੇ ਬਾਲਕਾਂ ਨੂੰ ਮੁਹਾਰਨੀ ਪੱਕੀ ਨਹੀਂ ਪੜ੍ਹਾਈ ਜਾਂਦੀ। ਜੇ ਮੁਹਾਰਨੀ ਪੱਕੀ ਹੋ ਜਾਵੇ ਤਾਂ ਹੀ ਫੇਰ ਪਾਠ ਠੀਕ ਹੋ ਸਕਦਾ ਹੈ। ਪਰ ਪੜ੍ਹਾਉਣ ਵਾਲਿਆਂ ਵਿਚੋਂ ਕਿਸੇ ਵਿਰਲੇ ਨੂੰ ਹੀ ਆਪ ਮੁਹਾਰਨੀ ਪੱਕੀ ਹੁੰਦੀ ਹੈ, ਅਗੋਂ ਓਹ ਕਿਸ ਤਰ੍ਹਾਂ ਠੀਕ ਕਰਾਉਣ, ਪੜ੍ਹਾਉਣ ਵਾਲੇ ਕਾਹਲੀ ਕਰਦੇ ਹਨ, ਛੇਤੀ ਨਾਲ ਬਾਲਕ ਨੂੰ ਪੋਥੀ ਲਾ ਦਿੰਦੇ ਹਨ ਤੇ ਪੋਥੀ ਹਾਲੀ ਪੱਕੀ ਨਹੀਂ ਹੋਈ ਹੁੰਦੀ ਤੇ ਮਹਾਰਾਜ ਦੀ ਤਾਬਿਆ ਬਿਠਾ ਦਿੰਦੇ ਹਨ। ਇਸ ਤਰ੍ਹਾਂ ਸਗੋਂ ਬੇਅਦਬੀ ਹੁੰਦੀ ਹੈ, ਲਗਾਂ ਮਾਤ੍ਰਾਂ ਦਾ ਸ਼ੁੱਧ ਉਚਾਰਣ ਨਾ ਹੋਣ ਕਰਕੇ ਪਾਠ ਅਸ਼ੁੱਧ ਹੋ ਜਾਂਦਾ ਹੈ।"



 www.sikhbookclub.com

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀ ਲਗਾਉਣਾ

ਜਦੋਂ ਗੁਰਬਾਣੀ ਦਾ ਪਾਠ ਆਪ ਜੀ ਨੂੰ ਚੰਗੀ ਤਰ੍ਹਾਂ ਸਰਲ ਹੋ ਗਿਆ ਤਾਂ ਵਡੇ ਸੰਤਾਂ ਨੇ, ਸ੍ਰੀ ਭਾਈ ਗਜਣ ਸਿੰਘ ਜੀ ਨਿਹੰਗ ਸਿੰਘ, ਜੋ ਬਾਬਾ ਮਹਾਰਾਜ ਸਿੰਘ ਜੀ ਗ਼ਜ਼ਨੀ ਵਾਲਿਆਂ ਦੇ ਸੇਵਕ ਸਨ, ਨੂੰ ਆਗਿਆ ਕੀਤੀ ਕਿ ਬਾਲਕ ਸ਼ਾਮ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀ ਲਾ ਕੇ ਪਾਠ ਕਰਵਾਉਣ।

ਪਛਮੀ ਵਿਦਿਆ ਦੀ ਪਰਿਪਾਟੀ ਨੇ ਸਾਡੀ ਗੁਰਦੁਆਰਿਆਂ ਦੀ ਵਿਦਿਆ ਪ੍ਰਾਪਤੀ ਦੀ ਝਾਕੀ ਨੂੰ ਅੱਖਾਂ ਤੋਂ ਓਹਲੇ ਕਰ ਦਿੱਤਾ ਹੈ, ਜਿਸ ਤੋਂ ਅਜ ਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀ ਲੱਗਣ ਦੇ ਸਮੇਂ ਦਾ ਉਤਸ਼ਾਹ ਤੇ ਉਮਾਹ ਦਾ ਅੰਦਾਜ਼ਾ ਲਾਉਣਾ ਕਠਨ ਹੋ ਗਿਆ ਹੈ। ਪਿਛਲੇ ਸਮਿਆਂ ਵਿਚ ਇਹ ਇਕ ਖ਼ਾਸ ਧਾਰਮਿਕ ਰਸਮ ਹੁੰਦੀ ਸੀ, ਜਿਸ ਨੂੰ ਸਿੱਖ ਘਰਾਂ ਵਿਚ ਭਾਰੀ ਉਤਸ਼ਾਹ ਤੇ ਤਿਉਹਾਰ ਦੀ ਸੂਰਤ ਦਿਤੀ ਜਾਂਦੀ ਸੀ। ਘਰ ਦੇ ਸਾਰੇ ਵੱਡੇ ਨਿੱਕੇ ਇਕੱਠੇ ਹੁੰਦੇ ਸਨ, ਵਿਆਹੀਆਂ ਧੀਆਂ ਭੈਣਾਂ ਨੂੰ ਭੀ ਸੱਦ ਲਿਆ ਜਾਂਦਾ ਸੀ। ਵਿਦਿਆਰਥੀ ਨੂੰ ਕੇਸੀ ਇਸ਼ਨਾਨ ਕਰਾ ਉੱਜਲ ਬਸਤਰ ਪੁਵਾ ਕੇ, ਪਰਵਾਰ ਗੁਰਦੁਆਰੇ ਲੈ ਜਾਂਦਾ ਸੀ। ਬਿਰਾਦਰੀ ਤੇ ਆਮ ਸੰਗਤ ਜੁੜਦੀ ਸੀ ਤੇ ਭਾਈ ਸਾਹਿਬ ਅਰਦਾਸਾ ਸੋਧ ਕੇ ਬਾਲਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਠਾਂਦੇ ਸਨ। ਜਪੁਜੀ ਸਾਹਿਬ ਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਕਰਾਉਂਦੇ ਸਨ ਤੇ ਬਾਲਕ ਨੂੰ ਸ਼ਗਨ ਪਾਏ ਜਾਂਦੇ ਸਨ। ਮਾਂ ਪਿਉ ਨੂੰ ਵਧਾਈਆਂ ਮਿਲਦੀਆਂ ਸਨ, ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਂਦੀ ਸੀ ਤੇ ਬੜਾ ਮੰਗਲਾਚਾਰ ਹੁੰਦਾ ਸੀ।

ਬਾਲਕ ਸੰਤ ਸ਼ਾਮ ਸਿੰਘ ਜੀ ਦੇ ਪਿਤਾ ਤਾਂ ਚਲਾਣਾ ਕਰ ਚੁਕੇ ਸਨ ਤੇ ਮਾਤਾ ਪਾਸ ਨਹੀਂ ਸੀ; ਆਪਣੇ ਪਿੰਡ ਵਿਚ ਬੀ ਨਹੀਂ

ਸਨ, ਇਸ ਕਰਕੇ ਇਸ ਆਨੰਦ-ਮਈ ਸਮੇਂ ਨੂੰ ਸ੍ਰੀ ਸਾਨ ਸੰਤ ਭਾਈ ਰਾਮ ਸਿੰਘ ਜੀ ਨੇ ਪੂਰੇ ਉਤਸ਼ਾਹ ਨਾਲ ਮਨਾਇਆ ਤੇ ਬਾਲਕ ਭਾਈ ਸ਼ਾਮ ਸਿੰਘ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲੱਗਣ ਦੀਆਂ ਵਧਾਈਆਂ ਆਪ ਲਈਆਂ।

## ਗੁਰਬਾਣੀ ਲਿਖਣ ਤੇ ਕੰਠ ਕਰਨੇ ਦਾ ਉਪਦੇਸ਼

ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਨੇ ਬਾਲਕ ਸੰਤ ਸ਼ਾਮ ਸਿੰਘ ਪ੍ਰਤੀ ਬਚਨ ਕੀਤਾ ਕਿ ਗੁਰਬਾਣੀ ਲਿਖਣੀ ਸਿਖੋ, ਤੇ ਨੇਮ ਨਾਲ ਕੰਠ ਭੀ ਕਰਿਆ ਕਰੋ; ਕਲਿਜੁਗ ਵਿਚ ਗੁਰਬਾਣੀ ਲਿਖਣ ਤੇ ਗੁਰਬਾਣੀ ਕੰਠ ਕਰਨ ਵਰਗੀ ਹੋਰ ਕੋਈ ਸਮਾਧੀ ਨਹੀਂ, ਪਰ ਤਾਂ ਜੇ ਪਰਮੇਸ਼ਰ ਦੇ ਪ੍ਰੇਮ ਨਾਲ, ਨਿਸ਼ਕਾਮ ਤੇ ਮਨ ਦੀ ਪ੍ਰੀਤੀ ਨਾਲ ਹੋਵੇ। ਇਹ ਬਚਨ ਵਡੇ ਸੰਤਾਂ ਦਾ ਆਪ ਜੀ ਨੇ ਪੂਰਾ ਕਮਾਇਆ। ਆਪ ਨੇ ਗੁਰਬਾਣੀ ਦੀ ਲਿਖਾਈ ਸਿਖੀ ਤੇ ਸਾਰੀ ਆਯੂ ਪ੍ਰੇਮੀਆਂ ਪਾਸੋਂ ਬੀ ਗੁਰਬਾਣੀ ਦੀ ਲਿਖਵਾਈ ਕਰਵਾਉਂਦੇ ਰਹੇ। ਸੰਤ ਬਾਬਾ ਜੀ ਗੁਰਬਾਣੀ ਦੀ ਲਿਖਾਈ ਦਾ ਬੜਾ ਮਹਾਤੱਮ ਦੱਸਿਆ ਕਰਦੇ ਸਨ :—

"ਲਿਖੰਤੀ ਕੁਲ ਤਾਰਿਆ।"

"ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ।"

"ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।"

ਜੇਹੜਾ ਦੂਜਾ ਬਚਨ ਵਡੇ ਸੰਤਾਂ ਦਾ ਗੁਰਬਾਣੀ ਰੋਜ਼ ਕੰਠ ਕਰਨ ਦਾ ਸੀ, ਸੋ ਭੀ ਆਪ ਨੇ ਅਜਿਹਾ ਕਮਾਇਆ, ਜੋ ਅੰਤ ਪ੍ਰਯੰਤ ਬਾਣੀ ਕੰਠ ਕਰਦੇ ਹੀ ਰਹੇ, ਤੇ ਅਨੇਕ ਪ੍ਰੇਮੀਆਂ ਨੂੰ ਬੀ ਉਪਦੇਸ਼ ਦੁਆਰਾ ਗੁਰਬਾਣੀ ਕੰਠ ਕਰਵਾਉਂਦੇ ਰਹੇ।

ਸੰਤ ਬਾਬਾ ਜੀ ਦਾ ਨੇਮ ਸੀ ਜੋ ਪਹਿਲਾਂ ਗੁਟਕੇ ਤੋਂ ਨਿਤਨੇਮ ਦਾ ਪਾਠ ਕਰਨਾ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਪਾਠ ਤੇ ਪਾਠ ਪਿਛੋਂ ਕੋਈ ਨਾ ਕੋਈ ਸ਼ਬਦ ਗੁਰੂ ਬਾਬਾ

ਜੀ ਦੀ ਤਾਬਿਆ ਬੈਠਿਆਂ ਹੀ ਕੰਠ ਕਰ ਲੈਣਾ ਭਾਵੇਂ ਉਹ ਸ਼ਬਦ ਨਵਾਂ ਹੋਵੇ, ਭਾਵੇਂ ਪਹਿਲਾਂ ਯਾਦ ਕੀਤਾ ਹੋਇਆ ਹੋਵੇ। ਜੇ ਕੋਈ ਤੁਕ ਕਿਧਰੇ ਭੁੱਲਦੀ ਹੋਵੇ ਤਾਂ ਉਸਨੂੰ ਹੀ ਤਾਜ਼ਾ ਕਰ ਲੈਣਾ, ਕਈ ਵਾਰੀ ਉਸਨੂੰ ਕਾਗਜ਼ ਉਪਰ ਲਿਖਕੇ ਕੰਠ ਕਰਦਿਆਂ ਰਹਿਣਾ। ਜਦੋਂ ੧੨੦ ਸਾਲ ਤੋਂ ਉਪਰ ਆਯੂ ਹੋ ਜਾਣ ਤੇ ਆਪ ਦੇ ਨੇਤ੍ਰਾਂ ਦੀ ਜੋਤ ਹਿਰ ਗਈ, ਤਾਂ ਇਕ ਸੇਵਕ ਭਾਈ ਸੰਤ ਸਿੰਘ ਬਜ਼ਾਜ਼ ਪ੍ਰਤੀ ਬਚਨ ਕੀਤਾ "ਤੁਸੀਂ ਗੁਲਾਮ ਨੂੰ ਇਕ ਸ਼ਬਦ ਰੋਜ਼ ਕੰਠ ਕਰਾਇਆ ਕਰੋ।" ਗੁਰਬਾਣੀ ਕੰਠ ਕਰਨ ਦਾ ਮਹਾਤਮ ਦੱਸਣ ਲਈ ਇਕ ਵੇਰੀ ਬਾਬਾ ਜੀ ਨੇ ਇਕ ਰੁਪਿਆ ਤੇ ਪ੍ਰਸ਼ਾਦਿ ਮੰਗਵਾ ਕੇ ਭਾਈ ਸੰਤ ਸਿੰਘ ਅੱਗੇ ਰੱਖਕੇ ਮੱਥਾ ਟੇਕਿਆ ਤੇ ਬਚਨ ਕੀਤਾ ਕਿ ਇਹ ਗੁਲਾਮ ਨੂੰ ਸ਼ਬਦ ਦਾਨ ਕਰਦਾ ਹੈ, ਤਾਂ ਇਸਦਾ ਪੂਜਨ ਕੀਤਾ ਹੈ। ਇਸ ਸਾਖੀ ਵਿੱਚ ਸੰਤ ਬਾਬਾ ਜੀ ਨੇ ਸਾਨੂੰ ਇਹ ਸਿਖਿਆ ਬਖਸ਼ੀ ਹੈ ਕਿ ਸਿਖ ਅੰਤ ਪ੍ਰਯੰਤ ਗੁਰਬਾਣੀ ਕੰਠ ਕਰੀ ਹੀ ਜਾਵੇ।

## ਗੁਰੂ ਨਾਨਕ ਚਰਨਾਂ ਪਰ ਸ਼ਰਧਾ ਦਾ ਫਲ

ਸ੍ਰੀ ਮਾਨ ਸੰਤ ਬਾਬਾ ਜੀ ਨੇ ਇਕ ਸਾਖੀ ਆਪਣੇ ਵੱਡੇ ਸੰਤ ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਵਲੋਂ ਭਾਈ ਮਖਰਾ ਰਾਮ ਖੱਤਰੀ ਨਾਲ ਉਪਦੇਸ਼ ਰੂਪ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਰਨਾਂ ਦਾ ਸਿਦਕ ਧਾਰਨ ਸੰਬੰਧੀ ਹੋਈ ਲਿਖੀ ਹੈ :–

ਇਕ ਮਥਰਾ ਰਾਮ ਖੱਤਰੀ (ਬਾਹਰੀ) ਮਹਾਜਨ ਖੁਸ਼ਾਬ ਜ਼ਿਲਾ ਸ਼ਾਹਪੁਰ ਦਾ ਨਿਵਾਸੀ ਸੀ ਅਰ ਸੰਤਾਂ ਦੀ ਸੰਗਤ ਕਰਦਾ ਹੁੰਦਾ ਸੀ ਤੇ ਸੰਤਾਂ ਦੀ ਸੰਗਤ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪਰਮ ਸ਼ਰਧਾਵਾਨ ਪ੍ਰੇਮੀ ਹੋ ਗਿਆ ਸੀ। ਇਸ ਮਹਾਜਨ ਨੇ ਸਤਿਗੁਰਾਂ ਦੇ ਚਰਨਾਂ ਦੀ ਪ੍ਰੀਤੀ ਦੇ ਸਦਕੇ ਇਕ ਧਰਮਸਾਲ ਆਪਣੇ ਖਰਚ ਤੇ ਬਣਵਾਈ, ਜਿਸ ਦੇ ਮਹੰਤ ਭਾਈ ਨਿਰਮਲ ਸਿੰਘ

ਜੀ ਹੋਏ ਹਨ।

ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਨੂੰ ਪੂਰਨ ਸੰਤ ਮਹਾਂ ਪੁਰਸ਼ ਜਾਣਕੇ ਭਾਈ ਮਥਰਾ ਰਾਮ ਬਹੁਤ ਪ੍ਰੇਮ ਸਤਿਕਾਰ ਕਰਦਾ ਸੀ। ਜਦ ਵੀ ਸ੍ਰੀ ਸੰਤ ਜੀ ਖੁਸ਼ਾਬ ਆਉਂਦੇ ਤਾਂ ਭਾਈ ਮਥਰਾ ਰਾਮ ਆਪਣੀ ਭਾਰਜਾ (ਧਰਮ ਪਤਨੀ) ਸਹਿਤ ਪ੍ਰਸ਼ਾਦ ਲੈ ਕੇ ਸੰਤਾਂ ਦੇ ਦਰਸ਼ਨ ਕਰਨ ਆਇਆ ਕਰਦਾ ਸੀ। ਇਕ ਵੇਰੀ ਜਦ ਸੰਤ ਜੀ ਖੁਸ਼ਾਬ ਆਏ ਤਾਂ ਉਸੀ ਤਰ੍ਹਾਂ ਪ੍ਰਸ਼ਾਦ ਲੈ ਕਰਕੇ ਆਪਣੀ ਧਰਮ ਪਤਨੀ ਸਮੇਤ ਦਰਸ਼ਨ ਕਰਨ ਲਈ ਹਾਜ਼ਿਰ ਹੋਇਆ ਤੇ ਆ ਕੇ ਨਮਸਕਾਰ ਕੀਤੀ। ਭਾਈ ਮਥਰਾ ਰਾਮ ਅਤੇ ਉਸਦੀ ਧਰਮ ਪਤਨੀ ਦੋਨੋਂ ਸੰਤਾਂ ਦੇ ਪਾਸ ਚੁੱਪ-ਚਾਪ ਬੈਠੇ ਰਹੇ ਤੇ ਮੁਖੋਂ ਕੋਈ ਬਚਨ ਨਾ ਕੀਤਾ। ਤਾਂ ਹਰਿਜਨ ਜੀ ਨੇ ਮੁਸਕਰਾ ਕੇ ਕਿਹਾ, "ਕਿਉਂ ਤੁਸੀਂ ਦੰਪਤੀ ਰਾਜੀ ਤਾਂ ਹੋ ?" ਤਾਂ ਪਾਸ ਬੈਠੇ ਕਿਸੀ ਸੱਜਣ ਨੇ ਸੰਤਾਂ ਪ੍ਰਤੀ ਬੇਨਤੀ ਕੀਤੀ, ਜੀ ਰਾਜੀ ਤਾਂ ਹਨ ਪਰ ਇਹਨਾਂ ਦੀ ਧਰਮ ਪਤਨੀ ਇਕ ਸੁਚੇ ਮੋਤੀਆਂ ਦੀ ਵੱਡੀ ਕੀਮਤੀ ਮਾਲਾ ਨਦੀ ਵਿਚ ਗੁੰਮ ਕਰ ਆਈ ਹੈ। ਖੇਵਟਾਂ (ਮਲਾਹਾਂ) ਪਾਸੋਂ ਬਹੁਤ ਨਦੀ ਵਿਚ ਢੂੰਡ ਕਰਵਾਈ ਹੈ, ਹਨੂਮਾਨ, ਭੈਰੋ ਦੇਵੀ ਤੇ ਦੇਵਤਿਆਂ ਦੀਆਂ ਮੰਨਤਾਂ ਮੰਨ ਕਰ ਕਰ ਕੇ ਵੀ, ਤੇ ਪੀਰਾਂ ਦੀ ਸ਼ਰੀਣੀ ਮੰਨ ਕਰਕੇ ਵੀ, ਬਹੁਤ ਟੁਭਕੀਆਂ ਨਦੀ ਵਿਚ ਲਗਵਾਈਆਂ ਹਨ, ਪਰ ਅਜੇ ਤਕ ਉਹ ਮਾਲਾ ਮਿਲੀ ਨਹੀਂ।

ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਹੱਸ ਕਰ ਕਹਿਣ ਲਗੇ : ਕੀ ਸ੍ਰੀ ਗੁਰੂ ਨਾਨਕ ਨਾਰਾਇਣ ਜੀ ਕਾ ਪ੍ਰਸ਼ਾਦ ਪੰਚਾਂਮ੍ਰਿਤ (ਕੜਾਹ ਪ੍ਰਸ਼ਾਦ) ਭੇਟਾ ਮੰਨ ਕਰ ਭੀ ਤੁਸਾਂ ਟੁਭਕਾ ਲਗਾਇਆ ਹੈ ਕਿ ਨਹੀਂ ? ਭਾਈ ਮਥਰਾ ਰਾਮ ਨੇ ਉੱਤਰ ਵਿਚ ਹੱਥ ਜੋੜ ਕੇ ਕਿਹਾ, ਜੀ ਇਹ ਤਾਂ ਨਹੀਂ ਕੀਤਾ। ਤਾਂ ਸੰਤਾਂ ਨੇ ਫੁਰਮਾਇਆ ਕਿ ਹੁਣ ਤੁਸੀਂ ਜਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪ੍ਰਸ਼ਾਦ ਮੰਨ ਕਰ ਕੇ ਜਹਾਂ ਨਦੀ ਵਿਚ ਮੋਤੀਆਂ ਦੀ ਮਾਲਾ ਗਿਰੀ ਸੀ

ਤਹਾਂ ਚੁੱਭੀ ਲਵਾਵੋ। ਤਬ ਭਾਈ ਮਥਰਾ ਰਾਮ ਜੀ ਐਸੇ ਹੀ ਕਰਤੇ ਭਏ, ਸ੍ਰੀ ਗੁਰੂ ਨਾਨਕ ਜੀ ਕਾ ਪ੍ਰਸ਼ਾਦ ਮੰਨ ਕਰਕੇ, ਜਬ ਟੁੱਭੀ ਮਲਾਹ ਪਾਸੋਂ ਲਵਾਈ ਤਾਂ ਪ੍ਰਿਥਮ ਹੀ ਮਲਾਹ ਮਾਲਾ ਲਿਆਵਤ ਭਇਆ। ਭਾਈ ਮਥਰਾ ਰਾਮ ਮੋਤੀਆਂ ਦੀ ਮਾਲਾ ਲੈ ਕਰਕੇ ਸੰਤਾਂ ਦੇ ਪਾਸ ਆ ਮੱਥਾ ਟੇਕਿਆ, ਸਹਿਤ ਹੋਰ ਮਹਾਜਨਾਂ ਦੇ। ਸਾਰੇ ਆਦਮੀ ਬੜੇ ਪ੍ਰਸੰਨ ਹੋ ਕਰਕੇ ਪੜ੍ਹਨ ਲਗ ਪਏ: 'ਧੰਨ ਗੁਰੂ ਨਾਨਕ, ਵਾਹ ਗੁਰੂ ਨਾਨਕ, ਸਤਿਗੁਰੂ ਨਾਨਕ, ਧੰਨ ਗੁਰੂ ਨਾਨਕ'। ਬਾਰੰਬਾਰ ਸਤਿਗੁਰਾਂ ਦੀ ਇਸ ਪ੍ਰਕਾਰ ਉਸਤੁਤਿ ਕਰਕੇ ਫਿਰ ਪੰਚਾਂਮ੍ਰਿਤ (ਕੜਾਹ ਪ੍ਰਸ਼ਾਦਿ) ਤਿਆਰ ਕਰਵਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਆ ਕਰਕੇ ਕੀਤਾ। ਮਹੰਤ ਭਾਈ ਕਨ੍ਹੱਯਾ ਰਾਮ ਜੀ ਨੇ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸਾ ਕੀਤਾ। ਭਾਈ ਮਥਰਾ ਰਾਮ ਵਲੋਂ ਸੱਚੇ ਪਾਤਿਸ਼ਾਹ ਜੀ ਦੇ ਹਜ਼ੂਰ ਸ਼ੁਕਰਾਨਾ ਕੀਤਾ ਤੇ ਪ੍ਰਸ਼ਾਦ ਵਰਤਾਇਆ ਗਿਆ। ਉਸ ਸਮੇਂ ਸੰਤ ਰਾਮ ਸਿੰਘ ਜੀਉ ਨੇ ਸਾਰੇ ਮਹਾਜਨਾਂ ਪ੍ਰਤੀ ਇਹ ਬਚਨ ਕਹੇ,—ਸ੍ਰੀ ਗੁਰੂ ਨਾਨਕ ਸਾਹਿਬ ਜੀ ਪ੍ਰਤੱਖ ਦੇਵਤੇ ਹੈਂ, ਔਰ ਦੇਵੀ ਦੇਵਤੇ ਗੁਪਤ ਹੈਂ, ਭਾਵ ਇਹੁ ਇਸ ਮੈਂ ਜੋ ਚਾਰੋਂ ਜੁਗੋ ਮੇਂ ਗੁਰਾਂ ਕਾ ਹੀ ਪ੍ਰਤਾਪ ਹੈ, ਪਰ ਕਲਜੁਗ ਮੈਂ ਤਾਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਕਮਲ ਮਨਾਵਣ ਹੀ ਕਰਕੇ ਵਿਵਹਾਰ ਔਰ ਪਰਮਾਰਥ ਕੀ ਸਿਧੀ ਹੋਤੀ ਹੈ, ਹੇ ਭਾਈ*।"

## ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਖਿੱਚ

ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ, ਪਹਿਲੀ ਅਵਸਥਾ ਵਿੱਚ ਪੂਰਨ ਵਿਰਕਤ ਰੂਪ ਵਿਚ ਇਕੱਲੇ ਵਿਚਰਦੇ ਰਹੇ; ਫਿਰ

---

*ਇਸੀ ਤਰ੍ਹਾਂ ਦੀ ਸਾਖੀ ਲਈ ਪੜ੍ਹੋ ਜੀਵਨ ਸੰਤ ਭਾਈ ਰਾਮ ਕਿਸ਼ਨ ਸਾਹਿਬ ਸੰਤ ਗਾਥਾ ਭਾਗ ੧, ਸਫ਼ਾ ੧੩।

ਆਪ ਜੀ ਦੇ ਨਾਲ ਇਕ ਤਕੜੀ ਸੰਤ ਮੰਡਲੀ ਹੋ ਗਈ, ਤੇ ਗੁਰ ਸਿਖੀ ਦੇ ਪ੍ਰਚਾਰ ਲਈ ਆਪ ਨੇ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਫਿਰ ਕੇ ਗੁਰਬਾਣੀ ਤੇ ਗੁਰ ਇਤਿਹਾਸ ਦੀ ਵੀਚਾਰ ਦੀ ਲਹਿਰ ਚਲਾ ਦਿੱਤੀ। ਹਜ਼ਾਰਾਂ ਸਿਖ ਆਪ ਦੀ ਰਹਿਣੀ ਬਹਿਣੀ ਤੇ ਉਪਦੇਸ਼ ਤੋਂ ਸਿਖਿਆ ਲੈ ਕੇ ਗੁਰ ਚਰਨਾਂ ਦੇ ਭੌਰੇ ਬਣ ਗਏ।

ਸੰਤ ਰਾਮ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਬੜੀ ਤਾਂਘ ਰਹਿੰਦੀ ਸੀ। ਆਪ ਕਈ ਵੇਰ ਪ੍ਰਚਾਰ ਕਰਦੇ ਸੰਤ ਮੰਡਲੀ ਸਮੇਤ ਸ੍ਰੀ ਅੰਮ੍ਰਿਤਸਰ ਜੀ ਦੀ ਤੀਰਥ ਯਾਤ੍ਰਾ ਨੂੰ ਆਏ। ਸ਼ਹਿਰ ਅੰਮ੍ਰਿਤਸਰ ਵਿੱਚ ਓਨ੍ਹੀਂ ਦਿਨੀਂ ਅੱਡਣਸ਼ਾਹੀ ਡੇਰੇ ਬਹੁਤ ਸਨ, ਪਰ ਸੰਤ ਜੀ ਦਾ ਉਤਾਰਾ ਸ੍ਰੀ ਬਾਬਾ ਮਹਾਰਾਜ ਸਿੰਘ ਜੀ ਯਾ ਠਾਕਰ ਭਾਈ ਦਿਆਲ ਸਿੰਘ ਜੀ ਦੇ ਡੇਰੇ ਹੋਇਆ ਕਰਦਾ ਸੀ। ਭਾਈ ਸ਼ਾਮ ਸਿੰਘ ਜੀ ਸੰਤ ਰਾਮ ਸਿੰਘ ਜੀ ਦੀ ਮੰਡਲੀ ਵਿੱਚ ਹੀ ਸਨ; ਇਸ ਵਾਸਤੇ ਇਨ੍ਹਾਂ ਨੂੰ ਭੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਈ ਵਾਰ ਹੋਏ। ਇਨ੍ਹਾਂ ਅਨੂਪਮ ਦਰਸ਼ਨਾਂ ਦਾ ਅਸਰ ਆਪ ਤੇ ਹਰ ਵਾਰ ਪਹਿਲੀ ਵਾਰ ਨਾਲੋਂ ਜ਼ਿਆਦਾ ਤੇ ਪ੍ਰਬਲ ਹੋਇਆ ਕਰਦਾ ਸੀ ਤੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਤਾਂਘ ਲਗੀ ਹੀ ਰਹਿੰਦੀ ਸੀ। ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਸ਼ਾਹਪੁਰ ਦੇ ਜ਼ਿਲੇ ਵਿੱਚ ਪ੍ਰਚਾਰ ਲਈ ਸੰਤ ਮੰਡਲੀ ਨਾਲ ਫਿਰ ਰਹੇ ਸਨ, ਇਕ ਦਿਨ ਸਮਾਂ ਅਨੁਕੂਲ ਵੇਖ ਕੇ ਯੁਵਕ ਸੰਤ ਭਾਈ ਸ਼ਾਮ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ : ਜੀ ਗ੍ਰੀਬ ਨਿਵਾਜ, ਜੇ ਆਗਿਆ ਹੋਵੇ ਤਾਂ ਦਾਸ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਤੇ ਇਸ਼ਨਾਨ ਕਰ ਆਵੇ ? ਸੰਤ ਭਾਈ ਰਾਮ ਸਿੰਘ ਨੇ, ਭਾਈ ਸ਼ਾਮ ਸਿੰਘ ਜੀ ਵਲ ਡੂੰਘੀ ਨਜ਼ਰ ਨਾਲ ਵੇਖਿਆ, ਗੁਰ ਤੀਰਥ ਦਰਸ਼ਨ ਦੀ ਤਾਂਘ ਤੀਬਰ ਅਨੁਭਵ ਕੀਤੀ ਤੇ ਮੁਸਕ੍ਰਾਉਂਦੇ ਹੋਇਆਂ ਆਗਿਆ ਦੇ ਦਿਤੀ।

ਸੰਤ ਸ਼ਾਮ ਸਿੰਘ ਜੀ, ਆਗਿਆ ਪਾਕੇ ਸ੍ਰੀ ਅੰਮ੍ਰਿਤਸਰ ਜੀ ਵਲ ਤੁਰ ਪਏ; ਚਿਤ ਉਤਸ਼ਾਹ ਨਾਲ ਭਰਿਆ ਹੋਇਆ ਸੀ, ਨੇਤ੍ਰ ਦਰਸ਼ਨਾਂ ਲਈ ਉਤਾਵਲੇ ਹੋ ਸਜਲ ਹੋ ਰਹੇ ਸਨ; ਪ੍ਰੇਮ ਨਾਲ ਸ਼ਬਦ ਗਾਇਨ ਕਰਦੇ ਗਲਾ ਰੁਕ ਰੁਕ ਜਾਂਦਾ ਸੀ, ਤੇ ਕਦਮ ਚਾਉ ਨਾਲ ਅੱਗੇ ਤੋਂ ਅੱਗੇ ਪੈਂਦੇ ਸਨ। ਉਨ੍ਹਾਂ ਦਿਨਾਂ ਵਿੱਚ ਰੇਲ ਗੱਡੀਆਂ ਨਹੀਂ ਸਨ, ਤੇ ਵਾਟ ਲੰਬੀ ਸੀ; ਕੋਈ ਵੀਹ ਕੁ ਦਿਨਾਂ ਪਿਛੋਂ ਆਪ ਜੀ ਪ੍ਰੇਮ ਰਸ ਭਿੱਜੇ ਹੋਏ ਸ੍ਰੀ ਅੰਮ੍ਰਿਤਸਰ ਜੀ ਪੁੱਜ ਗਏ। ਘੰਟੇ ਘਰ ਦੀਆਂ ਪਉੜੀਆਂ ਉਤਰਦੇ ਹੀ, ਸ਼ਾਸ਼ਟਾਂਗ ਡੰਡੌਤ ਵਿਚ ਲੇਟ ਗਏ, ਤੇ ਅਰਦਾਸ ਕੀਤੀ ਕਿ ਹੇ ਪਾਤਸ਼ਾਹਾਂ ਦੇ ਪਾਤਸ਼ਾਹ ਸੋਢੀ ਸੁਲਤਾਨ, ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀਉ, ਆਪਣੇ ਚਰਨਾਂ ਵਿੱਚ ਹੀ ਦਾਸ ਨੂੰ ਨਿਵਾਸ ਬਖਸ਼ੋ। ਬਾਹਰ ਖੂਹ ਤੇ ਇਸ਼ਨਾਨ ਕਰਕੇ ਫਿਰ ਆਪ ਜੀ ਨੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ, ਸੱਤ ਪਰਿਕਰਮਾਂ ਵਡੀਆਂ ਕੀਤੀਆਂ, ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਹਾਜ਼ਰ ਹੋਏ, ਦਿਨ ਭਰ ਸ਼ਬਦ ਕੀਰਤਨ ਸ੍ਰਵਣ ਕੀਤਾ ਤੇ ਸੰਧਿਆ ਵੇਲੇ ਸ੍ਰੀ ਬਾਬਾ ਮਹਾਰਾਜ ਸਿੰਘ ਜੀ ਦੇ ਡੇਰੇ ਜਾ ਬਿਸ੍ਰਾਮ ਕੀਤਾ। ਜਿੰਨੇ ਦਿਨ ਆਪ ਇਥੇ ਰਹੇ, ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਤਿੰਨ ਪਹਿਰੇ ਵੇਲੇ ਸ੍ਰੀ ਦਰਬਾਰ ਸਾਹਿਬ ਜਾ ਹਾਜ਼ਰ ਹੁੰਦੇ, ਤੇ ਸ਼ਬਦ ਕੀਰਤਨ ਸ੍ਰਵਣ ਕਰਦੇ। ਸੰਧਿਆ ਵੇਲੇ ਫਿਰ ਸ੍ਰੀ ਦਰਬਾਰ ਸਾਹਿਬ ਜੀ ਹਾਜ਼ਰੀ ਭਰਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਹੋਣ ਦੇ ਸਮੇਂ ਤਕ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਯਾ ਪ੍ਰਕ੍ਰਮਾ ਵਿੱਚ ਸਿਮਰਨ, ਭਜਨ, ਯਾ ਸੇਵਾ ਵਿੱਚ ਲਗੇ ਰਹਿੰਦੇ; ਸਿਵਾਏ ਦੋ ਵੇਲੇ ਪ੍ਰਸ਼ਾਦ ਛਕਣ ਲਈ ਡੇਰੇ ਜਾਣ ਦੇ ਬਾਕੀ ਸਾਰਾ ਸਮਾਂ ਸ੍ਰੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੇ।

ਇਕ ਦਿਨ ਮਹੰਤ ਠਾਕਰ ਭਾਈ ਦਿਆਲ ਸਿੰਘ ਜੀ ਦਾ

ਮੇਲ ਹੋ ਗਿਆ । ਸੰਤਾਂ ਦੀ ਸੁਰਤ ਦਾ ਟਿਕਾਉ, ਸੇਵਾ ਦਾ ਚਾਉ ਤੇ ਇਨ੍ਹਾਂ ਨੂੰ ਭਜਨ ਸਿਮਰਨ ਵਿੱਚ ਰੱਤਾ ਵੇਖਕੇ ਮਹੰਤ ਜੀ ਨੇ ਪ੍ਰੇਰਨਾ ਕੀਤੀ ਕਿ ਆਪ ਉਨ੍ਹਾਂ ਪਾਸ ਉਨ੍ਹਾਂ ਦੀ ਧਰਮਸਾਲਾ ਵਿਖੇ ਆ ਕੇ ਡੇਰਾ ਕਰਨ । ਉਨ੍ਹਾਂ ਦੀ ਆਗਿਆ ਮੰਨਕੇ ਸੰਤ ਸ਼ਾਮ ਸਿੰਘ ਜੀ ਆਪਣਾ ਆਸਣ ਉਨ੍ਹਾਂ ਦੇ ਡੇਰੇ ਲੈ ਆਏ ।

ਇਕ ਦਿਨ ਕੂਕਰਾਂ ਨੂੰ ਰੋਟੀਆਂ ਪਾਉਣ ਦੀ ਸੇਵਾ ਕਰਕੇ ਵਾਪਸ ਆ ਰਹੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ* (ਵਡੇ) ਸਤੋ ਵਾਲੀ ਗਲੀ ਵਾਲਿਆਂ ਨਾਲ ਮੇਲ ਹੋ ਗਿਆ। ਉਨ੍ਹਾਂ ਨੇ ਆਪ ਪ੍ਰਤੀ ਬਚਨ ਕੀਤਾ ਕਿ ਨਿੱਕਿਆ ਕਲਿਜੁਗ ਦਾ ਸਮਾਂ ਬੜਾ ਭਿਆਨਕ ਹੈ, ਇਸ ਵਿਚ ਜਪ ਤਪ ਹਠ ਜੋਗ ਦਾ ਸਮਾਂ ਨਹੀਂ; ਇਹ ਸਾਰੇ ਸਾਧਨ ਕਠਨ ਹਨ । ਇਸ ਜੁਗ ਵਿੱਚ ਤਾਂ ਕਥਾ ਕੀਰਤਨ ਤੇ ਸਿਮਰਨ ਹੀ ਮੁੱਖ ਸਾਧਨ ਹਨ, ਜਿਵੇਂ ਸਤਿਗੁਰਾਂ ਦਾ ਫੁਰਮਾਣ ਹੈ :—

"ਕਲਜੁਗ ਮਹਿ ਕੀਰਤਨੁ ਪਰਧਾਨਾ ॥"
"ਕੀਰਤਨੁ ਨਿਰਮੋਲਕ ਹੀਰਾ ॥"

ਕਥਾ ਤਾਂ ਆਪ ਕਰਦੇ ਹੀ ਹੋ ਹੁਣ ਕੀਰਤਨ ਭੀ ਆਪ ਕੀਤਾ ਕਰੋ । ਜੇ ਤੁਸਾਂ ਦੀ ਇੱਛਿਆ ਹੋਵੇ ਤਾਂ ਸਾਜ਼ ਵੀ ਦੇਂਦੇ ਹਾਂ ਤੇ ਰਾਗ-ਵਿਦਿਆ ਵੀ ਬੜੇ ਪ੍ਰੇਮ ਨਾਲ ਸਿਖਾਵਾਂਗੇ । ਆਪ ਪੂਰਨ ਅਧਿਕਾਰੀ ਹੋ, ਏਸ ਲਈ ਆਪ ਜੀ ਨੂੰ ਅਸਾਂ ਇਹ ਬਚਨ ਕੀਤਾ ਹੈ, ਅੱਗੇ ਆਪ ਦੀ ਪ੍ਰਸੰਨਤਾ। ਇਹ ਬਚਨ ਸੁਣ ਕੇ ਸੰਤ ਸ਼ਾਮ ਸਿੰਘ ਜੀ ਨੇ ਉੱਤਰ ਦਿੱਤਾ "ਜੀ ਦਾਸ ਨੂੰ ਇਸ ਵੇਲੇ ਰਾਗ

---

*ਇਹ ਮਹਾਂ ਪੁਰਸ਼ ਸੰਤ ਬਾਬਾ ਉਤਮ ਸਿੰਘ ਜੀ ਤੋਂ ਕਾਫੀ ਸਮਾਂ ਪਹਿਲਾਂ ਸੱਤੋ ਵਾਲੀ ਗਲੀ ਵਿਖੇ ਧਰਮਸਾਲਾ ਬਣਾਕੇ ਨਿਵਾਸ ਕੀਤਾ ਕਰਦੇ ਸਨ । ਗਿਆਨੀ ਅਮੀਰ ਸਿੰਘ ਜੀ ਇਨ੍ਹਾਂ ਤੋਂ ਚੋਖਾ ਚਿਰ ਪਿਛੋਂ ਇਸ ਡੇਰੇ ਵਿਖੇ ਹੋਏ ਹਨ ।

ਸਿੱਖਣ ਦੀ ਇੱਛਿਆ ਸਹਿਜ ਹੈ।" ਬਚਨ ਸੁਣ ਕਰ ਸੰਤ ਭਾਈ ਅਮੀਰ ਸਿੰਘ ਜੀ ਚੁੱਪ ਹੋ ਗਏ। ਕੁਝ ਸਮੇਂ ਮਗਰੋਂ ਬਾਲ ਅਵਸਥਾ ਵਿਚ ਹੀ ਜਦੋਂ ਆਪ ਜੀ ਨੇ ਬਾਬਾ ਨੰਦ ਸਿੰਘ ਜੀ ਦੀ ਰਸਨਾ ਚੋਂ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ਼ਬਦ-ਕੀਰਤਨ ਦਾ ਅਲੌਕਿਕ ਰਸ ਮਾਣਿਆ ਤਾਂ ਆਪ ਦੇ ਹਿਰਦੇ ਵਿਚ ਕੀਰਤਨ ਸਿੱਖਣ ਦੀ ਪ੍ਰਬਲ ਇੱਛਾ ਜਾਗ ਪਈ, ਤੇ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ਜੀਓ, ਗੁਲਾਮ ਨੂੰ ਵੀ ਸ਼ਬਦ ਦਾ ਦਾਨ ਬਖ਼ਸ਼ੋ; ਦਿਨ ਬਦਿਨ ਆਪ ਦੀ ਇਹ ਲਾਲਸਾ ਤੀਬਰ ਰੂਪ ਧਾਰਨ ਕਰਦੀ ਗਈ। ਹਰਿ ਕੀਰਤਨ ਸਿੱਖਣ ਲਈ ਸਰੰਦੇ ਦੀ ਲੋੜ ਪਈ, ਤਾਂ ਉਸ ਸਮੇਂ ਆਪ ਨੂੰ ਸਰੰਦੇ ਦੀ ਪ੍ਰਾਪਤੀ ਲਈ ਬੜੀ ਖੇਚਲ ਉਠਾਉਣੀ ਪਈ। ਆਪ ਨੇ ਰਾਗ ਵਿਦਿਆ ਦੀ ਦਾਤ, ਸਰੰਦਾ ਵਜਾਉਣ ਵਿਚ ਮੰਨੇ ਪ੍ਰਮੰਨੇ ਉਸਤਾਦ ਸੰਤ ਭਾਈ ਲਾਲ ਚੰਦ ਜੀ, ਜੋ ਸ਼ਾਹਪੁਰ ਦੇ ਜ਼ਿਲੇ ਵਿਚ ਰਹਿੰਦੇ ਸਨ, ਪਾਸੋਂ ਪ੍ਰਾਪਤ ਕੀਤੀ।

ਆਪ ਆਪਣੀ ਰਸਨਾ ਤੋਂ ਇਹ ਸਾਖੀ ਸੁਣਾਇਆ ਕਰਦੇ ਸਨ ਕਿ ਸੰਤ ਭਾਈ ਅਮੀਰ ਸਿੰਘ ਜੀ ਦਾ ਬਚਨ ਨਾ ਮੰਨਣ ਦਾ ਇਹ ਫਲ ਹੋਇਆ ਕਿ ਗ਼ੁਲਾਮ ਨੂੰ ਸਰੰਦੇ ਦੀ ਪ੍ਰਾਪਤੀ ਲਈ ਬੜਾ ਔਖਾ ਹੋਣਾ ਪਿਆ। ਆਪ ਕਿਹਾ ਕਰਦੇ ਸਨ ਕਿ ਸੰਤ-ਮਹਾਤਮਾ ਦਾ ਬਚਨ ਧੰਨਵਾਦ ਸਹਿਤ ਮੰਨਣਾ ਯੋਗ ਹੈ, ਯਥਾ ਗੁਰਵਾਕ :—

"ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ"

ਜੋ ਪਹਿਲਾਂ ਬਚਨ ਨਹੀਂ ਮੰਨਦੇ, ਪਿਛੋਂ ਪਛੁਤਾਉਂਦੇ ਹਨ, ਜਿਵੇਂ ਸਤਿਗੁਰਾਂ ਦਾ ਵਾਕ ਹੈ :—

"ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ"

[ਗੂਜਰੀ ਕਬੀਰ ਜੀ

ਕੁਝ ਦਿਨ ਆਪ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ,

ਸਤਿਸੰਗ ਦੇ ਸੇਵਾ ਦਾ ਰਸ ਮਾਣ ਕੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸਾ ਸੋਧਕੇ ਸ੍ਰੀ ਅੰਮ੍ਰਿਤਸਰ ਜੀ ਤੋਂ ਵਾਪਸ ਚਾਲੇ ਪਾ ਦਿਤੇ। ਜਿਸ ਜਗ੍ਹਾ ਤੇ ਸੰਤ ਭਾਈ ਰਾਮ ਸਿੰਘ ਜੀ ਸੰਤ ਮੰਡਲੀ ਸਹਿਤ ਗੁਰਮਤ ਦਾ ਪ੍ਰਚਾਰ ਕਰ ਰਹੇ ਸਨ, ਉਥੇ ਪੁੱਜਕੇ ਸੰਤਾਂ ਦੇ ਚਰਨਾਂ ਵਿੱਚ ਆ ਨਮਸਕਾਰ ਕੀਤੀ। ਉਥੋਂ ਸੰਤ ਮੰਡਲੀ ਦੇ ਨਾਲ ਕੁੰਭ ਦੇ ਮੇਲੇ ਤੇ ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਦੇ ਡੇਰੇ ਹਰ ਰੋਜ਼ ਕਥਾ ਕੀਰਤਨ ਦਾ ਪ੍ਰਵਾਹ ਜਾਰੀ ਰਹਿੰਦਾ, ਅੱਠੇ ਪਹਿਰ ਗੁਰੂ ਕਾ ਲੰਗਰ ਵਰਤਦਾ ਰਹਿੰਦਾ। ਸੰਤਾਂ ਦੇ ਗੁਰਮਤ ਦੇ ਪ੍ਰਚਾਰ ਦਾ ਸਦਕਾ ਅਨਗਿਣਤ ਸਹਿਜਧਾਰੀ ਪ੍ਰੇਮੀ ਅੰਮ੍ਰਿਤ ਛਕਕੇ ਗੁਰੂ ਕੇ ਸਿੰਘ ਸਜੇ।

## ਸੰਤ ਮੰਡਲੀ ਦੀ ਹਰਦੁਆਰੋਂ ਅੰਮ੍ਰਿਤਸਰ ਯਾਤ੍ਰਾ ਤੇ ਸੰਤਾਂ ਦਾ ਸੱਚਖੰਡ ਗਮਨ

ਹਰਦਵਾਰ ਤੋਂ ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਸੰਤ ਮੰਡਲੀ ਸਹਿਤ ਸ੍ਰੀ ਅੰਮ੍ਰਿਤਸਰ ਜੀ ਆਏ ਤੇ ਸਾਰੇ ਗੁਰਦਵਾਰਿਆਂ ਦੀ ਯਾਤ੍ਰਾ ਕੀਤੀ। ਕੁਝ ਦਿਨ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਕੇ ਆਪ ਜੀ ਮੁੜ ਸ਼ਾਹਪੁਰ ਚਲੇ ਗਏ। ਇਥੇ ਪਹੁੰਚਕੇ ਆਪ ਜੀ ਦਾ ਸਰੀਰ ਕੁਝ ਢਿੱਲਾ ਹੋ ਗਿਆ, ਤੇ ਆਪ ਜੀ ਭੂਮੀ ਆਸਨ ਕਰਕੇ ਸ੍ਵਾਸ ਸ੍ਵਾਸ ਨਾਮ ਸਿਮਰਨ ਵਿੱਚ ਜੁੜ ਗਏ। ਜੋ ਸਮਾ ਅਗੇ ਸਰੀਰ ਦੀ ਕ੍ਰਿਯਾ ਵਿੱਚ ਖਰਚ ਹੁੰਦਾ ਸੀ, ਉਹ ਭੀ ਹੁਣ ਭਜਨ ਬੰਦਗੀ ਵਿੱਚ ਬਿਤੀਤ ਹੋਣ ਲਗਾ। ਤੀਸਰੇ ਦਿਨ ਆਪ ਜੀ ਨੇ ਇਹ ਗੁਰਵਾਕ ਪੜ੍ਹਿਆ–

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ" ॥

ਸ੍ਰੀ ਮਾਨ ਸੰਤ ਭਾਈ ਰਾਮ ਕਿਸ਼ਨ ਜੀ ਤੇ ਹੋਰ ਪ੍ਰੇਮੀਆਂ ਨੇ ਹਰਿ ਜਨ ਜੀ ਦੇ ਨਮਿੱਤ ਭਜਨ, ਕੀਰਤਨ, ਸਿਮਰਨ ਤੇ ਪੁੰਨ ਦਾਨ ਕੀਤੇ; ਰਾਤ ਦੇ ਦਸ ਵਜੇ ਹਰਿ ਜਨ ਜੀ ਚੌਕੜਾ ਮਾਰਕੇ ਬੈਠ ਗਏ, ਉਸ ਸਮੇਂ ਸੰਤ ਭਾਈ ਸ਼ਾਮ ਸਿੰਘ ਜੀ ਆਪ ਦੇ ਪਾਸ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਅਚਨਚੇਤ ਬਿਜਲੀ ਬੜੇ ਜ਼ੋਰ ਨਾਲ ਕੜਕੀ, ਸੰਤ ਭਾਈ ਰਾਮ ਸਿੰਘ ਜੀ ਆਪਣੀ ਇਛਿਆ ਅਨੁਸਾਰ ਦਸਮ ਦੁਆਰ ਪ੍ਰਾਣ ਚੜ੍ਹਾ ਕੇ ਗੁਰੂ ਚਰਨਾਂ ਵਿੱਚ ਸਮਾ ਗਏ।

## ਸੰਤ ਸ਼ਾਮ ਸਿੰਘ ਜੀ ਦੀ ਉਦਾਸੀ ਤੇ ਸੁਧਾਸਰ ਆਉਣਾ

ਵਡੇ ਸੰਤਾਂ ਦੇ ਸਰੀਰ ਤਿਆਗਣ ਪਿਛੋਂ, ਸੰਤ ਭਾਈ ਸ਼ਾਮ ਸਿੰਘ ਜੀ ਦਾ ਮਨ ਬੜੀ ਵੈਰਾਗਵਾਨ ਹਾਲਤ ਵਿਚ ਹੋ ਗਿਆ, ਹਰ ਵਕਤ ਨੇਤ੍ਰਾਂ ਵਿਚੋਂ ਜਲ ਚਲਦਾ ਰਹਿੰਦਾ, ਕੋਈ ਚੀਜ਼ ਖਾਣ ਪੀਣ ਨੂੰ ਚਿਤ ਨਾ ਕਰਦਾ; ਹਰ ਵਕਤ ਇਸ ਗੁਰ ਵਾਕ ਦਾ ਉਚਾਰ ਕਰਦੇ ਰਹਿੰਦੇ :—

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ॥"

ਕਈ ਕਈ ਦਿਨ ਪ੍ਰਸ਼ਾਦ ਛਕਿਆਂ ਬਿਨਾਂ ਬੀਤ ਜਾਂਦੇ। ਇਸ ਵੈਰਾਗ-ਮਈ ਦਸ਼ਾ ਵਿਚ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਵਲ ਚਾਲੇ ਪਾ ਦਿੱਤੇ। ਸ੍ਰੀ ਅੰਮ੍ਰਿਤਸਰ ਜੀ ਪੁੱਜ ਕੇ ਆਪ ਨੇ ਧਰਮਸਾਲਾ ਅੱਡਣਸ਼ਾਹੀ, ਜੋ ਕੱਟੜਾ ਹਰੀ ਸਿੰਘ ਵਿਚ ਹੈ, ਉਸ ਵਿਚ ਨਿਵਾਸ ਕੀਤਾ। ਮਹੰਤ ਭਾਈ ਸੋਭਾ ਰਾਮ ਜੀ ਨੇ ਆਪ ਦੇ ਆਉਣ ਤੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ ਤੇ ਦੋ ਚੁਬਾਰੇ ਆਪ ਜੀ ਦੇ ਹਵਾਲੇ ਕਰ ਦਿੱਤੇ।

# ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ, ਸੇਵਾ ਤੇ ਇਸ਼ਨਾਨ ਦਾ ਮਹਾਤਮ

(ਬਾਬਾ ਜੀ ਦੇ ਹਥ-ਲਿਖਤ ਗ੍ਰੰਥ 'ਸ੍ਰੀ ਭਗਤ ਪ੍ਰੇਮ ਪ੍ਰਕਾਸ਼' ਵਿਚੋਂ)

ਇਕ ਰਾਜਾ ਕਿਸੀ ਰਾਜ ਰੋਗ ਨਾਲ ਬੜਾ ਦੁੱਖੀ ਹੋ ਗਿਆ, ਬੜੇ ਉਪਾਉ ਕੀਤੇ ਗਏ ਪਰ ਰੋਗ ਦੀ ਨਵਿਰਤੀ ਨਾ ਹੋ ਸਕੀ। ਸਮੇਂ ਦੇ ਰਿਵਾਜ ਅਨੁਸਾਰ ਜੋਤਸ਼ੀਆਂ ਪੰਡਤਾਂ ਨੂੰ ਪੁੱਛਿਆ ਗਿਆ, ਉਨ੍ਹਾਂ ਨੇ ਕਿਹਾ ਕਿ ਹੇ ਰਾਜਨ ਜੇ ਕਿਸੀ ਦੇ ਪਿਤਾ ਯਾ ਪਿਤਾਮਾ ਨੇ ਅਸੁਮੇਧ ਯੱਗ ਕਰਿਆ ਹੋਵੇ, ਉਹ ਉਸਦਾ ਫਲ ਆਪ ਨੂੰ ਸੰਕਲਪ ਕਰ ਦੇਵੇ, ਤੋ ਆਪ ਦਾ ਸਰੀਰ ਅਰੋਗ ਹੋ ਜਾਵੇਗਾ।

ਤਬ ਰਾਜੇ ਨੇ ਡੌਂਡੀ ਪਿਟਵਾਈ, ਜਿਸ ਕੋ ਸੁਨ ਕਰ ਤਿਸ ਨਗਰ ਬੀਚ ਦੋ ਗੁਰ ਭਾਈ ਗੁਰਸਿੱਖ ਰਹਿਤੇ ਸੇ ਨਿਹਕੰਚਨ। ਤਬ ਸੋ ਕਹਤ ਭਏ ਵਜ਼ੀਰ ਪ੍ਰਤੀ, ਜੋ ਕੇਤੇ ਅਸੁਮੇਧ ਯੱਗ ਕਾ ਫਲ ਚਾਹੀਏ? ਵਜ਼ੀਰ ਨੇ ਕਹਾ ਜੋ ਏਕ ਕਾ, ਤਬ ਗੁਰੂ ਕੇ ਸਿੱਖ ਨੇ ਪਵਿੱਤਰ ਜਲ ਮੰਗਵਾਇ ਕਰ ਤਿਸ ਬੀਚ ਰਾਜਾ ਪ੍ਰਤੀ ਏਕ ਯੱਗ ਕਾ ਫਲ ਸੰਕਲਪ ਕਰ ਦੀਆ। ਤਬ ਰਾਜੇ ਨੇ (ਉਸ ਜਲ ਨਾਲ) ਇਸ਼ਨਾਨ ਕਰ ਲੀਆ ਔਰ ਤਾਤਕਾਲ ਹੀ ਉਸ ਕੀ ਦੇਹੀ ਕੰਚਨ ਸੀ ਹੋਇ ਗਈ। ਰਾਜਾ ਗੁਰੂ ਕੇ ਸਿੱਖਾਂ ਦੀ ਚਰਨੀਂ ਆ ਗਿਰਿਆ ਤੇ ਸਿਖ ਬਣਿਆ ਤੇ ਨਰੇਸ਼ਰ ਨਰੋਤਮ ਨੇ ਹਾਥ ਜੋੜ ਕਰ ਕਹਾ ਜੋ ਹੇ ਸੰਤੋ! ਜੋ ਏਤੇ ਫਲ ਤੁਸਾਂ ਕੈਸੇ ਕੈ ਪਾਏ ਹੈਂ ? ਤਬ ਸੋ ਰਿਖੀ ਕਹਿਤ ਭਏ : ਹੇ ਨਰ-ਨਾਥ ਅਸੀਂ ਦੀਪਾਵਲੀ ਕੀ ਦੀਪਾਵਲੀ ਚਰਨਾਂ ਸੇ ਨਗਨ ਸ੍ਰੀ ਸੁਧਾਸਰ ਕਾ ਇਸ਼ਨਾਨ ਨਾਮ ਸਿਮਰਨ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਾ ਦਰਸ਼ਨ ਕਰਦੇ ਹਾਂ ਤੇ ਸਿਖ ਭੀ ਤਿਸ ਸ੍ਰੀ ਗੁਰਦੇਵ ਜੀ ਦੇ ਹਾਂ। ਤਿਸ ਮਾਰਗ, ਜੋ ਹਮ ਏਕ ਏਕ ਪਾਵ ਧਰਤੇ ਹਾਂ ਧਰਤੀ ਪਰ, ਸੋ ਅਸਾਡਾ ਚਰਨ ਚਰਨ

ਅਸੁਮੇਧ ਯੱਗ ਬਰੋਬਰ ਹੋਤਾ ਹੈ; ਤਾਂ ਤੇ ਸ੍ਰੀ ਗੁਰੂ ਸਸ ਰੂਪਾ ਸੇ ਹਮਾਰੇ ਅਨੰਤ ਕੋਟੀ ਯੱਗ ਫਲ ਹੈਂ, ਪਰੰਤੂ ਅਸਾਨੂੰ ਗੁਰੂ ਕ੍ਰਿਪਾ ਸੇ ਕੋਈ ਸੰਸਾਰ ਕੀ ਇੱਛਿਆ ਨਹੀਂ।

ਅੱਗੇ ਚਲ ਕੇ ਸਾਖੀ ਵਿਚ ਲਿਖਿਆ ਹੈ ਕਿ ਅਸੀਂ ਧਰਮ ਦੀ ਕਿਰਤ ਕਰ ਕੇ ਖਾਂਦੇ ਹਾਂ ਤੇ ਸ੍ਰੀ ਵਾਹਿਗੁਰੂ ਜੀ ਦਾ ਨਾਮ ਸਿਮਰਨ ਕਰ ਕੇ ਸਦਾ ਪ੍ਰਸੰਨ ਰਹਿੰਦੇ ਹਾਂ। ਰਾਜੇ ਨੇ ਬੇਨਤੀ ਕੀਤੀ ਕਿ ਮੈਨੂੰ ਵੀ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਾਓ। ਉਹ ਰਾਜਾ, ਰਾਣੀਆਂ ਤੇ ਕੁਝ ਮੁਖੀ ਨਗਰ-ਵਾਸੀਆਂ ਸਮੇਤ ਗੁਰੂ ਕੇ ਉਨ੍ਹਾਂ ਸਿੱਖਾਂ ਦੇ ਨਾਲ ਸ੍ਰੀ ਰਾਮਦਾਸ ਪੁਰੇ (ਸ੍ਰੀ ਅੰਮ੍ਰਿਤਸਰ) ਵਿਚ ਆਇਆ, ਸ੍ਰੀ ਸੁਧਾਸਰ (ਸ੍ਰੀ ਅੰਮ੍ਰਿਤ ਸਰੋਵਰ) ਵਿਚ ਇਸ਼ਨਾਨ ਕਰਕੇ ਤੇ ਅੰਮ੍ਰਿਤ ਲੈ ਕੇ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਸ਼ਨ ਕੀਤੇ। ਸਤਿਗੁਰਾਂ ਨੇ ਸਤਿਨਾਮ ਦਾ ਉਪਦੇਸ਼ ਬਖਸ਼ਿਆ ਤੇ ਰਾਜਾ ਸਹਿਤ ਪਰਿਵਾਰ ਤੇ ਨਗਰ ਨਿਵਾਸੀਆਂ ਦੇ ਗੁਰੂ ਸਾਹਿਬਾਂ ਦੇ ਉਪਦੇਸ਼ ਦੀ ਕਮਾਈ ਕਰ ਕੇ ਸੁਖੀ ਹੋਇਆ।

"ਧਰਮਰਾਇ ਦਰ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ।"

## ਭਾ: ਦੇਸ ਰਾਜ ਰਾਹੀਂ ਗੁਰ ਦਰਬਾਰ ਦੀ ਸੇਵਾ

ਸ੍ਰੀ ਦਰਬਾਰ ਸਾਹਿਬ ਜੀ ਦੇ ਮੰਦਰ ਤੇ ਪਰਿਕਰਮਾ ਦੀ ਸੇਵਾ, ਅਬਦਾਲੀ ਦੀ ਕੀਤੀ ਬੇਅਦਬੀ ਪਿਛੋਂ ਜੋ ਪੰਥ ਨੇ ਕਰਵਾਈ ਉਸ ਸੇਵਾ ਵਿਚ ਨਿਰਮਾਣ ਹੋ ਕੇ ਜਿਸ ਪ੍ਰੇਮੀ ਨੇ ਵਧ ਚੜ੍ਹ ਕੇ ਸੇਵਾ ਕੀਤੀ ਉਸ ਦਾ ਨਾਮ ਭਾਈ ਦੇਸ ਰਾਜ ਸੀ। ਭਾਈ ਦੇਸ ਰਾਜ ਜੀ ਬਾਰੇ ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਜੀ ਲਿਖਦੇ ਹਨ :–

"ਇਹ ਅੰਮ੍ਰਿਤਸਰ ਦਾ ਵਸਨੀਕ ਗੁਰ-ਭਗਤ ਖੱਤ੍ਰੀ ਸੀ। ਸੰਮਤ ੧੮੨੫ ਵਿਚ ਖ਼ਾਲਸੇ ਨੇ ਚਾਰ ਲੱਖ ਰੁਪੱਯਾ ਇਸ ਦੇ ਸਪੁਰਦ ਕਰ ਕੇ ਅਹਿਮਦ ਸ਼ਾਹ ਦੁਰਾਨੀ ਦੇ ਢਾਹੇ ਹੋਏ ਹਰਿਮੰਦਰ

ਨੂੰ ਮੁੜ ਉਸਾਰਨ ਦੀ ਸੇਵਾ ਇਸ ਨੂੰ ਸੌਂਪੀ ਸੀ, ਜਿਸ ਨੂੰ ਭਾਈ ਦੇਸਰਾਜ ਨੇ ਬਹੁਤ ਉੱਤਮ ਰੀਤਿ ਨਾਲ ਨਿਬਾਹਿਆ।"

[ਮਹਾਨ ਕੋਸ਼ ਪੰਨਾ ੪੮੫

ਇਕ ਹੋਰ ਪੁਰਾਤਨ ਲਿਖਤੀ ਯਾਦਦਾਸ਼ਤ ਵਿਚ ਇਸ ਤਰ੍ਹਾਂ ਲਿਖਿਆ ਹੈ :—

"ਅਬ ਦਰਬਾਰ ਸਾਹਿਬ ਜੀ ਕੀ ਨੀਉਂ ਰੱਖੀ ਸੰਮਤ ੧੮੧੯, ਮਾਘੋਂ ਦਿਨੇ ੧, ਸਵਾ ਪਹਿਰ ਦਿਨ ਚੜ੍ਹੇ, ਖ਼ਾਲਸੇ ਜੀ ਅਰਦਾਸ ਕਰ ਕੇ ਨੀਉਂ ਰਖਾਈ, ਦੇਸ ਰਾਜ ਜ਼ਿਮੀਂਦਾਰ ਵਾਸੀ ਸੁਰ ਪੁਰ ਪਿੰਡ ਕਾ ਸੀ। ਗੁਲਾਬ ਸਿੰਘ ਮੁਸੱਦੀ ਅਰੋੜਾ ਜਾਤ ਕਾ। ਮੁਣਸ਼ੀ ਭਾਈ ਬਾਹੁੜ ਮੱਲ ਚੋਪੜਾ, ਦੂਸਰਾ ਜੌਂਕੀ ਮੱਲ ਮੁਣਸ਼ੀ, ਠਾਕੁਰ ਸਿੰਘ ਅਕਾਲ ਬੁੰਗੀਆ, ਕੁਸ਼ਾਲ ਸਿੰਘ ਲੰਙਾ। ਖਜ਼ਾਨਾ ਸਭੋ ਗੁਲਾਬ ਸਿੰਘ ਮੁਸੱਦੀ ਦੇ ਘਰ ਪੈਂਦਾ ਸੀ, ਪਾਸੀਆਂ ਦੇ ਚੌਕ ਵਿਚ। ਮੋਦੀਖ਼ਾਨੇ ਵਾਲੇ ਤਿੰਨ ਸੇ : ਮੇਘਾ ਟਾਹ, ਬੱਲੂ ਉੱਪਲ, ਅਣੋਖਾ ਥੰਮਨ। ਪਾਸੀਆਂ ਦੇ ਚੌਕ ਵਿਚ ਹੱਟੀ ਸੀ। ਪੈਂਚਿ ਸ਼ਾਮਾ ਜਾਤ ਕਾ ਲੰਮ : ਦੂਸਰਾ ਭਾਈ ਪਾਲਾ ਉੱਪਲ, ਹਰਦਿਆਲ ਟਾਹਾ। ਧਰਮਸਾਲਾਂ ਤਿੰਨ ਹੈਸਨ ਉਸ ਵੇਲੇ। ਭਾਈ ਸਾਲ੍ਹੋ ਜੀ ਕੀ, ਭਾਈ ਚੋਖੇ ਕੀ, ਭਾਈ ਟੁਣੀਏ ਕੀ।"

"ਸੰਮਤ ੧੮੧੪ ਦਰਬਾਰ ਜੀ ਸਾਹਿਬ ਨਾਲ ਬਿਅਦਬੀ ਕੀਤੀ ਸੰਮਤ ੧੮੧੫ ਅਹਮਦ ਸ਼ਾਹ ਨੇ ਦਾਰੂ ਕੇ ਕੁਪੇ ਰੱਖ ਕੇ ਉਡਾਇ ਦਿਤਾ।"

ਇਕ ਹੋਰ ਸੱਜਣ ਗਿਆਨੀ ਗਿਆਨ ਸਿੰਘ ਜੀ ਹੋਏ ਹਨ ਜੋ ਆਪਣੀ ਕਵੀ-ਛਾਪ 'ਬੋਧ ਮ੍ਰਿਗਿੰਦ' ਵਰਤਿਆ ਕਰਦੇ ਸੀ। (ਏਹ ਗਿਆਨੀ ਜੀ ਤਵਾਰੀਖ਼ ਖ਼ਾਲਸਾ ਵਾਲੇ ਨਹੀਂ ਪਰ ਹੋਰ ਵਿਦ੍ਵਾਨ ਸੰਤ ਸਨ) ਲਿਖਦੇ ਹਨ :—

"ਗੁਰੂ ਅਰਜਨ ਸਾਹਿਬ ਦਾ ਹੁਕਮ ਸੀ ਤਾਂ ਹੀ ਅਹਮਦ ਸ਼ਾਹ ਨੇ ਇਥੇ ਬੇਅਦਬੀ ਕੀਤੀ ਸੰਮਤ ੧੮੦੬ ਵਿਚ, ਜੋ ਇੱਟ

ਰਾਜ ਨੇ ਹਿਲਾਈ ਸੀ ਤੇ ਮਸੰਦਾਂ ਦਾ ਪੋਲ ਜ਼ਾਹਰ ਹੋਇਆ ਸੀ। ਫੇਰ ਬੁੱਢਾ ਦਲ ਖ਼ਾਲਸੇ ਜੀ ਨੇ ਦੇਸ ਰਾਜ ਦੀਵਾਨ ਨੂੰ ਭੇਜ ਕੇ ਸੰਮਤ ੧੮੨੦ ਕੱਤਕੀ ਸੰਕ੍ਰਾਂਤ ਨੂੰ ਇਹ ਮੰਦਰ ਬਨਵਾਇਆ ਜੋ ਹੁਣ ਹੈ। ਇਹ ਕਥਾ ਕਹੀ ਹੈ ਆਗੈ ਗੁਰੂ ਕੀ ਗਤਿ ਗੁਰੂ ਜਾਣੈ।"

ਉਸ ਭਾਈ ਦੇਸ ਰਾਜ ਬਾਰੇ ਸ੍ਰੀ ਬਾਬਾ ਸੰਤ ਸ਼ਾਮ ਸਿੰਘ ਜੀ ਦੱਸਦੇ ਹਨ ਕਿ ਉਹ ਆਪ ਬੀ ਚੰਗਾ ਅਮੀਰ ਸੀ ਤੇ ਉਸ ਨੇ ਆਪਣੀ ਬੀ ਚੋਖੀ ਮਾਇਆ ਇਸ ਸੇਵਾ ਵਿਚ ਸਫ਼ਲ ਕੀਤੀ ਸੀ ਉਨ੍ਹਾਂ ਨੇ ਆਪਣੇ ਰਚਿਤ ਗ੍ਰੰਥ ਵਿਚ ਇਸ ਪ੍ਰਕਾਰ ਲਿਖਿਆ ਹੈ :—

"ਸ੍ਰੀ ਭਗਤ ਦੇਸ ਰਾਜ ਜੀ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਕੇ ਪੀਛੇ ਸ੍ਰੀ ਸੁਧਾਸਰ ਵਾਸੀ ਸੁਖ ਰਾਸੀ ਭਏ ਹੈਂ। ਗ੍ਰਿਹਸਥੀ, ਘਰ ਵਿਚ ਧਨ ਬਹੁਤ, ਪਰ ਸੰਤਾਨ ਨਹੀਂ ਸੀ, ਸਤਿਗੁਰਾਂ ਦੀ ਕ੍ਰਿਪਾ ਨਾਲ ਆਪ ਦੀ ਮਤਿ ਉੱਚੀ, ਤੇ ਮਨ ਨੀਵਾਂ, ਦਾਨ ਪੁੰਨ ਬਹੁਤ ਕਰਦੇ ਸਨ। ਏਕ ਸਮੇਂ ਸ੍ਰੀ ਦਰਬਾਰ ਸਾਹਿਬ ਬਸੰਤ ਕੇ ਦਿਨੋਂ ਮੇਂ ਮਸਤਕ ਜਾ ਟੇਕਿਆ, ਬਸੰਤ ਕਾ ਸ਼ਬਦ ਸੁਨਤੇ ਭਏ :—

ਬਸੰਤ ਮਹਲਾ ੯ ॥

ਮਨ ਕਹਾਂ ਬਿਸਾਰਿਓ ਰਾਮ ਨਾਮੁ ॥
ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥
ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥ ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹੁ ॥੨॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥

ਸ਼ਬਦ ਗੁਰੂ ਕੀ ਅਵਾਜ਼ ਰਿਦੈ ਮੇਂ ਪ੍ਰਵੇਸ਼ ਕਰ ਜਾਤੀ ਭਈ, ਚੰਦ੍ਰਮੇਂ ਕੀ ਚਾਂਦਨੀ ਤੇ ਸੀਤਲਤਾ ਵਤਿ ਮਨ ਮੇਂ ਬਿਚਾਰ ਕਰਤੇ ਭਏ, ਜੇਕਰ ਧਨ ਦਾਰਾ ਆਦਿਕ ਨਾਲ ਨਾ ਚਲਨੇ ਹੂਏ, ਤਾਂ ਫਿਰ ਅਸੀਂ ਇਹ ਸੰਸਾਰ ਮੇਂ ਤਾਣਾ-ਪੇਟਾ ਕੈਸੇ ਪਸਾਰ ਰਹੇ ਹਾਂ। ਤਾਤਕਾਲ ਗ੍ਰਿਹ ਮੇਂ ਆਇ ਕਰਿ ਧਨ ਕੀ ਇਕੱਤ੍ਰਤਾ ਕਰ ਆਪਣੀ

ਭਾਰਜਾ (ਧਰਮ ਪਤਨੀ) ਕੋ ਕਹਿਤ ਭਏ, ਹੇ ਭਲੀ ਲੋਕ ! ਤੈਂ ਮੇਰੇ ਸਾਥ ਨਹੀਂ ਚਲਨਾ, ਮੈਂ ਤੇਰੇ ਸੰਗ ਨਹੀਂ ਚਲਨਾ, ਕਿਸ ਵਾਸਤੇ ਮੂਰਖੋਂ ਵਤਿ ਪਚਿ ਪਚਿ ਪਏ ਮਰੀਏ । ਹੁਣ ਸਤਿਗੁਰਾਂ ਦੀ ਸਾਨੂੰ ਆਗਿਆ ਹੋਈ ਹੈ, ਅਬ ਸੋ ਕਾਮ ਕਰੀਏ ਜਿਸ ਕਰ ਤਨ, ਮਨ, ਧਨ ਅਤੇ ਸਵਾਸਾਂ ਦੀ ਪਰਮ ਸਫਲਤਾ ਹੋਵੈ । ਤਾਂ ਤੇ ਤੇਰੇ ਤਾਂਈਂ ਜੇਤਾ ਕਿਛੁ ਧਨੁ ਪਦਾਰਥ ਚਾਹੀਦਾ ਹੈ, ਤੇਤਾ ਆਪਣੇ ਨਿਰਬਾਹ ਕੇ ਵਾਸਤੇ ਜੁਦਾ ਕਰ ਲੈ । ਤਿਨਕੀ ਧਰਮ-ਪਤਨੀ ਹਾਥ ਜੋੜ ਕਰ ਕਹਿਤ ਭਈ : ਹੇ ਨਾਥ ! ਆਪ ਕਿਆ ਚਾਰ ਧਾਮ ਪਰਸਨੇ, ਅਥਵਾ ਤੀਰਥੋਂ ਕੇ ਇਸ਼ਨਾਨ, ਵ ਬੇਦੋਂ ਕੇ ਸੁਣਨੇ ਪੜ੍ਹਨੇ ਲੀਏ ਕਾਂਸੀ ਨਿਵਾਸ ਲੀਆ ਚਾਹਤੇ ਹੋ, ਯਾ ਰਿਖੀਓਂ ਕੇ ਆਸ਼ਰਮ ਮੇਂ ਜਾ ਕਰ ਤਪੱਸਿਆ ਕਰਨੇ ਕੀ ਇੱਛਾ ਹੈ ? ਤਾਂ ਸ੍ਰੀ ਭਗਤ ਜੀ ਬੋਲਤ ਭਏ, ਹੇ ਭੋਲੀਏ ਤੇਰਾ ਕਿਸ ਤਰਫ ਧਿਆਨ ਗਿਆ ਹੈ । ਭਗਵਾਨ ਮੂਰਤੀ ਸ੍ਰੀ ਗੁਰੂ ਰਾਮਦਾਸ ਸਾਹਿਬ ਅੰਤਰ ਬਾਹਿਰ ਵਿਆਪਕ ਬ੍ਰਹਮ, ਗੁਰੂ ਕੇ ਚਰਨ-ਕਮਲ ਤਿਆਗ ਕਰਿ ਕੌਨ ਖਾਤਿਆਂ ਮੇਂ ਜਾਇ ਪੜੀ ਹੈਂ ! ਮੇਰੇ ਕੋ ਤੀਰਥੋਂ ਕਾ, ਵੇਦੋਂ ਕਾ, ਚਾਰ ਧਾਮ ਪਰਸਨੇ ਕਾ, ਤਪੋਂ ਕਾ, ਇਸਨਾਨੋਂ ਕਾ, ਸਭ ਕਾ ਨਿਚੋੜ ਸ੍ਰੀ ਗੁਰੂ ਰਾਮਦਾਸ ਜੀ ਕੀ ਸੇਵਾ ਹੈ ਅਬ ਗੁਰੂ ਕ੍ਰਿਪਾ ਸੇ ਕਿਸੀ ਦੇਵੀ ਦੇਵਤਾ ਕੇ ਨਿਕਟ ਜਾਨੇ ਕੀ ਇੱਛਾ ਨਹੀਂ ਰਹੀ । ਅਬ ਪ੍ਰਯਾਗ, ਤਨ, ਮਨ, ਧਨ ਕੇ ਪਾਵਨ ਕਰਨੇ ਵਾਲਾ ਇਹੀ ਮਹਾਂ ਤੀਰਥ ਸ੍ਰੀ ਸੁਧਾਸਰ ਜੀ ਹੈ, ਤਾਂ ਤੇ ਮੈਂ ਇਸ ਹੀ ਕੀ ਸੇਵਾ ਕਰਨਾ ਚਾਹਤਾ ਹੂੰ । ਐਸੇ ਬਚਨ ਸੁਨਿ ਕਰ, ਆਪ ਕੀ ਧਰਮ-ਪਤਨੀ ਕਹਿਤ ਭਈ : ਹੇ ਸਵਾਮੀ ਜੀ ! ਮੈਨੂੰ ਧਨ ਕਾ ਲੋਭ ਦੇ ਕਰ ਕੈਸੇ ਜੁਦਾ ਕਰਤੇ ਹੋ ? ਮੈਂ ਤੋ ਆਪ ਕੇ ਚਰਨਾਂ ਕੀ ਦਾਸੀ ਹੋਈ । ਆਪ ਕੇ ਚਰਨਾਂ ਕੀ ਸੇਵਾ ਤਿਆਗ ਕਰ ਮਾਇਆ ਪ੍ਰੇਮੀ ਇਸਤ੍ਰੀਆਂ ਵਤਿ ਮੈਂ ਧਨ ਨਹੀਂ ਗ੍ਰਿਹਣ ਕਰਤੀ, ਜੋ ਆਪ ਕਾ ਹਵਾਲ, ਸੋਈ ਮੇਰਾ ਹਵਾਲ । ਇਹ ਬਚਨ ਸੁਣ ਕੇ ਸ੍ਰੀ ਭਗਤ ਜੀ ਕਹਿਤ ਭਏ – ਮੈਨੂੰ

ਤਾਂ ਔਰ ਸਭ ਸਾਧਨੋਂ ਸੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕੀ ਸੇਵਾ ਹੀ ਪਿਆਰੀ ਲਗਤੀ ਹੈ। ਐਸੇ ਕਹਿ ਕਰ ਲਾਖ ਰੁਪਏ ਕਾ ਏਕ ਢੇਰ ਲਾਇ ਕਰ ਪੁਨਾ ਔਰ ਭੀ ਧਨ ਜਹਾਂ ਜਹਾਂ ਜਮਾਂ ਸੀ, ਮਾਲ ਮਿਲਖ, ਮਕਾਨ, ਭੂਖਣ ਬਸਤਰੋਂ ਸਹਿਤ, ਸਭ ਕੀ ਇਕੱਤ੍ਰਤਾ ਕਰਕੇ ਕਹਿਤ ਭਏ, "ਹੇ ਸਤਿਗੁਰੋ ! ਇਹ ਸਭ ਪਦਾਰਥ ਆਪ ਕਾ ਹੈ, ਹੇ ਗੁਰੂ ਰਾਮਦਾਸ ਸਾਹਿਬ ਜੀ, ਆਪ ਤ੍ਰੈ-ਲੋਕੀ ਨਾਥ ਹੋ, ਐਸੇ ਕਹਤੇ ਭੀ ਮੁਝ ਕੋ ਲੱਜਿਆ ਆਵਤੀ ਹੈ ਹੇ ਦੇਵ, ਪ੍ਰਿਥਮੇ ਤੌਂ ਪਦਾਰਥ ਝੂਠਾ ਹੋਇਆ, ਪੁਨਾ ਹੋਇਆ, ਆਪਕਾ, ਤੋ ਮੈਂ ਝੂਠੀ ਹੰਗਤਾ ਕਰਿ ਕਿਆ ਕਹੂੰ ਜੋ ਮੈਨੇ ਤੁਮ ਕੋ ਦੀਆ।" ਤਬਿ ਸੇਵਕ ਹੋਇ ਕਰਿ ਸ੍ਰੀ ਦਰਬਾਰ ਸਾਹਿਬ ਕੀ ਪ੍ਰਕਰਮਾ ਕੀ ਸੇਵਾ ਆਰੰਭ ਕਰਤੇ ਕਰਵਾਤੇ ਭਏ। ਉਸ ਸਮੇਂ ਤਕ ਸ੍ਰੀ ਸੁਧਾਸਰ ਕੀ ਵੱਡੀ ਪ੍ਰਕਰਮਾ ਨਹੀਂ ਬਣੀ ਸੀ। ਸੋ ਤਾਤਕਾਲ ਬਡੇ ਬਡੇ ਕਾਰੀਗਰ, ਰਾਜ, ਮਜੂਰੋਂ ਕੋ ਬੁਲਾਇ ਕਰ ਚੱਕੀਆਂ ਚੂਨੇ ਕੀਆਂ ਧਰਾਇ ਦੇਤੇ ਭਏ। ਪ੍ਰਿਥਮੇ ਪਰਮ ਧਾਮ ਕਾ ਪੂਜਨ ਕਰਕੇ ਪਰਮ ਪ੍ਰੇਮ-ਸਹਿਤ, ਕੜਾਹ ਪ੍ਰਸਾਦ ਅਰਦ ਸ ਸ੍ਰੀ ਦਰਬਾਰ ਸਾਹਿਬ ਭੇਟਾ ਕਰਕੇ ਇਹ ਗੁਰ-ਸੇਵਾ ਆਰੰਭ ਕਰਤੇ ਭਏ। ਜਹਾਂ ਉੱਤਮ ਚਿਕਨੀ ਭੂਮੀ ਥੀ ਤਹਾਂ ਸੇ ਇੱਟਾਂ ਬਨਵਾਇ ਕਰ ਆਵਿਆਂ ਮੇਂ ਪ੍ਰਪੱਕ ਕਰਵਾਇ ਕਰ ਅੰਬਾਰ ਲਗਵਾਇ ਦੀਏ, ਰੋਜ ਕੇ ਰੋਜ ਸੈਂਕੜੇ ਥੈਲੀਆਂ ਕੇ ਮੁੱਖ ਖੋਲ੍ਹ ਕਰ ਰਾਜ ਮਜੂਰੋਂ ਕੋ ਬਾਂਟਤੇ ਹੈਂ ਤੇ ਮੁਖ ਤੋਂ ਸ੍ਵਾਸ ਸ੍ਵਾਸ ਨਾਮ ਜਪਤੇ ਹੈਂ। ਬਾਣੀ ਪੜ੍ਹਕੇ ਰਸਨਾ ਕੀ ਸਫ਼ਲਤਾ ਕਰਤੇ ਹੈਂ ਤੇ ਤਨ ਕੀ ਸਫ਼ਲਤਾ ਸੇਵਾ ਕਰਕੇ ਕਰਤੇ ਹੈਂ। ਜੋ ਮਜੂਰ, ਰਾਜ ਪ੍ਰੇਮ ਸਿਉਂ ਸੇਵਾ ਕਰਤੇ ਹੈਂ, ਉਨ ਕੋ ਭਗਤ ਜੀ ਕੀ ਧਰਮ-ਪਤਨੀ ਉਤਮ ਭੋਜਨ ਅੰਮ੍ਰਿਤ-ਮਯ ਬਣਾਇ ਕਰ ਅਚਵਾਵਤੀ ਹੈ। ਜੋ ਕਪੜੇ ਕੀ ਲੋੜ ਵਾਲਾ ਦੇਖਤੇ ਹੈਂ ਤਿਸਕੋ ਬਸਤ੍ਰ ਗੁਪਤ ਦੇਤੇ ਹੈਂ, ਤੇ ਕਹਿਤੇ ਹੈਂ, 'ਹੇ ਨਾਥ ! ਸਭ ਕੁਛ ਤੇਰਾ ਹੈ, ਮੈਂ ਤੋ ਕਿਛ ਨਾਹੀਂ, ਸਭ ਕੁਝ ਤੁਮ ਹੀ ਤੁਮ ਹੋ।'

ਇਕ ਸਮੇਂ ਬਹੁਤ ਬਰਖਾ ਹੋਈ, ਤਬ ਭੋਜਨ-ਸ਼ਾਲਾ (ਘਰ ਦੀ ਰਸੋਈ) ਚੋਇ ਪੜੀ, ਤਬ ਦੇਵੀ ਨੇ ਆਇ ਕਰ ਬੇਨਤੀ ਕਰੀ, ਜੋ ਹੇ ਸ੍ਵਾਮੀ ਜੀ ਏਕ ਤਗਾਰੀ ਚੂਨੇ ਕੀ ਰਸੋਈ ਕੇ ਵਾਸਤੇ ਚਾਹੀਦੀ ਹੈ, ਤਾਂ ਭਗਤ-ਰਾਜ ਜੀ ਬਚਨ ਕਹਿਤ ਭਏ ਜੋ ਗ੍ਰਿਹ ਰਖਣਾ ਹਈ ਕਿ ਨਾਸ਼ ਕਰਨਾ ਹਈ, ਇਥੋਂ ਚੂਨਾ ਲਵਾਇ ਕਰ ? ਸਭ ਧਨ, ਇੱਟਾਂ ਚੂਨਾ ਤਾਂ ਜਗਨਨਾਥ ਸ੍ਰੀ ਗੁਰਦੇਵ ਜੀ ਕਾ ਹੂਆ, ਮੇਰਾ ਤਾਂ ਹੋਇਆ ਨਾ। ਤਾਂ ਤੇ ਸੇਵਕ ਕੀ ਕਿਆ ਮਜਾਲ ਹੈ ਜੋ ਮੈਂ ਕਹੂੰ ਕਿ ਇਥੋਂ ਲੈ ਲਵੋ। ਕਦਾਚਿਤ ਐਸਾ ਨਹੀਂ ਕਰਨਾ, ਜੇ ਭੋਜਨ-ਸ਼ਾਲਾ ਗਿਰ ਪੜੇ ਤਾਂ ਔਰ ਕਿਸੀ ਅਸਥਾਨ ਪਰ ਭੋਜਨ ਬਣਾ ਲੈਣਾ; ਜੇਕਰ ਜ਼ਰੂਰ ਤੇਰੀ ਮਰਜ਼ੀ ਹੈ ਔਰ ਉਸ ਮੇਂ ਤੇਰਾ ਮੋਹਿ ਹੈ ਤਾਂ ਈਹਾਂ ਤੂੰ ਮਜੂਰੋਂ ਵਤਿ ਚੱਕੀ ਪੀਸ, ਤਿਸਕੀ ਜੋ ਮੇਹਨਤ ਹੋਵੇ ਤਿਸ ਕਾ ਚੂਨਾ ਲੈ ਕਰ ਜਾਇ ਲਵਾਉ। ਜਾਉ, ਇਸ ਕੂੜੇ ਧੰਦੇ ਦੀ ਚਿੰਤਾ ਤਿਆਗ ਕਰ, ਸ੍ਰੀ ਵਾਹਿਗੁਰੂ ਜੀ ਕਾ ਨਾਮ ਸਿਮਰਨ ਕਰ ਤੇ ਪ੍ਰੇਮੀਆਂ ਵਾਸਤੇ ਸ਼ੁਭ ਪ੍ਰਸ਼ਾਦ ਬਨਾਉ। ਇਹ ਬਚਨ ਸੁਨਿ ਕਰ ਉਨਕੀ ਧਰਮ-ਪਤਨੀ ਪਤੀ ਕੋ ਮਸਤਕ ਟੇਕ ਕੇ ਵਾਹਿਗੁਰੂ ਨਾਮ ਜਪਤੀ ਭਈ ਸ੍ਵਾਮੀ ਕੀ ਸੇਵਾ ਲੀਏ। ਜੈਸੇ ਸਤਿਗੁਰਾਂ ਦਾ ਵਾਕ ਹੈ :—

"ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥"

ਪੁਨਾ : ਸ੍ਰੀ ਦਸਮ ਪਾਤਿਸ਼ਾਹ ਜੀ ਕਾ ਵਾਕ ਹੈ :—

"ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥"

ਐਸੀ ਸਹਿਜ ਅਵਸਥਾ ਵਾਲੇ ਸ੍ਰੀ ਦੇਸ ਰਾਜ ਜੀ ਕੋ ਮੈਨੇ ਭਗਤ ਰਾਜ ਸੰਬੋਧਨ ਕੀਆ ਹੈ। ਤਬ ਗੁਰੂ ਪੂਰਨ ਕੀ ਕ੍ਰਿਪਾ ਸੇ ਬੜੀ ਪ੍ਰਕਰਮਾ ਕੀ ਸੇਵਾ ਪਰਮ ਸੁੰਦਰ ਚੂਨੇ ਗਚ ਸੰਪੂਰਨ ਭਈ। ਪੁਨਾ ਤਿਨ ਕੇ ਸਰੀਰ ਕਾ ਭੀ ਅੰਤ ਆਵਤਾ ਭਇਆ ਕੋਈ ਸਮਾਂ ਪੀਛੇ, ਤਾਂ ਸਾਖਯਾਤ ਨਰਾਇਣ ਮੂਰਤੀ ਗੁਰੂ ਰਾਮਦਾਸ ਸਾਹਿਬ

ਸੱਚੇ ਪਾਤਿਸ਼ਾਹ ਜੀ ਕਾ ਤਿਨਕੋ ਦਰਸ਼ਨ ਭਇਆ। ਔਰ ਜੋਤਿ ਮੇਂ ਜੋਤਿ ਲੀਨ ਹੋ ਗਈ ਤਿਨਕੀ। ਜੈਸੇ ਗੁਰਦੇਵ ਜੀ ਕਾ ਬਚਨ ਹੈ:—

"ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ।" [ਸੁਖਮਨੀ ੧੧-੮

ਸੋ ਐਸੀ ਤਿਨਕੀ ਗਤਿ ਭਈ ਜਿਸ ਕੋ ਦੇਖਿ ਕਰ, ਇੰਦ੍ਰ, ਵਰਣ, ਕੁਬੇਰ, ਸੂਰਜ, ਚੰਦ੍ਰਮਾ ਭੀ ਸਰਾਹਤੇ ਭਏ, ਜੋ ਐਸੇ ਤੋ ਹਮ ਹੋਤੇ ਤੋ ਭਲਾ ਸੀ। ਪੀਛੇ ਸੇ ਉਨਕੀ ਧਰਮ-ਪਤਨੀ ਸੋ ਭੀ ਤਨ ਤਜਿ ਪਰਮ ਧਾਮ ਕੋ ਜਾਇ ਪ੍ਰਾਪਤ ਭਈ ਆਪਣੇ ਪਤੀ-ਦੇਵ ਕੀ ਆਗਿਆ ਮੰਨਣੇ ਕੇ ਪ੍ਰਤਾਪ ਕਰਿ ॥'

## ਸ੍ਰੀ ਦਰਬਾਰ ਸਾਹਿਬ ਸੇਵਾ ਤੇ ਪੂਜਨ ਦਾ ਫਲ

ਸ੍ਰੀਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਨਿਤਾਪ੍ਰਤੀ ਦਰਸ਼ਨ, ਪੂਜਾ ਅਤੇ ਸੇਵਾ ਦੇ ਪ੍ਰਤਾਪ ਦੀ ਇਕ ਸਾਖੀ ਆਪਣੇ ਹਸਤ-ਲਿਖਤ ਗ੍ਰੰਥ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਇਸ ਪ੍ਰਕਾਰ ਲਿਖੀ ਹੈ :—

ਭਾਈ ਚੈਨ ਰਾਏ ਕਾ ਬੇਟਾ ਬਾਲਕ ਘਨਸ਼ਿਆਮ ਦਾਸ ਕਿਸੀ ਵੈਸ਼ਨਵ ਕੀ ਸੰਗਤ ਮੇਂ ਸਾਲਗਿਰਾਮ ਕੀ ਪੂਜਾ ਕਰਨੇ ਲਗਾ। ਜਬ ਭਾਈ ਚੈਨ ਰਾਏ ਨੇ ਦੇਖਾ, ਤਬ ਭੁਜਾ ਪਕੜ ਕਰ ਕਹਿਤ ਭਏ: "ਹੇ ਪੁਤ੍ਰ ! ਐਸਾ ਕਾਮ ਸਿਲਾ ਪੂਜਨ ਕਾ ਫੇਰ ਨਹੀਂ ਕਰਨਾ। ਆਓ ਤੈਨੂੰ ਦਿਖਾਈਏ ਜੋ ਅਸਾਡਾ ਸਾਲਗਿਰਾਮ ਹੈਈ ।" ਸ੍ਰੀ ਦਰਬਾਰ ਸਾਹਿਬ ਜੀ ਦੇ ਆਗੇ ਆਇ ਕਰ ਪਹਿਲੇ ਆਪ ਮਸਤਕ ਟੇਕਿਆ, ਫੇਰ ਪੁਤ੍ਰ ਨੂੰ ਮਸਤਕ ਟਿਕਵਾਇਆ, ਪੁਨਾ : ਕਹਿਤ ਭਏ



 www.sikhbookclub.com

"ਹੇ ਪੁਤ੍ਰ ਘਨਸ਼ਿਆਮ ਅਸਾਡਾ ਸਾਲਗਿਰਾਮ ਇਹੋ ਹਈ, ਜਬ ਤੂੰ ਇਸ ਕੋ ਪ੍ਰਤੱਖ ਦੈਵ ਸਰਗੁਣ ਸਮਝ ਕਰ ਪੂਜੇਂਗਾ, ਤਬ ਤੂੰ ਦੋਹਾਂ ਲੋਕਾਂ ਮੇਂ ਸੁੱਖ ਪਾਵੇਂਗਾ। ਹੇ ਪੁਤ੍ਰ ਜਬ ਗੁਰੂ ਕਾ ਬਚਨ ਜੋ 'ਸ਼ਬਦ' ਹੈ, ਚਿਤ ਮੇਂ ਬਸਤਾ ਹੈ, ਤਬ ਅਕ੍ਰਿਤਮ ਦੇਵ* ਕੀ ਪ੍ਰਾਪਤੀ ਹੋਤੀ ਹੈ, ਭਾਵ ਇਹ ਪੁਰਸ਼ ਮੁਕਤ ਹੋ ਜਾਤਾ ਹੈ, ਤਾਂ ਤੇ ਤੁਜੀਂ ਹੋਰ ਪੂਜਨ ਤਿਆਗ ਕਰ ਇਕੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਾ ਪੂਜਨ ਕਰੋ।" ਪਿਤਾ ਕਾ ਇਹ ਬਚਨ ਸੁਨ ਕਰ ਬਾਲਕ ਘਨਸ਼ਿਆਮ ਜੀ ਹਾਥ ਜੋੜ ਕਰ "ਸਤਿ ਬਚਨ" ਕਹਿਤ ਭਏ ਪਿਤਾ ਆਗੇ; ਤਬ ਉਸਕੋ ਦੋਨੋਂ ਲੋਕੋਂ ਕੇ ਸੁਖ ਪ੍ਰਾਪਤ ਭਏ। ਸ੍ਰੀ ਦਰਬਾਰ ਸਾਹਿਬ ਜੀ ਕੇ ਪੂਜਨ ਕੇ ਪ੍ਰਤਾਪ ਕਰ, ਉਸ ਕੇ ਚਿਤ ਕੋ ਭੀ ਸ਼ਾਂਤੀ ਪ੍ਰਾਪਤ ਭਈ, ਪੁਨਾ: ਗ੍ਰਿਹਸਤੀ ਭੀ ਪੂਰਨ ਭਇਆ, ਧਨ, ਪੁਤ੍ਰ ਆਦਿਕੋਂ ਕਰ।

## ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਅਤੇ ਸਫਾਈ ਦੀ ਸੇਵਾ ਬਿਧੀ

ਅਜ ਤੋਂ ਲਗ ਪਗ ੧੦੦ ਸਾਲ ਪਹਿਲਾਂ ਸਾਹਿਬ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਇਸ ਪਵਿੱਤਰ ਮੰਦਰ ਵਿਖੇ ਜਿਸ ਬਿਧੀ ਨਾਲ ਇਸ਼ਨਾਨ ਤੇ ਸਫ਼ਾਈ ਦੀ ਸੇਵਾ ਕੀਤੀ ਜਾਂਦੀ ਸੀ, ਉਸਦਾ ਜ਼ਿਕਰ ਸ੍ਰੀ ਸੰਤ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਕੁਝ ਇਸ ਤਰ੍ਹਾਂ ਦਾ ਦਿਤਾ ਹੈ :–

ਅੱਧੀ ਰਾਤ ਦੇ ਸਮੇਂ, ਜਦ ਸ੍ਰੀ ਦਰਸ਼ਨੀ ਦਰਵਾਜਾ ਬੰਦ ਹੁੰਦਾ ਹੈ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਸੇਵਕ, ਜੋ ਪ੍ਰੇਮੀ ਹਨ, ਉਹ ਇਸ਼ਨਾਨ ਆਦਿਕ ਦੀ ਸੇਵਾ ਸੋਨੇ ਚਾਂਦੀ ਦੀਆਂ

---

*ਅਕ੍ਰਿਤਮ ਦੇਵ=ਜੋ ਕਿਸੇ ਦਾ ਕੀਤਾ ਹੋਇਆ ਨਹੀਂ, ਭਾਵ ਸ੍ਰੀ ਵਾਹਿਗੁਰੂ।

ਗਾਗਰਾਂ ਨਾਲ ਕਰਦੇ ਹਨ । ਉਪਰੰਤ ਸੁੱਚੇ ਸਾਫ਼ਿਆਂ ਨਾਲ ਪਰਮ ਪ੍ਰੇਮ ਸਹਿਤ ਸਫ਼ਾਈ ਕਰਨ ਦੀ ਸੇਵਾ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਤੇ ਬਾਹਰ ਸੇਵਾ ਕਰਨ ਸਮੇਂ ਪ੍ਰੇਮੀ ਬੜੇ ਪ੍ਰੇਮ ਨਾਲ ਮੁਖੋਂ ਗੁਰਬਾਣੀ ਉਚਾਰਨ ਕਰਦੇ ਰਹਿੰਦੇ ਹਨ। ਫਿਰ ਗਲੀਚੇ ਤੇ ਦਰੀਆਂ ਆਦਿ ਵਿਛਾਉਣ ਦੀ ਸੇਵਾ ਹੁੰਦੀ ਹੈ । ਉਪਰੰਤ ਸ੍ਰੀ ਗੁਰੂ ਜੀ ਦਾ ਸਿੰਘਾਸਨ ਤਿਆਰ ਕੀਤਾ ਜਾਂਦਾ ਹੈ, ਜਿਸ ਨੂੰ ਬ੍ਰਹਮਾ, ਵਿਸ਼ਨੂੰ ਸ਼ਿਵ, ਤੇ ਹੋਰ ਦੇਵੀ ਦੇਵਤੇ ਗੁਪਤ ਰੂਪ ਵਿਚ ਆ ਕੇ ਨਿਮਸਕਾਰਾਂ ਤੇ ਪੂਜਣ ਕਰਦੇ ਹਨ। ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸਤਿਕਾਰ ਵਜੋਂ ਧੂਪ, ਚੰਦਨ ਆਦਿ ਭੇਟਾ ਕੀਤੀ ਜਾਂਦੀ ਹੈ।

ਨੋਟ :—ਇਹ ਸੇਵਾ ਅਜ ਕਲ ਗਰਮੀਆਂ ਵਿਚ ਰਾਤ ਦੇ ਸਵਾ ਬਾਰਾਂ ਵਜੇ ਤੇ ਸਰਦੀਆਂ ਵਿਚ ੧ ਵਜੇ ਆਰੰਭ ਹੁੰਦੀ ਹੈ ਤੇ ਵਿਚ ਵਿਚ ਇਹ ਸੇਵਾ ਮੌਸਮ ਅਨੁਸਾਰ ੧੫ ਮਿੰਟ ਅੱਗੇ ਜਾ ਪਿਛੇ ਕੀਤੀ ਜਾਂਦੀ ਰਹਿੰਦੀ ਹੈ । ਇਸ ਵਿਚ ਕੇਵਲ ਪ੍ਰੇਮੀ ਸਿੰਘ ਹੀ ਦਫ਼ਤਰ ਸ੍ਰੀ ਦਰਬਾਰ ਸਾਹਿਬ ਤੋਂ ਆਗਿਆ ਪੱਤ੍ਰ (ਪਰਮਿਟ) ਲੈ ਕੇ ਸ਼ਾਮਿਲ ਹੁੰਦੇ ਹਨ । ਜੋ ਆਤਮਿਕ ਰਸ ਉਸ ਸੁਭਾਗ ਸਮੇਂ ਸਤਿਗੁਰੂ ਸਚੇ ਪਾਤਿਸ਼ਾਹ ਜੀ ਦੇ ਦਰੋਂ ਵਰਸਦਾ ਹੈ, ਉਹ ਅਲੌਕਿਕ ਤੇ ਅਕਥਨੀਯ ਹੈ । ਦਰਸ਼ਨੀ ਦਰਵਾਜੇ ਦੇ ਬਾਹਰ ਇਕ ਪ੍ਰੇਮੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ, ਉਪਰੰਤ ਬਾਹਰ ਬੈਠੀ ਸੰਗਤ ਸ਼ਬਦ ਪੜ੍ਹਦੀ ਹੈ; ਅੰਤ ਵਿਚ ਇਹ ਤੁਕ ਪੜ੍ਹੀ ਜਾਂਦੀ ਹੈ।

"ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ॥
ਦਰਸਨੁ ਦੀਜੈ ਖੋਲਿ ਕਿਵਾਰ ॥"

ਸਰਦੀਆਂ ਵਿਚ ਤਿੰਨ ਵਜੇ ਤੇ ਗਰਮੀਆਂ ਵਿਚ ਸਵਾ ੨ ਵਜੇ ਦਰਸ਼ਨੀ ਦਰ ਖੁੱਲ੍ਹਦਾ ਹੈ ਤੇ ਸਾਰੀ ਸੰਗਤ ਸ੍ਰੀ ਹਰਿਮੰਦਰ



 www.sikhbookclub.com

ਸਾਹਿਬ ਵਿਖੇ ਪ੍ਰਵੇਸ਼ ਕਰਦੀ ਹੈ, ਤੇ ਨਿਰਬਾਣ ਕੀਰਤਨ ਆਰੰਭ ਹੁੰਦਾ ਹੈ।

## ਗੁਰ ਦਰਬਾਰ ਦੀ ਸੇਵਾ ਪਰ ਸ਼ਰਧਾ

ਸੰਤ ਹੀਰਾ ਸਿੰਘ ਜੀ ਚਾਵਲ ਮੰਡੀ ਅੰਮ੍ਰਿਤਸਰ ਵਾਲੇ ਇਕ ਵਾਰਤਾ ਸੁਣਾਉਂਦੇ ਹਨ :—

ਇਕ ਵੇਰੀ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਜੀ ਦੀ ਛੋਟੀ ਪ੍ਰਕਰਮਾਂ ਵਿਚੋਂ ਕਬੂਤਰਾਂ ਦੀਆਂ ਵਿੱਠਾਂ ਦੀ ਸੇਵਾ ਖੁਰਪੀ ਨਾਲ ਖੁਰਚ ਖੁਰਚ ਕੇ ਇਕੱਠੀਆਂ ਕਰਕੇ ਲਿਆਏ। ਸ਼ਾਮ ਦੇ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਬਾਬਾ ਸ਼ਾਮ ਸਿੰਘ ਜੀ, ਸੰਤ ਬਾਬਾ ਗੁਰਮੁਖ ਸਿੰਘ ਜੀ, ਸੰਤ ਬਾਬਾ ਸਾਧੂ ਸਿੰਘ ਜੀ, ਸੰਤ ਹਰਨਾਮ ਸਿੰਘ ਜੀ ਲਾਇਲਪੁਰ ਵਾਲੇ ਤੇ ਹੋਰ ਵੀ ਸੰਤ ਸਾਧੂ ਇਕੱਠੇ ਬੈਠ ਕੇ ਸ਼ਬਦ ਕੀਰਤਨ ਤੇ ਸੋਦਰ ਦਾ ਪਾਠ ਨਿਤਨੇਮ ਨਾਲ ਸੁਣਿਆ ਕਰਦੇ ਸਨ। ਉਸ ਦਿਨ ਜੋ ਵਿੱਠਾਂ ਦੀ ਸੇਵਾ ਕਰਕੇ ਸੰਤ ਬਾਬਾ ਜੀ ਲਿਆਏ ਸਨ, ਆਪ ਨੇ ਪਾਸ ਬੈਠੇ ਸੰਤਾਂ ਪਾਸੋਂ ਬਿਲਾਸ ਨਾਲ ਪੁੱਛਿਆ ਕਿ ਦੱਸੋ ਇਹ ਕੀ ਚੀਜ਼ ਹੈ ? ਤਾਂ ਸਾਰੇ ਸੰਤਾਂ ਨੇ ਵੱਖੋ ਵੱਖ ਜਵਾਬ ਦਿੱਤੇ। ਕਿਸੇ ਨੇ ਕਿਹਾ ਕਿ ਜੀ ਇਹ ਕਬੂਤਰਾਂ ਦੀਆਂ ਵਿੱਠਾਂ ਹਨ, ਕਿਸੇ ਨੇ ਆਖਿਆ ਕਿ ਜੀ ਇਹ ਸੇਵਾ ਹੈ। ਇਸ ਪ੍ਰਕਾਰ ਜਦ ਆਪ ਜੀ ਨੇ ਸਭ ਤੋਂ ਪੁੱਛ ਲੀਤਾ ਤਾਂ ਆਪ ਨੇ ਫੁਰਮਾਇਆ ਕਿ ਇਹ ਵਿੱਠਾਂ ਨਹੀਂ, ਇਹ ਤਾਂ ਰਿਧੀਆਂ ਸਿਧੀਆਂ ਦੇਣੇ ਵਾਲੀ ਸਤਿਗੁਰਾਂ ਦੇ ਦਰ ਦੀ ਸੇਵਾ ਹੈ।* ਉਸ ਸਮੇਂ ਦਾਸ (ਹੀਰਾ ਸਿੰਘ) ਸ੍ਰੀ ਮਾਨ

---

*ਪੁਰਾਣੇ ਸਮੇਂ ਤੋਂ ਗੁਰਸਿਖ ਆਪਣੇ ਸਤਿਗੁਰ ਦੇ ਇਸ ਪੂਜ ਮੰਦਰ ਦੀ ਇਸਤਰ੍ਹਾਂ ਸਫਾਈ ਦੀ ਸੇਵਾ ਸਦਾ ਕਰਦੇ ਰਹੇ ਹਨ।

(ਬਾਕੀ ਫੁਟਨੋਟ ਦੇਖੋ ਸਫਾ ੩੭ ਦੇ ਹੇਠ)

ਸੰਤ ਬਾਬਾ ਗੁਰਮੁਖ ਸਿੰਘ ਜੀ ਹੁਰਾਂ ਦੇ ਪਾਸ ਹੀ ਬੈਠਾ ਹੋਇਆ ਸੀ ।

## ਗੁਰੂ ਰਾਮਦਾਸ ਨਗਰੀ ਦੀ ਮਹਾਨਤਾ

ਸੰਤ ਬਾਬਾ ਜੀ ਨੇ ਦੋ ਵੇਰਾਂ ਸ੍ਰੀ ਹਜ਼ੂਰ ਸਾਹਿਬ ਦੀ ਪਵਿਤ੍ ਯਾਤਰਾ ਕੀਤੀ ਸੀ । ਉਸ ਸਮੇਂ ਰੇਲ ਗਡੀ ਉਸ ਪਾਸੇ ਨਹੀਂ ਚੱਲੀ ਸੀ ਤੇ ਸਾਰਾ ਸਫਰ ਪੈਦਲ ਕਈ ਮਹੀਨਿਆਂ ਵਿਚ ਸੰਪੂਰਨ ਹੁੰਦਾ ਸੀ, ਆਪ ਰਸਤੇ ਵਿਚ ਪਿੰਡ-ਪਿੰਡ ਵਿਚ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਤੇ ਕਥਾ ਕੀਤਾ ਕਰਦੇ । ਇਸ ਤੀਰਥ ਯਾਤਰਾ ਵਿਚ ਜਦੋਂ ਆਪ ਅਯੁੱਧਿਆ ਵਿਖੇ ਪੁੱਜੇ ਤਾਂ ਆਪ ਬੜੇ ਥੱਕੇ ਹੋਏ ਸਨ । ਭੁੱਖ ਵੀ ਲੱਗੀ ਹੋਈ ਸੀ ਤੇ

---

(ਸਫਾ ੩੬ ਦੇ ਫੁਟਨੋਟ ਦੀ ਬਾਕੀ)

ਇਥੋਂ ਤਕ ਕਿ ਮਹਾਨ ਆਤਮਾ ਸ੍ਰੀ ਮਾਨ ਭਾਈ ਸੰਤ ਸਿੰਘ ਜੀ ਗਿਆਨੀ ਜੋ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਦੇ ਉਸਤਾਦ ਸਨ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਭੀ ਕਰਦੇ ਸਨ ਉਹ ਭੀ ਇਹ ਸੇਵਾ ਆਪਣੀ ਹੱਥੀਂ ਕੀਤਾ ਕਰਦੇ ਸਨ । ਇਸ ਬਾਰੇ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਆਪਣੇ ਰਚੇ ਗ੍ਰੰਥ ਵਿਚ ਇਉਂ ਲਿਖਦੇ ਹਨ :—

"ਭਾਈ ਸੰਤ ਸਿੰਘ ਜੀ ਗਿਆਨੀ ਇਕੰਤ ਹੋਇ ਕਰ ਸ੍ਰੀ ਦਰਬਾਰ ਸਾਹਿਬ ਕੀ ਸੇਵਾ ਆਇ ਕਰਤੇ ਥੇ । ਭੀਤਰ ਪਰਕਰਮਾਂ ਕੇ ਕਬੂਤਰਾਂ ਕੀ ਵਿਠਾਂ ਉਠਾਵਣੀ ਪ੍ਰੇਮ ਸਿਉਂ । ਹੋਰ ਕਿਸੀ ਅਸਥਾਨ ਕੇਸ ਗਿਰੇ ਹੋਇ ਉਠਾਇ ਕਰ ਬਾਹਰ ਫੈਂਕਣੇ । ਅਰ ਵਡੀ ਪਰਕਰਮਾ ਮੈ ਸੁਆਨੋ ਕੀ ਵਿਠ ਉਠਾਉਣੀ ਅਪਣੀ ਹੱਥੀਂ । ਸ੍ਰੀ ਗੁਰੂ ਰਾਮਦਾਸ ਜੀ ਕੀ ਸੇਵਾ ਜਾਣ ਕਰ ।"

ਪਿਆਸ ਨੇ ਵੀ ਜ਼ੋਰ ਪਾਇਆ ਹੋਇਆ ਸੀ । ਲੱਭਣ ਜੋ ਕਿਧਰੇ ਛਬੀਲ ਹੋਵੇ ਤਾਂ ਜਲ ਛਕੀਏ, ਉਸ ਸਮੇਂ ਆਪ ਪਾਸ ਅ ਪੇ ਖੂਹ ਵਿਚੋਂ ਗੜਵਾ ਵੀ ਜਲ ਦਾ ਖਿੱਚਣ ਦੀ ਹਿੰਮਤ ਨਹੀਂ ਸੀ। ਅਖ਼ੀਰ ਪੁਛ ਪੁਛ ਕੇ ਵਡੇ ਮੰਦਰ ਪਹੁੰਚੇ । ਉਥੇ ਵੀ ਕਿਸੇ ਨੇ ਆਪ ਨੂੰ ਅੰਨ ਜਲ ਨਾ ਪੁੱਛਿਆ । ਇਕ ਸਰੀਰ ਪਾਸੋਂ ਆਪ ਨੇ ਜਲ ਕੱਢਣ ਵਾਸਤੇ ਗੜਵਾ ਮੰਗਿਆ ਤਾਂ ਉਸ ਨੇ ਉਹ ਭੀ ਨਾ ਦਿੱਤਾ। ਅਖ਼ੀਰ ਨੂੰ ਆਪਣੀ ਦਸਤਾਰ ਖੂਹ ਵਿਚ ਲਟਕਾ ਕੇ ਉਸ ਦਾ ਜਲ ਨਚੋੜ ਕੇ ਮੂੰਹ ਵਿਚ ਚੋਇਆ-ਉਸ ਦਿਨ ਥਕਿਤ ਹੋਣ ਕਰਕੇ ਆਪ ਪਾਸੋਂ ਪਰਸ਼ਾਦੇ ਦਾ ਉੱਦਮ ਬੀ ਨਾ ਬਣ ਸਕਿਆ ਤਾਂ ਤੇ ਅੰਨ ਬਿਨਾ ਹੀ ਰਹੇ। ਜਦੋਂ ਆਪ ਤੀਰਥ ਯਾਤਰਾ ਤੋਂ ਵਾਪਸ ਮੁੜੇ ਤਾਂ ਇਹ ਬਚਨ ਉਚਾਰਿਆ ਕਰਦੇ ਸਨ "ਧੰਨ ਧੰਨ ਗੁਰੂ ਰਾਮਦਾਸ ਜੀ ਦੀ ਸ੍ਰੀ ਅੰਮ੍ਰਿਤਸਰ ਨਗਰੀ ਹੈ, ਜਿਸ ਵਿਚ ਜਿਥੇ ਕਿਥੇ ਛਬੀਲਾਂ ਤੇ ਲੰਗਰ ਲਗੇ ਹੋਏ ਹਨ—ਆਈ ਗਈ ਸਾਧ ਸੰਗਤ ਦੀ ਸ਼ੇਵਾ ਅੱਠੇ ਪਹਿਰ ਹੁੰਦੀ ਰਹਿੰਦੀ ਹੈ, ਪਰਦੇਸੀਆਂ ਨੂੰ ਲੱਭ-ਲੱਭ ਕੇ ਪ੍ਰੇਮੀ ਪ੍ਰਸ਼ਾਦ ਛਕਾਂਦੇ ਹਨ—ਹੋਰਨਾਂ ਤੀਰਥਾਂ ਦਾ ਤਾਂ ਨਾਮ ਹੀ ਵਡਾ ਹੈ, ਅਖੀਂ ਦੇਖੀਏ ਤਾਂ ਹੀ ਪਤਾ ਲਗਦਾ ਹੈ—ਹੋਰਨਾਂ ਤੀਰਥਾਂ ਤੇ ਤਾਂ ਕੋਈ ਕਿਸੇ ਦਾ ਜੂਠਾ ਕੌਲ ਵੀ ਨਹੀਂ ਮਾਂਜਦਾ।"

## ਸ੍ਰੀ ਤਰਨ ਤਾਰਨ ਸਾਹਿਬ ਸਿਰਜਨਾ ਬਾਰੇ ਸ੍ਰੋਤ

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਰਚਿਤ ਗ੍ਰੰਥ ਵਿੱਚ ਸ੍ਰੀ ਤਰਨ ਤਾਰਨ ਤੀਰਥ ਦੀ ਸਾਜਣਾ ਕੁਝ ਇਸ ਪ੍ਰਕਾਰ ਦੇ ਅੱਖਰਾਂ ਵਿੱਚ ਲਿਖੀ ਹੈ :—

'ਇਕ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਏਹਾਂ ਬੈਠਕੇ ਪਰਮ ਤਪੱਸਿਆ, ਜੋ ਹਰਿ ਸਿਮਰਨ ਹੈ, ਕਰਤੇ ਭਏ । ਸ੍ਰੀ ਅਕਾਲ ਪੁਰਖ

ਵਲੋਂ ਸਤਿਗੁਰਾਂ ਨੂੰ ਆਗਿਆ ਹੋਈ ਕਿ ਇਸ ਅਸਥਾਨ ਤੇ ਤੀਰਥ ਬਣਵਾਓ । ਸਤਿਗੁਰਾਂ ਨੇ ਇਥੇ ਤੀਰਥ ਸਾਜਕੇ ਏਕ ਨਾਮ ਇਸ ਕਾ ਸ੍ਰੀ 'ਤਰਨ ਤਾਰਨ' ਰਖਿਆ ਭਾਵ ਸੰਸਾਰ ਸਿੰਧ ਤੇ ਤਾਰਨੇ ਕੋ 'ਤਰਨ' ਕਹੀਏ ਜਹਾਜ਼', ਜਿਸ ਮੇਂ ਗੁਰੂ ਅਰਜਨ ਸਾਹਿਬ ਮਲਾਹ ਰੂਪ ਹੈਂ । ਦੂਸਰਾ ਨਾਮ ਤੀਰਥ ਕਾ 'ਦੂਖ ਨਿਵਾਰਨ' ਰਖਾ ਜੋ ਸ੍ਰੀ ਪਰਮੇਸ਼ੁਰ ਦੇ ਪ੍ਰਤਾਪ ਕਰ, ਸਰਬ ਦੂਖਾਂ ਕੇ ਦੂਰ ਕਰਨੇ ਵਾਲਾ ਹੈ। ਇਸ ਪਾਵਨ ਤੀਰਥ ਨੂੰ ਸਾਜ ਕੇ ਸਤਿਗੁਰਾਂ ਨੇ ਇਹ ਵਰ ਬਖਸ਼ਿਆ ਜੋ ਪੁਰਸ਼ ਈਹਾਂ ਸੇਵਾ ਇਸ਼ਨਾਨ ਭਜਨ ਗੁਰੂ ਗੋਬਿੰਦ ਕਾ ਕਰੇਗਾ, ਤਿਸ ਕੇ ਸਭ ਦੁੱਖ, ਦਲਿੱਦ੍ਰ, ਰੋਗ, ਸੋਗ, ਵਿਜੋਗ ਦੂਰ ਹੋਣਗੇ, ਨਿਸਚੇ ਕਰ, ਪੁਨਾ ਤਿਨ ਕੋ ਚਾਰ ਪਦਾਰਥ ਧਰਮ ਅਰਥ ਕਾਮ ਮੋਖ ਸਭ ਪ੍ਰਾਪਤ ਹੋਣਗੇ ।'

ਜਿਸ ਸੁਭਾਗ ਦਿਨ ਸ੍ਰੀ ਅਕਾਲ ਪੁਰਖ ਜੀ ਵਲੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਇਹ ਤੀਰਥ ਸਾਜਣ ਦੀ ਆਗਿਆ ਹੋਈ ਸੀ ਸ਼੍ਰੁਤ ਹੈ ਕਿ ਉਹ ਦਿਨ ਅਮਾਵਸ ਦਾ ਹੈਸੀ, ਇਸੀ ਕਾਰਨ ਅਮਾਵਸ ਦੇ ਦਿਨ ਹਰ ਮਹੀਨੇ ਇਥੇ ਬੜਾ ਭਾਰੀ ਮੇਲਾ ਲਗਦਾ ਹੈ ਤੇ ਉਸ ਦਿਨ ਇਸ ਪਾਵਨ ਤੀਰਥ ਦੇ ਦਰਸ਼ਨ ਇਸ਼ਨਾਨ ਦਾ ਭਾਰੀ ਮਹਾਤਮ ਮੰਨਿਆਂ ਜਾਂਦਾ ਹੈ ।

## ਗੁਰੂ ਬਾਬੇ ਦੀ ਚੜ੍ਹਤ ਦਾ ਪੈਸਾ ਮਹੁਰਾ ਹੈ

ਇਕ ਵਾਰ ਗੁਰਦੁਆਰਾ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਲੋੜ ਪਈ । ਕਮੇਟੀ ਦੇ ਕੁਝ ਮੈਂਬਰਾਂ ਨੇ ਸੰਤਾਂ ਦੇ ਡੇਰੇ ਆ ਕੇ, ਸੰਤ ਬਾਬਾ ਜੀ ਪਾਸੋਂ ਭਾਈ ਠਾਕੁਰ ਸਿੰਘ ਜੀ ਨੂੰ ਗ੍ਰੰਥੀ ਦੀ ਸੇਵਾ ਲਈ ਮੰਗ ਕੀਤੀ । ਤਾਂ ਆਪ ਜੀ ਨੇ ਬਚਨ ਕੀਤਾ ਕਿ ਉਸ ਪਾਸੋਂ ਪੁੱਛ ਲਵੋ, ਜਾਣਾ ਚਾਹੇ ਤਾਂ ਬੇਸ਼ਕ ਚਲਿਆ ਜਾਏ । ਭਾਈ ਠਾਕੁਰ ਸਿੰਘ ਜੀ ਨੇ ਕਮੇਟੀ ਨੂੰ ਇਹ ਉੱਤਰ ਦਿਤਾ ਕਿ 'ਦਾਸ ਸੰਤਾਂ ਦੇ ਡੇਰੇ ਦੀ ਸੇਵਾ ਨਹੀਂ ਛੱਡ

ਸਕਦਾ।' ਤੇ ਆਪ ਨਾ ਗਏ। ਪਰ ਸੰਤਾਂ ਦੇ ਗੁਰਪੁਰੀ ਚੜ੍ਹਾਈ ਕਰਨ ਤੋਂ ਲਗਪਗ ਅੱਠ ਮਹੀਨੇ ਪਿਛੋਂ ਭਾਈ ਠਾਕੁਰ ਸਿੰਘ ਜੀ ਨੂੰ, ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਮੁਕਰਰ ਕਰਨ ਦੀ ਚਿੱਠੀ ਆਈ। ਜਦੋਂ ਭਾਈ ਗੋਬਿੰਦਸ਼ਾਹ ਸਿੰਘ ਜੀ ਨੇ, ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਪਾਸ ਕਥਾ ਕਰਨ ਤੋਂ ਪਿਛੋਂ ਇਹ ਖ਼ਬਰ ਦਿੱਤੀ ਤਾਂ ਸੰਤ ਬਾਬਾ ਜੀ ਨੇ ਭਾਈ ਸਾਹਿਬ ਜੀ ਨੂੰ ਇਹ ਉਪਦੇਸ਼ ਦਿੱਤਾ :—

'ਸ੍ਰੀ ਹਰਿਮੰਦਰ ਸਾਹਿਬ ਜੀ ਦੀ ਚੜ੍ਹਤ ਦਾ ਪੈਸਾ ਜ਼ਹਿਰ ਸਮਾਨ ਹੈ, ਨਿਰਬਾਹ ਮਾਤਰ ਹੀ ਤੁਸੀਂ ਅੰਗੀਕਾਰ ਕਰਨਾ'। ਫਿਰ ਸੰਤਾਂ ਨੇ ਫੁਰਮਾਇਆ ਕਿ 'ਮੌਹਰਾ ਥੋੜਾ ਬੀ ਮਾਰ ਸੁਟਦਾ ਹੈ, ਪਰ ਜੇ ਆਪ ਹੀ ਮੌਹਰੇ ਨੂੰ ਮਾਰਕੇ ਔਸ਼ਧੀ ਬਣਾ ਲਈਏ, ਤਦ ਗੁਣ ਕਰਦਾ ਹੈ। ਤੁਸੀਂ ਭਜਨ ਬਾਣੀ ਦੀ ਅਗਨੀ ਵਿਚ ਇਸ ਜ਼ਹਿਰ ਨੂੰ ਭਸਮ ਕਰਕੇ ਅੰਮ੍ਰਿਤ ਬਣਾ ਲੈਣਾ। ਪਰ ਜਿਸ ਤਰ੍ਹਾਂ ਮੋਹਰੇ ਨੂੰ ਮਾਰਕੇ ਔਸ਼ਧੀ ਥੋੜੀ ਹੀ ਖਾਣੀ ਚਾਹੀਦੀ ਹੈ, ਇਸ ਤਰ੍ਹਾਂ ਤੁਸੀਂ ਭਸਮ ਕਰਕੇ ਭਾਂਵੇਂ ਇਸ ਜ਼ਹਿਰ ਨੂੰ ਅੰਮ੍ਰਿਤ ਬਣਾ ਲਵੋ, ਪਰ ਫੇਰ ਬੀ ਨਿਰਬਾਹ ਮਾਤਰ ਹੀ ਅੰਗੀਕਾਰ ਕਰਨੀ'।

ਭਾਈ ਠਾਕੁਰ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਗ੍ਰੰਥੀ ਦੀ ਪਵਿਤ੍ਰ ਸੇਵਾ ਤੇ ਸਤਾਰਾਂ ਵਰ੍ਹੇ ਨੀਅਤ ਰਹੇ।

## ਸੰਤ ਬਾਬਾ ਜੀ ਦਾ ਦਿਨ ਚਰਿਯਾ

ਆਪ ਰਾਤ ਦੇ ਇਕ ਵਜੇ ਉਠਕੇ ਪਹਿਲਾਂ ਖੂਹ ਤੇ ਇਸ਼ਨਾਨ ਕਰਦੇ ਤੇ ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਖੇ, ਕੇਸਾਂ ਸਮੇਤ ਟੁੱਭਾ ਲਾਇਆ ਕਰਦੇ ਸਨ। ਤਿੰਨ ਪਹਿਰਾ ਵਜਣ ਤੋਂ ਪਹਿਲਾਂ ਗੁਰਦੁਆਰਾ ਲਾਚੀ ਬੇਰ ਸਾਹਿਬ ਦੇ ਪਾਸ ਜਾ ਬੈਠਦੇ ਤੇ ਸਰੰਦੇ ਨਾਲ ਸ਼ਬਦ ਕੀਰਤਨ ਸ਼ੁਰੂ ਕਰ ਦੇਂਦੇ। ਸ੍ਰੀ ਗੁਰੂ

ਰਾਮਦਾਸ ਮਹਾਰਾਜ ਜੀ ਦਾ ਦਰਸ਼ਨੀ ਦਰ ਖੁਲ੍ਹਣ ਤੋਂ ਪਹਿਲਾਂ ਇਹ ਸ਼ਬਦ ਬੜੇ ਪ੍ਰੇਮ ਨਾਲ ਹਰ-ਰੋਜ਼ ਪੜ੍ਹਦੇ ਸਨ :—

''ਦਰ ਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ ॥'

ਦਰਸ਼ਨੀ ਦਰਵਾਜਾ ਖੁਲ੍ਹਣ ਤੇ ਆਪ ਜੀ ਸ੍ਰੀ ਹਰੀ ਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਅੰਦਰ ਪ੍ਰਵੇਸ਼ ਕਰਦੇ ਤੇ ਤਿੰਨ ਪਹਿਰੇ ਦੀ ਨਿਰਬਾਣ ਚੌਂਕੀ ਭਰਦੇ। ਭਜਨ ਦੇ ਪ੍ਰਤਾਪ ਨਾਲ ਅਤੇ ਪੂਰਨ ਜਤੀ ਸਤੀ ਹੋਣ ਕਰਕੇ ਆਪ ਜੀ ਦਾ ਮਸਤਕ ਦਗ ਦਗ ਕਰਦਾ ਹੁੰਦਾ ਸੀ । ਸੁੰਦਰ ਮੁਖੜੇ ਤੋਂ ਨੇਤ੍ਰ ਮੂੰਦ ਕੇ ਜਦੋਂ ਆਪ ਸਰੰਦੇ ਨਾਲ ਕੀਰਤਨ ਕਰਦੇ ਸਨ, ਗੁਰੂ ਪਿਆਰੀਆਂ ਸੰਗਤਾਂ ਦੀ ਅੰਤਰ ਆਤਮੇ ਸੁਰਤ ਜੁੜ ਜਾਂਦੀ ਸੀ ਤੇ ਐਸਾ ਅਲੌਕਿਕ ਆਤਮਕ ਰਸ ਬੱਝਦਾ ਸੀ, ਜੋ ਕਥਨ ਤੋਂ ਬਾਹਰ ਹੈ ।

ਲਗ ਪਗ ਚਾਰ ਵਜੇ ਆਪਣੀ ਧਰਮਸਾਲਾ ਵਿਖੇ ਜਾਕੇ ਝਾੜੂ ਦੇਂਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸਨ। ਉਪ੍ਰੰਤ ਕੁਝ ਜਲ ਪਾਣੀ ਛਕਕੇ, ਪਿੱਠ ਪਿੱਛੇ ਸਰੰਦਾ ਅਤੇ ਮੋਢੇ ਉਪਰ ਖੜੀਆ, ਜਿਸ ਵਿਚ ਪੰਛੀਆਂ ਵਾਸਤੇ ਦਾਣੇ, ਫੁਲੀਆਂ, ਆਦਿ ਹੁੰਦੇ; ਲੈਕੇ ਸ੍ਰੀ ਦਰਬਾਰ ਸਾਹਿਬ ਜੀ ਪੁੱਜ ਜਾਂਦੇ। ਖੁੱਲ੍ਹੀਆਂ ਬਾਂਵਾਂ ਤੇ ਉਹ ਦਾਣੇ ਪੰਛੀਆਂ ਲਈ ਖਿਲਾਰ ਦੇਂਦੇ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਉਪਰ ਸਵਰਗ ਦੁਆਰੀਆਂ ਵਿਚ ਜਾ ਬੈਠਦੇ ਤੇ ਕੁਝ ਸਮਾਂ ਪੋਥੀ ਤੋਂ ਪਾਠ ਕਰਦੇ । ਉਹਨਾਂ ਦਿਨਾਂ ਵਿਚ ਹੁਣ ਦੀ ਤਰ੍ਹਾਂ ਖੁਲ੍ਹੇ ਤੇ ਭਾਂਤ ਭਾਂਤ ਦੇ ਗੁਟਕੇ ਛਪੇ ਹੋਏ ਨਹੀਂ ਹੁੰਦੇ ਸਨ, ਨਿਤਨੇਮ ਦੀਆਂ ਬਾਣੀਆਂ ਦੇ ਗੁਟਕੇ ਅਤੇ ਪੋਥੀਆਂ ਲਿਖਾਰੀਆਂ ਪਾਸੋਂ ਲਿਖਵਾਕੇ ਪ੍ਰੇਮੀਆਂ ਤੇ ਖਾਸ ਕਰਕੇ ਬਾਲਕਾਂ ਨੂੰ ਦੇਂਦੇ ਅਤੇ ਸਾਥ ਰੁਮਾਲ, ਤੇ ਗਾਤਰਾ ਭੀ ਪੋਥੀ ਵਾਸਤੇ ਦੇਣਾ ਅਰ ਅਦਬ ਸਿਖਾਉਣਾ । ਆਪ ਬਚਨ ਉਚਾਰਿਆ ਕਰਦੇ ਸਨ ਕਿ ਗਊ, ਲੜਕੀ ਅਤੇ ਪੋਥੀ, ਅਧਿਕਾਰੀ ਨੂੰ ਦੇਣੀ ਚਾਹੀਦੀ

ਹੈ; ਜਿਹੀ ਗਊ ਕਸਾਈ ਦੇ ਹੱਥ ਦੇ ਦਿਤੀ, ਤਿਹਾ ਗੁਟਕਾ ਪੋਥੀ ਅਦਬ ਨਾ ਕਰਨ ਵਾਲੇ ਦੇ ਹੱਥ ਪਕੜਾ ਦਿਤਾ।

ਆਸਾ ਦੀ ਵਾਰ ਦਾ ਭੋਗ ਪੈਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸੁਣਨ ਤੋਂ ਉਪਰੰਤ ਆਪ ਜੀ ਸ੍ਰੀ ਅਕਾਲ ਤਖਤ ਸਾਹਿਬ, ਝੰਡੇ ਬੁੰਗੇ ਸਾਹਿਬ, ਥੜਾ ਸਾਹਿਬ, ਨਮਸਕਾਰ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਵਡੀ ਪਰਕਰਮਾ ਕਰਦੇ ਸਨ। ਫਿਰ ਆਪ ਵਿੱਠਾਂ ਤੇ ਗਊਆਂ* ਦਾ ਗੋਹਾ, ਜਿਥੇ ਵੇਖਦੇ, ਉਠਾਕੇ ਬਾਹਰ ਲਿਆ ਸੁੱਟਦੇ। ਆਪ ਨੂੰ ਬੜੇ ਪ੍ਰੇਮ ਦੇ ਨਾਲ ਬਾਣੀ ਪੜ੍ਹਦੇ ਤੇ ਝਾੜੂ ਦੀ ਸੇਵਾ ਕਰਦੇ ਵੇਖਕੇ ਸ਼ਹਿਰ ਦੀ ਸੰਗਤ ਦੇ ਦਿਲਾਂ ਵਿਚ ਭੀ ਸੇਵਾ ਦਾ ਚਾਉ ਉਪਜਿਆ। ਇਸ ਤੋਂ ਪਹਿਲਾਂ ਪਰਕ੍ਰਮਾ ਵਿਚ ਝਾੜੂ ਦੀ ਸੇਵਾ ਮਜ਼੍ਹਬੀ ਸਿੰਘ ਕੀਤਾ ਕਰਦੇ ਸਨ। ਸੰਤਾਂ ਦੇ ਉਦਮ ਦਾ ਸਦਕਾ ਹੁਣ ਇਹ ਸੇਵਾ ਦਾ ਕੰਮ ਸੰਗਤ ਦੇ ਹੱਥ ਆ ਗਿਆ ਹੈ, ਇਹ ਪ੍ਰੇਮ ਦੀ ਸੇਵਾ ਦੀ ਮਰਿਯਾਦਾ ਇੰਨੀ ਚੱਲ ਪਈ ਹੈ ਕਿ ਦਿਨੇ ਰਾਤ ਪਰਿਕ੍ਰਮਾ ਵਿਚ ਪ੍ਰੇਮੀ ਝਾੜੂ ਦੇਂਦੇ ਹੀ ਰਹਿੰਦੇ ਹਨ। ਇਸਤੋਂ ਪਿਛੋਂ ਅੱਠ ਵਜੇ ਬਾਬਾ ਅਟੱਲ ਰਾਇ ਸਾਹਿਬ ਜਾ ਕੇ ਕੀਰਤਨ ਦੀ ਚੌਂਕੀ ਕਰਦੇ ਤੇ ਨੌਂ ਵਜੇ ਡੇਰੇ ਵਾਪਸ ਆਉਂਦੇ। ਜਿਸ ਸਮੇਂ ਆਪ ਜੀ ਵਡੀ ਧਰਮਸਾਲਾ ਮਜੀਠ ਮੰਡੀ ਵਿਚ ਰਹਿੰਦੇ ਸਨ, ਡੇਰੇ ਵਿਖੇ

---

*ਉਹਨਾਂ ਦਿਨਾਂ ਵਿਚ ਪਰਿਕ੍ਰਮਾ ਵਿਚ ਗਊਆਂ ਆਦਿ ਡੰਗਰ ਜਾ ਸਕਦੇ ਸਨ ਤੇ ਹੁਣ ਦੀ ਤਰ੍ਹਾਂ ਇਹਨਾਂ ਨੂੰ ਰੋਕਣ ਦਾ ਪ੍ਰਬੰਧ ਨਹੀਂ ਸੀ।

ਸਰਦੀਆਂ ਅਤੇ ਗਰਮੀਆਂ ਵਿਚ ਪਰਿਕ੍ਰਮਾ ਨੂੰ ਠੰਢਾ ਤੇ ਗਰਮ ਹੋਇਆ ਵੇਖਕੇ ਬਾਬਾ ਜੀ ਨੇ ਟਾਟਾਂ ਤੇ ਭੂਰੇ ਆਦਿ ਵਿਛਾਉਣ ਦੀ ਸੇਵਾ ਸ਼ੁਰੂ ਕਰ ਦਿਤੀ। ਆਪ ਜੀ ਦੇ ਨਾਲ ਭਾਈ ਨਥਾ ਸਿੰਘ ਜੀ (ਉਰਫ ਭਾਈ ਭਗਤ ਸਿੰਘ) ਹੋਇਆ ਕਰਦੇ ਸਨ, ਉਹ ਭੀ ਇਸ ਸੇਵਾ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਹੁੰਦੇ ਸਨ।

ਆ ਕੇ ਜਿੰਨਾ ਆਟਾ ਹੁੰਦਾ ਪਕਾਉਂਦੇ ਤੇ ਦਾਲ ਸਬਜ਼ੀ ਚਾੜ੍ਹਦੇ। ਇਸ ਤੋਂ ਉਪਰੰਤ ਫਿਰ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਯਾਰਾਂ ਤੋਂ ਬਾਰਾਂ ਵਜੇ ਤਕ ਕੀਰਤਨ ਦੀ ਚੌਂਕੀ ਕਰਦੇ। ਧਰਮਸਾਲਾ ਦੀ ਤਰਫ਼ ਵਾਪਸ ਜਾਂਦਿਆਂ ਕੁਝ ਸਮਾਂ ਆਪ ਸੰਤ ਭਾਈ ਸੁਵਾਇਆ ਸਿੰਘਜੀ ਦੀ ਛਬੀਲ ਉਤੇ ਸਾਧ ਸੰਗਤ ਦੇ ਜੂਠੇ ਕੌਲਿਆਂ ਦੇ ਮਾਂਜਣ ਦੀ ਸੇਵਾ ਕਰਦੇ ਸਨ। ਇਕ ਵਜੇ ਦੇ ਕਰੀਬ ਇਕ ਹੋਰ ਸਾਥੀ ਨੂੰ ਨਾਲ ਲੈ ਕੇ ਸਿਰ ਉੱਪਰ ਪ੍ਰਸ਼ਾਦਿਆਂ ਦਾ ਟੋਕਰਾ ਤੇ ਹੱਥ ਵਿਚ ਦਾਲ ਦੀ ਬਾਲਟੀ ਲੈ ਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਚਲੇ ਜਾਂਦੇ ਤੇ ਲੋੜਵੰਦਾਂ ਨੂੰ ਲੱਭ ਲੱਭ ਕੇ, ਲੁਕ ਲੁਕ ਕੇ ਬੈਠੇ ਪ੍ਰੇਮੀਆਂ ਨੂੰ ਪ੍ਰਸ਼ਾਦੇ ਵੰਡਦੇ।

ਜਦ ਤੋਂ ਆਪ ਜੀ ਨੇ ਧਰਮਸਾਲਾ ਆਟਾ ਮੰਡੀ ਵਿਖੇ ਨਿਵਾਸ ਕਰਨਾ ਸ਼ੁਰੂ ਕੀਤਾ ਤਾਂ 'ਗੋਬਿੰਦ ਸੰਗਤ' ਵਾਸਤੇ ਹਰ ਰੋਜ਼ ਲੰਗਰ ਤਿਆਰ ਕੀਤਾ ਜਾਂਦਾ ਸੀ ਤੇ ਉਨ੍ਹਾਂ ਨੂੰ ਛਕਾਇਆ ਜਾਂਦਾ ਸੀ। ਸੰਤ ਬਾਬਾ ਜੀ ਆਪ ਉਨ੍ਹਾਂ ਦੇ ਜੂਠੇ ਕੌਲੇ ਮਾਂਜਦੇ ਸਨ। ਸੰਤ ਬਲਵੰਤ ਸਿੰਘ ਜੀ ਕਨਖਲ ਵਾਲਿਆਂ ਨੇ ਲੇਖਕ ਨੂੰ ਦੱਸਿਆ ਹੈ ਕਿ ਇਕ ਦਿਨ ਉਹਨਾਂ ਨੇ ਸੰਤਾਂ ਪ੍ਰਤੀ ਬੇਨਤੀ ਕੀਤੀ ਕਿ ਮਹਾਰਾਜ ਜੀ ਬਾਹਰ ਮੰਗਤੇ ਬੈਠੇ ਹਨ। ਸੰਤ ਬਾਬਾ ਜੀ ਨੇ ਉਨ੍ਹਾਂ ਪ੍ਰਤੀ ਹੁਕਮ ਕੀਤਾ ਕਿ ਐਸਾ ਫਿਰ ਨਹੀਂ ਕਹਿਣਾ, ਉਨ੍ਹਾਂ ਨੂੰ 'ਗੋਬਿੰਦ ਸੰਗਤ' ਕਹਿਣਾ ਚਾਹੀਦਾ ਹੈ, ਮੰਗਤੇ ਤਾਂ ਅਸੀਂ ਹਾਂ। ਉਸ ਦਿਨ ਤੋਂ ਉਨ੍ਹਾਂ ਦਾ ਨਾਮ 'ਗੋਬਿੰਦ ਸੰਗਤ' ਪੈ ਗਿਆ। ਲੰਗਰ ਵਰਤਾਉਣ ਵੇਲੇ ਸ੍ਰੀ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਉਚਾਰਦੇ। ਉਨ੍ਹਾਂ ਨੂੰ ਪ੍ਰਸ਼ਾਦ ਛਕਾਉਣ ਤੋਂ ਮਗਰੋਂ ਡੇਰੇ ਦੇ ਪ੍ਰੇਮੀਆਂ ਦੀ ਪੰਗਤ ਲੱਗਦੀ ਸੀ, ਆਮ ਤੌਰ ਤੇ ਪਾਸ ਬੈਠੇ ਪ੍ਰੇਮੀ ਦੀ ਥਾਲੀ ਆਪ ਲੈ ਲੈਣੀ ਤੇ ਉਸ ਦੇ ਅੱਗੇ ਆਪਣੀ ਥਾਲੀ ਕਰ ਦੇਣੀ, ਕਿ ਕਿਤੇ ਸੇਵਾਦਾਰ ਨੇ ਆਪ ਦੀ ਦਾਲ ਵਿਚ ਵੱਖਰਾ ਘਿਉ ਨਾ ਪਾ ਦਿਤਾ ਹੋਵੇ, ਯਾ ਕੋਈ ਸੁੰਦਰ ਚੀਜ਼ ਵੱਖਰੀ ਨਾ ਬਣਾ ਦਿਤੀ

ਹੋਵੇ। ਪ੍ਰਸ਼ਾਦ ਛਕਣ ਤੋਂ ਉਪਰੰਤ ਬਾਬਾ ਜੀ ਘੰਟਾ ਭਰ ਆਰਾਮ ਕਰਦੇ ਸਨ। ਤਿੰਨ ਵਜੇ ਦੇ ਕਰੀਬ ਭਾਈ ਠਾਕਰ ਸਿੰਘ ਜੀ ਗੁੰਥੀ ਨਿਤਾ ਪ੍ਰਤੀ ਕਥਾ ਕਰਦੇ, ਕਥਾ ਤੋਂ ਉਪਰੰਤ ਬਾਬਾ ਜੀ ਆਪਣੀ ਧਰਮਸਾਲਾ ਵਿਖੇ ਕੀਰਤਨ ਦੀ ਚੌਂਕੀ ਕਰਦੇ ਸਨ।

ਆਪ ਜੀ ਦਾ ਇਕ ਖ਼ਾਸ ਨਿਯਮ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਝਾੜੂ ਦੀ ਸੇਵਾ ਕਰਨੀ। ਬਾਬਾ ਜੀ ਛੋਟੀ ਪ੍ਰਕਰਮਾ ਕਰਦਿਆਂ ਮੁਖੋਂ ਪਾਠ ਕਰਦਿਆਂ ਲੰਘੀ ਜਾਂਦੇ ਤੇ ਪੰਛੀਆਂ ਦੀਆਂ ਵਿੱਠਾਂ ਤੇ ਖੰਭ ਚੁਕੀ ਜਾਂਦੇ ਸਨ। ਨਜ਼ਰ ਹਮੇਸ਼ਾਂ ਨੀਵੀਂ ਰਖਦੇ, ਤੇ ਬ੍ਰਿਤੀ ਸਦਾ ਇਕਾਗਰ। ਆਪ ਪਾਸ ਇਕ ਝੋਲਾ ਹੁੰਦਾ ਸੀ ਵਿੱਠਾਂ ਤੇ ਖੰਭ ਪਾਉਣ ਵਾਸਤੇ, ਇਸ ਵਿਚ ਖੁਰਪੀ ਤੇ ਛੋਟਾ ਝਾੜੂ ਨਾਲ ਰਖਦੇ, ਭਾਈ ਠਾਕਰ ਸਿੰਘ ਜੀ ਦੱਸਦੇ ਹਨ ਕਿ ਦਾਸ ਨੂੰ ਤੇ ਹੋਰ ਪ੍ਰੇਮੀਆਂ ਨੂੰ ਇਹ ਸੇਵਾ ਕਰਦਿਆਂ ਵੇਖ ਕੇ ਸੰਤ ਬਾਬਾ ਜੀ ਬੜੇ ਪ੍ਰਸੰਨ ਹੁੰਦੇ ਤੇ ਸਹਿਜੇ ਹੀ ਮੁਸਕ੍ਰਾਉਣ ਲੱਗ ਪੈਂਦੇ, ਜਿਸ ਨਾਲ ਸੇਵਾਦਾਰ ਦਾ ਹੋਰ ਉਤਸ਼ਾਹ ਵਧ ਜਾਂਦਾ ਸੀ।

ਸ਼ਾਮ ਨੂੰ ਸੋਦਰ ਦੇ ਦੀਵਾਨ ਵਿਖੇ ਕੀਰਤਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਭ ਤੋਂ ਪਹਿਲਾਂ ਪੁਜਦੇ ਤੇ ਦਰੀਆਂ ਵਿਛਾਉਣ ਦੀ ਸੇਵਾ ਕਰਦੇ। ਰਾਗੀ ਸਿੰਘਾਂ ਦੇ ਆਉਣ ਤੋਂ ਪਹਿਲਾਂ ਆਪ ਕੀਰਤਨ ਕਰਦੇ, ਰਹਿਰਾਸ ਦੇ ਪਾਠ ਤੋਂ ਉਪਰੰਤ ਫਿਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਹਾਜ਼ਰੀ ਭਰਦੇ। ਅੱਠਾਂ ਪਹਿਰਾਂ ਵਿਚ ਆਪ ਜੀ ਮਸਾਂ ਚਾਰ ਘੰਟੇ ਆਰਾਮ ਕਰਦੇ, ਬਾਕੀ ਸਾਰਾ ਸਮਾਂ ਸ੍ਵਾਸ ਸ੍ਵਾਸ ਨਾਮ ਜਪਦੇ ਤੇ ਸਰੀਰ ਨੂੰ ਸਤਿਗੁਰਾਂ ਦੀ ਸੇਵਾ, ਪਰਉਪਕਾਰ ਤੇ ਹਰੀ ਕੀਰਤਨ ਵਿਚ ਸਫ਼ਲ ਕਰਦੇ ਸਨ। ਰਾਤ ਨੂੰ ਨੌਂ ਵਜੇ ਵਡੀ ਚੌਂਕੀ ਸਾਹਿਬ, ਜੋ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਚੜ੍ਹਦੀ ਹੈ, ਉਸ ਦੇ ਦਰਸ਼ਨ ਕਰਕੇ ਕਈ ਵੇਰ ਪ੍ਰਕਰਮਾਂ ਵਿਚ ਆਪਣੇ ਸੇਵਕ ਭਾਈ ਦੀਵਾਨ ਸਿੰਘ ਹੋਰਾਂ ਦੇ ਬੁੰਗੇ ਵਿਚ ਹੀ ਸੌਂ ਜਾਂਦੇ ਰਹੇ। ਖੋਜ ਕਰਨ ਤੋਂ ਇਹ ਸਿਧ ਹੋਇਆ

ਹੈ ਕਿ ਸੰਤ ਬਾਬਾ ਜੀ ਨੇ ਲਗ ਪਗ ੭੦ ਵਰ੍ਹੇ ਸ੍ਰੀ ਦਰਬਾਰ ਸਾਹਿਬ ਵਿਖੇ ਲਗਾਤਾਰ ਹਰੀ ਕੀਰਤਨ ਦੀ ਨਿਸ਼ਕਾਮ ਸੇਵਾ ਕੀਤੀ ਸੀ।

## ਰੱਖ, ਧਾਗੇ, ਤਵੀਤ ਅਰ ਜੰਤ੍ਰ ਮੰਤ੍ਰ ਦੀ ਮਨਾਹੀ

ਸੰਤ ਬਾਬਾ ਜੀ ਬਚਨ ਕਰਿਆ ਕਰਦੇ ਸਨ ਕਿ ਭਾਈ ਰੱਖ, ਧਾਗੇ, ਤਵੀਤ ਦੇਣੇ ਅਰ ਜੰਤ੍ਰ ਮੰਤ੍ਰ ਕਰਨੇ ਪਰਮੇਸ਼ਰ ਦੇ ਰਸਤੇ ਵਿੱਚ ਵਿਘਨ ਰੂਪ ਹਨ। ਸੰਤਾਂ ਨੇ ਇਕ ਬਚਨ ਆਪਣੇ ਵਡੇ ਮਹਾਂ ਪੁਰਸ਼ਾਂ ਦਾ ਸ੍ਰੀ ਭਗਤ ਪ੍ਰੇਮ ਪ੍ਰਕਾਸ਼ ਗ੍ਰੰਥ ਵਿੱਚ ਇਸ ਸਬੰਧੀ ਇਸ ਪ੍ਰਕਾਰ ਲਿਖਿਆ ਹੈ :—

ਇਕ ਸਾਧੂ ਨੇ ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ ਪਾਸੋਂ ਸ਼ੁਭ ਸਿਖਿਆ ਮੰਗੀ "ਹੇ ਭਗਵਨ ! ਰੱਖ ਅਰ ਧਾਗੇ ਦੇਣ ਕੋ ਮੇਰਾ ਚਿਤ ਭੀ ਕਰਤਾ ਹੈ ਲੋਗੋਂ ਕੋ, ਗੋਬਿੰਦ ਕੇ ਮਾਰਗ ਮੈਂ ਵਿਘਨ ਰੂਪ ਤੋਂ ਨਹੀਂ ਹੈ, ਹੇ ਦੇਵ !" ਇਸਦੇ ਉਤ੍ਰ ਵਿਚ ਵਡੇ ਸੰਤਾਂ ਨੇ ਕੁਝ ਇਸ ਪ੍ਰਕਾਰ ਦਾ ਉਪਦੇਸ਼ ਦਿਤਾ—"ਹੇ ਭਾਈ ਇਹ ਬਾਰਤਾ ਗੋਬਿੰਦ ਮਾਰਗ ਮੇਂ ਪਹਾੜ ਕੀ ਤਰ੍ਹਾਂ ਵਿਘਨਕਾਰੀ ਹੈ, ਤੈਨੇਂ ਭੂਲ ਕਰ ਭੀ ਨਹੀਂ ਕਰਨੀ, ਕੀਤਾ ਕਰਤਾਰ ਦਾ ਹੀ ਹੁੰਦਾ ਹੈ, ਦੁਖ ਵਾ ਸੁਖ, ਪਰ ਜੀਵ ਨੂੰ ਹਉਮੈਂ ਆ ਜਾਂਦੀ ਹੈ, ਜੋ ਲੋਕ ਪਰਲੋਕ ਵਿੱਚ ਦੁਖ ਦਾ ਕਾਰਨ ਬਣਦੀ ਹੈ, ਨਾਲ ਹੀ ਭਜਨ ਦੀ ਸ਼ਕਤੀ ਭੀ ਚਲੀ ਜਾਂਦੀ ਹੈ। ਅਤੇ ਜਿਸ ਬ੍ਰਿਤੀ ਨੇ ਸ਼ਾਂਤੀ ਵਾ ਸੁਖ ਪਰਮਾਤਮਾ ਦੀ ਤਰਫ ਦਾ ਦੇਣਾ ਸੀ ਉਹ ਭੀ ਖਰਾਬ ਹੋ ਜਾਂਦੀ ਹੈ। ਕਲਿਆਣ ਦੀ ਇਛਿਆ ਵਾਲੇ ਜਗਯਾਸੂ ਨੂੰ ਪ੍ਰੇਮ ਆਨੰਦ ਸਰੂਪ ਦੀ ਪ੍ਰਾਪਤੀ ਵਾਸਤੇ ਇਹ ਬਾਰਤਾ ਤਿਆਗਣੇ ਯੋਗ ਹੈ।" ਐਸੇ ਸੁਣ ਕਰ, ਭੈ ਪਾਇ ਕਰ, ਭਗਵੰਤ ਪ੍ਰੀਤ ਅਰਥ, ਉਸ ਸਾਧੂ ਨੇ ਆਪਣੇ ਹਿਰਦੇ ਵਿਚੋਂ ਜੰਤ੍ਰ ਮੰਤ੍ਰ ਕਰਨੇ ਦੀ ਵਾਸ਼ਨਾ ਤਿਆਗ ਦਿਤੀ।

## ਝੂਠੀ ਮਾਇਆ ਲਈ ਅਰਦਾਸ ਕਰਨੀ

ਜਦੋਂ ਸੰਤ ਬਾਬਾ ਸ਼ਾਮ ਸਿੰਘ ਜੀ ਮਹਤ ਸੋਭਾ ਰਾਮ ਜੀ ਦੀ ਵੱਡੀ ਧਰਮਸ ਲਾ ਅੱਡਣਸ਼ਾਹੀਆਂ ਵਿਚ ਨਿਵਾਸ ਰਖਦੇ ਸਨ ਤਾਂ ਉਥੇ ਦੇ ਮਹੰਤ, ਭਾਈ ਕਲਿਆਣ ਦਾਸ ਜੀ ਹਰ ਰੋਜ਼ ਇਕ ਰੁਪੱਯਾ ਤੇ ਆਟਾ ਗੁਰੂ ਕੇ ਲੰਗਰ ਵਾਸਤੇ ਦੇਂਦੇ ਹੁੰਦੇ ਸਨ। ਭਾਈ ਕਿਸ਼ਨ ਚੰਦ ਜੀ ਨੇ ਮੁਲਤਾਨ ਤੋਂ ਆ ਕੇ ਮੁਕੱਦਮਾ ਕੀਤਾ ਕਿ ਮਹੰਤੀ ਮੇਰਾ ਹੱਕ ਹੈ। ਮਹੰਤ ਭਾਈ ਕਲਿਆਣ ਦਾਸ ਜੀ ਨੇ ਸੰਤ ਬਾਬਾ ਜੀ ਅੱਗੇ ਬੇਨਤੀ ਕੀਤੀ ਕਿ ਆਪ ਮੇਰੇ ਮੁਕੱਦਮੇ ਵਾਸਤੇ ਸਤਿਗੁਰਾਂ ਅੱਗੇ ਅਰਦਾਸ ਕਰੋ। ਸੰਤਾਂ ਨੇ ਬਚਨ ਕੀਤਾ "ਭਾਈ ਝੂਠੀ ਮਾਇਆ ਦੀ ਕੀ ਅਰਦਾਸ ਕਰਨੀ ਹੈ।" ਮਹੰਤ ਸਾਹਿਬ ਦੇ ਹਰ ਰੋਜ਼ ਕਹਿਣੇ ਕਰਕੇ, ਇਕ ਦਿਨ ਸੰਤਾਂ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਦੇ ਸਾਮ੍ਹਣੇ ਖੜੇ ਹੋ ਕੇ ਕੁਛ ਇਸ ਪ੍ਰਕਾਰ ਦੇ ਅੱਖਰਾਂ ਵਿਚ ਅਰਦਾਸ ਕੀਤੀ :–

'ਹੇ ਸੋਢੀ ਸੁਲਤਾਨ, ਇਹ ਮਹੰਤ ਹਰ ਰੋਜ਼ ਲੰਗਰ ਵਾਸਤੇ ਇਕ ਰੁਪਿਆ ਤੇ ਆਟਾ ਅਰਦਾਸ ਕਰਾਉਂਦਾ ਹੈ, ਇਹ ਝੂਠੀ ਮਾਇਆ ਦੀ ਮਹੰਤੀ ਮੰਗਦਾ ਹੈ, ਅਗੋਂ ਆਪ ਮਾਲਕ ਹੋ।' ਤਾਂ ਉਸੇ ਦਿਨ ਮਹਤ ਕਿਸ਼ਨ ਚੰਦ ਨੂੰ, ਜਿਸ ਨੇ ਮੁਕੱਦਮਾ ਦਾਇਰ ਕੀਤਾ ਸੀ, ਮੁਲਤਾਨ ਤੋਂ ਸੱਦਾ ਆ ਗਿਆ ਕਿ ਝਟ ਪਟ ਵਾਪਸ ਆ ਜਾਓ। ਉਹ ਵਾਪਸ ਚਲਾ ਗਿਆ ਤੇ ਉਸਦਾ ਮੁਕੱਦਮਾ ਖ਼ਾਰਜ ਹੋ ਗਿਆ। ਭਾਈ ਕਲਿਆਣ ਦਾਸ ਜੀ ਦੀ ਮਹੰਤੀ ਉਹਨਾਂ ਦੇ ਪਾਸ ਰਹਿ ਗਈ। ਉਸ ਦਿਨ ਤੋਂ ਸੰਤ ਬਾਬਾ ਜੀ ਨੇ ਮਹੰਤ ਸਾਹਿਬ ਪਾਸੋਂ ਲੰਗਰ ਲਈ ਉਸਦੀ ਭੇਟਾ ਲੈਣੀ ਬੰਦ ਕਰ ਦਿਤੀ।

## ਸੰਤਾਂ ਦੀ ਜੈ, ਕਿ ਮਾਇਆ ਦੀ ਜੈ

ਇਕ ਦਿਨ ਸੰਤ ਬਾਬਾ ਜੀ ਵੱਡੀ ਧਰਮਸਾਲਾ ਵਿਖੇ ਕਥਾ

ਕਰਨ ਲੱਗੇ ਸਨ ਤਾਂ ਇਹ ਗੁਰ-ਵਾਕ ਆਇਆ :

'ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥'
[ਗੂਜਰੀ ਮਹਲਾ ੫

ਇਹ ਸ਼ਬਦ ਪੜ੍ਹਦੇ ਸਨ ਕਿ ਅਚਨਚੇਤ ਇਕ ਗ੍ਰਿਹਸਤੀ ਅਤੇ ਉਸ ਦੀ ਧਰਮ-ਪਤਨੀ, ਜਿਸ ਨੇ ਸੁੰਦਰ ਬਸਤ੍ਰ ਤੇ ਬਿਭੂਖਣ ਪਹਿਰੇ ਹੋਏ ਸਨ, ਹੱਥ ਵਿਚ ਪ੍ਰਸ਼ਾਦਿ ਦਾ ਵੱਡਾ ਥਾਲ ਤੇ ਮਾਇਆ ਵੀ ਨਾਲ ਲੈ ਕੇ, ਉੱਪਰ ਚੁਬਾਰੇ ਚੜ੍ਹ ਚੱਲੇ, ਜਿਥੇ ਇਕ ਹੋਰ ਸੰਤ ਉਤਰੇ ਹੋਏ ਸਨ, ਉਨ੍ਹਾਂ ਦੇ ਦਰਸ਼ਨ ਕਰਨ ਲਈ। ਇਹ ਦੇਖ ਕੇ ਸੰਤ ਬਾਬਾ ਜੀ ਨੇ ਹੌਲੇ ਜਿਹੇ ਬਚਨ ਉਚਾਰਿਆ 'ਕਿ ਭਾਈ ਦੇਖੀਏ ਸੰਤਾਂ ਦੀ ਜੈ ਹੁੰਦੀ ਹੈ ਕਿ ਮਾਇਆ ਦੀ।'

ਭਾਵ ਜੇਕਰ ਸੰਤ ਜੀ, ਜੋ ਉਪਰੋਂ ਹੇਠਾਂ ਕਥਾ ਦੇ ਦੀਵਾਨ ਵੱਲ ਆ ਰਹੇ ਹਨ ਜੇ ਵਾਪਸ ਚੁਬਾਰੇ ਅੰਦਰ ਚਲੇ ਗਏ ਤਾਂ ਮਾਇਆ ਦੀ ਜੈ ਸਮਝੋ, ਤੇ ਜੇਕਰ ਸੰਤ ਕਥਾ ਵਿਚ ਹਾਜ਼ਿਰ ਹੋ ਗਏ ਤਾਂ ਸੰਤਾਂ ਦੀ ਜੈ ਹੋਵੇਗੀ। ਸੰਤ ਜੀ ਹੇਠਾਂ ਉਤਰ ਆਏ ਤੇ ਪ੍ਰੇਮੀ ਨੂੰ ਕਿਹਾ ਕਿ ਭਾਈ ਕਥਾ ਦਾ ਸਮਾਂ ਹੈ, ਸਤਿਗੁਰਾਂ ਦਾ ਵਾਕ ਹੈ :— 'ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥

ਸੋ ਪ੍ਰਸ਼ਾਦਿ ਉਥੇ ਹੀ ਲੈ ਚੱਲੋ ਤੇ ਤੁਸੀਂ ਵੀ ਕਥਾ ਸੁਣੋ। ਆਪ ਨੇ ਉਨ੍ਹਾਂ ਦੇ ਪ੍ਰਸ਼ਾਦਿ ਤੇ ਮਾਇਆ ਦਾ ਲਾਲਚ ਨਾ ਕੀਤਾ। ਪ੍ਰਸ਼ਾਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਰੱਖ ਕੇ ਭੇਟਾ ਕੀਤਾ ਗਿਆ ਤੇ ਸਾਧ ਸੰਗਤ ਵਿਚ ਵਰਤਾ ਦਿੱਤਾ ਗਿਆ।

## ਤਮਾਕੂ ਵਰਤਣ, ਵੇਚਣ ਵਾਲੇ ਤੋਂ ਤਮਾਕੂ ਛੁਡਾਣਾ

ਭਾਈ ਚੇਤ ਰਾਮ ਸ਼ਿਕਾਰ ਪੁਰੀਏ, ਜਿਨ੍ਹਾਂ ਦੀ ਦੁਕਾਨ

ਧਰਮਸਾਲਾ ਮਜੀਠ ਮੰਡੀ ਦੇ ਪਾਸ ਸੀ, ਲੌਢੇ ਵੇਲੇ ਨੇਮ ਨਾਲ ਕਥਾ ਵਿਚ ਹਾਜ਼ਰੀ ਭਰਦੇ ਸਨ। ਇਕ ਦਿਨ ਇਹਨਾਂ ਨ ਲੰਗਰ ਵਿਚੋਂ ਘੜਾ ਚੁੱਕ ਕੇ ਜਲ ਨਾਲ ਭਰ ਕੇ ਲਿਆਂਦਾ, ਤਾਂ ਸੰਤਾਂ ਨੇ ਘੜਾ ਉਸ ਪਾਸੋਂ ਲੈ ਕੇ ਤੋੜ ਦਿੱਤਾ। ਭਾਈ ਚੇਤ ਰਾਮ ਨਿਮੋਝੂਣਾ ਹੋ ਕੇ ਆਪਣੇ ਘਰ ਚਲਾ ਗਿਆ।

ਕੁਝ ਪ੍ਰੇਮੀਆਂ ਨੇ ਸੰਤ ਬਾਬਾ ਜੀ ਨੂੰ ਭਾਈ ਚੇਤ ਰਾਮ ਦੇ ਸਾਹਮਣੇ ਉਸ ਨੂੰ ਸੇਵਾ ਤੋਂ ਹਟਾਉਣ ਦਾ ਕਾਰਨ ਪੁੱਛਿਆ, ਤਾਂ ਸੰਤਾਂ ਨੇ ਇਹ ਬਚਨ ਕੀਤਾ ਕਿ ਇਹ ਜਗਤ-ਜੂਠ ਭਾਵ ਤਮਾਕੂ ਵਰਤਦਾ ਹੈ। ਆਪ ਜੀ ਨੇ ਸ੍ਰੀ ਕਲਗੀਧਰ ਮਹਾਰਾਜ ਜੀ ਦੀ ਇਕ ਸਾਖੀ ਸੁਣਾਈ, ਜੋ ਇਸ ਪ੍ਰਕਾਰ ਹੈ :–

ਇਕ ਦਿਨ ਸ੍ਰੀ ਦਸਮ ਪਾਤਸ਼ਾਹ ਆਪਣੀ ਮੌਜ ਵਿਚ ਸੈਰ ਕਰ ਰਹੇ ਸਨ, ਤਾਂ ਆਪ ਦਾ ਘੋੜਾ ਅਗੇ ਪੈਰ ਨਾ ਧਰੇ।ਸੰਗਤ ਅਸਚਰਜ ਹੋਈ ਕਿ ਇਸ ਦਾ ਕੀ ਕਾਰਨ ਹੈ, ਤਾਂ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਇਸ ਧਰਤੀ ਨੂੰ ਵੇਖੋ। ਜਦ ਸਿੰਘਾਂ ਨੇ ਦੇਖਿਆ ਤਾਂ ਉਸ ਵਿਚ ਤਮਾਕੂ ਬੀਜਿਆ ਹੋਇਆ ਸੀ। ਇਸ ਕਾਰਨ ਘੋੜਾ ਉਸ ਧਰਤੀ ਵਿਚ ਪੈਰ ਨਹੀਂ ਧਰਦਾ ਸੀ। ਇਹ ਵਾਰਤਾ ਸੁਣ ਕੇ ਭਾਈ ਚੇਤ ਰਾਮ ਜੀ ਦੇ ਮਨ ਵਿਚ ਤੀਰ ਲੱਗਾ।

'ਕਬੀਰ ਸਤਿਗੁਰੁ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ' ॥੧੯੪॥

ਭਾਈ ਚੇਤ ਰਾਮ ਨੇ ਆਪਣੇ ਮਨ ਨੂੰ ਬੜੀਆਂ ਫਿਟਕਾਰਾਂ ਪਾਈਆਂ, ਤੇ ਆਪਣੀ ਦੁਕਾਨ ਤੇ ਜਾ ਕੇ ਸਾਰੇ ਹੁੱਕੇ ਤੇ ਤੰਬਾਕੂ ਬਾਜ਼ਾਰ ਵਿਚ ਸੁੱਟ ਦਿਤੇ। ਇਕ ਆਦਮੀ ਨੇ ਕਿਹਾ ਕਿ ਭਾਈ ਜੀ ਇਹ ਬੜਾ ਕੀਮਤੀ ਪਿੱਤਲ ਹੈ, ਤੁਸੀਂ ਕਿਉਂ ਬਾਹਰ ਸੁੱਟਦੇ ਹੋ ? ਤਾਂ ਇਹਨਾਂ ਨੇ ਉੱਤਰ ਦਿਤਾ, ਕਿ ਜੇ ਤੈਨੂੰ ਲੋੜ ਹੈ ਤਾਂ ਤੂੰ ਲੈ ਜਾ; ਇਹ ਹੁਣ ਮੇਰੇ ਕਿਸੇ ਕੰਮ ਨਹੀਂ। ਇਸ ਤੋਂ ਉਪਰੰਤ ਭਾਈ ਚੇਤ ਰਾਮ ਨੇ ਪੱਕਾ ਪ੍ਰਣ ਕੀਤਾ ਕਿ ਤਮਾਕੂ ਨੂੰ ਹੱਥ ਤਕ ਨਹੀਂ

ਲਗਾਵਾਂਗਾ। ਜਦ ਸੰਤ ਬਾਬਾ ਜੀ ਨੇ ਇਹ ਵਾਰਤਾ ਸੁਣੀ, ਤਾਂ ਆਪ ਜੀ ਨੇ ਬੜੇ ਪ੍ਰਸੰਨ ਹੋ ਕੇ ਇਕ ਗੁਟਕਾ ਉਸ ਨੂੰ ਪਾਠ ਕਰਨ ਲਈ ਦਿੱਤਾ; ਉਸ ਨੂੰ ਸ਼ੁਭ ਸਿਖਿਆ ਬਖਸ਼ੀ ਅਤੇ ਪ੍ਰਸ਼ਾਦਿ ਭੀ ਦਿਤਾ ਤੇ ਗੁਰਸਿੱਖੀ ਦੇ ਰਸਤੇ ਟੋਰ ਦਿਤਾ।

## ਲੰਗਰ ਲਈ ਪਾਥੀਆਂ ਪੱਥਣਾ

ਜਦੋਂ ਸੰਤ ਬਾਬਾ ਜੀ ਧਰਮਸਾਲਾ ਮਜੀਠ ਮੰਡੀ ਵਿਖੇ ਨਿਵਾਸ ਕਰਦੇ ਸਨ, ਉਥੇ ਲੰਗਰ ਵਿਚ ਗੋਹੇ ਬਾਲੇ ਜਾਂਦੇ ਸਨ। ਗੋਹਾ ਡੇਰੇ ਦੇ ਪਸ਼ੂਆਂ ਦਾ ਹੁੰਦਾ ਸੀ, ਤੇ ਬਾਹਰੋਂ ਲਿਆ ਕੇ ਵੀ ਪੱਥਿਆ ਜਾਂਦਾ ਸੀ। ਪੱਥਣ ਵਿਚ ਡੇਰੇ ਦੇ ਸਾਰੇ ਵਸਨੀਕਾਂ ਨੂੰ, ਜਿਹੜੇ ਡੇਰੇ ਦੇ ਲੰਗਰ ਵਿਚ ਪ੍ਰਸ਼ਾਦਿ ਛਕਦੇ ਸਨ, ਹਿੱਸਾ ਲੈਣਾ ਪੈਂਦਾ ਸੀ। ਸੰਤ ਜੀ ਵੀ ਡੇਰੇ ਦੇ ਰਿਵਾਜ ਅਨੁਸਾਰ ਪਾਥੀਆਂ ਆਪ ਪੱਥਿਆ ਕਰਦੇ ਸਨ, ਪਰ ਆਪਣਾ ਲੰਗਰ ਵੱਖਰਾ ਤਿਆਰ ਕੀਤਾ ਕਰਦੇ ਸਨ ਤੇ ਸੰਗਤਾਂ ਨੂੰ ਬੀ ਛਕਾਉਂਦੇ ਸਨ। ਆਪਨੂੰ ਬੀ ਵਰਤਣ ਲਈ ਪਾਥੀਆਂ ਇਥੋਂ ਹੀ ਮਿਲਦੀਆਂ ਸਨ। ਕੁਝ ਸਮਾਂ ਪਾ ਕੇ ਡੇਰੇ ਵਾਲਿਆਂ ਨੇ ਸੰਤਾਂ ਨੂੰ ਪਾਥੀਆਂ ਦੇਣ ਤੋਂ ਨਾਂਹ ਕਰ ਦਿਤੀ। ਸ਼ਹਿਰ ਦੇ ਵਿਚ ਸੰਤਾਂ ਦੇ ਕਈ ਪ੍ਰੇਮੀ ਸਨ, ਜਿਨ੍ਹਾਂ ਵਿਚੋਂ ਇਕ ਭਾਈ ਜੀਤ ਸਿੰਘ ਜੀ ਆਟੇ ਵਾਲੇ ਸਨ। ਇਨ੍ਹਾਂ ਨੂੰ ਮਿਲ ਕੇ ਸੰਤਾਂ ਨੇ ਕਿਹਾ, ਪਿੰਡਾਂ ਦੇ ਆਦਮੀ ਪਾਥੀਆਂ ਵੇਚਣ ਵਾਲੇ ਸ਼ਹਿਰ ਵਿਚ ਆਉਂਦੇ ਰਹਿੰਦੇ ਹਨ, ਜੇ ਕੋਈ ਮਿਲ ਜਾਵੇ ਤਾਂ ਦੋ ਚਾਰ ਖੋਤਿਆਂ ਦੇ ਭਾਰ ਸਾਨੂੰ ਸੁਟਵਾ ਦੇਣੇ, ਬਾਲਣ ਦਾ ਬੋਝ ਹੁਣ ਅਸਾਂ ਡੇਰੇ ਉਤੇ ਨਹੀਂ ਪਾਉਣਾ। ਉਸ ਦਿਨ ਤੋਂ ਲੈਕੇ, ਆਪਣੇ ਲੰਗਰ ਲਈ ਪਾਥੀਆਂ ਦਾ ਬਾਲਣ ਆਪ ਖਰੀਦ ਕੇ ਬਾਲਦੇ ਰਹੇ, ਡੇਰੇ ਵਾਲਿਆਂ ਤੋਂ ਨਹੀਂ ਲਿਆ, ਪਰ ਡੇਰੇ ਵਾਸਤੇ ਜਿਹੜੀਆਂ ਪਾਥੀਆਂ ਪੱਥੀਆਂ ਜਾਂਦੀਆਂ ਸਨ, ਉਨ੍ਹਾਂ ਨੂੰ ਪੱਥਣ ਵਾਸਤੇ ਸੇਵਾ ਅਗੇ ਵਾਂਗ ਹੀ ਆਪ ਕਰਦੇ ਰਹੇ।

ਮਹੰਤਾਂ ਦੇ ਡੇਰੇ ਦੇ ਕੁਝ ਸਜਣਾਂ ਨੇ ਆਪਨੂੰ ਇਹ ਗੱਲ ਜਤਾਈ, ਕਿ ਪਾਥੀਆਂ ਪੱਥਣਾ ਡੇਰੇ ਵਾਲਿਆਂ ਦਾ ਫਰਜ਼ ਹੈ ਜੋ ਲੰਗਰ ਵਿਚੋਂ ਪ੍ਰਸ਼ਾਦ ਛਕਣ। ਜਦ ਤੁਸੀਂ ਆਪਣੇ ਲੰਗਰ ਵਾਸਤੇ ਬੀ ਡੇਰੇ ਵਿਚੋਂ ਪਾਥੀਆਂ ਨਹੀਂ ਲੈਂਦੇ, ਤਦ ਤੁਹਾਨੂੰ ਪਾਥੀਆਂ ਪੱਥਣ ਦੀ ਕੀ ਲੋੜ ਹੈ ? ਇਹ ਗਲ ਸੁਣ ਕੇ ਸੰਤ ਜੀ ਮੁਸਕਰਾ ਦੇਂਦੇ ਰਹੇ। ਇਕ ਦਿਨ ਜਦ ਉਨ੍ਹਾਂ ਨੇ ਆਪ ਨੂੰ ਬਹੁਤ ਜ਼ੋਰ ਦੇ ਕੇ ਰੋਕਿਆ ਤਦ ਸੰਤਾਂ ਨੇ ਕਿਹਾ, ਕਿ ਭਾਈ ਇਹ ਗੋਹੇ ਪੱਥਣ ਲਈ ਅਸਾਂ ਇਕ ਸਮਾਂ ਨੀਯਤ ਕੀਤਾ ਹੋਇਆ ਹੈ, ਜੇ ਗੋਹੇ ਪੱਥਣੇ ਛਡ ਦਿਤੇ; ਤਦ ਇਹ ਸਮਾਂ ਸਾਡਾ ਵਿਹਲਾ ਹੋ ਜਾਵੇਗਾ । ਵਿਹਲੇ ਆਦਮੀ ਦਾ ਚਿਤ ਵਿਕਾਰ ਵਲ ਜਾਂਦਾ ਹੈ, ਇਸ ਲਈ ਕੋਈ ਨਾ ਕੋਈ ਕਾਰ ਕਰਦਿਆਂ ਰਹਿਣਾ ਹੀ ਚੰਗਾ ਹੈ; ਫਿਰ ਜਿਹੜਾ ਗੋਹਾ ਅਸੀਂ ਪੱਥਦੇ ਹਾਂ, ਇਸ ਦੇ ਨਾਲ ਡੇਰੇ ਵਿਚ ਸਾਧਾਂ, ਸੰਤਾਂ, ਮਹੰਤਾਂ ਦਾ ਪ੍ਰਸ਼ਾਦਿ ਤਿਆਰ ਹੁੰਦਾ ਹੈ । ਆਏ ਗਏ ਅਤਿਥੀ ਨੂੰ ਭੀ ਇਸ ਲੰਗਰ ਵਿਚੋਂ ਭੋਜਨ ਮਿਲਦਾ ਹੈ, ਅਸੀਂ ਸੇਵਾ ਕਿਉਂ ਛੱਡੀਏ।

ਆਪ ਜਦ ਤਕ ਇਸ ਡੇਰੇ ਵਿਚ ਰਹੇ, ਪਾਥੀਆਂ ਪੱਥਣ ਦੀ ਸੇਵਾ ਇਸੇ ਤਰ੍ਹਾਂ ਕਰਦੇ ਹੀ ਰਹੇ।

## ਦਸਾਂ ਨਹੁੰਆਂ ਦੀ ਕਿਰਤ ਦੀ ਬਰਕਤ

ਸੰਤ ਬਾਬਾ ਸ਼ਾਮ ਸਿੰਘ ਜੀ ਪਾਸ ਹਰ ਵੇਲੇ ਪੰਦਰਾਂ ਵੀਹ ਆਦਮੀ ਰਿਹਾ ਕਰਦੇ ਸਨ, ਜੋ ਡੇਰੇ ਵਿਚ ਬੈਠੇ ਨਾਮ ਜਪਦੇ, ਬਾਣੀ ਸੁਣਦੇ, ਸੰਗਤ ਦੀ ਸੇਵਾ ਕਰਦੇ ਜਾਂ ਕਥਾ ਕੀਰਤਨ ਵਿਚ ਰਸ-ਲੀਨ ਰਹਿੰਦੇ ਸਨ।

ਇਕ ਦਿਨ ਦਸਾਂ ਨਹੁੰਆਂ ਦੀ ਕਿਰਤ ਕਮਾਈ ਦਾ ਜ਼ਿਕਰ ਛਿੜ ਪਿਆ, ਸੰਤਾਂ ਨੇ ਬਚਨ ਕੀਤਾ ਕਿ ਧਰਮ ਦੀ ਕਮਾਈ ਵਿਚ ਬਰਕਤ ਹੁੰਦੀ ਹੈ–ਖਾਣ ਵਾਲੇ ਲਈ ਸੁਖਦਾਈ ਹੁੰਦੀ ਹੈ, ਜੇ ਕਿਧਰੇ ਧਰਮ ਅਰਥ ਦਿੱਤੀ ਜਾਏ ਤਾਂ ਫਲਦਾਇਕ ਹੁੰਦੀ ਹੈ;



 www.sikhbookclub.com

ਇਸ ਦੇ ਉਲਟ ਹਰਾਮ ਦੀ ਕਮਾਈ ਜਿਸ ਪਾਸ ਜਾਵੇ ਉਸ ਲਈ ਦੁਖਦਾਈ ਹੁੰਦੀ ਹੈ, ਤੇ ਜਿਥੇ ਜਾਏ ਦੁੱਖ ਪੈਦਾ ਕਰਦੀ ਹੈ।

ਆਪ ਨੇ ਪ੍ਰਸੰਗ ਸੁਣਾਇਆ ਕਿ ਇਕ ਵਾਰੀ ਇਕ ਮਾਈ ਰੁਪਈਆਂ ਦਾ ਥਾਲ ਭਰਕੇ ਸੰਤ ਭਾਈ ਮੂਲਾ ਸਾਹਿਬ ਜੀ ਪਾਸ ਲਿਆਈ, ਤੇ ਹੱਥ ਜੋੜ ਕੇ ਸੰਤਾਂ ਦੇ ਅੱਗੇ ਥਾਲ ਰੱਖ ਦਿਤਾ। ਸੰਤ ਪਹਿਲਾਂ ਤਾਂ ਚੁਪ ਰਹੇ, ਫਿਰ ਥਾਲ ਵਿਚ ਪਏ ਰੁਪਈਆਂ ਵੱਲ ਤੱਕਿਆ, ਫਿਰ ਮਾਈ ਵਲ ਤੱਕਿਆ, ਤੇ ਇਹ ਸ਼ਬਦ ਪੜ੍ਹਿਆ :-

'ਨਾਨਕ ਦੁਨੀਆਂ ਭਸੁ ਰੰਗੁ ਭਸੂ ਹੂ ਭਸੁ ਖੇਹ ॥
ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥
ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥
ਅਗੈ ਲੇਖੈ ਮੰਗਿਐ, ਹੋਰ ਦਸੂਣੀ ਪਾਇ ॥'

[ਸਾਰੰਗ ਵਾਰ ਮ: ੧-੮

"ਮਾਈ ! ਇਹ ਥਾਲ ਭੱਸ ਦਾ ਕਿਉਂ ਲਿਆਈ ਹੈਂ ? ਇਹ ਅਸਾਡੇ ਕਿਸ ਕੰਮ ? ਜਾਹ ਲੈ ਜਾ, ਅਸਾਂ ਇਹ ਸੁਆਹ ਕੀ ਕਰਨੀ ਹੈ ?" ਸੰਤਾਂ ਨੇ ਥਾਲ ਵਾਪਸ ਕਰ ਦਿੱਤਾ, ਮਾਈ ਡਰਦੀ ਤੇ ਕੰਬਦੀ ਓਹ ਥਾਲ ਲੈ ਕੇ ਟੁਰ ਪਈ। ਸੰਤਾਂ ਦਾ ਇਕ ਚੇਲਾ ਮਾਈ ਨੂੰ ਅੱਗੋਂ ਹੋ ਮਿਲਿਆ ਤੇ ਕਹਿਣ ਲੱਗਾ: "ਮਾਈ ਸੰਤ ਇਸ ਵੇਲੇ ਕਿਸੇ ਰੰਗ ਵਿਚ ਹਨ, ਇਸ ਵਾਸਤੇ ਤੂੰ ਉਨ੍ਹਾਂ ਦੀਆਂ ਗੱਲਾਂ ਵੱਲ ਨਾ ਜਾਹ; ਥਾਲ ਮੈਨੂੰ ਦੇ ਦੇਹ, ਡੇਰੇ ਵਿਚ ਖਰਚ ਹੋ ਜਾਏਗਾ।" ਇਸ ਚੇਲੇ ਨੇ ਇਹ ਕਹਿ ਕੇ ਮਾਈ ਕੋਲੋਂ ਥਾਲ ਲੈ ਲਿਆ ਤੇ ਆਪੇ ਵਰਤ ਲਿਆ।

ਜਦ ਸੰਤ ਭਾਈ ਮੂਲਾ ਸਾਹਿਬ ਨੂੰ ਪਤਾ ਲੱਗਾ, ਉਨ੍ਹਾਂ ਕਿਹਾ ਕਿ ਇਹ ਮਾਲ ਚੋਰੀ ਦਾ ਸੀ। ਜਿਸ ਨੇ ਲਿਆ ਹੈ ਮੌਤ ਵੇਲੇ ਵੇਖੀ ਜਾਊ। ਚੇਲੇ ਨੇ ਬੜੇ ਦੁਖ ਪਾਕੇ ਚਲਾਣਾ ਕੀਤਾ। ਸੋ ਪਰਾਇਆ ਤੇ ਮਾੜਾ ਧਾਨ ਖਾਣ ਦੀ ਕੋਈ ਦਲੇਰੀ ਨਾ ਕਰੋ।

"ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ"

੨.

ਇਕ ਦਿਨ ਲੌਢੇ ਵੇਲੇ, ੧੬, ੧੭ ਸਿੰਧੀ ਮਾਈ ਭਾਈ ਬਾਬਾ ਜੀ ਦੀ ਧਰਮਸਾਲਾ ਵਿਖੇ ਦਰਸ਼ਨਾਂ ਨੂੰ ਆਏ, ਸਭ ਨੇ ਇਕ ਇਕ ਪੈਸਾ ਰੱਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਤਾਂ ਬਾਬਾ ਜੀ ਨੇ ਉਹਨਾਂ ਪ੍ਰਤੀ ਪ੍ਰਸ਼ਾਦਿ ਛਕਣ ਵਾਸਤੇ ਬਚਨ ਕੀਤਾ। ਉਨ੍ਹਾਂ ਨੇ ਬੇਨਤੀ ਕੀਤੀ ਕਿ ਜੀ ਦਾਸਾਂ ਨੇ ਪ੍ਰਸ਼ਾਦਿ ਛਕ ਲੀਤਾ ਹੋਇਆ ਹੈ। ਇਸ ਤਰ੍ਹਾਂ ਇਹ ਸਭ ਸਿੰਧੀ ਪ੍ਰੇਮੀ ਦਰਸ਼ਨ ਪਰਸਨ ਕਰਕੇ, ਬਾਬਾ ਜੀ ਪਾਸੋਂ ਆਗਿਆ ਲੈ ਕੇ, ਚਲੇ ਗਏ। ਤਾਂ ਸੰਤ ਜੀ ਇਹ ਪੈਸੇ ਇਕੱਠੇ ਕਰੀ ਜਾਣ ਤੇ ਮੁਖੋਂ ਉਚਾਰਨ ਕਰੀ ਜਾਣ ਕਿ "ਧੰਨੁ ਉਹ ਪੁਰਸ਼ ਹਨ ਕਿ ਜੋ ਨੇਕ ਕਮਾਈ ਗੁਰੂ ਬਾਬੇ ਦੀ ਭੇਟਾ ਕਰ ਜਾਂਦੇ ਹਨ ਤੇ ਨਾਮ ਲੈ ਜਾਂਦੇ ਹਨ।"

## ਅਧਰਮ ਦੀ ਕਮਾਈ

ਸੰਤ ਬਾਬਾ ਜੀ ਜਦੋਂ ਵੱਡੀ ਧਰਮਸਾਲਾ ਬੱਤੀ ਹੱਟਾ ਵਿਖੇ ਉਪਰਲੇ ਕਮਰੇ ਵਿਖੇ ਨਿਵਾਸ ਰੱਖਦੇ ਸਨ ਤਾਂ ਇਕ ਦਿਨ ਆਪਣੇ ਸੁੱਚੇ ਸੇਵਕ ਬਾਬੂ ਦੇਵਾ ਸਿੰਘ ਪ੍ਰਤੀ ਬਚਨ ਕੀਤਾ ਕਿ ਇਕ ਆਦਮੀ ਪੌੜੀਆਂ ਵਿਚੋਂ ਚੜ੍ਹਦਾ ਉਪਰ ਆਉਣ ਲੱਗਾ ਹੈ, ਉਸ ਨੂੰ ਕਹੋ ਕਿ ਉਪਰ ਨਾ ਆਵੇ। ਉਸ ਦੇ ਉਪਰ ਆਵਣ ਦੀ ਲੋੜ ਨਹੀਂ। ਬਾਬੂ ਜੀ ਜਦ ਪੌੜੀਆਂ ਉਤਰਨ ਲੱਗੇ ਤਾਂ ਉਨ੍ਹਾਂ ਨੂੰ ਠੀਕ ਇਕ ਆਦਮੀ ਪੌੜੀਆਂ ਚੜ੍ਹਦਾ ਨਜ਼ਰੀਂ ਪਿਆ। ਉਸ ਨੇ ਆਪਣੇ ਹੱਥ ਵਿਚ ਇਕ ਪੋਟਲੀ ਫੜੀ ਹੋਈ ਸੀ। ਬਾਬੂ ਜੀ ਨੇ ਉਸ ਨੂੰ ਕਿਹਾ ਕਿ ਤੁਹਾਡੇ ਲਈ ਉਪਰ ਆਵਣ ਵਾਸਤੇ ਸੰਤਾਂ ਦੀ ਆਗਿਆ ਨਹੀਂ। ਉਹ ਆਦਮੀ ਕਹਿਣ ਲੱਗਾ ਕਿ ਮੈਂ ਸੰਤਾਂ ਵਾਸਤੇ ਰੁਪਏ ਲਿਆਂਦੇ ਹਨ, ਉਨ੍ਹਾਂ ਦੀ ਭੇਟਾ ਕਰਨੇ ਹਨ—ਉਨ੍ਹਾਂ ਨੂੰ ਮੇਰੇ ਆਵਣੇ ਦਾ ਪਤਾ ਹੀ ਨਹੀਂ, ਇਹ ਰੋਕ ਮੇਰੇ ਵਾਸਤੇ ਨਹੀਂ, ਕਿਸੇ ਹੋਰ ਵਾਸਤੇ ਹੋਏਗੀ। ਬਾਬੂ ਜੀ ਉਸ ਸੱਜਣ ਨੂੰ ਉਥੇ ਹੀ ਖੜਾ ਕਰਕੇ ਉਪਰ ਆਏ ਤੇ ਸੰਤਾਂ ਪਾਸੋਂ ਪੁੱਛ ਕੀਤੀ ਤਾਂ ਸੰਤ



 www.sikhbookclub.com

ਜੀ ਨੇ ਉੱਤਰ ਦਿਤਾ ਕਿ ਅਸਾਂ ਇਸੇ ਆਦਮੀ ਨੂੰ ਹੀ ਉਪਰ ਆਵਣ ਤੋਂ ਰੋਕਿਆ ਹੈ, ਕਾਰਣ ਇਹ ਹੈ ਕਿ ਇਹ ਮਾਇਆ ਜੋ ਲਿਆ ਰਿਹਾ ਹੈ ਇਸ ਦੀ ਆਪਣੀ ਕਿਰਤ ਕਮਾਈ ਦੀ ਨਹੀਂ, ਵਲ ਛਲ ਕਰਕੇ ਇਕੱਠੀ ਕੀਤੀ ਹੋਈ ਹੈ; ਇਹ ਡੇਰੇ ਵਿਚ ਨਹੀਂ ਵਰਤੀ ਜਾਏਗੀ—ਉਸ ਨੂੰ ਜਾ ਕੇ ਕਹਿ ਦਿਓ ਕਿ ਉਪਰ ਨਾ ਆਵੇ, ਆਪਣੀ ਮਾਇਆ ਵਾਪਸ ਲੈ ਜਾਵੇ।

ਬਾਬੂ ਦੇਵਾ ਸਿੰਘ ਜੀ ਪਾਸੋਂ, ਸੰਤ ਬਾਬਾ ਜੀ ਦੇ ਇਹ ਬਚਨ ਸੁਣ ਕੇ, ਉਹ ਆਦਮੀ ਰੁਪਈਆਂ ਦੀ ਪੋਟਲੀ ਸਮੇਤ ਆਪਣੇ ਘਰ ਵਾਪਸ ਚਲਾ ਗਿਆ। ਸੰਤਾਂ ਦੀ ਇਸ ਕਥਨੀ ਦਾ ਉਸ ਆਉਣ ਵਾਲੇ ਸੱਜਣ ਤੇ ਅਜੇਹਾ ਅਸਰ ਹੋਇਆ ਕਿ ਉਸ ਨੇ ਆਪਣਾ ਵਿਉਹਾਰ ਸ਼ੁਧ ਕਰ ਲਿਆ, ਸਹਿਜਧਾਰੀ ਤੋਂ ਸਿੰਘ ਸਜ ਗਿਆ,ਸੰਤਾਂ ਦੇ ਡੇਰੇ ਆ ਕੇ ਅੰਮ੍ਰਿਤ ਛਕ ਲਿਆ, ਬਾਕੀ ਦੀ ਆਯੂ ਵਾਹਿਗੁਰੂ ਜੀ ਦੇ ਪਿਆਰ ਤੇ ਸੇਵਾ ਵਿਚ ਸੋਹਣੀ ਤਰ੍ਹਾਂ ਗੁਜਾਰੀ।

## ਮਾਇਆ ਤੋਂ ਨਿਰਲੇਪਤਾ

ਗੁਰੂ ਸੰਗਤਾਂ ਦੂਰੋਂ ਨੇੜਿਓਂ ਬੇਅੰਤ ਮਾਇਆ ਲਿਆ ਕੇ ਸੰਤ ਬਾਬਾ ਜੀ ਦੀ ਭੇਟਾ ਕਰਦੀਆਂ ਹੁੰਦੀਆਂ ਸਨ। ਆਪ ਜੀ ਜਿਵੇਂ ਜਿਵੇਂ ਭੇਟਾ ਆਉਂਦੀ ਸੀ, ਉਸ ਨੂੰ ਸੇਵਾ ਦੇ ਪੁੰਜ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਅਤੇ ਸੰਤ ਬਾਬਾ ਸਾਧੂ ਸਿੰਘ ਜੀ ਦੀ ਰਾਹੀਂ ਸਤਿਗੁਰੂ ਜੀ ਦੀ ਸੇਵਾ ਵਿਚ ਸਫਲ ਕਰ ਦੇਂਦੇ ਸਨ। ਆਪ ਜੀ ਫੁਰਮਾਉਂਦੇ ਸਨ ਕਿ ਜਿਥੇ ਸੰਪਦਾ ਆਉਂਦੀ ਹੈ, ਉਥੇ ਅਪਦਾ ਵੀ ਆਉਂਦੀ ਹੈ, ਇਸ ਵਾਸਤੇ ਆਪਣੇ ਡੇਰੇ ਵਿਚ ਮਾਇਆ ਇਕੱਠੀ ਕਰਨ ਦੀ ਆਗਿਆ ਨਹੀਂ ਦੇਂਦੇ ਸਨ।

੨.

ਸੰਤ ਬਾਬਾ ਜੀ ਮਿੱਟੀ ਤੇ ਸੋਨਾ ਇਕ ਬਰਾਬਰ ਸਮਝਦੇ

ਸਨ ਜਿਸ ਪ੍ਰਕਾਰ ਸਤਿਗੁਰਾਂ ਦਾ ਵਾਕ ਹੈ :–

"ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥"

ਜਿਥੇ ਅਲਮਾਰੀ ਵਿੱਚ ਧੇਲੇ ਤੇ ਪੈਸੇ ਰੱਖਦੇ ਸਨ, ਉਸੇ ਵਿਚ ਹੀ ਮੋਹਰਾਂ ਤੇ ਰੁਪਈਏ ਰੱਖਦੇ ਹੁੰਦੇ ਸਨ। ਇਕ ਦਿਨ ਇਕ ਸੇਵਕ ਨੂੰ ਬਜ਼ਾਰੋਂ ਕੁਝ ਚੀਜ਼ ਲਿਆਉਣ ਲਈ ਇਕ ਧੇਲੇ ਦੀ ਜਗ੍ਹਾ ਇਕ ਮੋਹਰ ਦੇ ਦਿਤੀ। ਦੁਕਾਨਦਾਰ ਨੇ ਸੇਵਕ ਨੂੰ ਪੁੱਛਿਆ ਕਿ ਭਾਈ ਇਹ ਤੂੰ ਕਿਥੋਂ ਲਿਆਇਆ ਹੈਂ, ਤਾਂ ਉਸਨੇ ਉਤਰ ਦਿੱਤਾ ਕਿ ਇਹ ਧੇਲਾ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਦਿੱਤਾ ਹੈ। ਦੁਕਾਨਦਾਰ ਨੇ ਸੌਦਾ ਦੇ ਦਿੱਤਾ ਤੇ ਆਖਿਆ ਕਿ ਧੰਨ ਸੰਤ ਹਨ ਜੋ ਧੇਲਾ ਤੇ ਮੋਹਰ (ਪੌਂਡ) ਇਕ ਬਰਾਬਰ ਸਮਝਦੇ ਹਨ। ਦੁਕਾਨਦਾਰ ਨੇ ਡੇਰੇ ਆ ਕੇ ਸੰਤਾਂ ਦੇ ਚਰਨਾਂ ਵਿਚ ਉਹ ਮੋਹਰ ਵਾਪਸ ਕਰ ਦਿੱਤੀ।

੩.

ਸੰਤਾਂ ਦੇ ਇਕ ਸੇਵਕ ਭਾਈ ਜੈਰਾਮ ਸਿੰਘ ਜੀ ਨੇ ਡੇਰੇ ਵਿਚ ਆ ਕੇ ਚੋਖੇ ਸੋਨੇ ਦੇ ਗਹਿਣੇ ਲਿਆ ਕੇ ਸੰਤਾਂ ਦੀ ਭੇਟਾ ਕੀਤੇ। ਸੰਤਾਂ ਨੇ ਉਹ ਸੋਨਾਂ ਭਗਤ ਨਰੈਣ ਸਿੰਘ ਜੀ ਭਗਤ ਰਾਮੀਆ ਨੂੰ ਵੇਚਣ ਵਾਸਤੇ ਦਿੱਤਾ। ਜਦੋਂ ਉਹ ਵੇਚ ਕੇ ਮਾਇਆ ਲਿਆਇਆ, ਤਾਂ ਸੰਤਾਂ ਪ੍ਰਤੀ ਉਸ ਨੇ ਦੱਸਿਆ ਕਿ ਮਹਾਰਾਜ ਜੀ, ਇਥੋਂ ਦਾ ਤੋਲਾ ਤਿੰਨ ਰਤੀਆਂ ਵੱਡਾ ਹੁੰਦਾ ਹੈ, ਇਸ ਕਰਕੇ ਵਜ਼ਨ ਕੁਝ ਘੱਟ ਗਿਆ ਹੈ। ਤਾਂ ਸੰਤਾਂ ਨੇ ਬਚਨ ਕੀਤਾ, "ਭਾਈ ਚੁੱਪ ਕਰ ਜਾਹ, ਗ਼ੁਲਾਮ ਨੇ ਤਾਂ ਇਹ ਕੂੜਾ, ਗੁਰੂ ਸੇਵਾ ਵਿਚ ਸਫਲਾ ਦੇਣਾ ਹੈ! ਬਹੁਤੇ ਹਿਸਾਬਾਂ ਦੀ ਕੀ ਲੋੜ ਹੈ।"

## ਵਡਿਆਈ ਦਾ ਤਿਆਗ

੧.

ਸੰਨ ੧੯੯੨ ਈ: ਵਿਚ ਮਹੰਤ ਕਲਿਆਣ ਦਾਸ ਜੀ,

ਵੱਡੀ ਧਰਮਸਾਲਾ ਅੱਡਣਸ਼ਾਹੀਆਂ ਵਾਲੇ ਬੀਮਾਰ ਹੋ ਗਏ । ਆਪ ਨੇ ਸੰਤ ਬਾਬਾ ਜੀ ਨੂੰ ਬੁਲਾ ਕੇ ਬੇਨਤੀ ਕੀਤੀ ਕਿ 'ਦਾਸ ਦਾ ਅੰਤ ਸਮਾਂ ਨੇੜੇ ਹੈ, ਤੁਸੀਂ ਇਸ ਧਰਮਸਾਲਾ ਦੀ ਮਹੰਤੀ ਪ੍ਰਵਾਨ ਕਰੋ ।' ਸੰਤ ਬਾਬਾ ਜੀ ਨੇ ਉੱਤਰ ਦਿੱਤਾ : 'ਇਹ ਗੁਲਾਮ ਦਾ ਕੰਮ ਨਹੀਂ ਕਿਉਂ ਜੋ ਆਯੂ ਬਿਰਧ ਹੈ, ਚਿੱਟੇ ਆਏ ਹੋਏ ਹਨ, ਇਹ ਮੌਤ ਦੀ ਨਿਸ਼ਾਨੀ ਹੈ; ਕਾਲ ਸਦਾ ਹੀ ਸਿਰ ਉਪਰ ਕੂਕਦਾ ਹੈ। ਆਪ ਕ੍ਰਿਪਾ ਕਰਕੇ ਜੇ ਕੁਝ ਦਿਨ ਇਥੇ ਰਹਿਣ ਦੇਣਾ ਹੋਵੇ, ਤਾਂ ਇਹ ਸੇਵਾ ਮਹੰਤੀ ਦੀ ਕਿਸੇ ਹੋਰ ਪ੍ਰੇਮੀ ਨੂੰ ਦੇ ਦਿਓ, ਨਹੀਂ ਤਾਂ ਗੁਲਾਮ ਕੋਈ ਹੋਰ ਜਗ੍ਹਾ ਭਾਲੇ ।' ਇਹ ਬਚਨ ਸੁਣ ਕੇ ਮਹੰਤ ਸਾਹਿਬ ਨੇ ਡੇਰੇ ਦੇ ਸਾਧੂਆਂ ਪ੍ਰਤੀ ਇਹ ਗੱਲ ਆਖੀ ਕਿ ਇਸਦਾ ਨਾਮ ਤਿਆਗ ਹੈ। ਇਹ ਪੂਰਨ ਤਿਆਗੀ ਹਨ ਜਿਨ੍ਹਾਂ ਨੇ ਬਿਭੂਤੀ ਨੂੰ ਲੱਤ ਮਾਰੀ ਹੈ। ਤਥਾ ਗੁਰ-ਵਾਕ—

"ਜਿਨ ਸਰਧਾ ਰਾਮ ਨਾਮਿ ਲਗੀ,
ਤਿਨ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ,
ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥

ਨੋਟ :—ਇਸ ਧਰਮਸਾਲਾ ਦੇ ਨਾਲ ਲੱਖਾਂ ਰੁਪਏ ਦੀ ਜਾਇਦਾਦ ਹੈ ਤੇ ਹਜ਼ਾਰਾਂ ਰੁਪਏ ਕਿਰਾਏ ਦੀ ਆਮਦਨ ਹੈ । ਖੋਤੀ ਅਹਾਤਾ ਭੀ ਇਸ ਦੀ ਮਲਕੀਅਤ ਹੈ।

੨.

ਸੰਤ ਬਾਬਾ ਜੀ ਜਦੋਂ ਵਡੀ ਧਰਮਸਾਲਾ ਅੱਡਣਸ਼ਾਹੀਆਂ, ਕਟੜਾ ਹਰੀ ਸਿੰਘ ਵਿੱਚ ਨਿਵਾਸ ਰੱਖਦੇ ਸਨ, ਤਾਂ ਇਕ ਦਿਨ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੰਗਤ ਪਾਸੋਂ ਅਰਦਾਸ ਕਰਵਾਈ ਕਿ ਮੈਨੂੰ ਕਦੇ ਵੀ ਸੰਤ, ਬਾਬਾ, ਅਥਵਾ ਹੋਰ ਉਸਤੁਤਿ ਦੇ ਸ਼ਬਦ ਨਾਲ ਕੋਈ ਨਾ ਬੁਲਾਵੇ, ਸਤਿਕਾਰ ਦੇ ਏਹਨਾਂ ਪਦਾਂ ਦੇ ਲਾਇਕ ਇਹ ਗੁਲਾਮ ਨਹੀਂ, ਜੋ

ਲੋੜ ਪਵੇ ਤਾਂ ਪ੍ਰੇਮੀ ਜਨ ਸਿਰਫ 'ਸ਼ਾਮ ਸਿੰਘ' ਕਹਿਕੇ ਸੱਦਣ ।

ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ ਇਕ ਵਾਕਯਾ ਦੱਸਦੇ ਸਨ ਕਿ ਇਕ ਵਾਰ ਸੰਤ ਸ਼ਾਮ ਸਿੰਘ ਜੀ ਕਰਤਾਰ ਪੁਰੋਂ ਸ੍ਰੀ ਅੰਮ੍ਰਿਤਸਰ ਨੂੰ ਟੁਰੇ, ਤਾਂ ਉਨ੍ਹਾਂ ਦੇ ਨਾਲ ਭਾਈ ਸਹਿਜ ਸਿੰਘ ਤੇ ਕੁਝ ਹੋਰ ਸਿੰਘ ਸਨ, ਭਾਈ ਸਹਿਜ ਸਿੰਘ ਨੇ ਇਕ ਸਿੰਘ ਨੂੰ ਰਸਤੇ ਵਿਚੋਂ ਵਾਪਸ ਮੋੜਿਆ ਕਿ ਮੈਂ ਸੰਤਾਂ ਦੀ ਚਾਦਰ ਡੇਰੇ ਭੁੱਲ ਆਇਆ ਹਾਂ ਤੂੰ ਜਾਹ ਤੇ ਲੈ ਆ । ਉਹ ਸਿੰਘ ਤਾਂ ਚਲਾ ਗਿਆ ਪਰ ਸੰਤਾਂ ਨੇ ਭਾਈ ਸਹਿਜ ਸਿੰਘ ਨੂੰ ਬੁਲਾ ਕੇ ਕਿਹਾ : 'ਕੀ ਤੂੰ ਮੇਰਾ ਨਾਮ ਨਹੀਂ ਜਾਣਦਾ, ਤੂੰ ਕਹਿਣਾ ਸੀ ਸ਼ਾਮ ਸਿੰਘ ਦੀ ਚੱਦਰ ਲੈ ਆ, ਖਬਰਦਾਰ ਅਗੋਂ ਮੈਨੂੰ ਸੰਤ ਨਾ ਆਖੀਂ ।'

ਅੱਜ ਕਲ ਦੇ ਸਮੇਂ ਵਿਚ ਕਿਸੇ ਨੂੰ ਨਿਰਾ ਨਾਮ ਲੈਕੇ ਹੀ ਬੁਲਾਈਏ ਤੇ ਕੋਈ ਸਤਿਕਾਰ ਦਾ ਪਦ : ਸਰਦਾਰ ਭਾਈ ਜਾਂ ਸੰਤ ਕਹਿਕੇ ਨਾਂ ਸੱਦੀਏ ਤਾਂ ਨਾਰਾਜ਼ ਹੋ ਜਾਂਦਾ ਹੈ । ਪਰ ਸੰਤ ਸ਼ਾਮ ਸਿੰਘ ਜੀ ਸੰਤ ਅਖਵਾਕੇ ਬੀ ਪ੍ਰਸੰਨ ਨਹੀਂ ਸੀ ਹੁੰਦੇ :

## ਗੁਰੂ ਦਰਬਾਰ ਵਿਚ ਸਿਖ ਮਾਤਰ ਦਾ ਦਰਜਾ ਇਕੋ ਜਿਹਾ ਹੈ

ਜਦੋਂ ਸੰਤ ਬਾਬਾ ਜੀ ਦੀ ਆਯੂ ਵੱਡੀ ਹੋ ਜਾਣ ਕਰ ਕੇ ਸਰੀਰ ਨਿਰਬਲ ਹੋ ਗਿਆ ਤਾਂ ਬੈਠਣ ਵੇਲੇ ਆਪ ਦਾ ਸਰੀਰ ਸਹਾਰਾ ਮੰਗਦਾ ਸੀ । ਜਿਸ ਵੇਲੇ ਆਪਣੇ ਗੁਰਦੁਆਰੇ ਬੈਠਦੇ ਸਨ ਤਾਂ ਉਥੇ ਢਾਸਣਾ ਕੋਈ ਨਹੀਂ ਸੀ ਹੁੰਦਾ, ਇਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਜੇ ਆਗਿਆ ਹੋਵੇ ਤਾਂ ਦੀਵਾਰ ਨਾਲ ਗੱਦੀ ਲਗਾ ਦਿਤੀ ਜਾਵੇ ਤਾਂ ਜੋ ਦੀਵਾਰ ਦੀ ਕਰੜਾਈ ਖੇਚਲ ਦਾ ਕਾਰਣ ਨਾ ਬਣੇ । ਸੰਤ ਬਾਬਾ ਜੀ ਨੇ ਬਚਨ ਕੀਤਾ ਕਿ ਜੇ ਗੱਦੀ ਦੀਵਾਰ ਨਾਲ ਲਗਾਉਣੀ ਹੈ ਤਾਂ ਸਾਰੀ ਦੀਵਾਰ ਨਾਲ ਲਗਾਈ



 www.sikhbookclub.com

ਜਾਵੇ, ਗੁਰੂ ਦਰਬਾਰ ਵਿਚ ਸਿਖ ਮਾਤਰ ਦਾ ਦਰਜਾ ਇਕੋ ਜਿਹਾ ਹੈ, ਜੇ ਕਿਸੇ ਇਕ ਨਾਲ ਖਾਸ ਵਿਸ਼ੇਸ਼ਤਾ ਵਾਲਾ ਗੁਰੂ ਜੀ ਦੀ ਹਜ਼ੂਰੀ ਵਿਚ ਸਲੂਕ ਕੀਤਾ ਜਾਏਗਾ ਤਾਂ ਉਹ ਹੰਕਾਰੀ ਹੋ ਜਾਏਗਾ ਤੇ ਇਹ ਗੱਲ ਉਸ ਦੇ ਡਿੱਗਣ ਦਾ ਕਾਰਨ ਹੋ ਜਾਏਗੀ । ਸੰਤਾਂ ਦੀ ਆਗਿਆ ਅਨੁਸਾਰ ਸਾਰੀ ਦੀਵਾਰ ਦੇ ਉਸ ਹਿੱਸੇ ਵਿਚ, ਜਿਥੇ ਸੰਗਤ ਵਿਚ ਬੈਠਣ ਵਾਲਿਆਂ ਦੀ ਪਿੱਠ ਦੀਵਾਰ ਨਾਲ ਲਗਦੀ ਸੀ; ਕੂਲੇ-ਕੂਲੇ ਢਾਸਨੇ ਲਗਾ ਦਿੱਤੇ ਗਏ ।

## ਧਰਮਸਾਲਾ ਆਟਾ ਮੰਡੀ ਦਾ ਬਣਨਾ

ਸੰਤ ਬਾਬਾ ਸ਼ਾਮ ਸਿੰਘ ਜੀ ਪਹਿਲਾਂ ਬੱਤੀ ਹਟਾਂ ਵਾਲੀ ਅੱਡਣ ਸ਼ਾਹੀ ਧਰਮਸਾਲਾ ਵਿਖੇ ਰਹਿੰਦੇ ਹੁੰਦੇ ਸਨ । ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ, ਸੇਵਾ ਤੇ ਕੀਰਤਨ ਕਰਨ ਤੇ ਸ੍ਰਵਣ ਦੀ ਆਪ ਜੀ ਨੂੰ ਅਮਿੱਟ ਖਿੱਚ ਹਰ ਵੇਲੇ ਬਣੀ ਰਹਿੰਦੀ ਸੀ । ਦਿਨ ਤੇ ਰਾਤ ਆਪ ਕਈ ਵੇਰ ਸ੍ਰੀ ਦਰਬਾਰ ਸਾਹਿਬ ਆਉਂਦੇ ਤੇ ਜਾਂਦੇ ਰਹਿੰਦੇ । ਹੁਣ ਕਾਲੇ ਕੇਸਾਂ ਨੇ ਸਫ਼ੈਦੀ ਦਾ ਰੰਗ ਬਦਲਾਇਆ। ਜਵਾਨੀ ਬੁਢੇਪੇ ਵਿਚ ਲੀਨ ਹੋ ਗਈ ਤੇ ਉਮਰਾ ਲਗ ਪਗ ਸੌ ਸਾਲ ਤੋਂ ਕੁਝ ਵੱਧ ਹੋ ਗਈ ਸੀ ।

ਇਕ ਦਿਨ ਆਪ ਲੇਟੇ ਹੋਏ ਸਨ, ਇਕ ਪ੍ਰੇਮੀ ਸੱਜਣ ਭਾਈ ਬੁੱਢਾ ਰਾਮ ਜੀ ਉਸ ਵੇਲੇ ਸੰਤਾਂ ਨੂੰ ਥੱਕਿਆ ਹੋਇਆ ਜਾਣ ਕੇ ਮੁੱਠੀਆਂ ਭਰ ਰਹੇ ਸਨ । ਤਾਂ ਸੰਤ ਬਾਬਾ ਜੀ ਨੇ ਬਚਨ ਕੀਤਾ ਕਿ "ਬਿਧਤਾ ਵਿਚ ਬੱਤੀ ਹਟਾਂ ਤੋਂ ਸ੍ਰੀ ਦਰਬਾਰ ਸਾਹਿਬ ਬਹੁਤ ਵੇਰੀ ਆਉਣਾ ਜਾਣਾ ਹੁਣ ਕਠਨ ਹੋ ਗਿਆ ਹੈ, ਜੇ ਡੇਰਾ ਨੇੜੇ ਹੁੰਦਾ ਤਾਂ ਚੰਗਾ ਹੁੰਦਾ ।" ਇਹ ਗੱਲ ਆਪ ਨੇ ਸੁਭਾਵਕ ਕਹੀ ਸੀ । ਪਰ ਜਿਵੇਂ ਸਤਿਗੁਰਾਂ ਦਾ ਫ਼ੁਰਮਾਣ ਹੈ :—

'ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ"

ਥੋੜਾ ਹੀ ਚਿਰ ਪਿਛੋਂ, ਅਜੇ ਆਪ ਲੇਟੇ ਹੀ ਹੋਏ ਸਨ ਤੇ

ਪ੍ਰੇਮੀ ਘੁੱਟ ਹੀ ਰਿਹਾ ਸੀ ਕਿ ਬਾਹਰੋਂ ਭਾਈ ਜੈਰਾਮ ਸਿੰਘ ਜੀ ਛੋਟਾ ਨਾਗਪੁਰ ਵਾਲੇ ਅਚਾਨਕ ਆ ਗਏ । ਆਪ ਸੰਤਾਂ ਦੇ ਬੜੇ ਪ੍ਰੀਤਵਾਨ ਸਨ। ੬੦੦੦ ਰੁਪਿਆ ਸੰਤਾਂ ਦੇ ਅੱਗੇ ਰੱਖ ਕੇ ਬੜੀ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਮਹਾਰਾਜ ਜੀ, ਆਪ ਦੀ ਹੁਣ ਬ੍ਰਿਧ ਅਵਸਥਾ ਹੋ ਗਈ ਹੈ, ਇਸ ਲਈ ਸ੍ਰੀ ਦਰਬਾਰ ਸਾਹਿਬ ਜੀ ਦੇ ਨੇੜੇ ਕੋਈ ਜਗ੍ਹਾ ਲੈ ਕੇ ਡੇਰਾ ਬਣਾ ਲੀਤਾ ਜਾਵੇ, ਤਾਂ ਜੋ ਦਰਸ਼ਨਾਂ ਦੀ ਸੁਖੈਨਤਾ ਹੋ ਜਾਵੇ । ਅਗੋਂ ਆਪ ਮਾਲਕ ਹੋ, ਜਿਵੇਂ ਯੋਗ ਸਮਝੋ ਕਰੋ ।

ਭਾਈ ਬੁੱਢਾ ਰਾਮ ਜੀ, ਸੰਤ ਜੀ ਦੀ ਇਹ ਇਛਿਆ ਸੁਣ ਚੁੱਕੇ ਸਨ, ਬਿਨਾ ਕਿਸੇ ਵਲੋਂ ਪ੍ਰੇਰਨਾ ਹੋਏ ਜਾਂ ਪਤਾ ਦਿਤੇ ਦੇ, ਭਾਈ ਜੈਰਾਮ ਸਿੰਘ ਜੀ ਦੇ ਇਸ ਤਰ੍ਹਾਂ ਰਕਮ ਆ ਕੇ ਭੇਟ ਕਰਨ ਤੋਂ ਵਿਸਮਾਦ ਹੋ ਗਏ। ਪਹਿਲਾਂ ਬਾਬਾ ਜੀ ਨੇ ਇਹ ਰਕਮ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਸੰਤ ਭਾਈ ਸਵਾਇਆ ਸਿੰਘ ਜੀ ਛਬੀਲ ਵਾਲੇ, ਜੋ ਆਪ ਨੂੰ ਸਦਾ ਇਹ ਸਲਾਹ ਦਿੰਦੇ ਰਹਿੰਦੇ ਸਨ ਕਿ ਬੁਢਾਪੇ ਦੀ ਅਵਸਥਾ ਵਿਚ ਅਵੇਰੇ ਸਵੇਰੇ ਦੂਰ ਤੋਂ ਸ੍ਰੀ ਦਰਬਾਰ ਸਾਹਿਬ ਆਉਣ ਜਾਣ ਵਾਸਤੇ ਆਪ ਨੂੰ ਤਕਲੀਫ ਹੁੰਦੀ ਹੈ, ਇਸ ਵਾਸਤੇ ਆਪਣਾ ਨਿਵਾਸ ਅਸਥਾਨ ਸ੍ਰੀ ਦਰਬਾਰ ਸਾਹਿਬ ਜੀ ਦੇ ਲਾਗੇ ਬਣਾਓ, ਆਪ ਨੇ ਇਹ ਭੇਟਾ ਕਬੂਲ ਕਰ ਲਈ। ਕੁੱਝ ਪ੍ਰੇਮੀ ਸੱਜਣ ਸੰਤਾਂ ਨੂੰ ਨਾਲ ਲੈ ਕੇ ਸਰਦਾਰਾਂ ਦਾਤ ਬੇਲਾ, ਕਟੜਾ ਨਿਹਾਲ ਸਿੰਘ ਵਿਚ ਮੁੱਲ ਲੈਣ ਲਈ ਦਿਖਾਉਣ ਵਾਸਤੇ ਲੈ ਗਏ। ਬਾਬਾ ਜੀ ਨੇ ਬਜਾਏ ਉਸ ਜਗ੍ਹਾ ਦੇ, ਦੂਸਰੇ ਪਾਸੇ ਜਿਥੇ ਸਿਰਫ਼ ਇਕ ਕਮਰਾ ਬਣਿਆ ਹੋਇਆ ਸੀ, ਜੋੜਾ ਉਤਾਰ ਕੇ ਉਸ ਕਮਰੇ ਅੱਗੇ ਮੱਥਾ ਟੇਕ ਦਿਤਾ। ਇਹ ਉਹ ਜਗ੍ਹਾ ਹੈ, ਜਿਥੇ ਹੁਣ ਦਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੁੰਦੇ ਹਨ। ਇਹ ਜਗ੍ਹਾ ਸ੍ਰੀ ਦਰਬਾਰ ਸਾਹਿਬ ਜੀ ਦੇ ਲਾਗੇ ਆਟੇ ਮੰਡੀ ਵਿਚ ਹੈ। ਬਾਬਾ ਹਰਨਾਮ ਸਿੰਘ ਜੀ ਚਾਵਲ ਮੰਡੀ ਵਾਲੇ ਤੇ ਕੁਝ ਹੋਰ



 www.sikhbookclub.com

ਪ੍ਰੇਮੀਆਂ ਦੇ ਉਦਮ ਨਾਲ ੧੨,੦੦੦ ਰੁਪਏ ਤੋਂ ਇਹ ਜ਼ਮੀਨ ਧਰਮਸਾਲਾ ਲਈ, ਭਾਈ ਮੋਤੀ ਰਾਮ ਜੀ ਤੋਂ ਖ਼ਰੀਦੀ ਗਈ, ਇਸ ਤੋਂ ਅੱਡ ਹੋਰ ਲਗ ਪਗ ੨੨,੦੦੦ ਰੁਪਏ ਦੀ ਲਾਗਤ ਨਾਲ ਭਾਈ ਆਤਮਾ ਸਿੰਘ ਜੀ ਸਿੰਧੀ ਤੇ ਬਾਬਾ ਹਰਨਾਮ ਸਿੰਘ ਜੀ ਦੇ ਉਦਮ ਦਾ ਸਦਕਾ, ਇਥੇ ਧਰਮਸਾਲਾ ਤਿਆਰ ਹੋ ਗਈ।

ਇਥੇ ਗੁਰਦੁਆਰਾ ਬਣਾ ਕੇ ਆਪ ਜੀ ਨੇ ਨਾਮ ਸਿਮਰਨ, ਕਥਾ ਕੀਰਤਨ ਤੇ ਲੰਗਰ ਦਾ ਅਤੁੱਟ ਭੰਡਾਰਾ ਚਲ ਇਆ। ਹਰ ਰੋਜ਼ ੧੨ ਵਜੇ ਲੰਗਰ ਵਰਤਦਾ, ਜਿਸ ਵਿਚ ਸੈਂਕੜੇ ਗਰੀਬ, ਨੰਗੇ, ਭੁੱਖੇ ਅੰਨ ਛਕਦੇ ਸਨ। ਜਿਨ੍ਹਾਂ ਦਾ ਨਾਮ ਗੋਬਿੰਦ ਸੰਗਤ ਸੰਤਾਂ ਨੇ ਰਖਿਆ ਸੀ। ਲੰਗਰ ਵਰਤਾਉਣ ਵੇਲੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਧੁਨੀ ਉਚਾਰਦੇ ਤੇ ਉਨ੍ਹਾਂ ਨੂੰ ਪ੍ਰਸ਼ਾਦਿ ਛਕਾਉਣ ਤੋਂ ਪਿਛੋਂ ਡੇਰੇ ਦੇ ਪ੍ਰੇਮੀਆਂ ਦੀ ਪੰਗਤ ਲੱਗਦੀ ਸੀ।

ਲਾਲਾ ਮੋਤੀ ਰਾਮ ਜੀ, ਜਿਨ੍ਹਾਂ ਪਾਸੋਂ ਇਹ ਜਗ੍ਹਾ ਧਰਮਸਾਲਾ ਵਾਸਤੇ ਖ਼ਰੀਦੀ ਗਈ ਸੀ, ਜਿਸ ਦਿਨ ਤੋਂ ਇਹ ਸੌਦਾ ਹੋਇਆ ਸੀ, ਸਤਿਗੁਰੂ ਜੀ ਨੇ ਉਨ੍ਹਾਂ ਦੀ ਕਮਾਈ ਵਿਚ ਏਨੀ ਬਰਕਤ ਪਾਈ ਕਿ ਆਪ ਥੋੜੇ ਸਮੇਂ ਵਿਚ ਵੱਡੇ ਅਮੀਰ ਹੋ ਗਏ। ਆਪ ਜੀ ਨੇ ਹਜ਼ਾਰਾਂ ਰੁਪਏ ਖਰਚ ਕੇ ਸੰਤ ਬਾਬਾ ਜੀ ਰਾਹੀਂ ਦੋ (ਸਵਰਨ) ਸੋਨੇ ਦੀਆਂ ਪਾਲਕੀ ਸਾਹਿਬਾਂ ਇਕ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਬਾਰ ਲਈ ਤੇ ਦੂਜੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਲਈ ਬਣਵਾਈਆਂ ਤੇ ਹੋਰ ਸੇਵਾ ਵਿਚ ਭੀ ਮਾਇਆ ਸਫਲ ਕੀਤੀ। ਆਪ ਦੀ ਆਟੇ ਮੰਡੀ ਵਿੱਚ ਦੁਕਾਨ ਹੁੰਦੀ ਸੀ।

ਇਸ ਧਰਮਸਾਲਾ ਵਿਖੇ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ, ਪਟਿਆਲੇ ਵਾਲਿਆਂ ਨੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਸੀ, ਜਿਸ ਦਾ ਨਾਮ "ਪ੍ਰੇਮ ਪਾਠ" ਰੱਖਿਆ ਗਿਆ। ਸਤਿਗੁਰੂ ਮਹਾਰਾਜ ਜੀ ਦੀ

ਅਪਾਰ ਰਹਿਮਤ ਨਾਲ ਪੰਜਾਹ ਸਾਲ ਤੋਂ ਵੱਧ ਸਮਾ ਹੋ ਚੁੱਕਾ ਹੈ, ਹੁਣ ਤਕ ਇਸ ਪ੍ਰੇਮ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਲਗਾਤਾਰ ਸੰਤਾਂ ਦੇ ਡੇਰੇ ਹੋ ਰਹੀ ਹੈ। ਇਕ ਪਾਠ ਸਾਹਿਬ ਦਾ ਭੋਗ ਪੈਂਦਿਆਂ, ਫਿਰ ਦੂਜਾ ਉਸੇ ਵੇਲੇ ਸ਼ੁਰੂ ਹੋ ਜਾਂਦਾ ਹੈ।

## ਕਮਾਲ ਦੀ ਨਿੰਮ੍ਰਤਾ

ਇਕ ਦਿਨ ਸੰਤ ਬਾਬਾ ਜੀ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਕੇ ਵਾਪਿਸ ਨਵੀਂ ਧਰਮਸਾਲਾ, ਆਟੇ ਮੰਡੀ ਪਹੁੰਚੇ, ਤਾਂ ਵੇਖਿਆ ਕਿ ਧਰਮਸਾਲਾ ਦੇ ਦਰਵਾਜੇ ਅੱਗੇ ਇਕ ਬੋਰਡ ਲੱਗਾ ਹੋਇਆ ਹੈ, ਜਿਸ ਉਪਰ ਇਹ ਅੱਖਰ ਲਿਖੇ ਹੋਏ ਸਨ :–

ਧਰਮਸਾਲਾ ਸੰਤ ਬਾਬਾ ਸ਼ਾਮ ਸਿੰਘ ਜੀ'

ਇਹ ਪੜ੍ਹ ਕੇ ਸੰਤਾਂ ਨੇ ਇਹ ਬਚਨ ਕੀਤਾ ਕਿ ਕਿਸ ਸੱਜਣ ਨੇ ਇਹ ਬੋਰਡ ਲਿਖਵਾਉਣ ਵਿਚ ਭੁੱਲ ਕੀਤੀ ਹੈ ? ਇਹ ਧਰਮਸਾਲਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੈ, ਗੁਲਾਮ ਦੀ ਨਹੀਂ। ਇਹ ਬੋਰਡ ਹਟਾ ਦਿਓ ਤੇ ਨਵਾਂ ਬੋਰਡ ਇਸ ਤਰ੍ਹਾਂ ਲਿਖਵਾਓ :–

'ਜੈ ! ਜੈ !! ਜੈ !!! ਸ੍ਰੀ ਅੰਮ੍ਰਿਤਸਰ ਜੀ ਕੀ।
ਧਰਮਸਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ।'

ਮਹੀਨਾ ਸਾਵਣ ੧੯੬੮ ਸੰਮਤ ਗੁਰੂ ਨਾਨਕ ਸ਼ਾਹੀ ੪੪੪
(ਦਾਸਨ ਦਾਸ ਸ਼ਾਮ ਸਿੰਘ)

ਸੰਤਾਂ ਦੀ ਆਗਿਆ ਮੰਨ ਕੇ ਪਹਿਲਾ ਬੋਰਡ ਹਟਾ ਦਿੱਤਾ ਗਿਆ ਤੇ ਨਵਾਂ ਬੋਰਡ ਤਿਆਰ ਕਰਵਾ ਕੇ ਲਗਾਇਆ ਗਿਆ। ਉਸ ਵਕਤ ਆਟੇ ਮੰਡੀ ਦਾ ਬਜ਼ਾਰ ਬੜਾ ਬੇ-ਰੌਣਕਾ ਹੁੰਦਾ ਸੀ, ਪਰ ਸੰਤਾਂ ਦੇ ਚਰਨ ਪੈ ਜਾਣ ਨਾਲ ਬਜ਼ਾਰ ਦੀ ਰੌਣਕ ਬਹੁਤ ਵਧ ਗਈ।

# ਭਾਈ ਹੇਮ ਰਾਜ ਨੂੰ ਨਿਰਮਾਣਤਾ ਦਾ ਉਪਦੇਸ਼

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਰਚਿਤ ਲਿਖਤੀ ਗ੍ਰੰਥ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਇਕ ਅਤਿ-ਸਿਖਯਾਦਾਇਕ ਸਾਖੀ ਮਾਣ ਤੋਂ ਬਚਣ ਦੀ ਲਿਖੀ ਹੋਈ ਹੈ। ਜੋ ਇਸ ਪ੍ਰਕਾਰ ਹੈ:–

ਆਪ ਜੀ ਦੇ ਬਜ਼ੁਰਗ ਸੰਤ ਸ੍ਰੀ ਮਾਨ ਭਾਈ ਸਹਾਈ ਸਿੰਘ ਜੀ ਦੇ ਪਾਸ ਭਾਈ ਹੇਮ ਰਾਜ ਜੀ, ਜੋ ਬੀ ਇਕ ਬੜੇ ਚੰਗੇ ਸੰਤ ਹੋ ਗੁਜ਼ਰੇ ਹਨ, ਆਏ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ, ਜਗਤ ਦੇ ਮਾਣ ਤੋਂ ਭੈ ਲਗਦਾ ਹੈ, ਇਸ ਦੇ ਬਚਾਉ ਦਾ ਕੋਈ ਸਾਧਨ ਦਾਸ ਨੂੰ ਬਖ਼ਸ਼ੋ ਜੀ ! ਇਹ ਸੁਣ ਕੇ ਸੰਤ ਭਾਈ ਸਹਾਈ ਸਿੰਘ ਜੀ ਨੇ ਕਿਹਾ :–ਭਾਈ ਹੇਮ ਰਾਜ ਜੀ, ਇਹ ਨਿਸਚੇ ਕਰੋ ਕਿ ਆਪਣਾ ਕੁਝ ਨਹੀਂ ਹੈ ਸਰੀਰ ਅਤੇ ਸਾਰੇ ਪਦਾਰਥਾਂ ਨੂੰ ਕਾਲ ਦਾ ਗ੍ਰਾਸ ਸਮਝੋ, ਆਦਰ ਤੇ ਨਿਰਾਦਰ ਵਿਚ ਇਕੋ ਜਿਹੇ ਰਹੋ। ਨਾਮ ਸਿਮਰਨ ਦੇ ਬਲ ਕਰਕੇ ਜੋ ਸਤਿਕਾਰ ਜਗਤ ਵਿਚ ਜਾਂ ਦੇਵ ਲੋਕ ਵਿਚ ਪ੍ਰਾਪਤ ਹੁੰਦਾ ਹੈ, ਸੋ ਸਮਝੋ ਕਿ ਭਗਵੰਤ ਦੀ ਦਯਾ ਦੇ ਗੁਣਾਂ ਦਾ ਸਦਕਾ ਹੈ ਤੁਹਾਡਾ ਨਹੀਂ। ਨਾਮ ਸਿਮਰਨ, ਧਰਮ, ਧੀਰਜ, ਵਿਚਾਰ, ਸੰਤੋਖ, ਸਤਿ, ਵਿਵੇਕ, ਗਿਆਨ, ਵੈਰਾਗ, ਸਮ, ਦਮ*, ਖਿਮਾ ਦੀ ਧਾਰਨਾ, ਮਨ ਦਾ ਨਿਰੋਧ†, ਨਾਮ ਦਾਨ ਇਸ਼ਨਾਨ, ਮਿੱਠਾ ਬੋਲਣਾ, ਕਪਟ ਤੋਂ ਰਹਿਤ, ਨਿਵ ਚਲਣਾ, ਸੰਤ ਸੇਵਾ, ਜਲ ਸੇਵਾ, ਕਪੜੇ ਧੋਣਾ, ਝਾੜੂ ਸੇਵਾ, ਮੁਠੀ ਚਾਪੀ ਦੀ ਸੇਵਾ, ਕਥਾ ਕੀਰਤਨ ਕਰਨਾ ਜਾਂ ਸੁਨਣਾ, ਸੰਤ ਮੰਡਲ ਵਿਚ ਬੈਠਣਾ, ਸਭ ਦਾ ਮੂਲ 'ਹਰੀ ਭਜਨ' ਹੈ, ਇਸੀ ਪਰ ਸਤਿਗੁਰਾਂ ਦਾ

---

*ਸਮ=ਬ੍ਰਿਤੀ ਨੂੰ ਰੋਕਣਾ। ਦਮ=ਇੰਦ੍ਰਿਆਂ ਨੂੰ ਰੋਕਣਾ।
†ਰੋਕਣਾ।

ਬਚਨ ਹੈ :–

"ਨਿਰਗੁਣ ਰਾਮੁ ਗੁਣਹ ਵਸਿ ਹੋਇ"

ਆਪ ਜੀ ਨੇ ਇਹ ਭੀ ਸੰਤ ਭਾਈ ਹਮ ਰਾਜ ਜੋਗ ਉਪਦੇਸ ਦਿਤਾ ਕਿ 'ਮੈਂ' ਕਹਿਣਾ ਛੋੜ ਦਿਓ, 'ਦਾਸ' ਜਾਂ 'ਗੁਲਾਮ' ਆਪਣੇ ਆਪ ਨੂੰ ਕਹਿ ਕੇ ਬਚਨ-ਬਿਲਾਸ ਕਰੋ, ਜੈਸਾ ਗੁਰਵਾਕ ਹੈ :–

"ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥"

"ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ ॥੧੫੬॥

ਅ ਸਾਵਰੀ :—

ਜੇ ਕੋਈ ਕਿਸੇ ਦਾ ਮਾਣ ਕਰੇਂਦਾ, ਸੋ ਮਾਨ ਪ੍ਰਭੂ ਕੇ ਬਲ ਕੀ ।
ਮੂਰਖ ਮਨ ਮਾਨ ਆਪਣੀ ਕਰ ਮਾਨੇ, ਸਮਝੇ ਨਾ ਬਾਤ ਅਸਲ ਕੀ ।
ਗੁਣ ਔਗੁਣ ਕੀ ਸ਼ਕਤਿ ਜੁ ਪਾਈ, ਸੋ ਸ਼ਕਤਿ ਹੈ ਰਾਮ ਅਟਲ ਕੀ ।
ਕਰਮਾਂ ਕੀ ਮਾਨ ਜੋ ਅਪਨੀ ਮਾਨੇ ਤਿਸ ਹੋਇ ਸਜਾਇ ਅਜ਼ਲ ਕੀ ।

ਵੱਡੇ ਸੰਤਾਂ ਦਾ ਉਪਦੇਸ਼ ਮੰਨਣ ਕਰਕੇ ਸੰਤ ਭਾਈ ਹੇਮ ਰਾਜ ਜੀ ਆਪਣੇ ਆਪ ਨੂੰ ਸਾਰੀ ਆਯੂ ਦਾਸ ਅਥਵਾ ਹੇਮਾਂ ਕਰਕੇ ਬੁਲਾਉਂਦੇ ਰਹੇ; ਨਾਮ ਸਿਮਰਨ ਦੀ ਕਮਾਈ ਕਰਕੇ ਅਤੇ ਸ਼ੁਭ ਗੁਣਾਂ ਦਾ ਸਦਕਾ ਇਕ ਵੱਡੀ ਪਦਵੀ ਦੇ ਸੰਤ ਹੋ ਕੇ ਆਪਣਾ ਜਨਮ ਸਫਲਾ ਕਰ ਗਏ ।

## ਮੱਥਾ ਨ ਟਿਕਾਉਣਾ

ਸੰਤ ਬਾਬਾ ਜੀ ਦੀ ਉੱਤਮ ਰਹਿਣੀ ਤੇ ਸੁਗੰਧੀ ਸਾਰੇ ਦੇਸ਼ ਵਿੱਚ ਫੈਲਣ ਕਰਕੇ ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਵਾਸਤੇ ਆਉਂਦੀਆਂ ਰਹਿੰਦੀਆਂ ਸਨ । ਬਾਬਾ ਜੀ ਨੇ ਗੁਰ ਸੇਵਾ, ਨਿੰਮ੍ਰਤਾ, ਭਗਤੀ, ਗੁਰਬਾਣੀ ਦਾ ਪਾਠ, ਧਰਮ ਅਸਥਾਨਾਂ ਦੀ ਸੇਵਾ, ਜੀਵਾਂ ਤੇ ਦਇਆ, ਐਸੇ ਉੱਤਮ ਗੁਣਾਂ ਵਾਲਾ ਜੀਵਨ ਖਿਤੀਤ ਕੀਤਾ ਹੈ ।

ਪਰਮ ਪਵਿੱਤ੍ਰ ਰਹਿਣੀ ਤੇ ਉਚੀ ਭਗਤੀ ਵਾਲੇ ਮੁਕਟ ਮਣੀ ਸੰਤ ਹੋ ਕੇ ਭੀ ਬਾਬਾ ਜੀ ਨੇ ਆਪਣੇ ਆਪ ਨੂੰ ਪੂਰਨ ਨਿਰਮਾਣਤਾ ਵਿਚ ਲੁਕਾ ਕੇ ਰਖਿਆ। ਆਪ ਜੀ ਆਤਮਕ ਵਿਦਿਆ ਦੇ ਭੰਡਾਰ ਅਤੇ ਸਰਬ ਸ਼ਕਤੀਆਂ ਦੇ ਸੰਪੰਨ ਮਹਾਂ ਪੁਰਸ਼ ਸਨ, ਇਤਨੀ ਸਮਰਥਾ ਹੁੰਦਿਆਂ ਸੰਤ ਜੀ ਕਿਸੇ ਕੋਲੋਂ ਮੱਥਾ ਨਹੀਂ ਟਿਕਾਉਂਦੇ ਸਨ; ਪ੍ਰੰਤੂ ਜੇ ਕੋਈ ਚਰਨਾਂ ਨੂੰ ਹੱਥ ਲਾ ਦੇਵੇ, ਤਾਂ ਆਪ ਜੀ ਉਸਦੇ ਪੈਰਾਂ ਤੇ ਮੱਥਾ ਟੇਕੇ ਬਗੈਰ ਆਰਾਮ ਨਹੀਂ ਸੀ ਕਰਦੇ। ਲੇਖਕ (ਦਾਸ ਪ੍ਰੇਮ ਸਿੰਘ) ਦਾ ਅੱਖੀਂ ਡਿੱਠਾ ਇਕ ਵਾਕਿਆ ਇਸ ਪ੍ਰਕਾਰ ਹੈ :—

ਇਕ ਦਿਨ ਸ਼ਾਮ ਦੇ ਵਕਤ ਸੰਤ ਬਾਬਾ ਜੀ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਜਾ ਰਹੇ ਸਨ ਤਾਂ ਦਾਸ (ਉਮਰ ਅਠਾਰਾਂ ਬਰਸ) ਤੇ ਇਕ ਹੋਰ ਸੇਵਕ (ਉਮਰ ਸੋਲ੍ਹਾਂ ਬਰਸ) ਅਸੀਂ ਦੋਵੇਂ ਸਮੇਤ ਹੋਰ ਡੇਰੇ ਦੇ ਸੇਵਾਦਾਰਾਂ ਦੇ ਸੰਤਾਂ ਨਾਲ ਜਾ ਰਹੇ ਸਾਂ। ਜਦ ਸੰਤ ਬਾਬਾ ਜੀ ਦਰਸ਼ਨੀ ਦਰਵਾਜੇ ਅਗੇ ਬੈਠਕੇ ਮੱਥਾ ਟੇਕਣ ਲਗੇ, ਤਾਂ ਉਸ ਸੋਲਾਂ ਬਰਸ ਦੀ ਉਮਰ ਦੇ ਲੜਕੇ ਨੇ ਸੰਤਾਂ ਦੇ ਚਰਨਾਂ ਨੂੰ ਪਿਛਲੇ ਪਾਸਿਓਂ ਹੱਥ ਲਗਾ ਦਿੱਤਾ ਤੇ ਆਪ ਸ੍ਰੀ ਦੁਖ ਭੰਜਨੀ ਸਾਹਿਬ ਜੀ ਦੀ ਤਰਫ ਦੌੜ ਗਿਆ। ਸੰਤ ਬਾਬਾ ਜੀ ਨੇ ਬਚਨ ਕੀਤਾ ਕਿ ਜਿਸ ਲੜਕੇ ਨੇ ਗ਼ੁਲਾਮ ਦੇ ਪੈਰਾਂ ਨੂੰ ਹੱਥ ਲਗਾਇਆ ਹੈ ਉਸਨੂੰ ਪਕੜ ਕੇ ਲੈ ਆਓ। ਕੁਝ ਸੇਵਾਦਾਰਾਂ ਨੂੰ ਉਸ ਲੜਕੇ ਦੇ ਪਿਛੇ ਦੌੜਾਇਆ ਗਿਆ, ਤੇ ਉਸ ਨੂੰ ਫੜ ਕੇ ਲਿਆਉਣ ਵਿੱਚ ਤਕ੍ਰੀਬਨ ਅੱਧਾ ਘੰਟਾ ਲੱਗ ਗਿਆ; ਇਤਨਾ ਚਿਰ ਸੰਤ ਜੀ ਦਰਸ਼ਨੀ ਡਿਉੜੀ ਦੇ ਪਾਸ ਹੀ ਬੈਠੇ ਰਹੇ। ਜਦ ਉਹ ਮੁੰਡਾ ਸੰਤਾਂ ਦੇ ਪੇਸ਼ ਕੀਤਾ ਗਿਆ ਤਾਂ ਆਪ ਜੀ ਨੇ ਉਸਦੇ ਦੋਨੋਂ ਪੈਰਾਂ ਨੂੰ ਆਪਣੇ ਹੱਥਾਂ ਨਾਲ ਪਕੜਕੇ ਆਪਣੇ ਮਸਤਕ ਨੂੰ ਲਾਇਆ, ਤੇ ਉਸ ਪ੍ਰਤੀ ਬਚਨ ਕੀਤਾ 'ਕੀ ਫਿਰ ਤੂੰ ਗ਼ੁਲਾਮ ਦੇ ਪੈਰਾਂ ਨੂੰ ਹੱਥ ਲਾਏਂਗਾ ?' ਤਾਂ ਉਸ ਮੁੰਡੇ ਨੇ ਕੰਨਾਂ

ਨੂੰ ਹੱਥ ਲਾ ਕੇ ਮਾਫੀ ਮੰਗੀ ਤੇ ਇਕਰਾਰ ਕੀਤਾ ਕਿ ਮੈਂ ਅਗੋਂ ਐਸਾ ਕਮ ਨਹੀਂ ਕਰਾਂਗਾ। ਇਸ ਤੋਂ ਪਿਛੋਂ ਸੰਤ ਬਾਬਾ ਜੀ ਸਮੇਤ ਸਾਰੇ ਪ੍ਰੇਮੀਆਂ ਦੇ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਲਈ ਜਾ ਹਾਜ਼ਰ ਹੋਏ। ਇਹ ਵਾਕਿਆ ਸੰ: ੧੯੨੨ ਦਾ ਹੈ, ਉਸ ਸਮੇਂ ਸੰਤ ਬਾਬਾ ਜੀ ਦੀ ਆਯੂ ਲਗ ਪਗ ੧੧੯ ਬਰਸ ਦੀ ਸੀ, ਆਪ ਹਮੇਸ਼ਾ ਆਪਣੇ ਆਪ ਵਾਸਤੇ 'ਗੁਲਾਮ' ਦਾ ਅੱਖਰ ਵਰਤਦੇ ਸਨ।

ਸ: ਬਸ਼ੇਸ਼ਰ ਸਿੰਘ ਜੀ ਬੀ ਇਹ ਸਾਖ ਭਰਦੇ ਸਨ ਕਿ ਮੈਂ ਸਾਰੀ ਉਮਰ ਸੰਤਾਂ ਨੂੰ ਕਿਸੇ ਤੋਂ ਮੱਥਾ ਟਿਕਾਉਂਦੇ ਨਹੀਂ ਡਿੱਠਾ। ਜੇ ਕੋਈ ਅਨਭੋਲ ਆਪ ਦੇ ਚਰਨਾਂ ਨੂੰ ਹੱਥ ਲਾ ਜਾਂਦਾ ਤਾਂ ਸੰਤ ਉਸ ਦੇ ਚਰਨਾਂ ਤੇ ਜਦ ਤਕ ਮੱਥਾ ਨਾਂ ਟੇਕ ਲੈਂਦੇ ਉਸਦੇ ਚਰਨ ਨਾ ਛੋੜਦੇ।

## ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸਾਖ

ਸ੍ਰੀ ਅੰਮ੍ਰਿਤਸਰ ਜੀ ਵਿਖੇ ਜਦੋਂ ਪਹਿਲੀ ਵੇਰ ਦਾਸ (ਲੇਖਕ ਪ੍ਰੇਮ ਸਿੰਘ) ਨੂੰ ਪੰਥ ਰਤਨ ਭਾਈ ਸਾਹਿਬ ਭਾਈ ਵੀਰ ਸਿੰਘ ਜੀਉ ਦੇ ਦਰਸ਼ਨਾਂ ਦਾ ਮੁਭਾਗ ੯੦ ਲਾਰੰਸ ਰੋਡ ਵਿਖੇ ਪ੍ਰਾਪਤ ਹੋਇਆ ਤਾਂ ਦਾਸ ਨੇ ਆਪ ਜੋਗ ਛੋਟੀ ਉਮਰ ਵਿੱਚ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਚਰਨਾਂ ਵਿਖੇ ਦੋ ਬਰਸ ਸੇਵਾ ਤੇ ਸਤਿਸੰਗ ਦੀ ਪ੍ਰਾਪਤੀ ਦਾ ਜ਼ਿਕਰ ਕੀਤਾ ਤਾਂ ਆਪ ਨੇ ਫੁਰਮਾਇਆ ਕਿ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਨੇ ਸਾਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ, ਆਪ ਜੀ ਪੰਜ ਪਿਆਰਿਆਂ ਦੇ ਜਥੇਦਾਰ ਸਨ। ਸਾਡੇ ਨਾਲ ਸੰਤ ਜੀ ਬਹੁਤ ਪਿਆਰ ਕਰਦੇ ਸਨ, ਪਰ ਸਾਨੂੰ ਆਪਣੇ ਚਰਨਾਂ ਨੂੰ ਹੱਥ ਨਹੀਂ ਲਗਾਉਣ ਦੇਂਦੇ ਸਨ।

# 'ਪਾਰਸ ਹੋਇ ਤ ਪੂਜ ਕਰਾਏ'

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਚਰਨਾਂ ਤੇ ਮੱਥਾ ਨਾ ਟਿਕਾਉਣ ਸੰਬੰਧੀ ਸੰਤ ਭਾਈ ਆਇਆ ਰਾਮ ਜੀ ਦੀ ਇਕ ਬੜੀ ਸਿਖਿਆ-ਦਾਇਕ ਸਾਖੀ ਆਪਣੇ ਹੱਥ ਲਿਖਤ ਗ੍ਰੰਥ ਵਿਚ ਲਿਖੀ ਹੈ :-

ਸੰਤ ਭਾਈ ਆਇਆ ਰਾਮ ਜੀ ਸਵਾ ਲੱਖ ਦੀ ਕੋਠੀ ਤਿਆਗ ਕੇ ਸ੍ਰੀ ਭਾਈ ਅੱਡਣ ਸਾਹਿਬ ਜੀ ਦੀ ਸੇਵਾ ਵਿਚ ਆ ਕੇ ਸਾਧੂ ਬਾਣਾ ਧਾਰਨ ਕੀਤਾ। ਇਕ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਨਤੇ ਥੇ। ਜਿਉਂ ਜਿਉਂ ਪਾਠ ਸੁਨਹਿ, ਤਿਉਂ ਤਿਉਂ ਵੈਰਾਗ ਕਰਿ ਰੁਦਨ ਕਰਹਿ ॥ ਜਬ ਇਹੁ ਤੁਕ ਸੁਨੀ :-

ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥ ਅਤੇ
ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥
[ਗੂ: ਮ: ੩-੭

ਤਾਂ ਸ੍ਰੀ ਪਰਮੇਸ਼ਰ ਜੀ ਕਾ ਭੈ ਪਾਇ ਕਰ ਰੁਦਨ ਕਰਤੇ ਭਏ। ਉਸ ਨਗਰ ਦੇ ਵਾਸੀ ਆਪ ਜੀ ਨੂੰ ਵੱਡਾ ਸੰਤ ਜਾਣ ਕਰਕੇ ਪਰਮ ਸ਼ਰਧਾ ਨਾਲ ਪੂਜਦੇ ਸੇ। ਤਬ ਭਾਈ ਆਇਆ ਰਾਮ ਜੀ ਬਚਨ ਕਰਤੇ ਭਏ, ਜੋ ਲੋਕਾਂ ਅਸਾਂ ਨੂੰ ਪੂਜਿਆ ਹੈ, ਅਸਾ ਪੂਜਾਇਆ ਹੈ। ਜੈਸੇ ਗੁਰੁ ਸਾਹਿਬ ਜੀ ਕਹਿਤੇ ਹੈਂ, ਤੈਸੇ ਹਮ ਨਾ ਥੇ, ਤਾਂ ਤੇ ਅਸੀਂ ਆਪਣੀ ਦੇਹ ਕੋ ਪੂਜਾ ਕੇ ਦੋਖ ਕੀ ਨਵਿਰਤੀ ਲੀਏ ਡੁਬਾਇ ਦੇਤੇ ਹਾਂ। ਅਸਾਨੂੰ ਕਿਸੇ ਮਨ੍ਹਾ ਨਹੀਂ ਕਰਨਾ, ਹੇ ਸਾਧੋ! ਤਾਂ ਸਾਧਾਂ ਔਰ ਨਗਰ ਵਾਸੀਆਂ ਸਲਾਹ ਕਰਕੇ ਸਾਂਢਨੀ ਅਸਵਾਰ ਰਾਤੋ ਰਾਤ ਭੇਜ ਕੇ ਭਾਈ ਭਲਾ ਰਾਮ ਜੀ ਕੋ ਨੂਰਪੁਰ ਤੋਂ ਸਦਾਵਤੇ ਭਏ। ਜਬ ਸੰਤ ਭਾਈ ਭਲਾ ਰਾਮ ਜੀ ਪਹੁੰਚੇ ਉਸ ਸਮੇਂ ਸੰਤ ਭਾਈ ਆਇਆ ਰਾਮ ਜੀ ਨਗਰ ਤਿਆਗ ਕਰ ਕੇ ਨਦੀ ਕੀ ਤਰਫ ਚਲ ਪੜੇ ਥੇ। ਤਬ ਭਾਈ ਭਲਾ ਰਾਮ ਜੀ ਨੇ

ਗੁਰ ਭਾਈ ਕੋ ਦੇਖ ਕਰ ਦੂਰ ਸੇ ਹੀ ਉੱਚੀ ਅਵਾਜ ਸੇ ਰੋਨੇ ਕੀ ਚੀਕ ਨਿਕਾਲੀ, ਭਾਈ ਆਇਆ ਰਾਮ ਜੀ ਬੀ ਉਨ ਕੋ ਕੰਠ ਲਗਾਇ ਰੋਇ ਕਰ ਮਿਲੇ । ਪੁਨਾ ਭਾਈ ਭਲਾ ਰਾਮ ਜੀ ਹਾਥ ਜੋੜ ਕਰ ਗਲ ਮੋ ਅੰਚਰਾ ਪਾਇ ਕਰ ਕਹਾ ਜੋ ਹੇ ਬਖ਼ਸ਼ਿੰਦ ਭੂਲ ਬਖ਼ਸ਼ੀਏ, ਦੇਹ ਕੋ ਨਾ ਡੁਬਾਈਏ। ਤਿਸ ਕਾਲ ਦੂਰ ਦੂਰ ਤੋਂ ਸੰਗਤ ਆਇ ਇਕੱਠੀ ਭਈ ਸੀ, ਤਾਂ ਭਾਈ ਆਇਆ ਰਾਮ ਜੀ ਕਹਿਤ ਭਏ ਜੋ ਕੋਈ ਅਸਾਨੂੰ ਮੱਥਾ ਨਾ ਟੇਕੇ, ਤੋ ਹਮ ਦੇਹ ਰਖੇਂ, ਨਹੀਂ ਤੋਂ ਨਹੀਂ ਰਾਖੇਂ । ਤਬ ਸੰਤ ਭਾਈ ਭਲਾ ਰਾਮ ਜੀ ਹਾਥ ਜੋੜ ਕਰਿ ਕਹਿਤ ਭਏ, ਜੀ ਐਸੇ ਹੀ ਹੋਵੇਗਾ। ਤਾਂ ਸਭ ਸਾਧੋਂ ਕੋ ਭੀ ਅਰ ਸੰਗਤ ਕੇ ਲੋਗ ਲੁਗਾਈ ਸੇ ਭੀ, ਸਭ ਕੋ ਮਨਹ ਕਰ ਦੀਆ, ਜੋ ਭਾਈ ਆਇਆ ਰਾਮ ਸਾਹਿਬ ਕੋ ਮਸਤਕ ਕਿਸੀ ਨੇ ਨਹੀਂ ਟੇਕਨਾ ਹੈ ਭਾਈ ਜਨੋ ! ਤਾਂ ਭਾਈ ਆਇਆ ਰਾਮ ਜੀ ਮੁੜ ਕਰ ਆਪਨੀ ਵੱਡੀ ਧਰਮਸਾਲਾ ਮੇਂ ਆਇ ਰਹੇ, ਜੋ ਆਪਿ ਜੀ ਨੇ ਸਭ ਜੀਵਾਂ ਕੇ ਸੁਖ ਵਾਸਤੇ ਬਨਵਾਈ ਸੀ ।

## ਗ਼ਰੀਬਾਂ ਤੇ ਤਰਸ

ਇਕ ਦਿਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਦਿਨੇ ਨੌਂ ਵਜੇ ਦੇ ਲਗ ਪਗ ਸੁਣਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਵਾਲਾ ਇਸ ਵੇਲੇ ਕੋਈ ਜਥਾ ਨਹੀਂ, ਆਪ ਨੇ ਸਰੰਦਾ ਚੁੱਕਿਆ ਤੇ ਕੀਰਤਨ ਕਰਨ ਟੁਰ ਪਏ, ਜਿਸ ਵੇਲੇ ਡੇਰੇ ਤੋਂ ਬਾਹਰ ਨਿਕਲੇ ਇਕ ੧੦-੧੨ ਸਾਲ ਦਾ ਬਾਲਕ ਜ਼ਿਰ ਤੇ ਘੁੰਘਣੀਆਂ ਦੀ ਟੋਕਰੀ ਚੁੱਕੀ ਵੇਚਣ ਦਾ ਹੋਕਾ ਦਿੰਦਾ ਮਿਲਿਆ; ਗਲ ਸਾਧਾਰਨ ਸੀ, ਸੰਤ ਸ੍ਰੀ ਦਰਬਾਰ ਸਾਹਿਬ ਚਲੇ ਗਏ, ਤੇ ਲੜਕਾ ਆਪਣੇ ਰਾਹ ਚਲਿਆ ਗਿਆ । ੧੨ ਵਜੇ ਦੇ ਕਰੀਬ ਸੰਤ ਜੀ ਕੀਰਤਨ ਕਰਕੇ ਵਾਪਸ ਮੁੜੇ । ਬਜ਼ਾਰ ਵਿਚ ਫਿਰ

ਉਹੀ ਲੜਕਾ ਘੁੰਘਣੀਆਂ ਵੇਚਦਾ ਮਿਲਿਆ। ਸੰਤ ਜੀ ਡੇਰੇ ਚਲੇ ਗਏ। ਸੰਧਯਾ ਨੂੰ ਸੋਦਰ ਦੀ ਚੌਕੀ ਕਰਨ ਤੇ ਸੁਨਣ ਲਈ, ਆਪ ਸ੍ਰੀ ਦਰਬਾਰ ਸਾਹਿਬ ਵੱਲ ਤੁਰੇ ਤਾਂ ਉਹੀ ਲੜਕਾ ਘੁੰਘਣੀਆਂ ਦਾ ਹੋਕਾ ਦੇਂਦਾ ਫੇਰ ਨਜ਼ਰੀਂ ਪਿਆ। ਹੁਣ ਸੰਤ ਜੀ ਉਸ ਲੜਕੇ ਪਾਸ ਖਲੋ ਗਏ, ਤੇ ਪੁੱਛਣ ਲਗੇ : ਕਾਕਾ ਤੂੰ ਅੱਜ ਸਵੇਰ ਦਾ ਘੁੰਘਣੀਆਂ ਵੇਚਦਾ ਫਿਰਦਾ ਹੈਂ, ਕਿੰਨੀਆਂ ਕੁ ਟੋਕਰੀਆਂ ਦਿਨ ਵਿਚ ਵੇਚ ਲੈਂਦਾ ਹੁੰਦਾ ਹੈਂ ?

ਲੜਕੇ ਨੇ ਹੱਥ ਜੋੜਕੇ ਕਿਹਾ ਕਿ ਜੀ ਅੱਜ ਸਵੇਰ ਦੀ ਇਹੋ ਟੋਕਰੀ ਲੈ ਕੇ ਨਿਕਲਿਆ ਹਾਂ, ਅਜੇ ਤਕ ਚੌਥਾ ਹਿੱਸਾ ਭੀ ਨਹੀਂ ਵਿਕੀ, ਪਿਤਾ ਮਰ ਚੁਕਾ ਹੈ, ਘਰ ਵਿਚ ਚਾਰ ਪੰਜ ਛੋਟੇ ਭਰਾ ਹਨ, ਕਮਾਉਣ ਵਾਲਾ ਮੇਰੇ ਤੋਂ ਬਿਨਾਂ ਹੋਰ ਕੋਈ ਹੈ ਨਹੀਂ, ਇਹ ਘੁੰਘਣੀਆਂ ਵੇਚਣ ਤੋਂ ਜਿਹੜੇ ਦੋ ਚਾਰ ਆਨੇ ਬਚਦੇ ਹਨ, ਉਨ੍ਹਾਂ ਦਾ ਆਟਾ ਲਿਆ ਕੇ ਰੋਟੀ ਪਕੇਗੀ, ਤਦ ਪਰਵਾਰ ਦਾ ਢਿੱਡ ਭਰੇਗਾ। ਪਰ ਅਜ ਸਵੇਰ ਵੇਲੇ ਤੋਂ ਗਾਹਕ ਘੱਟ ਹੀ ਪਿਆ ਹੈ ਜਿਸ ਕਾਰਨ ਘੁੰਘਣੀਆਂ ਬਚ ਰਹੀਆਂ ਹਨ, ਤੇ ਮੈਂ ਇਸੇ ਚਿੰਤਾ ਵਿਚ ਇਧਰ ਉਧਰ ਫਿਰ ਰਿਹਾ ਹਾਂ ਕਿ ਘੁੰਘਣੀਆਂ ਵਿਕੀਆਂ ਨਹੀਂ, ਅਸੀਂ ਕੀ ਖਾਵਾਂਗੇ। ਜੇ ਇਹੋ ਹੀ ਘਰ ਦਿਆਂ ਨੂੰ ਖੁਆ ਦਿਆਂ ਤਾਂ ਕਲ੍ਹ ਵਾਸਤੇ ਰਾਸ ਮੂੜੀ ਕੋਈ ਨਹੀਂ ਰਹੇਗੀ। ਇਨ੍ਹਾਂ ਸੋਚਾਂ ਨੇ ਹਨੇਰਾ ਪੈ ਜਾਣ ਤੇ ਭੀ ਅਜੇ ਤਕ ਘਰ ਵਲ ਨਹੀਂ ਜਾਣ ਦਿਤਾ। ਸੰਤਾਂ ਨੇ ਕਿਹਾ ਕਿ ਜੇ ਇਹ ਤੇਰੀਆਂ ਘੁੰਘਣੀਆਂ ਸਾਰੀਆਂ ਵਿਕ ਜਾਂਦੀਆਂ ਤਾਂ ਕਿੰਨੇ ਪੈਸੇ ਕਮਾਉਂਦੋਂ ? ਲੜਕੇ ਨੇ ਕਿਹਾ ਕਿ ਇਨ੍ਹਾਂ ਦਾ ਇਕ ਰੁਪੱਯਾ ਵੱਟ ਲੈਂਦਾ ਹਾਂ। ਸੰਤਾਂ ਨੇ ਕਿਹਾ ਕਿ ਬੱਚਾ ਘੁੰਘਣੀਆਂ ਲੈ ਕੇ ਮੇਰੇ ਪਿਛੇ ਆ ਜਾਹ। ਸ੍ਰੀ ਹਰਿਮੰਦਰ ਸਾਹਿਬ ਪ੍ਰਕਰਮਾਂ ਵਿਚ ਜਾਕੇ ਆਪ ਬੈਠ ਗਏ ਤੇ ਗਰੀਬਾਂ ਵਿਚ ਸਾਰੀਆਂ ਘੁੰਘਣੀਆਂ ਵੰਡਵਾ ਦਿਤੀਆਂ। ਸੰਤਾਂ ਨੇ ਇਕ ਰੁਪੱਯਾ ਉਸਨੂੰ ਦੇ ਦਿੱਤਾ। ਉਨ੍ਹਾਂ ਦਿਨਾਂ ਦਾ ਰੁਪੱਯਾ

ਅੱਜ ਦੇ ਪੰਦਰਾਂ ਵੀਹ ਰੁਪਏ ਦੇ ਬਰਾਬਰ ਹੁੰਦਾ ਸੀ।

ਇਸੇ ਤਰ੍ਹਾਂ ਸੰਤ ਪਾਥੀਆਂ ਦੀਆਂ ਲੱਦਾਂ, ਜਿਨ੍ਹਾਂ ਦੀਆਂ ਨਹੀਂ ਵਿਕਦੀਆਂ ਸਨ, ਉਨ੍ਹਾਂ ਨੂੰ ਮੂੰਹ ਮੰਗੇ ਪੈਸੇ ਦੇ ਕੇ ਲੈ ਲੈਂਦੇ ਸਨ ਤੇ ਗਰੀਬਾਂ ਦੀ ਮਦਦ ਕੀਤਾ ਕਰਦੇ ਸਨ।

੨.

ਇਕ ਦਿਨ ਦਰਵਾਜੇ ਦੇ ਅਗੇ ਇਕ ਗਰੀਬ ਸਾਧੂ ਖੜਾ ਤੱਕਿਆ। ਸੰਤ ਬਾਬਾ ਜੀ ਨੇ ਉਸ ਨੂੰ ਚਾਦਰ ਦੀ ਲੋੜ ਪ੍ਰਤੀਤ ਕਰਕੇ ਭਾਈ ਠਾਕੁਰ ਸਿੰਘ ਨੂੰ ਆਗਿਆ ਕੀਤੀ ਕਿ ਇਕ ਚਾਦਰ ਇਸ ਨੂੰ ਦੇ ਆਓ। ਜਦ ਭਾਈ ਸਾਹਿਬ ਵਾਪਸ ਆਏ ਤਾਂ ਆਪ ਨੇ ਪੁੱਛਿਆ, ਕਿ ਤੁਸੀਂ ਚਾਦਰ ਦੇ ਆਏ ਹੋ! ਤਾਂ ਉਨ੍ਹਾਂ ਨੇ ਕਿਹਾ :—ਹਾਂ ਜੀ, ਦੇ ਆਇਆ ਹਾਂ। ਤਾਂ ਸੰਤਾਂ ਨੇ ਫਿਰ ਬਚਨ ਕੀਤਾ, 'ਚਾਦਰ ਦੇ ਕੇ ਹੱਥ ਜੋੜਕੇ ਉਸਦੇ ਪੈਰਾਂ ਤੇ ਮੱਥਾ ਭੀ ਟੇਕਿਆ ਹੈ ਕਿ ਨਹੀਂ?' ਤਾਂ ਅਗੋਂ ਉਨ੍ਹਾਂ ਨੇ ਉਤਰ ਦਿਤਾ, ਨਹੀਂ ਮਹਾਰਾਜ ਜੀ, ਇਹ ਤਾਂ ਨਹੀਂ ਕੀਤਾ। ਤਾਂ ਸੰਤ ਬਾਬਾ ਜੀ ਨੇ ਬਚਨ ਕੀਤਾ "ਤੂੰ ਤਾਂ ਬਿਅਰਥ ਚਾਦਰ ਗੁਆ ਆਇਆ ਹੈਂ ਤੇ ਆਪ ਭੀ ਕੁਝ ਨਹੀਂ ਖੱਟਿਆ। ਦੇਵਣ ਵਾਲਾ ਵਾਹਿਗੁਰੂ ਹੈ ਅਸਾਡੀ ਤੇ ਤੁਹਾਡੀ ਖੱਟੀ ਤਾਂ ਇਹੋ ਹੀ ਹੈ ਕਿ ਵਾਹਿਗੁਰੂ ਜੀ ਦੀ ਵਸਤੂ ਉਸਦੇ ਬੰਦਿਆਂ ਨੂੰ ਅਰਪਣ ਕਰਨ ਲਗਿਆਂ ਨਿੰਮ੍ਰਤਾ ਸਹਿਤ, ਭੇਟਾ ਕਰੀਏ ਨਾ ਕਿ ਦਾਤਾ ਬਣਕੇ ਦੇਈਏ, ਸੋ ਅਗੋਂ ਇਹ ਭੁੱਲ ਨਹੀਂ ਕਰਨੀ।"

੩.

ਇਕ ਦਿਨ ਸੰਤ ਬਾਬਾ ਜੀ ਵੱਡੀ ਪਰਕਰਮਾ ਕਰ ਰਹੇ ਸਨ ਕਿ ਇਕ ਬਿਰੰਗਮ ਸੂਰਮਾ ਪ੍ਰਕਰਮਾ ਵਿਚ ਬੈਠਾ ਸੀ। ਸੰਤਾਂ ਨੇ ਉਸ ਨੂੰ ਕੜਾਹ ਪ੍ਰਸ਼ਾਦਿ ਦੀ ਛਿਕੜੀ ਦਿਤੀ ਤੇ ਉਸ ਨੂੰ ਮੱਥਾ ਟੇਕਿਆ। ਉਸਦਾ ਕੁੜਤਾ ਫਟਿਆ ਹੋਇਆ ਸੀ, ਆਪ ਨੇ ਆਪਣੀ ਫਤੂਹੀ (ਕੁੜਤੀ) ਉਤਾਰ ਕੇ ਉਸ ਨੂੰ ਪਹਿਨਾ ਦਿਤੀ ਤੇ

ਆਪਣੇ ਸਰੀਰ ਉਪਰ ਅੰਗੋਛਾ (ਪਰਨਾ) ਰੱਖ ਕੇ ਆਪਣੀ ਧਰਮਸਾਲਾ ਨੂੰ ਚਲੇ ਗਏ। ਬਾਬਾ ਜੀ ਕਈ ਵੇਰ 'ਇਹ ਕਿਸੇ ਕਵੀ ਦੀ ਪ੍ਰਸਿਧ ਤੁਕ ਸੁਣਾਉਂਦੇ ਹੁੰਦੇ ਸਨ :—

ਮਾਂਗਉ ਨਹੀਂ ਮਰ ਜਾਉਂ, ਅਪਣੇ ਜੀਅ ਕੇ ਵਾਸਤੇ,
ਪਰਉਪਕਾਰ ਕੇ ਕਾਰਨੇ ਮੁਝੇ ਨ ਆਵਤ ਲਾਜ ॥

8.

ਇਕ ਵੇਰ ਆਪਣੇ ਡੇਰੇ ਵੱਲ ਸ੍ਰੀ ਦਰਬਾਰ ਸਾਹਿਬ ਤੋਂ ਆ ਰਹੇ ਸਨ, ਰਾਹ ਵਿਚ ਇਕ ਹਲਵਾਈ ਦੀ ਦੁਕਾਨ ਸੀ। ਹਲਵਾਈ ਸੁੱਤਾ ਪਿਆ ਸੀ, ਸੰਤਾਂ ਨੇ ਹਲਵਾਈ ਨੂੰ ਸੁੱਤਾ ਵੇਖ ਕੇ ਖਿਆਲ ਕੀਤਾ ਕਿ ਇਹ ਗ੍ਰੀਬ ਆਦਮੀ ਹੈ, ਇਸ ਨੇ ਨੌਕਰ ਕੋਈ ਨਹੀਂ ਰੱਖਿਆ ਜਾਪਦਾ। ਆਪ ਉਸਦੀ ਹੱਟੀ ਦੀ ਭੱਠੀ ਪਾਸ ਜਾ ਬੈਠੇ ਜਿੰਨੀਆਂ ਬਾਟੀਆਂ ਜੂਠੀਆਂ ਪਈਆਂ ਸਨ, ਸਾਰੀਆਂ ਮਾਂਜ ਕੇ, ਰੱਖ ਕੇ ਤੁਰਨ ਹੀ ਲੱਗੇ ਸਨ ਕਿ ਹਲਵਾਈ ਜਾਗ ਪਿਆ। ਇਸ ਨੇ ਸੰਤਾਂ ਦੇ ਦਰਸ਼ਨ ਕੀਤੇ ਹੋਏ ਸਨ ਤੇ ਉਨ੍ਹਾਂ ਦੀ ਮਹਿਮਾ ਤੋਂ ਜਾਣੂ ਸੀ। ਇਹ ਮਲੂਮ ਕਰ ਕੇ ਕਿ ਸੰਤਾਂ ਨੇ ਜੂਠੀਆਂ ਬਾਟੀਆਂ ਮਾਂਜੀਆਂ ਹਨ, ਹੱਥ ਜੋੜ ਕੇ ਉਨ੍ਹਾਂ ਪਾਸੋਂ ਖਿਮਾ ਦੀ ਯਾਚਨਾ ਕੀਤੀ। ਸੰਤ ਜੀ ਇਹ ਕਹਿ ਕੇ ਕਿ ਗੁਰੂ ਕੇ ਪਿਆਰੇ, ਵਾਹਿਗੁਰੂ ਬੋਲ, ਉਸ ਨੂੰ ਦਿਲਾਸਾ ਦੇ ਕੇ ਤੇ ਸੁਖੀ ਕਰਕੇ ਚਲੇ ਗਏ।

## ਕਾਲ ਪੀੜਤ ਜਨਤਾ ਦੀ ਸਹਾਇਤਾ

੧੯੫੬ ਬਿਕ੍ਰਮੀ (ਮੁਤਾਬਕ ੧੮੯੯ ਈਸਵੀ)

ਛਿਵੰਜਾ ਦਾ ਕਾਲ ਪੰਜਾਬੀ ਵਿੱਚ ਇਕ ਬੜਾ ਪ੍ਰਸਿੱਧ ਦੁਰਭਿੱਖ ਸੀ, ਜਿੰਨੀ ਅਨਾਜ ਦੀ ਤੰਗੀ ਉਸ ਸਾਲ ਲੋਕਾਂ ਨੇ ਵੇਖੀ ਪਿਛਲੀ ਇਕ ਸਦੀ ਵਿੱਚ ਵੇਖਣ ਵਿੱਚ ਨਹੀਂ ਸੀ ਆਈ। ਬੀਕਾਨੇਰ ਦੇ ਇਲਾਕੇ ਵਿੱਚ ਇਸਦਾ ਅਸਰ ਸਾਰਿਆਂ ਤੋਂ ਜ਼ਿਆਦਾ ਪਿਆ ਸੀ। ਲੋਕੀਂ ਘਰ ਬਾਹਰ ਛਡਕੇ ਪੰਜਾਬ ਵੱਲ

ਆ ਗਏ । ਭੁੱਖ ਦੇ ਦੁੱਖ ਤੋਂ ਦੁਖੀ ਮਾਂਵਾਂ ਬੱਚਿਆਂ ਦਾ ਦੁਖ ਨਾ ਸਹਾਰਕੇ ਸੁੱਟਕੇ ਚਲੀਆਂ ਗਈਆਂ, ਕਈਆਂ ਨੇ ਬੱਚਿਆਂ ਨਾਲ ਆਤਮਘਾਤ ਕਰ ਲਏ।ਬੀਕਾਨੇਰ ਦੀ ਇਹ ਗਰੀਬ ਵਸੋਂ ਅੰਮ੍ਰਿਤਸਰ ਵਿੱਚ ਬਹੁਤ ਗਿਣਤੀ ਵਿਚ ਆਈ। ਇਨ੍ਹਾਂ ਰੱਬ ਦੇ ਬੰਦਿਆਂ ਨੂੰ ਗਲੀ ਕੂਚਿਆਂ ਵਿਚ ਦਰ ਦਰ ਰੁਲਦਿਆਂ ਵੇਖਕੇ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਪਰ-ਉਪਕਾਰੀ ਦਿਲ ਪਸੀਜਿਆ। ਉਛਾਲੇ ਵਿੱਚ ਆਇਆ, ਆਪ ਨੇ ਇਨ੍ਹਾਂ ਲੋਕਾਂ ਨੂੰ ਦੋਨੋਂ ਵੇਲੇ ਆਪਣੇ ਅਸਥਾਨ ਲਿਜਾ ਕੇ ਪ੍ਰਸ਼ਾਦਿ ਛਕਾਣ ਦੀ ਧਾਰਨਾ ਧਾਰੀ। ਸੰਤਾਂ ਦੇ ਡੇਰੇ ਦੇ ਆਦਮੀ ਜਾਕੇ ਹੋਕੇ ਦਿੰਦੇ, ਤਾਂ ਬੀਕਾਨੇਰ ਦੇ ਆਦਮੀ ਮਰਦ ਤੇ ਤੀਵੀਆਂ ਝੁਰਮਟ ਪਾਕੇ ਪੁੱਜਦੇ ਸਨ। ਸੰਤ ਜੀ ਇਨ੍ਹਾਂ ਦੀਆਂ ਪੰਗਤਾਂ ਬਿਠਾ ਦਿੰਦੇ, ਤੇ ਘੰਟਾ ਘੰਟਾ, ਦੋ ਦੋ ਘੰਟੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਵਾਉਂਦੇ, ਫਿਰ ਪ੍ਰਸ਼ਾਦਿ ਛਕਾਉਂਦੇ ਸਨ, ਇਸ ਤਰ੍ਹਾਂ ਨਾਲ ਸਵੇਰੇ ਤੇ ਸ਼ਾਮ ਦੋਨੋਂ ਵੇਲੇ ਹਜ਼ਾਰਾਂ ਦੀ ਗਿਣਤੀ ਵਿੱਚ ਇਨ੍ਹਾਂ ਗਰੀਬਾਂ ਦੀ ਉਦਰ ਪੂਰਨਾ ਕਈ ਮਹੀਨਿਆਂ ਤਕ ਹੁੰਦੀ ਰਹੀ। ਨਾਲ ਹੀ ਇਨ੍ਹਾਂ ਦੇ ਸੁਆਸਾਂ ਦਾ ਭਲਾ ਕਰਨ ਲਈ ਨਾਮ ਜਪ ਦਾ ਪ੍ਰਵਾਹ ਚਲਦਾ ਰਿਹਾ। ਸੰਤਾਂ ਦੇ ਇਸ ਉਦਮ ਦੇ ਪ੍ਰਭਾਵ ਤੋਂ ਪ੍ਰੇਰਤ ਹੋਕੇ ਸ਼ਹਿਰ ਦੇ ਧਨੀਆਂ ਵਲੋਂ ਆਟਾ, ਦਾਲ, ਘਿਉ, ਨਕਦੀ ਤੇ ਪੱਕੇ ਹੋਏ ਪ੍ਰਸ਼ਾਦੇ ਸੰਤਾਂ ਦੇ ਡੇਰੇ ਪੁੱਜਣ ਲੱਗ ਪਏ ਸਨ, ਜਿਸ ਤੋਂ ਸੰਤਾਂ ਨੇ ਇਸ ਲੰਗਰ ਨੂੰ ਬੜਾ ਖੁੱਲ੍ਹਾ ਨਿਭਾਇਆ; ਤੇ ਆਪ ਦੇ ਇਸ ਉਦਮ, ਸਦਕਾ ਹਜ਼ਾਰਾਂ ਪ੍ਰਾਣੀਆਂ ਦੇ ਇਹ ਤਕਲੀਫ ਦੇ ਦਿਨ ਕੱਟੇ ਗਏ; ਉਨ੍ਹਾਂ ਦੀਆਂ ਜਾਨਾਂ ਬਚ ਗਈਆਂ। ਉਹਨਾਂ ਵਿਚੋਂ ਕਈ ਬੰਦੇ ਗੁਰੂ ਕੇ ਸਿੰਘ ਸਜ ਗਏ। ਸੰਤਾਂ ਦੇ ਇਸ ਉਦਮ ਤੋਂ ਸਪਸ਼ਟ ਹੈ ਕਿ ਧਰਮ ਦੇ ਪਿਆਰੇ, ਜੋ ਸਚਮੁਚ ਧਰਮ ਦੇ ਧਾਰਨੀ ਹੁੰਦੇ ਹਨ, ਜਗਤ ਦਾ ਕਿੰਨਾ ਭਲਾ ਕਰ ਸਕਦੇ ਹਨ। ਅਸਲ ਪਿਆਰ ਇਹ ਹੈ ਕਿ ਜੋ ਆਪਣੇ ਰੱਬ ਦੇ ਦੁਖੀ ਬੰਦਿਆਂ ਦਾ ਸੰਤ ਜੀ ਨੇ ਇਕ

ਦਤ ਤਕ ਵਰਤ ਕੇ ਦਿਖਾਇਆ ਹੈ ਤੇ ਉਨ੍ਹਾਂ ਦੇ ਨਮੂਨੇ ਨੇ ਸੈਂਕੜੇ ਧਨੀਆਂ ਨੂੰ ਉਸ ਸਮੇਂ ਪੁੰਨ ਕਰਨ ਲਈ ਪ੍ਰੇਰਿਆ।

## ਲੋੜਵੰਦਾਂ ਦੀ ਚੁਪ ਚਾਪ ਸਹਾਇਤਾ

ਸੰਤਾਂ ਦੀ ਸੇਵਾ ਵਲ ਰੁੱਚੀ ਵੇਖਕੇ ਕਈ ਧਨੀ ਆਦਮੀ ਆਪਣੀ ਕਮਾਈ ਨੂੰ ਸਫਲਾ ਕਰਨ ਲਈ ਮਾਇਆ ਦੇ ਗੱਫੇ ਆਪ ਦੀ ਭੇਟਾ ਕਰ ਜਾਂਦੇ ਸਨ। ਇਸ ਤਰ੍ਹਾਂ ਦੀਆਂ ਰਕਮਾਂ ਆਪ ਸ਼ਹਿਰ ਦੇ ਭਰੋਸੇ ਯੋਗ ਦੁਕਾਨਦਾਰਾਂ ਪਾਸ ਜਮ੍ਹਾਂ ਕਰਵਾ ਦਿੰਦੇ ਸਨ ਤੇ ਵੇਲੇ ਸਿਰ ਮੰਗਵਾ ਲਿਆ ਕਰਦੇ ਸਨ। ਇਕ ਦਿਨ ਭਾਈ ਕਲਿਆਨ ਸਿੰਘ ਜੀ ਨੂੰ ਭੇਜਿਆ ਕਿ ਅਮਕੀ ਦੁਕਾਨ ਤੋਂ ੬00 ਰੁਪੱਯਾ ਲੈ ਆਉ। ਉਸ ਨੇ ਉਸ ਦੁਕਾਨ ਤੋਂ ੬00 ਰੁਪਏ ਲਿਆ ਕੇ ਸੰਤਾਂ ਦੇ ਅੱਗੇ ਰੱਖ ਦਿਤੇ। ਸੰਤ ਇਕ ਗੁਦੇਲੇ ਤੇ ਬੈਠੇ ਹੋਏ ਸਨ, ਉਸਦੀ ਇਕ ਨੁਕਰ ਚੁੱਕ ਕੇ ਉਸ ਦੇ ਹੇਠਾਂ ਰੁਪਈਏ ਰਖਵਾ ਲਏ। ਸੰਤ ਜੀ ਆਪ ਉਠ ਕੇ ਕਿਧਰੇ ਬਾਹਰਵਾਰ ਜ਼ਰਾ ਕੁ ਗਏ। ਭਾਈ ਕਲਿਆਨ ਸਿੰਘ ਨੂੰ ਵੀ ਆਪ ਨੇ ਕਿਸੇ ਕੰਮ ਬਾਹਰ ਸੱਦ ਲਿਆ। ਕੁਝ ਸਮੇਂ ਪਿਛੋਂ ਸੰਤ ਮੁੜ ਆਏ। ਭਾਈ ਕਲਿਆਨ ਸਿੰਘ ਜੀ ਨੂੰ ਕਹਿਣ ਲਗੇ ਕਿ ਬੈਠਣ ਵਾਲਾ ਗੁਦੇਲਾ ਉਠਾ ਲਿਆ। ਜਦ ਉਸ ਨੇ ਗੁਦੇਲਾ ਉਠਾਇਆ ਤਾਂ ਰੁਪਏ ਹੇਠਾਂ ਨਾ ਵੇਖ ਕੇ ਘਬਰਾਇਆ, ਸੰਤਾਂ ਨੂੰ ਕਹਿਣ ਲੱਗਾ ਕਿ ਮਹਾਰਾਜ ਜੀ, ਗੁਦੇਲੇ ਹੇਠ ਰੁਪਈਏ ਨਹੀਂ ਹਨ। ਕੋਈ ਉਠਾ ਕੇ ਲੈ ਗਿਆ ਹੈ। ਸੰਤ ਮੁਸਕਰਾਏ ਤੇ ਚੁੱਪ ਹੋ ਗਏ। ਭਾਈ ਕਲਿਆਨ ਸਿੰਘ ਨੇ ਫਿਰ ਰੁਪਈਏ ਉਠਾਏ ਜਾਣ ਦੀ ਗਲ ਦੁਹਰਾਈ; ਸੰਤ ਜੀ ਨੇ ਕਿਹਾ ਕਿ ਕੌਣ ਲੈ ਗਿਆ ਹੈ? ਤਾਂ ਉਸਨੇ ਕਿਹਾ ਕਿ ਇਕ ਸਿੰਘ ਇਥੇ ਗੁਰਦਵਾਰੇ ਵਿਚ ਬੈਠਾ ਸੀ, ਓਹੀ ਬਾਹਰ ਗਿਆ ਹੈ, ਹੋਰ ਤਾਂ ਕੋਈ ਆਇਆ ਗਿਆ ਨਹੀਂ, ਓਹੋ ਹੀ ਲੈ ਗਿਆ ਹੋਵੇਗਾ। ਸੰਤ ਜੀ ਮੁਸਕਰਾ ਪਏ ਤੇ ਕਹਿਣ ਲੱਗੇ ਫਿਕਰ ਨਾ ਕਰੋ, ਉਹ ਅਤੀ ਲੋੜਵੰਦ ਸੀ ਤੇ ਬੜਾ ਸੰਕਟ ਵਿਚ ਸੀ, ਉਸਦੀ ਲੜਕੀ

ਦੇ ਵਿਆਹ ਵਿਚ ਸਿਰਫ਼ ਬਾਕੀ ਦਸ ਦਿਨ ਰਹਿ ਗਏ ਸਨ, ਉਸਦਾ ਹੱਥ ਬਹੁਤ ਤੰਗ ਸੀ, ਹੋਰ ਕਿਧਰੇ ਉਸਦਾ ਹੱਥ ਨਹੀਂ ਪੈਂਦਾ ਸੀ। ਸਫ਼ੈਦ ਪੋਸ਼ ਹੋਣ ਕਰਕੇ ਮੂੰਹੋਂ ਕਿਸੇ ਤੋਂ ਕੁਝ ਮੰਗ ਵੀ ਨਹੀਂ ਸਕਦਾ ਸੀ, ਇਥੇ ਚਾਰ ਪੰਜ ਦਿਨਾਂ ਤੋਂ ਆਉਂਦਾ ਸੀ, ਬਿਨਾਂ ਕੁਝ ਕਹੇ ਦੇ ਸਾਰਾ ਦਿਨ ਬਹਿ ਕੇ ਤੁਰ ਜਾਂਦਾ ਸੀ. ਪਰ ਦਿਲ ਵਿਚ ਅਰਦਾਸ ਕਰਦਾ ਸੀ ਸਤਿਗੁਰਾਂ ਅੱਗੇ, ਮੰਗ ਕਰਦਾ ਸੀ ਕਿ ਮੇਰੀ ਮਦਦ ਹੋਵੇ ਤੇ ਚੁਪ ਚਾਪ ਹੋਵੇ ਤੇ ਮੇਰਾ ਸੰਕਟ ਟਲ ਜਾਵੇ, ਸੋ ਤੁਸੀਂ ਸਮਝ ਲਓ ਕਿ ਰੁਪਏ ਅਸਾਂ ਆਪ ਹੀ ਦਿਤੇ ਹਨ, ਕਿਉਂਕਿ ਅਸਾਂ ਓਸੇ ਲਈ ਹੀ ਮੰਗਾਏ ਸਨ। ਤੂੰ ਚੁੱਪ ਕਰ ਜਾਹ, ਰੁਪਈਏ ਲੈ ਜਾਣ ਦੀ ਗਲ ਕਿਸੇ ਨਾਲ ਨਾ ਛੇੜੀਂ। ਉਸ ਸਫੈਦ-ਪੋਸ਼ ਦਾ ਪਰਦਾ ਨਹੀਂ ਉਘਾੜਨਾ, ਉਹ ਡਾਢਾ ਗਰੀਬ ਤੇ ਲੋੜਵੰਦ ਸੀ। ਮਾਇਆ ਦਾ ਮਾਲਕ ਕੋਈ ਨਹੀਂ, ਮਾਇਆ ਵਰਤੋਂ ਦੀ ਸ਼ੈਅ ਹੈ. ਗ਼ੁਲਾਮ ਦੀ ਇਸ ਵਿਚ ਮੈਂ ਮੇਰੀ ਨਹੀਂ ਹੈ, ਗ਼ੁਲਾਮ ਦੀ ਨਜ਼ਰ ਵਿਚ ਨਾ ਕੋਈ ਚੋਰ ਹੈ,ਨਾ ਸਾਧ ਹੈ। ਸਰਬ ਜੀਵਾਂ ਵਿਚ ਗ਼ੁਲਾਮ ਨੂੰ ਤਾਂ ਇਕੋ ਅਕਾਲ ਪੁਰਖੁ ਦੀ ਜੋਤਿ ਦਿੱਸਦੀ ਹੈ।

ਵਾਧੂ ਮਾਇਆ ਵਾਲੇ ਇਥੇ ਰੱਖ ਜਾਂਦੇ ਹਨ, ਤੇ ਲੋੜ ਵਾਲੇ ਜਾਂ ਥੁੜ ਵਾਲੇ ਇਥੋਂ ਲੈ ਜਾਂਦੇ ਹਨ। ਸਾਧੂ ਦਾ ਨਿਸਚਾ ਮਾਇਆ ਤੋਂ ਅਤੀਤ ਹੋਣਾ ਚਾਹੀਦਾ ਹੈ। ਜਦ ਘਰ-ਬਾਰ, ਸਾਕ ਤੇ ਸਬੰਧੀ ਛਡੇ, ਮਾਇਆ ਛੱਡੀ ਫਿਰ ਇਸ ਨੂੰ ਆਪਣੀ ਸਮਝਣਾ ਤਾਂ ਮੁੜ ਢਹਿ ਪੈਣਾ ਹੋਇਆ। ਸੋ ਗ਼ੁਲਾਮ ਦਾ ਕੁਝ ਨਹੀਂ ਸੀ, ਨਾ ਹੈ ਤੇ ਨਾ ਅਗੋਂ ਕਿਸੇ ਅਸੀਂ ਮੈਂ ਮੇਰੀ ਵਿਚ ਫਸੀਏ।

ਸੰਤ ਰਾਜ ਜੀ ਗਰੀਬਾਂ, ਅਨਾਥਾਂ ਨੂੰ ਕਪੜੇ, ਭੂਰੇ, ਲੋਈਆਂ, ਧਨ-ਅਰਥੀਆਂ ਨੂੰ ਧਨ ਦੇਂਦੇ। ਸੰਤੋਖ-ਵਾਨ ਅੰਮ੍ਰਿਤ ਵੇਲੇ ਉਠਣ ਵਾਲੇ, ਨਾਮ ਜਪਣ ਵਾਲੇ, ਗੁਰਬਾਣੀ ਪੜ੍ਹਨ ਵਾਲੇ, ਗੁਰੂ ਕੀ ਸੇਵਾ ਕਰਨ ਵਾਲੇ, ਗਰੀਬ-ਗ੍ਰਿਹਸਥੀਆਂ ਨੂੰ ਲੱਭ ਲੱਭ ਕੇ ਸਹਾਇਤਾ ਦਿੰਦੇ ਰਹਿੰਦੇ ਸਨ।

ਇਕ ਸਮੇਂ ਇਕ ਪ੍ਰੇਮੀ ਸਰਦੀਆਂ ਵਿਚ ਲੋੜਵੰਦਾਂ ਨੂੰ ਵੰਡਣ ਲਈ ਕੁਝ ਭੂਰੇ ਖ੍ਰੀਦ ਲਿਆਇਆ, ਪਰ ਸਸਤੇ ਵੇਖ ਕੇ ਟੁੱਕੇ ਹੋਏ ਲੈ ਆਇਆ। ਜਦ ਬਾਬਾ ਜੀ ਨੇ ਵੇਖੇ ਤਾਂ ਬਚਨ ਕੀਤਾ ਕਿ ਭਾਈ ਈਸ਼੍ਵਰ ਅਰਥ ਜੋ ਭੇਟਾ ਕਰੀਏ, ਸੋ ਖਰਾ ਸੌਦਾ ਕਰੀਏ। ਸੋ ਉਸੇ ਵੇਲੇ ਟੁੱਕੇ ਹੋਏ ਭੂਰੇ ਮੋੜ ਦਿਤੇ ਤੇ ਨਵੇਂ ਮੰਗਵਾਏ।

ਸੰਤ ਬਲਵੰਤ ਸਿੰਘ ਜੀ ਕਨਖਲ ਵਾਲਿਆਂ ਨੇ ਇਕ ਇਹ ਵਾਰਤਾ ਅੱਖੀਂ ਡਿਠੀ ਸੁਣਾਈ :—

ਇਕ ਪ੍ਰੇਮੀ ਸੰਤ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਤੇ ਆ ਕੇ ਇਕ ਵਧੀਆ ਕਸ਼ਮੀਰੀ ਧੁੱਸਾ ਭੇਟਾ ਕੀਤਾ। ਸੰਤਾਂ ਨੇ ਪੁੱਛਿਆ ਕਿ ਭਾਈ ਇਸ ਦੀ ਕੀਮਤ ਕੀ ਹੈ, ਉਸਨੇ ਉੱਤਰ ਦਿੱਤਾ ਕਿ, ਜੀ ੧੦੦ ਰੁਪਿਆ। ਆਪ ਨੇ ਕਿਹਾ ਕਿ ਕੀ ਗੁਲਾਮ ੧੦੦ ਰੁ: ਦਾ ਧੁੱਸਾ ਵਰਤੇਗਾ ? ਉਸ ਪ੍ਰੇਮੀ ਨੇ ਬੇਨਤੀ ਕੀਤੀ ਕਿ, ਜੀ ਮੇਰੀ ਕਾਮਨਾ ਪੂਰੀ ਹੋਈ ਹੈ ਤੇ ਮੇਰੀ ਸ਼ਰਧਾ ਹੈ ਕਿ ਇਹ ਭੇਟਾ ਆਪ ਜੀ ਪ੍ਰਵਾਨ ਕਰੋ। ਆਪ ਨੇ ਫੁਰਮਾਇਆ ਕਿ ਜਾਓ ਇਹ ਧੁੱਸਾ ਦੁਕਾਨਦਾਰ ਨੂੰ ਵਾਪਸ ਮੋੜ ਆਓ ਤੇ ੧੦੦ ਰੁ. ਦੇ ੧੦ ਕੰਬਲ ਖਰੀਦ ਕੇ ਲਿਆਓ। ਉਸ ਸਮੇਂ ਇਕ ਵਧੀਆ ਕਬਲ ਦੀ ਕੀਮਤ ੧੦ ਰੁਪਏ ਸੀ। ਸੰਤਾਂ ਦਾ ਹੁਕਮ ਮੰਨ ਕੇ ਉਹ ਪ੍ਰੇਮੀ ਕਸ਼ਮੀਰੀ ਧੁੱਸਾ ਵਾਪਸ ਕਰਕੇ ੧੦ ਕੰਬਲ ਖਰੀਦ ਕੇ ਲੈ ਆਇਆ, ਜੋ ਸ੍ਰੀ ਸੰਤ ਜੀ ਨੇ ੧੦ ਲੋੜ-ਵੰਦਾਂ ਵਿਚ ਵੰਡ ਦਿੱਤੇ ਤੇ ਇਸ ਜੁਗਤੀ ਨਾਲ ੧੦ ਪ੍ਰਾਣੀਆਂ ਨੂੰ ਸੁਖੀ ਕੀਤਾ।

## ਪ੍ਰਲੋਕ ਵਿਚ ਸਹਾਇਤਾ ਕਰਨ ਦੀ ਮੰਗ ਪਰ

ਕਈ ਪ੍ਰੇਮੀ ਸੰਤਾਂ ਪ੍ਰਤੀ ਬੇਨਤੀ ਕੀਤਾ ਕਰਦੇ ਕਿ ਪ੍ਰਲੋਕ ਵਿਚ ਸਾਡੀ ਸਹਾਇਤਾ ਕਰੋ, ਸੰਤ ਬਾਬਾ ਜੀ ਕਦੇ ਚੁਪ ਰਹਿੰਦੇ ਤੇ ਕਦੇ ਇਹ ਉੱਤਰ ਦੇ ਦਿੰਦੇ 'ਸਾਡੀ ਤੁਹਾਡੀ ਸਹਾਇਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਰਨ।' ਕਈ ਪ੍ਰੇਮੀ ਅਵਸਰ ਪਾਕੇ ਸੰਤਾਂ

ਪ੍ਰਤੀ ਬੇਨਤੀ ਕਰਦੇ ਕਿ ਜੀ ਫਲਾਣੇ ਮਹਾਤਮਾ ਜੀ ਤਾਂ ਸਤਿਸੰਗੀਆਂ ਨੂੰ ਕਹਿੰਦੇ ਰਹਿੰਦੇ ਹਨ ਕਿ ਪ੍ਰਲੋਕ ਵਿਚ ਅਸੀਂ ਤੁਹਾਡੀ ਸਹਾਇਤਾ ਤਾਂ ਕਰਾਂਗੇ ਜੇ ਤੁਸੀਂ ਅਸਾਡੀ ਆਗਿਆ ਮੰਨੋਗੇ ਅਰ ਸੇਵਾ ਕਰੋਗੇ ਅਤੇ ਬਚਨ ਨਾਂਹ ਮੋੜੋਗੇ; ਨਹੀਂ ਤਾਂ ਨਰਕਾਂ ਵਿਚੋਂ ਨਹੀਂ ਬਚਾਵਾਂਗੇ। ਇਸ ਪ੍ਰਕਾਰ ਦੇ ਬਚਨ ਬਾਬਾ ਜੀ ਸੁਣਦੇ ਤਾਂ ਆਪ ਮੂੰਹ ਵਿਚ ਉਂਗਲਾਂ ਪਾਕੇ ਬੜੇ ਅਸਚਰਜ ਹੁੰਦੇ ਅਤੇ ਬਚਨ ਉਚਾਰਦੇ ਕਿ 'ਕਿਸੇ ਮਹਾਤਮਾਂ ਦਾ ਐਸਾ ਬਚਨ ਕਰਨਾ ਨਾਜਾਇਜ਼ ਹੈ, ਐਸੇ ਬਚਨ ਤਾਂ ਜਿਨ੍ਹਾ ਅਵਤਾਰਾਂ ਨੇ ਭੀ ਕੀਤੇ ਹਨ, ਉਹਨਾਂ ਦੀ ਭੀ ਸ੍ਰੀ ਦਸਮ ਪਾਤਸ਼ਾਹ ਜੀ ਨੇ ਦਸਮ ਗ੍ਰੰਥ ਵਿਚ ਨਿਖੇਧੀ ਕੀਤੀ ਹੈ।'

## ਚੋਰਾਂ ਤੋਂ ਚੋਰੀ ਛੁਡਾਉਣ ਦੀਆਂ ਸਾਖੀਆਂ

ਸੰਤਾਂ ਦਾ ਡੇਰਾ ਆਏ ਗਏ ਲਈ ਹਰ ਵੇਲੇ ਖੁੱਲ੍ਹਾ ਸੀ। ਛਕਣ ਲਈ ਪ੍ਰਸ਼ਾਦਾ, ਰਾਤ ਨੂੰ ਆਰਾਮ ਕਰਨ ਲਈ ਮੌਸਮ ਅਨੁਸਾਰ ਕਪੜੇ ਆਦਿਕ ਮਿਲ ਜਾਂਦੇ ਸਨ। ਦੁੱਧ, ਦਹੀਂ, ਲੱਸੀ ਤੇ ਸ਼ਰਦਾਈ ਆਦਿਕ ਦੀ ਯਥਾ ਯੋਗ ਸੇਵਾ ਹੁੰਦੀ ਰਹਿੰਦੀ ਸੀ। ਇਸ ਕਰਕੇ ਕਈ ਮੁਸਾਫਰ ਰਾਤ ਨੂੰ ਇਨ੍ਹਾਂ ਦੇ ਡੇਰੇ ਆ ਟਿਕਦੇ ਸਨ। ਇਕ ਵੇਰ ਇਕ ਮੁਸਾਫਰ ਰਾਤ ਨੂੰ ਆਇਆ, ਨਿਤਾਪ੍ਰਤੀ ਅਨੁਸਾਰ ਉਸਦੀ ਸੇਵਾ ਹੋਈ, ਸਰਦੀਆਂ ਦੇ ਦਿਨ ਸਨ; ਰਾਤ ਨੂੰ ਰਜ਼ਾਈ ਆਦਿਕ ਦਿਤੀ ਗਈ। ਮੁਸਾਫਰ ਜਦ ਸਵੇਰੇ ਉਠਕੇ ਤੁਰਨ ਲੱਗਾ, ਤਾਂ ਇਕ ਚਾਂਦੀ ਦਾ ਚੌਰ ਉਸਦੀ ਨਜ਼ਰੀਂ ਪਿਆ; ਉਸਨੇ ਨਜ਼ਰ ਬਚਾਕੇ ਚੌਰ ਨੂੰ ਬਗਲ ਹੇਠਾਂ ਦਬਾ ਲਿਆ, ਤੇ ਚੁਪ ਕਰਕੇ ਡੇਰੇ ਤੋਂ ਬਾਹਰ ਨਿਕਲ ਗਿਆ। ਥੋੜੇ ਹੀ ਚਿਰ ਪਿਛੋਂ ਡੇਰੇ ਦੇ ਸੇਵਾਦਾਰਾਂ ਨੂੰ ਚੌਰ ਦੀ ਚੋਰੀ ਦਾ ਪਤਾ ਲਗਾ। ਸੰਤਾਂ ਦੇ ਕੰਨਾਂ ਵਿਚ ਹੀ ਖ਼ਬਰ ਪੁੱਜੀ, ਸੰਤ ਸੁਣਕੇ ਮੁਸਕ੍ਰਾਏ ਤੇ ਚੁੱਪ ਹੋ ਗਏ। ਡੇਰੇ ਦੇ ਸੇਵਾਦਾਰਾਂ ਨੇ ਕੁੱਝ ਚਿਰ ਪਿਛੋਂ, ਚੌਰ ਦੀ ਚੋਰੀ ਦੀ

ਗੱਲ ਦੁਹਰਾਈ, ਸੰਤਾਂ ਕਿਹਾ: ਫ਼ਿਕਰ ਨਾ ਕਰੋ ।

ਦੋ ਤਿੰਨ ਦਿਨ ਗੁਜ਼ਰ ਗਏ, ਸੰਤਾਂ ਦਾ ਇਕ ਪ੍ਰੇਮੀ ਆਇਆ ਆਕੇ ਕਹਿਣ ਲੱਗਾ, ਮਹਾਰਾਜ ਜੀ ! ਜਿਸ ਮੁਸਾਫ਼ਰ ਨੇ ਚੌਰ ਚੁਰਾਇਆ ਸੀ ਉਹ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਬੈਠਾ ਹੈ। ਮੈਂ ਉਸ ਦੇ ਪਾਸ ਇਕ ਮਨੁੱਖ ਖੜਾ ਕਰ ਆਇਆ ਹਾਂ; ਹੁਣ ਜਿਵੇਂ ਹੁਕਮ ਹੋਵੇ ਕੀਤਾ ਜਾਵੇ । ਸੰਤਾਂ ਨੇ ਡੇਰੇ ਦੇ ਸੇਵਾਦਾਰ ਨੂੰ ਕਹਿਆ ਕਿ ਅੰਦਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਹਣੇ ਸੁਹਣ ਰੁਮਾਲੇ ਲੈ ਆਓ । ਸੇਵਾਦਾਰ ਜਦ ਰੁਮਾਲੇ ਲੈ ਆਇਆ, ਤਾਂ ਸੰਤਾਂ ਨੇ ਉਸ ਪ੍ਰੇਮੀ ਨੂੰ ਕਿਹਾ ਕਿ ਜਿਸ ਆਦਮੀ ਨੇ ਚੌਰ ਖੜਿਆ ਹੈ, ਉਸ ਨੂੰ ਆਪਣੇ ਨਗਰ ਵਿਚ ਗੁਰਦਵਾਰੇ ਲਈ ਜ਼ਰੂਰਤ ਹੋਵੇਗੀ. ਚੌਰ ਤਾਂ ਉਹ ਆਪ ਲੈ ਗਿਆ ਹੈ, ਇਹ ਰੁਮਾਲੇ ਜਾ ਕੇ ਸਾਡੇ ਵਲੋਂ ਤੁਸੀਂ ਦੇ ਆਓ, ਤੇ ਕਹਿਣਾ ਕਿ ਜੇ ਆਪਣੇ ਗੁਰਦਵਾਰੇ ਲਈ ਉਸ ਨੂੰ ਕਿਸੇ ਹੋਰ ਚੀਜ਼ ਦੀ ਲੋੜ ਹੋਵੇ ਤਾਂ ਉਹ ਭੀ ਲੈ ਜਾਵੇ। ਉਹ ਪ੍ਰੇਮੀ ਜਦ ਰੁਮਾਲੇ ਲੈ ਕੇ ਉਸ ਆਦਮੀ ਕੋਲ ਗਿਆ ਤੇ ਉਸ ਨੇ ਮੁਫ਼ਾਸਰ ਅੱਗੇ ਰੁਮਾਲੇ ਰੱਖੇ ਤਾਂ ਮੁਸਾਫ਼ਿਰ ਹੈਰਾਨ ਹੋ ਗਿਆ । ਜਦ ਸਾਰੀ ਵਿਥਿਆ ਸੁਣੀ ਤਾਂ ਲੱਜਿਤ ਹੋ ਕੇ ਰੁਦਨ ਕਰਦਾ ਡੇਰੇ ਆਇਆ। ਸੰਤਾਂ ਦੇ ਅੱਗੇ ਹੱਥ ਜੋੜ ਕੇ ਖੜਾ ਹੋ ਗਿਆ ਤੇ ਜ਼ਾਰ ਜ਼ਾਰ ਰੋਣ ਲੱਗਾ। ਸੰਤਾਂ ਨੇ ਗੁਰੂ ਬਾਬੇ ਦੇ ਚਰਨੀਂ ਲਗਾਇਆ ਤੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਇਸ ਦੀ ਭੁੱਲ ਖਿਮਾ ਕਰੋ ਤੇ ਇਸ ਨੂੰ ਸੁਮਾਰਗ ਪਾਓ। ਇਉਂ ਸੰਤਾਂ ਨੇ ਉਸ ਚੋਰ ਤੋਂ ਚੋਰੀ ਦਾ ਔਗੁਣ ਛੁਡਾ ਦਿਤਾ।

੨.

ਇਸੇ ਤਰ੍ਹਾਂ ਦਾ ਇਕ ਹੋਰ ਵਾਕਿਆ ਹੈ ਕਿ ਸੰਤ ਬਾਬਾ ਜੀ ਜਦੋਂ ਅੱਡਣ-ਸ਼ਾਹੀਆਂ ਦੀ ਵੱਡੀ ਧਰਮਸਾਲਾ ਵਿਖੇ ਨਿਵਾਸ ਰਖਦੇ ਸਨ ਤਾਂ ਉਹਨਾਂ ਦੇ ਪਾਸ ਇਕ ਲੜਕਾ, ਨਾਮ ਭਾਈ ਕਰਮ ਸਿੰਘ ਰਹਿੰਦਾ ਸੀ। ਇਹ ਬੱਚਾ ਡੇਰੇ ਦੇ ਇਕ ਸਿੰਘ ਭਾਈ

ਕੀਮਤ ਸਿੰਘ ਦੇ ਨਾਲ ਤਿੰਨ ਪਹਿਰੇ ਵੇਲੇ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਜਾਂਦਾ ਹੁੰਦਾ ਸੀ। ਧਰਮਸਾਲਾ ਵਿਚ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ, ਫਿਰ ਪ੍ਰਕਰਮਾ ਵਿਚ ਝਾੜੂ ਦੀ ਸੇਵਾ ਭੀ ਕਰਦਾ ਹੁੰਦਾ ਸੀ। ਇਕ ਦਿਨ ਜਦੋਂ ਸੰਤ ਜੀ ਸ੍ਰੀ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਕਰਨ ਗਏ ਹੋਏ ਸਨ, ਤਾਂ ਪਿਛੋਂ ਇਹ ਲੜਕਾ ਮਾਇਆ ਦੇ ਚੱਕਰ ਵਿਚ ਫਸ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੇਸ਼ਮੀ ਰੁਮਾਲੇ, ਚਾਂਦੀ ਦਾ ਚੌਰ ਤੇ ਛੱਬਾ ਆਦਿਕ ਲੈ ਕੇ ਨੱਸ ਗਿਆ। ਜਦ ਸੰਤ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਕੇ ਵਾਪਸ ਡੇਰੇ ਆਏ ਤਾਂ ਗੁਰੂ ਬਾਬਾ ਜੀ ਦੇ ਰੁਮਾਲ, ਚੌਰ ਤੇ ਛੱਬਾ ਆਦਿਕ ਨਾ ਦਿਸੇ। ਆਪ ਨੇ ਭਾਈ ਕੀਮਤ ਸਿੰਘ ਜੀ ਨੂੰ ਪੁੱਛਿਆ, ਤਾਂ ਉਸ ਨੇ ਕਿਹਾ ਕਿ ਮਹਾਰਾਜ ਜੀ, ਮੈਂ ਤਾਂ ਆਪ ਜੀ ਦੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਤੋਂ ਆਇਆ ਹਾਂ, ਉਹ ਲੜਕਾ ਜੋ ਸੇਵਾ ਕਰਦਾ ਸੀ ਸਭ ਚੀਜ਼ਾਂ ਲੈ ਕੇ ਨੱਸ ਗਿਆ ਜਾਪਦਾ ਹੈ। ਸੁਣ ਕੇ ਸੰਤ ਚੁਪ ਕਰ ਗਏ। ਆਪ ਜੀ ਨੂੰ ਵਸਤੂਆਂ ਦੇ ਜਾਣ ਦੀ ਚਿੰਤਾ ਨਹੀਂ ਸੀ ਪਰੰਤੂ ਇਹ ਮਨ ਵਿਚ ਵਿਚਾਰ ਆਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਦਰਸ਼ਨ ਤੇ ਸੇਵਾ ਹੁਣ ਕਿਸ ਤਰ੍ਹਾਂ ਹੋਵੇ। ਥੋੜੇ ਹੀ ਚਿਰ ਪਿਛੋਂ ਉਸੇ ਦਿਨ, ਜਿਵੇਂ ਸਤਿਗੁਰਾਂ ਦਾ ਫ਼ੁਰਮਾਨ ਹੈ :–

'ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ'।

ਕਰਤਾਰ ਨੇ ਆਪਣੀ ਪ੍ਰੇਰਨਾ ਨਾਲ ਇਕ ਸੱਜਣ ਭੇਜਿਆ ਜਿਸ ਨੇ ਆ ਕਰਕੇ ਢਾਈ ਸੌ ਰੁਪਿਆ ਨਕਦ ਸੰਤਾਂ ਦੀ ਭੇਟਾ ਕੀਤਾ। ਸੰਤਾਂ ਨੇ ਉਸੀ ਵਕਤ ਉਹ ਰੁਪਿਆ ਭਾਈ ਆਤਮਾ ਸਿੰਘ ਜੀ ਸਿੰਧੀ ਨੂੰ ਭੇਜ ਦਿਤਾ ਤੇ ਉਹਨਾਂ ਦੇ ਰਾਹੀਂ ਰੁਮਾਲ, ਚੌਰ ਤੇ ਛੱਬਾ ਆਦਿਕ ਨਵੀਆਂ ਚੀਜ਼ਾਂ ਬਣਵਾ ਕਰਕੇ ਸਤਿਗੁਰਾਂ ਦੀ ਭੇਟਾ ਕਰ ਦਿਤੀਆਂ। ਕੁਝ ਮਹੀਨੇ ਪਿਛੋਂ ਉਹੀ ਲੜਕਾ ਪ੍ਰਕਰਮਾ ਵਿਚ ਸੰਤਾਂ ਨੇ ਵੇਖਿਆ, ਉਹ ਡਰਦਾ ਡਰਦਾ ਲੁਕ ਗਿਆ। ਸੰਤ

ਬਾਬਾ ਜੀ ਨੇ ਉਸ ਨੂੰ ਮਿਲ ਕੇ ਜੱਫੀ ਵਿਚ ਲੈ ਲਿਆ ਤੇ ਬਚਨ ਕੀਤਾ :–ਸੰਤ ਜੀ, ਗੁਲਾਮ ਨਾਲ ਕਿਉਂ ਨਾਰਾਜ਼ ਹੋ ? ਦੱਸੋ ਕਿਸੇ ਚੀਜ਼ ਦੀ ਲੋੜ ਹੋਵੇ, ਤਾਂ ! ਲੜਕੇ ਨੂੰ ਬੜੀ ਸ਼ਰਮ ਆਈ, ਆਪਣੇ ਕੀਤੇ ਤੇ ਪਸਚਾਤਾਪ ਕੀਤਾ ਤੇ ਅੱਗੋਂ ਚੋਰੀ ਛੋਡ ਦਿਤੀ । ਸੰਤ ਬਾਬਾ ਜੀ ਐਸੇ ਦ ਇਆ ਦੇ ਸਮੁੰਦਰ ਸਨ ਜੋ ਕਿਸੇ ਦੇ ਔਗੁਣ ਨਹੀਂ ਚਿਤਾਰਦੇ ਸਨ । ਆਪਣੇ ਅੰਮ੍ਰਿਤ-ਮਈ ਬਚਨਾਂ ਤੇ ਮੇਹਰ ਦੀ ਦ੍ਰਿਸ਼ਟੀ ਨਾਲ, ਜੀਵਾਂ ਦੇ ਮੰਦੇ ਕਰਮ ਛੁਡਾ ਦੇਂਦੇ ਸਨ ।

## ਪਰਦੇਸੀਆਂ ਦੀ ਸੇਵਾ

ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਲਈ ਬਾਹਰੋਂ ਆਏ ਪਰਦੇਸੀਆਂ ਦੀ ਬਾਬਾ ਜੀ ਪ੍ਰੇਮ ਨਾਲ ਸੇਵਾ ਕਰਦੇ ਹੁੰਦੇ ਸਨ, ਉਨ੍ਹਾਂ ਨੂੰ ਠਹਿਰਨ ਲਈ ਬਿਸ੍ਰਾਮ ਦੇਣਾ, ਅੰਨ ਜਲ ਦੀ ਸੇਵਾ ਕਰਨੀ, ਆਪ ਦਾ ਸੁਭਾਉ ਸੀ ਕਿ ਰੋਜ਼ ਸ੍ਰੀ ਦਰਬਾਰ ਸਾਹਿਬ ਜੀ ਦੀ ਵੱਡੀ ਪਰਕਰਮਾਂ ਵਿਚੋਂ ਡੇਰੇ ਵਾਪਸ ਆਉਣ ਲੱਗਿਆਂ ਕਿਸੇ ਨਾ ਕਿਸੇ ਪਰਦੇਸੀ ਪ੍ਰੇਮੀ ਨੂੰ ਆਪਣੇ ਦਿੱਬ ਨੇਤਰਾਂ ਨਾਲ ਤੱਕ ਕੇ ਕੇ ਸਾਥ ਲੈ ਆਉਂਦੇ । ਜਦ ਕਿਸੇ ਪਰਦੇਸੀ ਦਾ ਟਾਕਰਾ ਨਾ ਹੋਵੇ, ਤਾਂ ਪੁਠੀਆਂ ਪਰਕਰਮਾਂ ਉਚੇਚੀਆਂ ਲੈਣੀਆਂ, ਤਾਂਕਿ ਕੋਈ ਨ ਕੋਈ ਜ਼ਰੂਰ ਗੁਰੂ ਪਿਆਰਾ ਮਿਲ ਜਾਏ । ਗੁਰੂ ਜੀ ਦਾ ਵਾਕ ਹੈ :– ਮੈ ਬਧੀ ਸਚੁ ਧਰਮਸਾਲ ਹੈ ॥

ਗੁਰ ਸਿਖਾ ਲਹਦਾ ਭਾਲਿ ਕੈ ॥

[ਸਿਰੀ ਰਾਗੁ ਮ: ੫

ਡੇਰੇ ਲਿਜਾ ਕੇ ਬੜੇ ਆਦਰ ਨਾਲ ਪ੍ਰਦੇਸੀ ਨੂੰ ਪ੍ਰਸ਼ਾਦਿ ਛਕਾਉਣਾ, ਗਰਮੀਆਂ ਦੀ ਰੁੱਤ ਵਿਖੇ ਪੱਖਾ ਝੱਲਣਾ, ਸਰਦੀ ਦੀ ਰੁੱਤ ਵਿੱਚ ਕੋਲੇ ਭਖਾ ਕੇ ਸਿਕਾਣੇ–ਆਪ ਉਸ ਦੇ ਜੂਠੇ ਬਰਤਨਾਂ ਦੀ ਸੇਵਾ ਕਰਨੀ । ਜੇ ਕੋਈ ਕਹੇ ਕਿ ਜੀ ਮੈਂ ਆਪੇ ਮਾਂਜ ਲਵਾਂਗਾ; ਤਾਂ ਬਚਨ ਉਚਾਰਨਾ: "ਹੇ ਭਾਈ ਜੇ ਗੁਲਾਮ ਤੁਹਾਡੇ ਘਰ

ਜਾਵੇ ਤਾਂ ਤਾਂ ਤੁਸਾਂਨੂੰ ਮਾਂਜਣੇ ਬਣਦੇ ਹਨ, ਹੁਣ ਦਾਸ ਨੂੰ ਹੀ ਇਹ ਸੇਵਾ ਕਰਨੀ ਬਣਦੀ ਹੈ। ਜਿਸਦੇ ਘਰ ਕੋਈ ਜਾਂਦਾ ਹੈ ਉਸੇ ਨੂੰ ਸੇਵਾ ਕਰਨੀ ਯੋਗ ਹੁੰਦੀ ਹੈ।" ਇਸ ਤਰ੍ਹਾਂ ਬਾਬਾ ਜੀ ਨੇ ਮਿੱਠੇ ਬਚਨਾਂ ਦੁਆਰਾ ਅਤੇ ਸਤਿਕਾਰ ਆਦਰ ਅਤੇ ਹਰ ਪ੍ਰਕਾਰ ਦੇ ਪ੍ਰੇਮ ਭਾਵ ਕਰਕੇ ਪ੍ਰਦੇਸੀ ਗੁਰਸਿੱਖ ਦੀ ਪ੍ਰਸੰਨਤਾ ਲੈਣੀ, ਉਸ ਦਾ ਮਨ ਮੋਹ ਲੈਣਾ ਅਰ ਉਸਦਾ ਸਭ ਥਕੇਵਾਂ ਦੂਰ ਕਰ ਦੇਣਾ।

## ਜੀਵ ਦਇਆ

੧.

ਸੰਤਾਂ ਦਾ ਚਿਤ ਬੜਾ ਉਦਾਰ ਤੇ ਦਿਲ ਬੜਾ ਦਿਆਲੂ ਸੀ। ਉਹ ਕਿਸੇ ਵੀ ਜੀਅ ਜੰਤ ਦਾ ਦੁਖ ਵੇਖਕੇ ਸਹਾਰ ਨਹੀਂ ਸਨ ਸਕਦੇ। ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਕੇ ਆਪ ਡੇਰੇ ਚਲੇ, ਭਾਈ ਸੁਵਾਇਆ ਸਿੰਘ ਜੀ ਦੀ ਛਬੀਲ ਪਾਸ ਇਕ ਬਲਦ (ਸਾਹਨ) ਬੈਠਾ ਹੋਇਆ ਸੀ, ਉਹ ਅਤਿ ਦੁਖੀ ਤੇ ਤੜਫ਼ ਰਿਹਾ ਸੀ। ਸੰਤ ਜੀ ਉਸਨੂੰ ਤਕਲੀਫ ਵਿੱਚ ਵੇਖਕੇ ਦ੍ਰੱਵ ਗਏ ਤੇ ਬ੍ਰਿਧ ਭਾਈ ਸਤ ਸਿੰਘ ਜੀ—ਜੋ ਆਪ ਜੀ ਦੇ ਨਾਲ ਹੀ ਜਾ ਰਹੇ ਸਨ, ਨੂੰ ਕਿਹਾ, ਕਿ ਦੁਖ ਭੰਜਨੀ ਸਾਹਿਬ ਤੋਂ ਜਲ ਲਿਆਓ, ਉਹ ਜਲ ਲੈਣ ਚਲੇ ਗਏ, ਤੇ ਆਪ ਬਲਦ ਦੇ ਪਾਸ ਬੈਠਕੇ ਜਪੁਜੀ ਸਾਹਿਬ ਦਾ ਪਾਠ ਕਰਨ ਲਗ ਪਏ। ਉਧਰੋਂ ਜਲ ਭੀ ਆ ਗਿਆ, ਪਾਠ ਕਰਕੇ ਆਪ ਨੇ ਬਲਦ ਦੇ ਮੂੰਹ ਵਿਚ, ਦੁਖ ਭੰਜਨੀ ਸਾਹਿਬ ਤੋਂ ਲਿਆਂਦਾ ਜਲ ਪਾਇਆ ਤੇ ਛਟੇ ਮਾਰੇ। ਬਲਦ ਸਹਿਜੇ ਸਹਿਜੇ ਸ਼ਾਂਤ ਹੁੰਦਾ ਟਿਕ ਗਿਆ ਤੇ ਉਸਦੇ ਸ੍ਵਾਸ ਸਹਿਜ ਨਾਲ ਅੰਤ ਹੋ ਗਏ। ਆਪਣੀ ਧਰਮ ਸਾਲਾ ਵਿਖੇ, ਉਸ ਬਲਦ ਦੇ ਨਮਿਤ, ਗੁਰੂ ਬਾਬੇ ਦਾ ਪਾਠ ਆਰੰਭ ਕਰਾਇਆ, ਭੋਗ ਪੁਆ ਕੇ ਉਸਦੀ ਆਤਮਾ ਦੀ ਸਦਗਤੀ ਵਾਸਤੇ ਅਰਦਾਸਾ ਸੋਧਿਆ।

੨.

ਇਸੇ ਤਰ੍ਹਾਂ ਇਕ ਵਾਰ ਆਪ ਜੀ ਤਰਨ ਤਾਰਨ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਜੀ ਆ ਰਹੇ ਸਨ, ਸਵਾਰੀ ਟਾਂਗੇ ਦੀ ਸੀ। ਕੁਝ ਰਸਤਾ ਆਕੇ ਆਪ ਜੀ ਨੂੰ ਪਤਾ ਲਗਾ ਕਿ ਟਾਂਗੇ ਦੇ ਘੋੜੇ ਦੀ ਪਿਠ ਛਿੱਲੀ ਹੋਈ ਹੈ; ਉਸ ਦੀ ਪਿਠ ਵਿਚੋਂ ਖ਼ੂਨ ਨਿਕਲ ਰਿਹਾ ਸੀ, ਆਪ ਸਾਥੀਆਂ ਸਣੇ ਟਾਂਗੇ ਤੋਂ ਉਤਰ ਪਏ ਤੇ ਟਾਂਗੇ ਵਾਲੇ ਨੂੰ ਪਿਆਰ ਨਾਲ ਇਹ ਗੱਲ ਆਖੀ, ਕਿ ਇਸ ਦੁਖੀ ਘੋੜੇ ਦਾ ਤੂੰ ਇਲਾਜ ਕਿਉਂ ਨਹੀਂ ਕਰਦਾ ਤੇ ਇਸ ਰੋਗੀ ਜਾਨਵਰ ਨੂੰ ਕਿਉਂ ਵਾਹੁੰਦਾ ਹੈਂ ? ਉਸਨੇ ਰੋ ਕੇ ਉੱਤਰ ਦਿੱਤਾ – ਕਿ ਘਰ ਵਿਚ ਗਰੀਬੀ ਹੈ, ਤੇ ਜਿਹੜੇ ਚਾਰ ਪੈਸੇ ਰੋਜ਼ ਕਮਾਉਂਦਾ ਹਾਂ, ਉਸ ਨਾਲ ਟੱਬਰ ਦੀ ਤੇ ਇਸ ਘੋੜੇ ਦੀ ਕੇਵਲ ਖ਼ੁਰਾਕ ਹੀ ਟੁਰਦੀ ਹੈ । ਸੰਤਾਂ ਨੇ ਟਾਂਗਾ ਖੁਲ੍ਹਵਾ ਦਿਤਾ, ਤੇ ਉਸ ਨੂੰ ਕਿਹਾ ਕਿ ਘੋੜੇ ਨੂੰ ਬਿਨਾਂ ਬੋਝ ਦੇ ਘਰ ਪਹੁੰਚਾ ਦੇ ਤੇ ਟਾਂਗਾ ਹੋਰਵੇਂ ਲੈਜਾ, ਤੇ ਫਿਰ ਅਸਾਡੇ ਪਾਸ ਆ ਜਾ। ਜਦ ਉਹ ਅੰਮ੍ਰਿਤਸਰ ਸੰਤਾਂ ਪਾਸ ਆਇਆ ਤਾਂ ਆਪ ਨੇ ਘੋੜੇ ਦੇ ਇਲਾਜ ਦਾ ਪ੍ਰਬੰਧ ਕਰਵਾ ਦਿਤਾ ਤੇ ਘੋੜੇ ਦੇ ਅਰੋਗ ਹੋਣ ਤਕ ਟਾਂਗੇ ਵਾਲੇ ਦੇ ਪਰਵਾਰ ਲਈ ਖ਼ਰਚ ਆਪਣੇ ਪਾਸੋਂ ਦੇਂਦੇ ਰਹੇ। ਅਜ ਕਲ ਭੀ ਇਸ ਤਰ੍ਹਾਂ ਦੀ ਜੀਵ ਦਇਆ ਹੁੰਦੀ ਹੈ, ਇਕ ਸੁਸਾਇਟੀ S. P. C. A. ਬਣੀ ਹੋਈ ਹੈ, ਉਹ ਐਸੇ ਟਾਂਗੇ ਵਾਲਿਆਂ ਨੂੰ ਸਜ਼ਾਵਾਂ ਦਿਵਾਂਦੇ ਹਨ – ਕਿ ਰੋਗੀ ਜਾਨਵਰ ਤੋਂ ਕੰਮ ਨਾ ਲਓ, ਪਰ ਜੋ ਪਿਆਰ ਮਜ਼ਹਬ ਤੇ ਪਰਮ ਧਰਮ ਹਿਰਦੇ ਵਿੱਚ ਫੂਕਦਾ ਹੈ ਉਹਦਾ ਕ੍ਰਿਸ਼ਮਾ ਇਹ ਹੈ ਕਿ ਸੰਤ ਜੀ ਨੇ ਜਾਨਵਰ ਦੇ ਇਲਾਜ ਦਾ ਬੋਝ ਭੀ ਆਪਣੇ ਸਿਰ ਲਿਆ ਤੇ ਟਾਂਗੇ ਵਾਲੇ ਗਰੀਬ ਦੀ ਪ੍ਰਿਤਪਾਲਣਾ ਦੀ ਸਹਾਇਤਾ ਭੀ ਕੀਤੀ; ਇਹ ਹੈ ਜੀਵ ਦਇਆ ਸੰਪੂਰਨ।

੩.

ਆਪ ਕਈ ਵੇਰੀ ਭਾਈ ਗੁਰਮੁਖ ਸਿੰਘ ਜੀ ਦੇ ਟਾਂਗੇ ਤੇ

ਸ੍ਰੀ ਤਰਨ ਤਾਰਨ ਸਾਹਿਬ ਤੇ ਗੋਇੰਦਵਾਲ ਸਾਹਿਬ ਜਾਂਦੇ ਰਹੇ। ਇਕ ਵੇਰੀ ਟਾਂਗਾ ਚਲਾਣ ਵਾਲੇ ਕੋਚਵਾਨ ਨੇ ਘੋੜੇ ਨੂੰ ਜ਼ੋਰ ਦੀ ਚਾਬਕ ਮਾਰੀ, ਇਉਂ ਪ੍ਰਤੀਤ ਹੁੰਦਾ ਸੀ ਕਿ ਉਸਦੀ ਪੀੜਾ ਸੰਤਾਂ ਨੂੰ ਹੋਈ ਹੈ, ਬਾਬਾ ਜੀ ਨੇ ਕੋਚਵਾਨ ਨੂੰ ਅਗੋਂ ਵਾਸਤੇ ਚਾਬਕ ਨਾ ਮਾਰਨ ਦੀ ਤਾਕੀਦ ਕੀਤੀ। ਭਾਵੇਂ ਫੇਰ ਸੰਤ ਜੀ ਉਸ ਟਾਂਗੇ ਵਿਚ ਬੈਠਕੇ, ਕਈ ਵੇਰ ਗਏ, ਪਰ ਕਦੀ ਸੰਤਾਂ ਦੇ ਦੇਖਣ ਵਿੱਚ ਇਹ ਨਹੀਂ ਆਇਆ ਕਿ ਉਸ ਕੋਚਵਾਨ ਨੇ ਫਿਰ ਚਾਬਕ ਮਾਰੀ ਹੋਵੇ ਤੇ ਘੋੜਾ ਭੀ ਚਾਬਕ ਖਾਕੇ ਤੁਰਨ ਨਾਲੋਂ, ਪਿਆਰ ਨਾਲ ਚੰਗਾ ਟੁਰਦਾ ਰਿਹਾ।

## ਬਾਣੀ ਨਾਂ ਪੜ੍ਹਨ ਵਾਲੇ ਦੇ ਘਰ ਦੀ ਲੱਸੀ ਨਾਂ ਕਬੂਲੀ

ਭਾਈ ਪ੍ਰੀਤਮ ਸਿੰਘ ਗੋਟੇ ਵਾਲੇ ਹਰ ਰੋਜ਼ ਸੰਤਾਂ ਦੇ ਡੇਰੇ ਲੱਸੀ ਲੈ ਜਾਇਆ ਕਰਦੇ ਸਨ। ਇਕ ਦਿਨ ਸੰਤਾਂ ਨੇ ਪੁੱਛਿਆ ਕੀ ਜਪੁਜੀ ਸਾਹਿਬ ਦਾ ਪਾਠ ਕਰ ਕੇ ਆਇਆ ਹੈਂ? ਤਾਂ ਭਾਈ ਪ੍ਰੀਤਮ ਸਿੰਘ ਜੀ ਨੇ ਕਿਹਾ : ਜੀ ਨਹੀਂ। ਤਾਂ ਸੰਤਾਂ ਨੇ ਉਸ ਪ੍ਰਤੀ ਬਚਨ ਕੀਤਾ ਕਿ ਇਹ ਲੱਸੀ ਆਪਣੇ ਘਰ ਲੈ ਜਾਓ ਤੇ ਅਗੋਂ ਕਦੀ ਨਾ ਲਿਆਉਣੀ, ਜਿਹੜਾ ਆਦਮੀ ਬਾਣੀ ਨਹੀਂ ਪੜ੍ਹਦਾ, ਭਜਨ ਨਹੀਂ ਕਰਦਾ, ਉਸ ਦੇ ਘਰ ਤੇ ਹੱਥ ਦੀ ਚੀਜ਼ ਸਾਨੂੰ ਨਹੀਂ ਚਾਹੀਦੀ। ਭਾਈ ਪ੍ਰੀਤਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਦਾਸ ਨੇ ਅਗੋਂ ਵਾਸਤੇ ਜਪੁਜੀ ਸਾਹਿਬ ਜੀ ਦਾ ਪਾਠ ਕਰਨ ਦਾ ਪ੍ਰਣ ਧਾਰ ਲਿਆ ਹੈ, ਪਿਛਲੀ ਭੁਲ ਬਖਸ਼ੋ; ਤਾਂ ਬਾਬਾ ਜੀ ਨੇ ਉਸ ਦੇ ਘਰ ਦੀ ਲੱਸੀ ਰੱਖ ਲਈ।

# ਅਟਾਰੀ ਵਾਲੀ ਸ੍ਰਦਾਰਨੀ ਦੇ ਬੱਚੇ ਦਾ ਸੰਤਾਂ ਦੇ ਬਚਨ ਨਾਲ ਅਸਾਧ ਰੋਗ ਨਵਿਰਤ ਹੋਣਾ

ਸ: ਅਜੀਤ ਸਿੰਘ ਜੀ ਅਟਾਰੀ ਵਾਲੇ, ਜੋ ਸਰਕਾਰ ਅੰਗਰੇਜ਼ੀ ਦੀ ਫ਼ੌਜ ਵਿਚ ਇਕ ਚੰਗੇ ਅਹੁਦੇ ਦੇ ਮੁਲਾਜ਼ਮ ਸਨ. ਜਵਾਨੀ ਦੀ ਅਵਸਥਾ ਵਿਚ ਚਲਾਣਾ ਕਰ ਗਏ। ਪਿਛੇ ਆਪਣੀ ਧਰਮ ਪਤਨੀ ਤੇ ਇਕ ਲੜਕਾ, ਜਿਸ ਦੀ ਉਮਰ ਇਕ ਸਾਲ ਦੀ ਸੀ, ਛੋੜ ਗਏ। ਸਰਦਾਰ ਜੀ ਦੇ ਨਾਮ ਜੋ ਜਾਗੀਰ ਸੀ. ਉਹ ਸਰਕਾਰੀ ਤੌਰ ਤੇ ਬੱਚੇ ਦੇ ਨਾਮ ਲੱਗੀ। ਇਕ ਵਾਰੀ ਬੱਚਾ ਬੜਾ ਸਖ਼ਤ ਬਿਮਾਰ ਹੋ ਗਿਆ, ਉਸਦੀ ਬਿਮਾਰੀ ਦੀ ਹਾਲਤ ਐਸੀ ਹੋ ਗਈ ਕਿ ਜੀਉਣ ਦੀ ਕੋਈ ਉਮੈਦ ਨਾ ਰਹੀ। ਬੱਚੇ ਦੀ ਮਾਤਾ ਨੂੰ ਆਪਣੇ ਇਕਲੌਤੇ ਬੱਚੇ ਦੀ ਬਿਮਾਰੀ ਤੋਂ ਇਲਾਵਾ, ਉਸ ਦੀ ਮੌਤ ਹੋ ਜਾਣ ਤੇ ਸਾਰੀ ਜਾਗੀਰ ਦੇ ਜ਼ਬਤ ਹੋ ਜਾਣ ਦਾ ਡਰ ਭਾਰੀ ਚਿੰਤਾਤੁਰ ਕਰ ਰਿਹਾ ਸੀ।

ਇਹ ਬੀਬੀ ਆਪਣੇ ਬੱਚੇ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਦਰਸ਼ਨਾ ਨੂੰ ਆਈ। ਗੁਰੂ ਬਾਬੇ ਦੇ ਹਜ਼ੂਰ ਪ੍ਰਸਾਦਿ ਭੇਟਾ ਕਰਕੇ ਜਦ ਇਹ ਸਰਦਾਰਨੀ ਵਾਪਸ ਪੌੜੀਆਂ ਦੇ ਪਾਸ ਪੁੱਜੀ, ਤਾਂ ਪੁੱਤਰ ਦੀ ਦੁਖੀ ਹਾਲਤ ਨੂੰ ਵੇਖ ਕੇ ਰੋਣ ਲੱਗ ਪਈ। ਉਸ ਸਮੇਂ ਇਕ ਲੰਬੇ ਕੱਦ ਦੇ ਗੁਰੂ ਦੇ ਸਿੰਘ ਭਾਈ ਬਲੀ ਸਿੰਘ, ਜੋ ਪ੍ਰਕਰਮਾ ਵਿਚ ਨਿਤਾਪ੍ਰਤੀ ਝਾੜੂ ਦੇਣ ਦੀ ਸੇਵਾ ਕਰਦੇ ਹੁੰਦੇ ਸੀ, ਨੇ ਬੀਬੀ ਤੋਂ ਰੋਣੇ ਦਾ ਕਾਰਨ ਪੁੱਛਿਆ। ਸੇਵਾਦਾਰ ਨੇ ਬੱਚੇ ਦੀ ਹਾਲਤ ਤੇ ਤਰਸ ਕਰਕੇ ਉਸਦੀ ਮਾਤਾ ਨੂੰ ਆਖਿਆ ਕਿ ਮੈਂ ਤੁਹਾਨੂੰ ਇਕ ਜੁਗਤ ਦੱਸਦਾ ਹਾਂ, ਇਸ ਤੇ ਅਮਲ ਕਰਨ ਨਾਲ ਸਤਿਗੁਰੂ ਮਹਾਰਾਜ ਮੇਹਰ ਕਰਨਗੇ ਤੇ ਤੁਹਾਡਾ ਦੁੱਖ ਕਟਿਆ ਜਾਏਗਾ।

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ, ਨਿਤਾਪ੍ਰਤੀ

ਸ੍ਰੀ ਦਰਬਾਰ ਸਾਹਿਬ ਜੀ ਵਿਖੇ ਗਿਆਰਾਂ ਵਜੇ ਤੋਂ ਬਾਰ੍ਹਾਂ ਵਜੇ ਤਕ ਕੀਰਤਨ ਦੀ ਚੌਕੀ ਕਰਕੇ, ਆਪਣੀ ਧਰਮਸਾਲ ਵਲ ਜਾਂਦਿਆਂ ਰਾਹ ਵਿੱਚ ਸੰਤ ਭਾਈ ਸਵਾਇਆ ਸਿੰਘ ਜੀ ਦੀ ਛਬੀਲ ਉਤੇ ਕੁਝ ਸਮਾਂ ਸੰਗਤਾਂ ਦੇ ਜੂਠੇ ਕੌਲੇ ਮਾਂਜਣ ਦੀ ਸੇਵਾ ਕਰਦੇ ਹੁੰਦੇ ਸਨ।

ਭਾਈ ਬਲੀ ਸਿੰਘ ਸੇਵਾਦਾਰ ਨੇ ਉਸ ਬੀਬੀ ਨੂੰ ਕਿਹਾ ਕਿ ਅਹੁ ਵੇਖੋ, ਸੰਤ ਛਬੀਲ ਤੇ ਸੇਵਾ ਕਰਕੇ ਹੁਣ ਇਨ੍ਹਾਂ ਚੌੜੀਆਂ ਪੌੜੀਆਂ ਦੇ ਰਸਤੇ ਆਪਣੀ ਧਰਮਸਾਲਾ ਨੂੰ ਵਾਪਸ ਜਾਣਗੇ। ਜਿਸ ਸਮੇਂ ਸੰਤ ਬਾਬਾ ਜੀ ਉਥੋਂ ਉਠਕੇ ਤੁਰਨ ਲੱਗਣਗੇ, ਤੂੰ ਇਸ ਬੱਚੇ ਨੂੰ ਇਥੇ ਪਉੜੀਆਂ ਉਪਰ ਲਿਟਾ ਕੇ ਆਪ ਜ਼ਰਾ ਲਾਂਭੇ ਹੋ ਜਾਵੀਂ। ਬੀਬੀ ਨੇ ਇਸੇ ਤਰ੍ਹਾਂ ਕੀਤਾ।

ਜਦੋਂ ਬਾਬਾ ਜੀ ਚੌੜੀਆਂ ਪੌੜੀਆਂ ਤੇ ਪੁੱਜੇ ਤਾਂ ਉਹਨਾਂ ਇਸ ਬਾਲਕ ਨੂੰ ਰੋਂਦਿਆਂ ਵੇਖਿਆ। ਪਾਸੋਂ ਸੇਵਕਾਂ ਨੇ ਦੱਸਿਆ ਕਿ ਮਹਾਰਾਜ ਜੀ ਬੱਚਾ ਬੀਮਾਰ ਜਾਪਦਾ ਹੈ, ਇਸਦਾ ਵਾਲੀ ਵਾਰਿਸ ਕੋਈ ਨੇੜੇ ਦਿਸਦਾ ਨਹੀਂ। ਮਹਾਂ ਪੁਰਖ ਦਇਆ ਦੇ ਘਰ ਆਏ ਤੇ ਸਾਥੀ ਨੂੰ ਆਗਿਆ ਕੀਤੀ ਕਿ ਚਰਨ ਸਰੋਵਰ– ਚਰਨ ਗੰਗਾ (ਸਾਧ ਸੰਗਤ ਦੇ ਚਰਨ ਧੋਣ ਦਾ ਚੁਬੱਚਾ) ਵਿਚੋਂ ਜਲ ਲਿਆਓ ਤੇ ਇਸ ਬੱਚੇ ਦੇ ਮੂੰਹ ਵਿਚ ਪਾਓ। ਸੰਤਾਂ ਦਾ ਹੁਕਮ ਮੰਨ ਕੇ ਝਟਪਟ ਇਕ ਸੇਵਾਦਾਰ ਨੇ ਚੁਬੱਚੇ ਤੋਂ ਜਲ ਲਿਆਕੇ ਬੱਚੇ ਦੇ ਮੂੰਹ ਵਿਚ ਪਾਇਆ, ਤਾਂ ਬੱਚਾ ਚੁਪ ਹੋ ਗਿਆ, ਮਾਨੋਂ ਰਾਜ਼ੀ ਹੋ ਗਿਆ ਤੇ ਸੰਤ ਜੀ ਆਪਣੇ ਡੇਰੇ ਚਲੇ ਗਏ।

ਪਿਛੋਂ ਬੱਚੇ ਦੀ ਮਾਤਾ ਨ ਆਪਣੇ ਬੱਚੇ ਨੂੰ ਚੁਕ ਕੇ ਦੇਖਿਆ ਕਿ ਬੱਚਾ ਚੈਨ ਵਿਚ ਹੈ, ਮਾਨੋ ਸੁਖ ਪ੍ਰਤੀਤ ਕਰਦਾ ਹੈ। ਫਿਰ ਖ਼ੁਸ਼ੀ ਖ਼ੁਸ਼ੀ ਗੋਦ ਵਿਚ ਲੈ ਕੇ ਆਪਣੇ ਘਰ ਅਟਾਰੀ ਚਲੀ ਗਈ। ਇਹ ਬੱਚਾ ਵੱਡਾ ਹੋ ਕੇ ਲਾਹੌਰ ਚੀਫਸ ਕਾਲਿਜ ਵਿਚ ਪੜ੍ਹਦਾ ਰਿਹਾ ਸੀ ਤੇ ਇਸ ਦੀ ਮਾਤਾ ਤੇ ਹੋਰ ਸੰਬੰਧੀ ਇਸ ਨੂੰ

"ਲਾਲ ਜੀ" ਕਹਿਕੇ ਬੁਲਾਇਆ ਕਰਦੇ ਸਨ।

ਭਾਈ ਠਾਕਰ ਸਿੰਘ ਜੀ ਦੱਸਦੇ ਹਨ ਕਿ ਸਰਦਾਰਨੀ ਅਜੀਤ ਸਿੰਘ ਆਪਣੇ ਬੱਚੇ ਨੂੰ ਨਾਲ ਲੈ ਕੇ ਕਈ ਵੇਰ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਆਉਂਦੀ ਰਹੀ ਤੇ ਸਾਡੇ ਘਰ ਠਹਿਰਦੀ ਸੀ, ਇਹ ਉਹਨਾਂ ਦੀ ਅੱਖੀਂ ਡਿੱਠੀ ਵਾਰਤਾ ਹੈ।

## ਰਹਿਤ ਮਰਿਯਾਦਾ ਦੀ ਦ੍ਰਿੜ੍ਹਤਾ

ਸ੍ਰੀ ਮਾਨ ਸੰਤ ਬਾਬਾ ਜੀ ਰਹਿਤ ਦੇ ਬੜੇ ਪੱਕੇ ਸਨ, ਪੰਜਾਂ ਕਕਾਰਾਂ ਨੂੰ ਕਦੇ ਭੀ ਸਰੀਰ ਤੋਂ ਜੁਦਾ ਨਹੀਂ ਸਨ ਹੋਣ ਦਿੰਦੇ। ਨਗਨ ਸਿਰ ਨਾ ਕਛਹਿਰਾ ਬਦਲਦੇ ਸਨ ਤੇ ਨਾ ਹੀ ਕੁਛ ਛਕਦੇ ਜਾਂ ਬਿਰਾਜਦੇ ਸਨ। ਆਪ ਜੀ ਇਹ ਬਚਨ ਉਚਾਰਿਆ ਕਰਦੇ ਸਨ ਕਿ ਪੂਰਾ ਤਿਆਰ ਬਰ ਤਿਆਰ ਸਿੰਘ ਓਹ ਹੈ, ਜੋ ਜਾਪ ਸਾਹਿਬ, ਸਵੈਯੇ, ਚੌਪਈ, ਅਕਾਲ ਉਸਤਤਿ ਆਦਿ ਦਸਵੇਂ ਪਾਤਿਸ਼ਾਹ ਜੀ ਦੀ ਬਾਣੀ ਬੀ ਪ੍ਰੇਮ ਨਾਲ ਪੜ੍ਹੇ। ਆਪ ਇਹ ਬਚਨ ਭੀ ਕਈ ਵੇਰ ਕਰਦੇ ਹੁੰਦੇ ਸਨ "ਖਾਲਸਾ ਕਲਗੀਧਰ ਪਾਤਿਸ਼ਾਹ ਦਾ ਰੂਪ ਹੈ" ਜਿਵੇਂ ਸਰਬ ਲੋਹ ਪ੍ਰਕਾਸ਼ ਗਰੰਥ ਵਿਚ ਅੰਕਿਤ ਹੈ :-

ਦੋਹਰਾ :—"ਆਤਮ ਰਸ ਜਿਹ ਜਾਨਿਆ ਸੋ ਹੈ ਖਾਲਸਾ ਦੇਵ,
ਪ੍ਰਭ ਮੈਂ, ਮੋਹਿ ਮੈਂ, ਤਾਸ ਮੈਂ, ਰੰਚਿਕ ਨਾਹਿਨ ਭੇਵ।

ਤਥਾ :—'ਖਾਲਸਾ ਮੇਰੋ ਰੂਪ ਹੈ ਖ਼ਾਸ।
ਖ਼ਾਲਸਾ ਮੇਂ ਹਉਂ ਕਰਉ ਨਿਵਾਸ।'

ਬਾਬਾ ਜੀ ਇਹ ਭੀ ਬਚਨ ਉਚਾਰਿਆ ਕਰਦੇ ਸਨ ਕਿ ਜਿਵੇਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੂੰ ਗਵਾਲੇ ਪਿਆਰੇ ਸਨ, ਉਸ ਤੋਂ ਵੱਧ ਸ੍ਰੀ ਕਲਗੀਧਰ ਪਾਤਿਸ਼ਾਹ ਜੀ ਨੂੰ ਸਿੰਘ ਪਿਆਰੇ ਹਨ, ਜਿਨ੍ਹਾਂ ਤੋਂ ਮਹਾਰਾਜ ਜੀ ਨੇ ਪੁਤਰ ਵਾਰੇ ਹਨ। ਜਿਹੜਾ ਸਿੰਘ

ਅੰਮ੍ਰਿਤਧਾਰੀ ਹੋਵੇ, ਗੁਰਬਾਣੀ ਦੇ ਪਾਠ ਦਾ ਪ੍ਰੇਮੀ, ਨਾਮ ਰਸੀਆ, ਸੰਤੋਖਵਾਨ, ਰਹਿਤਵਾਨ ਤੇ ਸਿਦਕਵਾਨ ਹੋਵੇ. ਉਸ ਨਾਲੋਂ ਵੱਡਾ ਸੰਤ ਕੋਈ ਨਹੀਂ ਹੁੰਦਾ। ਗੁਰਮੁਖ ਭੀ ਉਹੀ ਹੈ ਤੇ ਭਗਤ ਭੀ ਉਹੀ ਹੈ।

ਨੋਟ :–੧੯੨੩ ਈਸਵੀ ਵਿਚ; ਜਦੋਂ ਲੇਖਕ ਸੰਤ ਬਾਬਾ ਸ਼ਾਮ ਸਿੰਘ ਜੀਉ ਦੀ ਚਰਨ-ਸ਼ਰਨ ਵਿਚ ਆਪ ਦੇ ਡੇਰੇ, ਆਟੇ ਮੰਡੀ ਵਿਚ ਰਹਿੰਦਾ ਸੀ, ਇਕ ਦਿਨ ਐਸਾ ਵਾਕਿਆ ਹੋਇਆ ਕਿ ਸ੍ਰੀ ਸੰਤ ਜੀ ਦੁਪਹਿਰ ਦੇ ਵਕਤ ਧਰਮਸ਼ਾਲਾ ਦੇ ਉਪਰਲੇ ਬਰਾਂਡੇ ਵਿਚ ਕੇਸੀ ਇਸ਼ਨਾਨ ਕਰ ਕੇ ਬੈਠੇ ਸਨ। ਉਸ ਸਮੇਂ ਦਾਸ ਨੇ ਆਪ ਜੀ ਦੇ ਪਾਸ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਮੂੰਹ-ਜ਼ਬਾਨੀ ਕਰਨਾ ਸ਼ੁਰੂ ਕਰ ਦਿਤਾ। ਲੇਖਕ ਵਲ ਮੂੰਹ ਕਰ ਕੇ ਆਪ ਨੇ ਪੁੱਛਿਆ ਕਿ ਕਾਕਾ ਤੈਨੂੰ ਸੁਖਮਨੀ ਸਾਹਿਬ ਕੰਠ ਹੈ। ਦਾਸ ਨੇ ਬੇਨਤੀ ਕੀਤੀ ਕਿ, ਜੀ ਆਪ ਦੀ ਕਿਰਪਾ ਹੈ। ਫੇਰ ਆਪ ਨੇ ਫੁਰਮਾਇਆ ਕਿ ਸ੍ਰੀ ਅਕਾਲ ਉਸਤਤ ਵੀ ਕੰਠ ਕਰੋ।

## 'ਜੜ੍ਹ ਹਰੀ' ਤੇ 'ਜੜ੍ਹ ਸੁੱਕੀ'

ਇਕ ਆਦਮੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਦਰਸ਼ਨ ਕਰਨ ਆਇਆ, ਅਰ ੫੦੦ ਰੁਪਿਆ ਭੇਟਾ ਵਾਸਤੇ ਲਿਆਇਆ। ਪਰ ਬਾਬਾ ਜੀ ਨੇ ਉਸ ਵੱਲ ਰੁਖ਼ ਹੀ ਨਾ ਕੀਤਾ, ਉਸਦਾ ਰੁਪਿਆ ਤਾਂ ਕੀ ਲੈਣਾ ਸੀ ਉਸ ਨਾਲ ਗੱਲ ਹੀ ਨਹੀਂ ਕੀਤੀ, ਤੇ ਨਾ ਹੀ ਉਸ ਦੀ ਕਿਸੇ ਭੀ ਗੱਲ ਦਾ ਕੋਈ ਉਤ੍ਰ ਹੀ ਬਖਸ਼ਿਆ। ਤਾਂ ਉਹ ਸੱਜਣ ਉਦਾਸ ਜਿਹਾ ਹੋ ਕੇ ਵਾਪਸ ਚਲਾ ਗਿਆ। ਪਿਛੋਂ ਸੇਵਕਾਂ ਨੇ ਪੁਛਿਆ—ਕਿ ਮਹਾਰਾਜ ਜੀ, ਉਹ ਸੱਜਣ ਪ੍ਰੇਮ ਨਾਲ ੫੦੦ ਰੁਪਿਆ ਲਿਆਇਆ ਸੀ, ਆਪ ਜੀ ਨੇ ਉਸ ਵੱਲ ਮੁੱਖ ਭੀ ਨਹੀਂ ਕੀਤਾ ? ਸੰਤਾਂ ਨੇ ਫੁਰਮਾਇਆ–'ਇਸ ਦਾ ਪਿਤਾ ਅੰਮ੍ਰਿਤਧਾਰੀ ਸਿੰਘ ਸੀ, ਇਸ ਨੇ ਕੇਸ ਕਟਾ ਦਿਤੇ ਹਨ। ਇਸ ਕਰ ਕੇ ਗੁਲਾਮ ਨੇ

ਇਸ ਨਾਲ ਜ਼ਬਾਨ ਦੀ ਸਾਂਝ ਨਹੀਂ ਕੀਤੀ।' ਸੰਤ ਬਾਬਾ ਜੀ ਕਈ ਵੇਰ ਆਪਣੇ ਮੁੱਖੋਂ ਕਿਹਾ ਕਰਦੇ ਸਨ –'ਜਿਹੜਾ ਸਹਿਜਧਾਰੀ ਦਾ ਲੜਕਾ ਅੰਮ੍ਰਿਤ ਛੱਕ ਕੇ ਪੂਰਾ ਤਿਆਰ ਬਰ-ਤਿਆਰ ਸਿੰਘ ਸਜੇਗਾ, ਉਸ ਦੀ 'ਜੜ੍ਹ ਹਰੀ', ਤੇ ਜੋ ਸਿੰਘ ਕੁਸੰਗਤ ਵਿਚ ਜਾ ਕੇ ਕੇਸਾਂ ਦੀ ਬੇਅਦਬੀ ਕਰੇਗਾ, ਉਸ ਦੀ 'ਜੜ੍ਹ ਸੁੱਕੀ।'

## ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ

ਇਕ ਵੇਰ ਆਪ ਬੈਠੇ ਪ੍ਰਸ਼ਾਦਿ ਛਕ ਰਹੇ ਸਨ। ਭਾਈ ਸੰਗਤ ਸਿੰਘ ਜੀ ਦੇ ਪਾਸ ਬੈਠੇ ਹੋਏ ਸਨ। ਦਿਲ ਦੇ ਵਿਚ ਕੁਛ ਖ਼ਿਆਲ ਆਇਆ, ਅਕਾਸ਼ ਵਲ ਵੇਖਿਆ ਤੇ ਕਹਿਣ ਲਗੇ ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਇਸੇ ਧਰਤੀ ਵਿਚ ਹੀ ਮਿਲ ਸਕਦੀ ਹੈ, ਪ੍ਰਲੋਕ (ਸਵਰਗ ਭੂਮੀ) ਵਿੱਚ ਇਹ ਚੀਜ਼ ਪ੍ਰਾਪਤ ਨਹੀਂ ਹੋ ਸਕਦੀ, ਇਸ ਵਾਸਤੇ ਇਹ ਲਾਹਾ ਇਥੇ ਹੀ ਖੱਟਿਆ ਜਾ ਸਕਦਾ ਹੈ, ਜਿੰਨਾਂ ਖਟਿਆ ਜਾਏ ਉੱਨਾਂ ਥੋੜਾ ਹੈ।

੨.

ਸ੍ਰੀ ਸੰਤ ਜੀ ਆਪਣੇ ਗੁਰਦਵਾਰੇ ਵਿਚ ਜੂਠੇ ਬਰਤਨ ਦੋਨੋਂ ਵੇਲੇ ਆਪਣੀ ਹੱਥੀਂ ਸਾਫ਼ ਕੀਤਾ ਕਰਦੇ ਸਨ। ਸ੍ਰੀ ਦਰਬਾਰ ਸਾਹਿਬ ਜਾ ਕੇ ਭਾਈ ਸਵਾਇਆ ਸਿੰਘ ਜੀ ਦੀ ਛਬੀਲ ਤੇ ਕੁਝ ਨਾ ਕੁਝ ਵਕਤ ਜ਼ਰੂਰ ਸੰਗਤਾਂ ਦੇ ਜੂਠੇ ਕੌਲੇ ਮਾਂਜਦੇ ਸਨ। ਆਪਣੇ ਬਰਤਨ ਆਪ ਹੀ ਮਾਂਜਿਆ ਕਰਦੇ ਸਨ, ਕਿਸੇ ਨੂੰ ਨਹੀਂ ਮਾਂਜਣ ਦਿੰਦੇ ਸਨ। ਇਸ ਸੇਵਾ ਦੇ ਨਾਲ ਆਪ ਜੀ ਦਾ ਇੰਨਾਂ ਪ੍ਰੇਮ ਸੀ ਕਿ ਬ੍ਰਿਧ ਅਵਸਥਾ ਵਿਖੇ ਜਦ ਮੰਜੇ ਉੱਪਰ ਪ੍ਰਸ਼ਾਦਿ ਛਕਦੇ ਸਨ ਤਾਂ ਪ੍ਰਸ਼ਾਦਿ ਛਕਣ ਤੋਂ ਪਹਿਲਾਂ ਰਾਖ ਦੀ ਕੜਾਹੀ ਮੰਜੇ ਦੇ ਪਾਸ ਹੀ ਰਖਾ ਲੈਂਦੇ ਸਨ ਤੇ ਪ੍ਰਸ਼ਾਦਿ ਛਕਣ ਪਿਛੋਂ ਆਪਣੇ ਬਰਤਨ, ਸਗੋਂ ਹੋਰਨਾਂ ਦੇ ਬਰਤਨ ਭੀ ਆਪ ਮਾਂਜਦੇ

ਸਨ । ਆਪ ਆਪਣਾ ਕਛਹਿਰਾ ਭੀ ਆਪ ਹੀ ਸਾਫ਼ ਕਰਦੇ ਸਨ, ਕਿਸੇ ਸੇਵਕ ਪਾਸੋਂ ਕਛਹਿਰਾ ਧੋਣ ਦੀ ਸੇਵਾ ਨਹੀਂ ਲੈਂਦੇ ਸਨ ।

੩.

ਸੰਤਾਂ ਦੇ ਡੇਰੇ ਵਿਚ ਯੱਗ ਤੇ ਲੰਗਰ ਹੁੰਦੇ ਹੀ ਰਹਿੰਦੇ ਸਨ । ਬਾਬਾ ਜੀ ਨੇ ਭਾਈ ਠਾਕਰ ਸਿੰਘ ਜੀ ਪ੍ਰਤੀ, ਜੋ ਆਪ ਦੇ ਮੁਖੀ ਸੇਵਕ ਸਨ, ਬਚਨ ਕੀਤਾ ਹੋਇਆ ਸੀ ਕਿ ਤੁਸੀਂ ਜਲ ਛਕਾਉਣ, ਜੂਠੀਆਂ ਪੱਤਲਾਂ ਇਕੱਠੀਆਂ ਕਰਨ ਤੇ ਜੂਠੇ ਕੌਲੇ ਮਾਂਜਣ ਦੀ ਸੇਵਾ ਕੀਤਾ ਕਰੋ । ਇਕ ਵੇਰ ਅਖੰਡ ਪਾਠ ਸਾਹਿਬ ਦੇ ਭੋਗ ਪਿਛੋਂ ਬੜਾ ਭਾਰੀ ਯੱਗ ਹੋਇਆ, ਸੰਤਾਂ ਨੇ ਉਨ੍ਹਾਂ ਪਾਸੋਂ ਪੁੱਛਿਆ ਕਿ ਸਭ ਸੰਗਤਾਂ ਪ੍ਰਸ਼ਾਦਿ ਛਕ ਚੁੱਕੀਆਂ ਹਨ ? ਤਾਂ ਆਪ ਨੇ ਉੱਤ੍ਰ ਦਿੱਤਾ ਕਿ ਮਹਾਰਾਜ ਜੀ ਐਂਤਕੀ ਯੱਗ ਬੜਾ ਭਾਰੀ ਹੋਇਆ ਹੈ ਤੇ ਸਭ ਆਨੰਦ ਹੋ ਗਏ ਹਨ । ਫੇਰ ਸੰਤਾਂ ਨੇ ਬਚਨ ਕੀਤਾ ਕਿ ਕੀ ਤੁਸੀਂ ਜੂਠੇ ਬਰਤਨ ਮਾਂਜ ਚੁੱਕੇ ਹੋ ? ਤਾਂ ਇਸਦਾ ਉੱਤਰ ਦਿਤਾ, ਜੀ ਨਹੀਂ । ਇਹ ਬਚਨ ਸੁਣਕੇ ਸੰਤਾਂ ਨੇ ਕਿਹਾ—ਯੱਗ ਤਾਂ ਭਾਰੀ ਹੋਇਆ ਹੀ ਹੈ, ਪਰ ਤੂੰ ਕੀ ਖੱਟਿਆ ? ਜਾਹ ਜਾ ਕੇ ਕੋਈ ਬਰਤਨ ਬਚੇ ਹੋਣ ਤਾਂ ਮਾਂਜ । ਇਸ ਮਨ ਨੂੰ ਜੋ ਮੈਲ ਲੱਗੀ ਹੁੰਦੀ ਹੈ, ਉਹ ਥਿੰਧੀ ਹੁੰਦੀ ਹੈ, ਜਿਸ ਤਰ੍ਹਾਂ ਥਿੰਧਿਆਈ ਭਾਂਡੇ ਦੀ, ਜਲ ਨਾਲ ਨਹੀਂ ਲਥਦੀ, ਮਾਂਜਣ ਨਾਲ ਹੀ ਲਥਦੀ ਹੈ, ਇਸੀ ਤਰ੍ਹਾਂ ਮਨ ਦੀ ਮੈਲ ਭੀ ਸੰਤਾਂ ਦੀ ਚਰਨ-ਧੂੜ ਨਾਲ ਤੇ ਸੰਗਤ ਦੇ ਭਾਂਡੇ ਮਾਂਜਣ ਨਾਲ ਹੀ ਲੱਥਦੀ ਹੈ ।

ਸੰਤ ਬਾਬਾ ਜੀ ਨੇ ਆਪਣੇ ਬਜ਼ੁਰਗ ਸੰਤ ਭਾਈ ਸਹਾਈ ਸਿੰਘ ਜੀ ਦੀ ਇਕ ਸਾਖੀ ਸ੍ਰੀ ਭਗਤ ਪ੍ਰੇਮ ਪਰਕਾਸ਼ ਵਿਚ ਇਸ ਪ੍ਰਕਾਰ ਲਿਖੀ ਹੈ :—

ਇਕ ਸਮੇਂ ਸੰਤ ਭਾਈ ਬਾਲਕ ਸਿੰਘ ਜੀ, ਸੰਤ ਭਾਈ ਸਹਾਈ ਸਿੰਘ ਜੀ, ਸੰਤ ਭਾਈ ਹੇਮ ਰਾਜ ਜੀ, ਤਿੰਨੇ ਮਹਾਂ ਪੁਰਸ਼ ਸਫ ਤੇ ਬੈਠ ਕੇ ਪ੍ਰਸ਼ਾਦ ਛਕ ਕੇ ਉੱਠੇ । ਭਾਈ ਕੁੰਦਨ ਰਾਮ ਜੀ

ਸੰਤਾਂ ਦੇ ਬਰਤਨ ਮਾਂਜਣ ਵਾਸਤੇ ਲੈਣ ਲੱਗੇ, ਤਾਂ ਸੰਤ ਭਾਈ ਸਹਾਈ ਸਿੰਘ ਜੀ ਨੇ ਆਪਣੇ ਬਰਤਨ ਨਾ ਦਿਤੇ ਤੇ ਬਚਨ ਕੀਤਾ ਕਿ ਐਸਾ ਕਰਨ ਨਾਲ ਜੀਵ ਨੂੰ ਸੇਵਾ ਕਰਵਾਣੇ ਦਾ ਸੁਭਾਉ ਪੈ ਜਾਂਦਾ ਹੈ । ਜੋ ਸਾਧੂ ਆਪਣੇ ਜੂਠੇ ਬਰਤਨ ਭੀ ਨਹੀਂ ਮਾਂਜ ਸਕਦਾ, ਉਸ ਆਲਸੀ ਨੇ ਹੋਰ ਭਜਨ ਬੰਦਗੀ ਆਦਿਕ ਸਾਧਨ ਕਮਾਈ ਕੀ ਕਰਨੀ ਹੈ । ਸਾਧੂ ਨੂੰ ਤਾਂ ਚਾਹੀਦਾ ਹੈ, ਕਿ ਨਿਰਆਲਸ ਹੋਵੇ ਤੇ ਉੱਦਮ ਕਰਕੇ ਜਿਤਨਾ ਬਲ ਹੋਵੇ, ਹੋਰ ਸੰਗਤਾਂ ਦੀ ਸੇਵਾ ਪ੍ਰੇਮ ਨਾਲ ਕਰੇ ।

## ਦੇਹਧਾਰੀ ਗੁਰੂ ਨਹੀਂ ਧਾਰਨਾ

ਇਕ ਵੇਰ ਸ਼ਾਹ ਪੁਰ ਦੇ ਇਲਾਕੇ ਦਾ ਇਕ ਰੀਟਾਇਰਡ ਡਿਪਟੀ ਕਮਿਸ਼ਨਰ ਸ੍ਰੀ ਸੰਤ ਜੀ ਨੂੰ ਮਿਲਣ ਵਾਸਤੇ ਆਇਆ ਤੇ ਬੇਨਤੀ ਕੀਤੀ, ਮਹਾਰਾਜ ਜੀ, ਮੈਨੂੰ ਕ੍ਰਿਪਾ ਕਰ ਕੇ ਇਹ ਦੱਸੋ ਕਿ ਦੇਹ ਧਾਰੀ ਗੁਰੂ ਧਾਰਣ ਕਰਨਾ ਚਾਹਿਦਾ ਹੈ ਕਿ ਨਹੀਂ ? ਸੰਤਾਂ ਨੇ ਉੱਤਰ ਦਿੱਤਾ, 'ਕਿ ਦਸਮੇਸ਼ ਪਿਤਾ ਸ੍ਰੀ ਕਲਗੀਧਰ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਸੌਂਪ ਗਏ ਹਨ, ਇਸ ਵਾਸਤੇ ਕੋਈ ਦੇਹ ਧਾਰੀ ਗੁਰੂ ਨਹੀਂ ਧਾਰਨਾ ਚਾਹੀਦਾ, ਗੁਰਵਾਕ ਹੈ :-

'ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥<br>ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥'

## ਗੁਰੂ ਦੀਖਿਆ—

ਕਈ ਜਗਿਆਸੂ ਸੰਤ ਬਾਬਾ ਜੀ ਅੱਗੇ ਆਪ ਬੇਨਤੀ ਕਰਦੇ ਯਾ ਭਾਈ ਠਾਕਰ ਸਿੰਘ ਜੀ ਪਾਸੋਂ ਕਰਾਉਂਦੇ ਕਿ ਮਹਾਰਾਜ ਜੀ ਸਾਨੂੰ ਗੁਰੂ ਦੀਖਿਆ ਬਖ਼ਸ਼ੋ । ਇਸ ਦੇ ਉੱਤਰ ਵਿਚ ਸੰਤ ਜੀ ਬਚਨ ਕਰਦੇ ਸਨ 'ਕਿ ਭਾਈ ਜਿਸ ਵਕਤ ਪੰਜ

ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਕਲਗੀਧਰ ਮਹਾਰਾਜ ਜੀ ਦਾ ਅੰਮ੍ਰਿਤ ਤਿਆਰ ਕਰਕੇ ਜਗਜਾਸੂ ਨੂੰ ਛਕਾਉਂਦੇ ਹਨ ਅਤੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ, ਇਹੀ ਗੁਰਦੀਖਿਆ ਹੈ। ਉਸ ਸਮੇਂ ਜਗਿਆਸੂ ਗੁਰੂ ਕਾ ਸਿੰਘ ਬਣ ਜਾਂਦਾ ਹੈ। ਇਹ ਰਹੁਰੀਤੀ ਸ੍ਰੀ ਦਸਮ ਪਾਤਸ਼ਾਹ ਜੀ ਨੇ ਆਪ ਕਾਇਮ ਕੀਤੀ ਸੀ, ਜਿਸ ਨੂੰ ਹੁਣ ਕਈ ਲੋਕ ਭੁੱਲ ਗਏ ਹਨ।

ਨੋਟ–ਗੁਰੂ ਪਦ ਦੀ ਵਿਸ਼ੇਸ਼ ਤੌਰ ਤੇ ਵਿਆਖਿਆ ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ ਪੰਨਾ ੩੩–੪੦ ਪਰ ਪੜ੍ਹੋ ਜੀ।

## ਕਰਜ਼ ਉਤਾਰਿਆ ਸਤਿਗੁਰੂ

ਸੰਤ ਬਾਬਾ ਜੀ ਦੀ ਧਰਮਸਾਲਾ ਵਿਖੇ ਰੋਜ਼ਾਨਾ ਕਥਾ ਹੁੰਦੀ ਸੀ। ਇਕ ਦਿਨ ਕਥਾ ਦੇ ਭੋਗ ਤੋਂ ਪਿਛੋਂ, ਇਕ ਪ੍ਰੇਮੀ ਦਾ ਚਿਹਰਾ ਮੁਰਝਾਇਆ ਹੋਇਆ ਵੇਖ ਕੇ ਸੰਤਾਂ ਨੇ ਉਸ ਨੂੰ ਪੁਛਿਆ ਕਿ ਭਾਈ ਤੂੰ ਇੰਨਾ ਉਦਾਸ ਕਿਉਂ ਹੈਂ ? ਉਸ ਨੇ ਉੱਤਰ ਦਿਤਾ ਕਿ ਮਹਾਰਾਜ ਜੀ, ਮੈਂ ਕਰਜ਼ਾ ਦੇਣਾ ਹੈ, ਕਰਜ਼ੇ ਵਾਲੇ ਮੈਨੂੰ ਬਹੁਤ ਤੰਗ ਕਰਦੇ ਹਨ। ਸੰਤਾਂ ਨੇ ਉਸ ਨੂੰ ਧੀਰਜ ਦਿਤਾ ਤੇ ਬਚਨ ਕੀਤਾ ਕਿ ਸਾਧ ਸੰਗਤ ਦੀ ਸੇਵਾ ਕਰੋ, ਕਥਾ ਵਿਚ ਨਾਗਾ ਨਹੀਂ ਪਾਉਣਾ ਅਤੇ ਇਹ ਸ਼ਬਦ ਜਿੰਨੀ ਵਾਰੀ ਰੋਜ਼ ਪੜ੍ਹ ਸਕੋ ਜ਼ਰੂਰ ਪੜ੍ਹੋ :

ਜੀਅ ਜੰਤ ਸੁ ਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ ॥
ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥

ਸੰਤਾਂ ਦੀ ਆਗਿਆ ਮੰਨਦੇ ਹੋਏ ਪੰਚਮ ਪਾਤਸ਼ਾਹ ਦੇ ਬਿਲਾਵਲ ਰਾਗ ਦੇ ਇਸ ਸ਼ਬਦ (੬੨) ਦੇ ਸਿਦਕ ਨਾਲ ਪਾਠ ਕਰਨ ਨਾਲ ਥੋੜੇ ਸਮੇਂ ਵਿਚ ਹੀ ਉਸ ਦਾ ਕਰਜ਼ਾ ਉਤਰ ਗਿਆ ਤੇ ਉਹ ਸੁਖੀ ਹੋ ਗਿਆ।



 www.sikhbookclub.com

# ਗੁਰ ਸੇਵਾ ਤੇ ਸਤਿਸੰਗ ਸਿਖ ਵਾਸਤੇ ਦੋਨੋਂ ਲਾਜ਼ਮੀ ਹਨ

ਭਾਈ ਕਲਿਆਨ ਸਿੰਘ ਜੀ ਗੁਰੂ ਕੇ ਲੰਗਰ ਦੀ ਸੇਵਾ ਵਿਚ ਕੁਝ ਦਿਨ ਅਜਿਹੇ ਰੁੱਝੇ ਰਹੇ ਕਿ ਸਵੇਰ ਦੇ ਦੀਵਾਨ ਵਿਚ ਤੇ ਦੁਪਹਿਰ ਦੀ ਕਥਾ ਵਿਚ ਹਾਜ਼ਰ ਨਾ ਹੋਏ । ਸੰਤ ਡੇਰੇ ਦੇ ਹਰ ਇਕ ਆਦਮੀ ਦੀ ਰਹਿਣੀ ਬਹਿਣੀ ਦਾ ਧਿਆਨ ਰੱਖਦੇ ਸਨ। ਬਾਬਾ ਜੀ ਨੇ ਭਾਈ ਕਲਿਆਨ ਸਿੰਘ ਨੂੰ ਪੁੱਛਿਆ ਕਿ ਦੋ ਤਿੰਨ ਦਿਨ ਤੋਂ ਤੁਹਾਨੂੰ ਕਥਾ ਦੇ ਸਮੇਂ ਸੰਗਤ ਵਿਚ ਨਹੀਂ ਵੇਖਿਆ, ਕੀ ਗੱਲ ਹੈ ? ਤਾਂ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ, ਲੰਗਰ ਵਿਚ ਸੇਵਾ ਦਾ ਕੰਮ ਬਹੁਤ ਹੁੰਦਾ ਹੈ ਤੇ ਥਕਾਵਟ ਦੇ ਕਾਰਣ ਮੈਂ ਦੀਵਾਨ ਵਿਚ ਹਾਜ਼ਰ ਨਹੀਂ ਹੋ ਸਕਿਆ, ਤਾਂ ਸੰਤ ਬਾਬਾ ਜੀ ਨੇ 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' ਤਿੰਨ ਵੇਰ ਉਚਾਰਨ ਕੀਤਾ ਤੇ ਬਚਨ ਕੀਤਾ ਕਿ ਭਾਈ ਸੱਜਣਾ ਸੇਵਾ ਤਾਂ ਇਸ ਵਾਸਤੇ ਕਰੀਦੀ ਹੈ ਕਿ ਮਨ ਨੀਵਾਂ ਹੋਵੇ, ਵਾਹਿਗੁਰੂ ਦਾ ਨਾਮ ਚਿਤ ਆਵੇ, ਜਿਸ ਸੇਵਾ ਵਿਚ ਲੱਗ ਕੇ ਸਤਿਸੰਗ ਛੱਡ ਦਿੱਤਾ, ਨਾਮ ਬਾਣੀ ਵਿਚ ਮਨ ਨਾ ਲਾਇਆ ਤਾਂ ਉਸ ਸੇਵਾ ਦਾ ਕੀ ਲਾਭ ਹੋਇਆ । ਉਹ ਸੇਵਾ ਤਾਂ ਨਾ ਹੋਈ ਜਿਸ ਵਿਚ ਲੱਗ ਕੇ ਵਾਹਿਗੁਰੂ ਭੁੱਲ ਗਿਆ । ਐਸੀ ਸੇਵਾ ਵਾਹਿਗੁਰੂ ਦੇ ਦਰ ਪਰਵਾਨ ਨਹੀਂ ਹੁੰਦੀ, ਸਤਿਗੁਰੂ ਨੂੰ ਨਹੀਂ ਭਾਂਵਦੀ।

ਗੁਰ ਸਿਖ ਦਾ ਨਿਸ਼ਾਨਾ ਤਾਂ ਇਹ ਹੈ ਕਿ ਨਾਮ ਜਪੇ– ਜਿਹੜਾ ਕੰਮ ਕਰਦਿਆਂ ਵਾਹਿਗੁਰੂ ਨਾਮ ਚੇਤੇ ਆਵੇ, ਉਹ ਸਫਲ ਹਨ ਤੇ ਜਿਨ੍ਹਾਂ ਵਿਚ ਲਗਿਆਂ ਨਾਮ ਭੁੱਲ ਜਾਵੇ, ਉਹ ਤਿਆਗਣ ਯੋਗ ਹਨ।

ਉਸ ਦਿਨ ਤੋਂ ਭਾਈ ਕਲਿਆਣ ਸਿੰਘ ਜੀ ਕਦੀ ਸਤਿਸੰਗ ਵਿਚੋਂ ਗ਼ੈਰ ਹਾਜ਼ਿਰ ਨਹੀਂ ਹੋਏ । ਸਮਝ ਗਏ ਕਿ ਸੇਵਾ ਤੋਂ ਮਨ



 www.sikhbookclub.com

ਨਿਰਮਲ ਤੇ ਨਿਰਮਾਣ ਕਰਨਾ ਹੈ ਤੇ ਸੂਛ ਮਨ ਦੇ ਨਾਲ ਨਾਮ ਜਪਣ ਕਰਕੇ ਮਨ ਇਕਾਗਰ ਹੋਵੇਗਾ, ਫਿਰ ਆਤਮਿਕ ਰਸ ਪ੍ਰਾਪਤ ਹੋਏਗਾ।

## ਸਰ ਸੁੰਦਰ ਸਿੰਘ ਜੀ ਮਜੀਠੀਏ ਨੂੰ ਅੰਮ੍ਰਿਤ ਛਕਾਉਣਾ

ਪੰਥ ਰਤਨ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਕੇਰਾਂ ਦਾਸ ਲੇਖਕ (ਪ੍ਰੇਮ ਸਿੰਘ) ਨੂੰ ਇਹ ਬਚਨ ਆਪ ਦੱਸਿਆ ਸੀ ਕਿ ਜਦੋਂ ਸਾਨੂੰ ਅੰਮ੍ਰਿਤ ਦੀ ਦਾਤ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਨੇ ਬਖਸ਼ੀ ਸੀ (ਆਪ ਪੰਜਾਂ ਪਿਆਰਿਆਂ ਦੇ ਜਥੇਦਾਰ ਸਨ) ਤਾਂ ਇਹ ਸੇਵਾ ਬੜੀ ਸੋਹਣੀ ਤਰ੍ਹਾਂ ਸੰਪੂਰਨ ਹੋਈ। ਇਸ ਤੋਂ ਪਿਛੋਂ ਜਦੋਂ ਸੰਤਾਂ ਨੇ ਸਰ ਸੁੰਦਰ ਸਿੰਘ ਜੀ ਮਜੀਠੀਏ ਨੂੰ ਅੰਮ੍ਰਿਤ ਛਕਾਇਆ, ਤਾਂ ਰੌਲਾ ਪੈ ਗਿਆ।

ਇਹ ਸਾਖੀ ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ, ਲੇਟ ਨਾਜ਼ਮ ਨਾਭਾ ਸਟੇਟ ਨੇ ਲੇਖਕ ਨੂੰ ਇਸ ਪ੍ਰਕਾਰ ਲਿਖਾਈ :—

ਸ: ਸੁੰਦਰ ਸਿੰਘ ਜੀ ਮਜੀਠੀਆ ਸੰਤਾਂ ਦੇ ਬੜੇ ਪਿਆਰ ਵਾਲੇ ਸਨ; ਆਪ ਜੀ ਸਿਖ ਪੰਥ ਵਿੱਚ ਸ਼ਰੋਮਣੀ ਸਰਦਾਰ ਸਨ। ਬਹੁਤ ਸਾਲ ਲਾਟ ਸਾਹਿਬ ਪੰਜਾਬ ਦੀ ਕੌਂਸਲ ਦੇ ਐਗਜ਼ੈਕਟਿਵ ਮੈਂਬਰ ਰਹੇ; ਚੀਫ਼ ਖਾਲਸਾ ਦੀਵਾਨ, ਸਿਖ ਐਜੂਕੇਸ਼ਨਲ ਕਾਨਫ੍ਰੰਸ ਤੇ ਖਾਲਸਾ ਕਾਲਜ ਦੇ ਮੁਖੀ ਕਰਤਾ ਧਰਤਾ ਸਨ। ਸ: ਬਸ਼ੇਸ਼ਰ ਸਿੰਘ ਜੀ ਨੇ ਦੱਸਿਆ ਕਿ ਸ: ਸੁੰਦਰ ਸਿੰਘ ਜੀ ਦਾ ਮੇਰੇ ਨਾਲ ਬੜਾ ਪ੍ਰੇਮ ਸੀ ਤੇ ਜਦ ਕਦੇ ਦਾਸ ਨੂੰ ਮਿਲਣ ਦਾ ਅਵਸਰ ਬਣਦਾ, ਤਾਂ ਆਪ ਕਈ ਵਾਰ ਸੰਤ ਬਾਬਾ ਜੀ ਦੀਆਂ ਸਾਖੀਆਂ ਸੁਣਾਉਂਦੇ ਹੁੰਦੇ ਸਨ।

ਬਾਬਾ ਜੀ ਨੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੂੰ ਪ੍ਰੇਰਨਾ ਕਰਕੇ ਅੰਮ੍ਰਿਤ ਛਕਾਇਆ। ਸ: ਮਜੀਠੀਆ ਜੀ ਨੇ

ਸ: ਬਸ਼ੇਸ਼ਰ ਸਿੰਘ ਜੀ ਨੂੰ ਆਪ ਦੱਸਿਆ ਸੀ ਕਿ ਮੈਨੂੰ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਪਰ ਅੰਮ੍ਰਿਤ ਛਕਾਇਆ ਸੀ, ਆਪ ਪੰਜਾਂ ਪਿਆਰਿਆਂ ਦੇ ਜਥੇਦਾਰ ਸਨ। ਇਹ ਗੱਲ ਜਦ ਪੁਜਾਰੀਆਂ ਨੂੰ ਕਰਨਲ ਜੁਵਾਲਾ ਸਿੰਘ ਜੀ ਸਰਬਰਾਹ, ਸ੍ਰੀ ਦਰਬਾਰ ਸਾਹਿਬ, ਰਾਹੀਂ ਪਤਾ ਲੱਗੀ ਤਾਂ ਪੁਜਾਰੀਆਂ ਨੇ ਨਾਰਾਜ਼ ਹੋਕੇ ਸੰਤ ਬਾਬਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਹਰੀ ਕੀਰਤਨ ਕਰਨ ਤੋਂ ਰੋਕ ਦਿੱਤਾ। ਪੁਜਾਰੀਆਂ ਦਾ ਐਸਾ ਕਰਨ ਦਾ ਮੰਤਵ ਇਹ ਸੀ, ਕਿ ਅਗਰ ਵਡੇ ਵਡੇ ਸਰਦਾਰਾਂ ਨੂੰ ਅੰਮ੍ਰਿਤ ਦੀ ਦਾਤ ਸੰਤ ਬਾਬਾ ਜੀ ਦੀ ਜਥੇਦਾਰੀ ਵਿੱਚ ਮਿਲਣੀ ਸ਼ੁਰੂ ਹੋ ਗਈ ਤਾਂ ਸਾਨੂੰ ਕੌਣ ਪੁੱਛੇਗਾ?

ਸੰਤ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰੀ ਕੀਰਤਨ ਦਾ ਨਿਯਮ ਤੇ ਪ੍ਰੇਮ ਐਸਾ ਅਟੁੱਟ ਸੀ, ਕਿ ਆਪ ਜੀ ਪਾਸੋਂ ਇਸ ਸੇਵਾ ਬਗੈਰ ਜੀਉਣਾ ਮੁਸ਼ਕਲ ਹੋ ਗਿਆ। ਜਿਵੇਂ ਸਤਿਗੁਰਾਂ ਦਾ ਵਾਕ ਹੈ 'ਆਖਾ ਜੀਵਾ ਵਿਸਰੈ ਮਰਿ ਜਾਉ' ਆਪ ਜੀ ਨੇ ਆਪਣੇ ਡੇਰੇ ਵਿੱਚ ਆਕੇ ਅੰਨ ਜਲ ਤਿਆਗ ਦਿਤਾ।

ਉਸੀ ਸਮੇਂ ਕਰਤਾਰ ਦੀ ਐਸੀ ਖੇਡ ਵਰਤੀ ਕਿ ਸਰਬਰਾਹ ਦਾ ਇਕ ਨਜ਼ਦੀਕੀ ਰਿਸ਼ਤੇਦਾਰ ਕਤਲ ਦੇ ਮੁਕੱਦਮੇ ਵਿੱਚ ਗ੍ਰਿਫਤਾਰ ਹੋ ਗਿਆ, ਤੇ ਉਸ ਨੇ ਸ: ਮਜੀਠੀਏ ਜੀ ਦੇ ਪਾਸ ਹਾਜ਼ਰ ਹੋਕੇ ਬੇਨਤੀ ਕੀਤੀ ਕਿ ਮੇਰੀ ਮੱਦਦ ਕਰੋ। ਸ: ਜੀ ਨੇ ਕਰਨਲ ਜਵਾਲਾ ਸਿੰਘ ਨੂੰ ਕਿਹਾ ਕਿ ਤੁਸੀਂ ਸੰਤ ਬਾਬਾ ਸ਼ਾਮ ਸਿੰਘ ਜੀ ਹੋਰਾਂ ਦਾ ਕੀਰਤਨ ਕਿਉਂ ਬੰਦ ਕਰਾ ਦਿੱਤਾ ਹੈ? ਜਾਓ ਤੁਸੀਂ ਪਹਿਲਾਂ ਸੰਤਾਂ ਦੀ ਖੁਸ਼ੀ ਲਵੋ, ਫਿਰ ਮੈਂ ਤੁਹਾਡੇ ਨਾਲ ਲਾਹੌਰ ਜਾ ਕੇ ਮੱਦਦ ਕਰਾਂਗਾ। ਸਰਬਰਾਹ ਵਾਪਸ ਸ੍ਰੀ ਦਰਬਾਰ ਸਾਹਿਬ ਆ ਕੇ ਸਾਰੇ ਪੁਜਾਰੀਆਂ ਨੂੰ ਨਾਲ ਲੈ ਕੇ ਸੰਤ ਬਾਬਾ ਜੀ ਦੀ ਧਰਮਸਾਲਾ ਵਿਖੇ ਹਾਜ਼ਰ ਹੋਇਆ। ਸਭ ਨੇ ਮਿਲਕੇ ਸੰਤਾਂ ਪਾਸੋਂ ਮਾਫੀ ਮੰਗੀ ਤੇ ਬੇਨਤੀ ਕੀਤੀ ਕਿ ਆਪ ਸ੍ਰੀ ਹਰਿਮੰਦਰ ਸਾਹਿਬ

ਵਿਖੇ ਕੀਰਤਨ ਕਰੋ ਜੀ, ਫੇਰ ਸੰਤਾਂ ਨੇ ਆਪਣੇ ਨੇਮ ਅਨੁਸਾਰ ਕੀਰਤਨ ਦੀ ਚੌਂਕੀ ਸ਼ੁਰੂ ਕਰ ਦਿਤੀ।

ਇਸ ਤੋਂ ਪਿਛੋਂ ਸੰਤ ਜੀ ਨੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਅੰਮ੍ਰਿਤ ਛਕਾਉਣ ਦੀ ਸੇਵਾ ਵਿੱਚ ਹਿੱਸਾ ਨਹੀਂ ਲਿਆ, ਆਪ ਫੁਰਮਾਉਂਦੇ ਸਨ ਕਿ ਗੁਲਾਮ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਚੌਂਕੀ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜੇ ਕੋਈ ਪ੍ਰੇਮੀ ਬਹੁਤ ਪ੍ਰੇਮ ਨਾਲ ਕਹੇ ਤਾਂ ਅੰਮ੍ਰਿਤ ਛਕਣ ਵੇਲੇ ਉਸਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਚਲੇ ਜਾਂਦੇ ਸਨ ਤੇ ਕੋਲ ਬੈਠਕੇ ਹਾਜ਼ਰੀ ਭਰਦੇ ਸਨ, ਪ੍ਰੰਤੂ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਨਹੀਂ ਸੀ ਹੁੰਦੇ

## ਸੰਤਾਂ ਦੇ ਕੀਰਤਨ ਸਮੇਂ ਰਾਗ ਸਾਪ੍ਰਤੱਖ

ਇਕ ਸਿੰਧ ਨਿਵਾਸੀ ਉਦਾਸੀ ਮਹਾਤਮਾ ਬਾਵਾ ਈਸ਼ਰ ਦਾਸ ਜੀ ਹੋਏ ਹਨ। ਉਹਨਾਂ ਦਾ ਸੰਤ ਰਾਜ ਜੀ ਦੇ ਨਾਲ ਅਧਿਕ ਪ੍ਰੇਮ ਸੀ–ਸੰਤ ਬਾਬਾ ਜੀ ਭੀ ਉਹਨਾਂ ਦੇ ਨਾਲ ਰਲ ਕੇ ਕੀਰਤਨ ਕਰ ਕੇ ਅਤਿ ਪ੍ਰਸੰਨ ਹੁੰਦੇ ਸਨ। ਜਦੋਂ ਆਪ ਸਿੰਧ ਦੇਸ਼ ਵਿਚੋਂ ਸ੍ਰੀ ਦਰਬਾਰ ਸਾਹਿਬ ਤੀਰਥ ਯਾਤਰਾ ਲਈ ਆਉਂਦੇ ਸਨ, ਤਾਂ ਆਪ ਤਿੰਨ ਪਹਿਰੇ ਵੇਲੇ ਬਾਬਾ ਜੀ ਨਾਲ ਮਿਲ ਕੇ ਕੀਰਤਨ ਕਰਦੇ। ਇਕ ਦਿਨ ਪ੍ਰਸੰਗ ਸੁਣਾਉਂਦਿਆਂ ਬਾਬਾ ਈਸ਼ਰ ਦਾਸ ਜੀ ਦੀ ਰਸਨਾ ਤੋਂ ਸੁਤੇ ਸਿੱਧ ਹੀ ਇਹ ਬਚਨ ਨਿਕਲ ਗਿਆ – ਦਾਸ ਨੂੰ ਫਲਾਨੀ ਰਾਗਨੀ ਅਥਵਾ ਰਾਗ ਦਾ ਪ੍ਰਤੱਖ ਦਰਸ਼ਨ ਹੋਇਆ ਹੈ। ਸਤਿਸੰਗੀਆਂ ਨੇ ਪੁੱਛਿਆ – ਜੋ ਮਹਾਰਾਜ, ਕਦੋਂ ਅਰ ਕਿਸ ਤਰ੍ਹਾਂ ? ਪਰ ਆਪ ਇਹ ਗੱਲ ਦੱਸਦੇ ਨਹੀਂ ਸਨ। ਅਖੀਰ ਇਕ ਨਿਕਟਵਰਤੀ ਪ੍ਰੇਮੀ ਨੇ ਬਹੁਤ ਅਧੀਨਗੀ ਨਾਲ ਬੇਨਤੀ ਕੀਤੀ – ਤਾਂ ਬਾਬਾ ਜੀ ਨੇ ਉਸ ਪ੍ਰਤੀ ਬਚਨ ਕੀਤਾ :

"ਭਾਈ ਇਹ ਗੁਹਜ (ਗੁਪਤ) ਬਾਰਤਾ ਹੈ – ਤਿੰਨ ਪਹਿਰੇ

ਸਮੇਂ, ਸੰਤ ਬਾਬਾ ਸ਼ਾਮ ਸਿੰਘ ਜੀ ਜਦ ਕੀਰਤਨ ਕਰ ਰਹੇ ਸਨ, ਦਾਸ ਵੀ ਸਾਥ ਬੈਠਾ ਸੀ — ਚਮਤਕਾਰ ਅਜੇਹਾ ਹੋਇਆ—ਬਾਬਾ ਜੀ ਜਿਹੜਾ ਰਾਗ ਅਲਾਪ ਰਹੇ ਸਨ, ਪਰਤੱਖ ਸਾਹਮਣੇ ਦਾਸ ਨੂੰ ਉਹ ਰਾਗ ਦਰਸ਼ਨ ਦੇ ਰਿਹਾ ਸੀ । ਸੰਤ ਬਾਬਾ ਜੀ ਨੂੰ ਤਾਂ ਦਰਸ਼ਨ ਹੋਣੇ ਹੀ ਹੋਏ – ਹੋਰ ਪਤਾ ਨਹੀਂ ਕਿਸ ਕਿਸ ਹੋਰ ਜੀਵ ਦੇ ਭਾਗਾਂ ਵਿਚ ਇਹ ਦਰਸ਼ਨ ਪ੍ਰਾਪਤ ਹੋਏ ਹੋਸਨ ।''

## ਸੰਤਾਂ ਦੀ ਅਰਦਾਸ ਵਾ ਕੀਰਤਨ ਤੇ ਵਰਖਾ ਹੋਣੀ

ਉਨ੍ਹੀਵੀਂ ਸਦੀ ਦੇ ਅਖੀਰ ਵਿਚ ਇਕ ਸਾਲ ਪੋਹ ਮਾਘ ਦੇ ਮਹੀਨਿਆਂ ਵਿਚ ਬਾਰਿਸ਼ ਨਾ ਹੋਈ ਅਤੇ ਸਾਵਣ ਦਾ ਮਹੀਨਾ ਵੀ ਬਿਲਕੁਲ ਸੁੱਕਾ ਲੰਘ ਗਿਆ । ਜਦੋਂ ਭਾਦਰੋਂ ਦੀਆਂ ਧੁੱਪਾਂ ਵਿਚ ਵੀ ਵਰਖਾ ਨਾ ਹੋਈ, ਤਾਂ ਲੋਕਾਂ ਵਿਚ ਹਾਹਾਕਾਰ ਮੱਚ ਗਈ। ਕੁਝ ਸ਼ਰਧਾਵਾਨ ਗੁਰਸਿੱਖਾਂ ਦੇ ਮਨ ਵਿਚ ਵਿਚਾਰ ਆਈ ਕਿ ਇਥੇ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਅਨਿੰਨ ਸੇਵਕ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਮੌਜੂਦ ਹਨ, ਚਲੋ, ਉਹਨਾਂ ਨੂੰ ਚੱਲ ਕੇ ਬੇਨਤੀ ਕਰੀਏ, ਕਿ ਸਤਿਗੁਰਾਂ ਦੇ ਹਜ਼ੂਰ ਅਰਦਾਸ ਕਰਨ ।

ਪੰਜ ਸਿਦਕਵਾਨ ਗੁਰਸਿਖ ਬਾਬਾ ਜੀ ਪਾਸ ਆਏ ਤੇ ਜਨਤਾ ਦੀ ਔਕੜ ਦੱਸੀ । ਸੰਤ ਬਾਬਾ ਜੀ ਨੇ ਉਹਨਾਂ ਪ੍ਰਤੀ ਕਿਹਾ ਕਿ ਸਚੇ ਪਾਤਿਸ਼ਾਹ, ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਚਰਨ-ਸ਼ਰਨ ਵਿਚ ਹਰ ਰੋਜ਼ ਦੀਵਾਨ ਸਜਦੇ ਹਨ, ਆਪ ਭੀ ਗੁਰੂ ਕੇ ਪਿਆਰੇ ਸਿੱਖ ਹੋ, ਚਲੋ ਤੇ ਗੁਲਾਮ (ਬਾਬਾ ਸ਼ਾਮ ਸਿੰਘ) ਵੀ ਸਤਿਗੁਰਾਂ ਦੇ ਚਰਨਾਂ ਵਿਚ ਚਲਦਾ ਹੈ। ਸੱਭੇ ਰਲ ਕੇ ਇਕਾਗ੍ਰ ਚਿਤ ਨਿਮਾਣੇ ਹੋ ਕੇ ਅਰਦਾਸਾਂ ਕਰੀਏ, ਸਤਿਗੁਰੂ ਮਹਾਰਾਜ ਜੀ ਤਰੁੱਠ ਪੈਣ, ਮਿਹਰਾਂ ਕਰ ਦੇਣ ਤੇ ਜਨਤਾ ਸੁਖੀ ਹੋ ਜਾਵੇ ।

ਜੈਸਾ ਕਿ ਹਰ ਰੋਜ਼ ਸ੍ਰੀ ਮਾਨ ਸੰਤ ਬਾਬਾ ਜੀ ਪ੍ਰਾਤਾਕਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੌਕੀ ਕਰਦੇ ਹੁੰਦੇ ਸਨ, ਉਹ ਪੰਜ ਪ੍ਰੇਮੀ ਸਿੰਘ ਤੇ ਹੋਰ ਸਾਰੀ ਸਾਧ-ਸੰਗਤ ਦੀ ਹਾਜ਼ਰੀ ਵਿਚ ਆਪ ਨੇ ਏਕਾਗਰ ਚਿਤ ਹੋ ਕੇ ਸਰੰਦੇ ਤੇ ਹੱਥ ਰੱਖ ਕੇ ਬੇਨਤੀ ਕੀਤੀ: ਸੋਢੀ ਸੁਲਤਾਨ ਸੱਚੇ ਪਾਤਿਸ਼ਾਹ, ਕਰੋ ਕਿਰਪਾ ਤੇ ਮਲ੍ਹਾਰ ਰਾਗ ਵਿਚ ਗੁਰਬਾਣੀ ਦਾ ਕੀਰਤਨ ਆਰੰਭ ਕਰ ਦਿੱਤਾ। ਪਲੋ ਪਲੀ ਵਿਚ ਛੋਟੀ ਜਿਹੀ ਬੱਦਲੀ ਅਕਾਸ਼ ਵਿਚ ਉਭਰ ਆਈ ਤੇ ਵਰਖਾ ਸ਼ੁਰੂ ਹੋ ਗਈ। ਡੇਢ ਘੰਟੇ ਤੱਕ ਸ੍ਰੀ ਸੰਤ ਜੀ ਕੀਰਤਨ ਕਰਦੇ ਰਹੇ ਤੇ ਲਗਾਤਾਰ ਡੇਢ ਘੰਟਾ ਹੀ ਵਰਖਾ ਹੁੰਦੀ ਰਹੀ।

"ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥
ਪੁਨਾ :—ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥"
[ਮਲਾਰ ਵਾਰ ਮ: ੩—੧੫, ੧੬

ਜਿਸ ਵਕਤ ਆਪ ਜੀ ਨੇ ਕੀਰਤਨ ਦਾ ਭੋਗ ਪਾਇਆ, ਦਸਦੇ ਹਨ ਕਿ ਵਰਖਾ ਵੀ ਤਦੋਂ ਬੰਦ ਹੋ ਗਈ।

## ਹਰੀ ਕੀਰਤਨ ਦਾ ਪ੍ਰਤਾਪ

ਸ੍ਰੀ ਮਾਨ ਸੰਤ ਬਾਬਾ ਜੀ ਨੇ ਇਕ ਸਾਖੀ ਆਪਣੇ ਰਚਿਤ ਗ੍ਰੰਥ ਵਿਚ ਇਸ ਪ੍ਰਕਾਰ ਦੀ ਦਿੱਤੀ ਹੈ :—

ਸੰਤਾਂ ਦੇ ਬਜ਼ੁਰਗ ਸੰਤ ਭਾਈ ਸਹਾਈ ਸਿੰਘ ਜੀ ਦਾ ਇਕ ਗ੍ਰਿਹਸਤੀ ਸੇਵਕ, ਜਿਸ ਦਾ ਨਾਮ ਭਾਈ ਆੜ੍ਹੂ ਰਾਮ ਸੀ, ਤੇ ਬੜੇ ਪ੍ਰੇਮ ਨਾਲ ਕੀਰਤਨ ਕੀਤਾ ਕਰਦਾ ਸੀ, ਬੜਾ ਗਰੀਬ ਸੀ। ਇਕ ਦਿਨ ਉਸ ਨੇ ਸੰਤਾਂ ਅਗੇ ਬੇਨਤੀ ਕੀਤੀ ਕਿ ਜੀ ਮੇਰੀ ਬਾਂਹ ਕਿਸੇ ਵੱਡੇ ਸ਼ਾਹ ਨੂੰ ਸੌਂਪ ਦੇਵੋ ਤਾਂ ਜੁ ਮੇਰੇ ਟੱਬਰ ਦਾ ਗੁਜ਼ਾਰਾ ਸੁਖੈਨ ਹੋ ਜਾਵੇ। ਤਾਂ ਸੰਤਾਂ ਨੇ ਉਸ ਪ੍ਰਤੀ ਕਿਹਾ, "ਭਾਈ ਆੜ੍ਹੂ ਰਾਮ! ਸਤਿ ਬਚਨ, ਅਸਾਂ ਤੇਰੀ ਭੁਜਾ ਵਡੇ ਸ਼ਾਹ ਨੂੰ ਸੌਂਪ ਦਿਤੀ ਹੈ, ਤੂੰ ਤਿਸਕਾ ਜਸ ਕੀਰਤਨ ਕੀਤੀ ਜਾਉ ਪ੍ਰੇਮ ਸਹਿਤ।

ਸੋ ਸ਼ਾਹ ਸਭ ਤੋਂ ਵੱਡਾ ਹੈ, ਓਹ ਤੈਨੂੰ ਘਰ ਬੈਠਿਆਂ ਹੀ ਬੁਲਾਇ ਕਰ ਦੇਵੇਗਾ, ਤੂੰ ਚਿੰਤਾ ਨਾ ਕਰ। ਤੇਰੀ ਚਿੰਤਾ ਤਿਸ ਕੋ ਹੈ।" ਭਾਈ ਆਡੂ ਰਾਮ ਨੇ ਸੰਤਾਂ ਤੋਂ ਪੁਛਿਆ, ਉਸ ਸ਼ਾਹ ਦਾ ਨਾਮ ਕੀ ਹੈ ਜੀ, ਤੇ ਕਿਥੇ ਉਸਦੀ ਕੋਠੀ ਹੈ ਤੇ ਧਨ ਉਸਦੇ ਪਾਸ ਕੇਤਾ ਕੁ ਹੈ? ਤਾਂ ਸ੍ਰੀ ਭਾਈ ਸਾਹਿਬ ਜੀ ਨੇ ਉੱਤਰ ਦਿੱਤਾ ਕਿ ਹੇ ਭਾਈ! ਨਾਮ ਤਿਸਕਾ ਵਿਸ੍ਵੰਭਰ ਸ਼ਾਹ ਹੈ ਤੇ ਕੋਠੀਆਂ ਤਿਸ ਕੀਆਂ ਜਹਾਂ ਕਹਾਂ ਹੈਂ, ਜੈਸੇ ਕਹਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ:

"ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥"

ਤੇ ਉਸਦੇ ਧਨ ਦੇ ਖ਼ਜ਼ਾਨੇ ਬੇਅੰਤ ਹਨ, ਯਥਾ ਗੁਰਵਾਕ :—

"ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥"

ਤਥਾ :—

"ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ ॥
ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥"

ਸੋ ਐਸਾ ਸ਼ਾਹ ਇਕ ਸ੍ਰੀ ਵਾਹਿਗੁਰੂ ਜੀ ਹੈ। ਤਾਂ ਭਾਈ ਆਡੂ ਰਾਮ ਨੇ ਕਿਹਾ ਕਿ ਸਤਿ ਬਚਨ ਸੁਆਮੀ ਜੀ। ਤਬ ਇਸ ਨਗਰੀ ਦਾ ਇਕ ਮਹਾਜਨ ਪਰਮੇਸ਼ਵਰ ਦਾ ਪਰੇਰਿਆ ਹੋਇਆ ਆਇਆ, ਆਪਣੀ ਲੋੜ ਅਧੀਨ ਆਤੁਰ ਹੋ ਕੇ ਰਾਤ ਵੇਲੇ ਘਰ ਬੈਠਿਆਂ ਭਾਈ ਆਡੂ ਰਾਮ ਨੂੰ ਇਕ ਹਜ਼ਾਰ ਰੁਪੱਯਾ ਦੇ ਗਿਆ ਤੇ ਕਹਿ ਗਿਆ ਕਿ ਭਾਈ ਇਸ ਰੁਪਏ ਦੀ ਕਣਕ ਖ੍ਰੀਦ ਲਵੋ ਸਵੇਰੇ, ਦੇਰੀ ਨਹੀਂ ਕਰਨੀ। ਭਾਈ ਆਡੂ ਰਾਮ ਨੇ ਦੂਸਰੇ ਦਿਨ ਕਣਕ ਖ੍ਰੀਦ ਲੀਤੀ ਤੇ ਕਣਕ ਦਾ ਭਾਉ ਥੋੜੇ ਦਿਨਾਂ ਵਿਚ ਦੁਗਣਾ ਹੋ ਗਿਆ ਤੇ ਫੇਰ ਉਸਨੇ ਉਹ ਕਣਕ ਦੋ ਹਜ਼ਾਰ ਰੁਪਏ ਨੂੰ ਵੇਚ ਦਿਤੀ। ਇਕ ਹਜ਼ਾਰ ਰੁਪਿਆ ਉਸ ਮਹਾਜਨ ਨੂੰ ਵਾਪਸ ਦੇਕੇ ਸੌਖਾ ਹੋ ਗਿਆ, ਤੇ ਸੰਤਾਂ ਦੀ ਕ੍ਰਿਪਾ ਨਾਲ, ਗੁਰੂ ਮਹਾਰਾਜ ਦੀ

ਮਿਹਰ ਦੇ ਸਿਦਕ ਵਿਚ ਆ ਕੇ ਸੁਖੀ ਹੋ ਗਿਆ।

੨.

ਸ੍ਰੀ ਮਾਨ ਸੰਤ ਬਾਬਾ ਜੀ ਨੇ ਇਕ ਸਾਖੀ ਹੋਰ ਹਰੀ ਕੀਰਤਨ ਦੇ ਪ੍ਰਤਾਪ ਦੀ ਆਪਣੇ ਗ੍ਰੰਥ ਵਿੱਚ ਕੁਝ ਇਸ ਪ੍ਰਕਾਰ ਲਿਖੀ ਹੈ :—

ਚਾਰ ਸੱਦੇ ਪਿੰਡ ਦੇ ਵਾਸੀ ਸੰਤ ਭਾਈ ਮਿਲਾਪ ਸਿੰਘ ਜੀ ਪਰਮ ਪ੍ਰੇਮੀ ਸੇ, ਆਪ ਜੀ ਪ੍ਰਾਤਾਕਾਲ ਇਸ਼ਨਾਨ ਕਰਕੇ ਸ੍ਰੀ ਆਸਾ ਦੀ ਵਾਰ ਲਾਂਵਦੇ ਸੇ। ਤਿਸ ਨਗਰ ਕੇ ਪਠਾਣ ਸਰਦਾਰ ਨੇ ਢੰਡੋਰਾ ਦਿਵਾਇਆ ਜੋ ਈਹਾਂ ਕੋਈ ਬਾਜਾ ਬਜਾਇ ਕਰ ਗਾਇਨ ਨਾ ਕਰੇ, ਜੋ ਗਾਇਨ ਕਰੇਗਾ ਸੋ ਸਜ਼ਾ ਪਾਵੇਗਾ। ਸੰਤ ਭਾਈ ਮਿਲਾਪ ਸਿੰਘ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਕ੍ਰਿਪਾ ਸੇ ਸਭੀ ਕਾਣਾਂ ਤੋਂ ਰਹਿਤ ਥੇ, ਜੋ ਡਰ ਹੈ ਤਿਸਤੇ ਭੀ ਰਹਿਤ ਥੇ। ਸੰਤ ਜੀ ਰੋਜ਼ ਵਤ ਜੋੜੀ ਵਜਾਇ ਕਰ ਪ੍ਰੇਮ ਸਹਿਤ ਆਸਾ ਦੀ ਵਾਰ ਦਾ ਕੀਰਤਨ ਕਰਨ ਲਗੇ, ਕਿਛ ਖਬਰ ਨਹੀਂ ਜੋ ਪਠਾਣ ਸਰਦਾਰ ਕਿਆ ਵਸਤੂ ਹੈ, ਉਸ ਕਾ ਕਿਆ ਹੁਕਮ ਹੈ। ਇਕ ਵਾਹਿਗੁਰੂ ਨਾਮ ਕੀ ਲਿਵ ਮੇਂ ਸੰਤ ਮਗਨ ਹੈਂ; ਦੂਜੇ ਲਿਵ ਵਾਲੇ ਪਿਆਰੇ ਗੁਰ ਸਿਖ ਜਬ ਉਨਕੋਂ ਮਿਲੇਂ ਤਿਨ ਕਰ ਭੀ ਪ੍ਰਸੰਨ ਹੋਤੇ ਹੈਂ। ਸੋ ਨੀਚ ਦੁਸ਼ਟ ਆਤਮਾ ਸਰਦਾਰ ਸੁਨ ਕਰ ਤਹਾਂ ਆਵਤਾ ਭਇਆ, ਜਹਾਂ ਭਾਈ ਮਿਲਾਪ ਸਿੰਘ ਜੀ ਪ੍ਰੇਮ ਮੋ ਮਗਨ ਹੋ ਕਰ ਨੇਤ੍ਰ ਭੀ ਉਨਮੀਲਤ (ਬੰਦ) ਕਰਕੇ ਹਰੀ ਕੀਰਤਨ ਕਰਤੇ ਭਏ। ਤਬ ਦੁਸ਼ਟ ਸਰਦਾਰ ਨੇ ਇਕ ਧਾਮਾ (ਥੱਪੜ) ਸੰਤਾਂ ਕੋ ਮਾਰਨ ਵਾਸਤੇ ਭੁਜਾ ਖੜੀ ਕੀਤੀ, ਤਬ ਸੰਤ ਜੀ ਨੇ ਨੇਤ੍ਰ ਖੋਹਲ ਕਰ ਦੇਖਿਆ ਤਾਂ ਸਰਦਾਰ ਕੀ ਉਠੀ ਭੁਜਾ ਉਪਰ ਹੀ ਖੜੀ ਰਹੀ ਕਾਠ ਕੀ ਤਰ੍ਹਾਂ। ਸੋ ਮਲੇਛ ਜਤਨ ਕਰ ਰਹਾ, ਪਰ ਭੁਜਾ ਨੀਚੇ ਨਾ ਉਤ੍ਰੀ, ਪੁਨਾ ਸੋ ਪਾਪੀ ਸੰਤਾਂ ਕੀ ਚਰਨੀ ਗਿਰ ਪੜਾ, ਅਰ ਆਪਨੀ ਭੂਲ ਖਿਮਾ ਕਰਾਵਤਾ ਭਇਆ। ਤਬ ਚਾਰਸੱਦੇ ਪਿੰਡ ਵਿੱਚ ਸੰਤੋਂ ਕੇ ਮੰਗਲੋਂ ਕੇ ਗੀਤ ਫੈਲੇ ਔਰ ਕੀਰਤਨ ਬੇਰੋਕ ਸ਼ੁਰੂ ਹੋ ਗਿਆ।

# ਕੀਰਤਨੀਏ ਨੂੰ ਸਿਖਯਾ

ਸ਼ਬਦ ਕੀਰਤਨ ਕਿਸੇ ਅਮੀਰ ਨੂੰ ਖ਼ੁਸ਼ ਕਰਨ ਲਈ ਨਹੀਂ, ਪਰ ਆਪਣੀ ਕਲਿਆਣ ਲਈ ਕਰਨਾ ਚਾਹੀਦਾ ਹੈ।

ਸੰਤ ਜਵੰਦ ਸਿੰਘ ਜੀ ਰਾਜਾ ਸਾਂਸੀ ਵਾਲੇ ਬੜੇ ਰਸਾਲ ਕੀਰਤਨੀਏ ਹੋਏ ਹਨ। ਆਪ ਦੀ ਕਥਨੀ ਵਿਚ ਬੜਾ ਚੰਗਾ ਰਸ ਹੁੰਦਾ ਸੀ। ਇਕ ਦਿਨ ਸੰਤ ਜਵੰਦ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾ-ਰਾਜ ਜੀ, ਚਿਤ ਨੂੰ ਬੜਾ ਵਿਖੇਪ ਰਹਿੰਦਾ ਹੈ। ਤਾਂ ਸੰਤ ਬਾਬਾ ਜੀ ਨੇ ਉੱਤਰ ਦਿਤਾ ਕਿ ਜਿਸ ਵੇਲੇ ਤੁਸੀਂ ਕੀਰਤਨ ਕਰਦੇ ਹੋ ਉਸ ਵੇਲੇ ਸਰੋਤੇ ਆਪ ਦੀ ਮਹਿਮਾ ਤੇ ਧਨੀ ਪਿਆਰ ਕਰਦੇ ਹਨ। ਇਹ ਸੰਸਾਰ ਵਲੋਂ ਮਾਨ ਤੇ ਵਡਿਆਈ ਹੀ ਇਸ ਵਿਖੇਪ ਦਾ ਕਾਰਨ ਹੈ। ਤੁਸੀਂ ਦੋ ਮਹੀਨੇ ਇਕਾਂਤ ਅਸਥਾਨ ਵਿਚ ਬੈਠਕੇ ਨਿਰੋਲ ਆਪਣੇ ਆਪ ਵਾਸਤੇ ਕੀਰਤਨ ਕਰੋ ਤੇ ਗੁਰੂ ਮਹਾਰਾਜ ਦੀ ਸਿਫਤ ਸਲਾਹ, ਗੁਰੂ ਮਹਾਰਾਜ ਨੂੰ ਹਾਜ਼ਰ ਨਾਜ਼ਰ ਜਾਣਕੇ ਸੁਣਾਓ ਤੇ ਗੁਰਬਾਣੀ ਦੀ ਸੁਸਿਖਯਾ ਆਪਣੇ ਆਪ ਨੂੰ ਸੁਣਾਓ। ਸੰਤ ਜਵੰਦ ਸਿੰਘ ਜੀ ਨੇ ਸੰਤ ਬਾਬਾ ਜੀ ਦੀ ਆਗਿਆ ਅਨੁਸਾਰ ਦੋ ਮਹੀਨੇ ਇਕਾਂਤ ਵਿਚ ਰਹਿ ਕੇ ਨਿਤਾ ਪ੍ਰਤੀ ਕੀਰਤਨ ਕੀਤਾ। ਫੇਰ ਸੰਤਾਂ ਦੇ ਆਕੇ ਦਰਸ਼ਨ ਕੀਤੇ ਤੇ ਦੱਸਿਆ ਕਿ ਆਪ ਜੀ ਦੀ ਆਗਿਆ ਦੇ ਪਾਲਣ ਕਰਨ ਨਾਲ ਚਿਤ ਦੀ ਵਿਖੇਪਤਾ ਦੂਰ ਹੋ ਗਈ ਹੈ। ਸੰਤ ਰਾਜ ਜੀ ਨੇ ਉਹਨਾਂ ਪ੍ਰਤੀ ਬਚਨ ਕੀਤਾ ਕਿ ਜਦੋਂ ਤੁਸੀਂ ਸ਼ਬਦ ਕੀਰਤਨ ਕਰਨ ਲਗੋ ਤਾਂ ਦਿਲ ਵਿਚ ਇਹ ਖਿਆਲ ਰਖਣਾ ਕਿ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਕਲਗੀਧਰ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਤੁਸੀਂ ਬੈਠੇ ਹੋ। ਸ਼ਬਦ ਕੀਰਤਨ ਕਿਸੇ ਅਮੀਰ, ਰਾਜੇ ਮਹਾਰਾਜੇ ਨੂੰ ਖ਼ੁਸ਼ ਕਰਨ ਲਈ ਨਹੀਂ ਸਗੋਂ ਆਪਣੀ ਕਲਿਆਨ ਲਈ ਗੁਰੂ ਸਾਹਿਬਾਂ ਨੂੰ ਸੁਣਾ ਰਹੇ ਹੋ, ਫਿਰ ਤੁਹਾਨੂੰ ਕਦੇ ਚਿਤ ਵਿਚ ਵਿਖੇਪਤਾ ਨਹੀਂ ਆਵੇਗੀ।

# ਸੰਤ ਵਜ਼ੀਰ ਸਿੰਘ ਜੀ ਨੂੰ ਸੁਖਾ ਪੀਣੋਂ ਵਰਜਣਾ

ਸਤ ਵਜ਼ੀਰ ਸਿੰਘ ਜੀ, ਮਿੱਠੇ ਟਿਵਾਣੇ ਵਾਲੇ, ਚੰਗੇ ਵਿਦਵਾਨ ਮਹਾਤਮਾ ਸਨ। ਆਪ ਰਾਗ ਵਿਦਿਆ ਵਿੱਚ ਪ੍ਰਬੀਨ ਤੇ ਕਥਾ ਭੀ ਬੜੀ ਰਸੀਲੀ ਕਰਦੇ ਹੁੰਦੇ ਸਨ। ਆਪ ਸੰਤ ਜੀ ਦੇ ਨਾਲ ਤਿੰਨ ਪਹਿਰੇ ਵੇਲੇ ਜੋੜੀ ਵਜਾਉਣ ਦੀ ਸੇਵਾ ਕਰਦੇ ਹੁੰਦੇ ਸਨ। ਇਕ ਵੇਰ ਆਪ ਜੀ ਨੇ ਸੁੱਖਾ ਪੀ ਲਿਆ ਤੇ ਐਸਾ ਨਸ਼ਾ ਆਇਆ ਕਿ ਦਰਬਾਰ ਸਾਹਿਬ ਤਿੰਨ ਪਹਿਰੇ ਵੇਲੇ ਜੋੜੀ ਵਜਾਉਣ ਦੀ ਸੇਵਾ ਤੋਂ ਗ਼ੈਰ ਹਾਜ਼ਿਰ ਹੋ ਗਏ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬਾਬਾ ਜੀ ਨੂੰ ਆ ਕੇ ਮਿਲੇ ਤੇ ਵਾਹਿਗੁਰੂ ਜੀ ਕੀ ਫਤਹਿ ਬੁਲਾਈ।

ਸੰਤਾਂ ਨੇ ਉਨ੍ਹਾਂ ਪ੍ਰਤੀ ਬਚਨ ਕੀਤਾ ਕਿ ਅੱਜ ਤੁਹਾਡੇ ਤਿੰਨ ਪਹਿਰੇ ਸਮੇਂ ਦਰਸ਼ਨ ਨਹੀਂ ਹੋਏ, ਕੀ ਕਾਰਨ ਹੈ? ਆਪ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਦਾਸ ਨੇ ਸੁਖ ਨਿਧਾਨ ਪੀ ਲਿਆ ਸੀ ਉਸ ਨੇ ਉਠਣ ਨਹੀਂ ਦਿੱਤਾ। ਸੰਤਾਂ ਨੇ ਕਿਹਾ, "ਅਗੋਂ ਇਹ ਨਹੀਂ ਪੀਣਾ, ਇਹ ਸੁਖ ਨਿਧਾਨ ਨਹੀਂ, ਇਹ ਦੁਖ ਨਿਧਾਨ ਹੈ।" ਉਨ੍ਹਾਂ ਪ੍ਰਤੀ ਇਹ ਭੀ ਬਚਨ ਕੀਤਾ ਕਿ ਤੁਸੀਂ ਸੋਦਰ ਦੇ ਦੀਵਾਨ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਹਾਜ਼ਰੀ ਭਰਿਆ ਕਰੋ। ਸੰਤਾਂ ਦਾ ਇਹ ਬਚਨ ਮੰਨ ਕੇ ਸੰਤ ਵਜ਼ੀਰ ਸਿੰਘ ਜੀ ਸੁਖੀ ਹੋ ਗਏ ਤੇ ਅਗੋਂ ਫਿਰ ਕਦੀ ਸੁੱਖਾ ਨਹੀਂ ਪੀਤਾ।

੨.

ਭਾਈ ਗੁਰਦਿੱਤ ਸਿੰਘ, ਭੰਗ ਵਾਲਾ, ਆਟੇ ਮੰਡੀ ਦੀ ਧਰਮਸਾਲਾ ਦੇ ਨੇੜੇ ਭੰਗ ਦੀ ਦੁਕਾਨ ਕਰਦਾ ਹੁੰਦਾ ਸੀ। ਜਦ ਉਸਨੂੰ ਸੰਤ ਬਾਬਾ ਜੀ ਦੀ ਸੰਗਤ ਪ੍ਰਾਪਤ ਹੋਈ, ਸੰਤਾਂ ਦੀ ਆਗਿਆ ਮੰਨਕੇ ਉਸ ਨੇ ਭੰਗ ਦੀ ਦੁਕਾਨ ਹੀ ਛੱਡ ਦਿੱਤੀ, ਅਰ ਸੰਤਾਂ ਦੇ ਡੇਰੇ ਰਹਿ ਕੇ, ਸੇਵਾ ਭਜਨ ਕਰਕੇ, ਆਪਣਾ ਜਨਮ ਸਫਲਾ

ਕਰ ਲੀਤਾ।

## ਸ੍ਰੀ ਸੁਖਮਨੀ ਸਾਹਿਬ ਮਹਾਤਮ

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਗ੍ਰੰਥ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਮਹਾਤਮ ਕੁਝ ਇਸ ਪ੍ਰਕਾਰ ਦੇ ਅੱਖਰਾਂ ਵਿਚ ਲਿਖਿਆ ਹੈ :—

ਇਕ ਮਹਾਜਨ ਨੇ ਆਪਣੇ ਸੇਵਕ ਨੂੰ ਤੂੜੀ ਲੈਣ ਵਾਸਤੇ ਪਾਰ ਬੱਲੋ ਪਿੰਡ ਵਿਚ ਭੇਜਿਆ, ਉਥੇ ਹੀ ਉਸਦੀ ਮ੍ਰਿਤੂ ਹੋ ਗਈ। ਉਹ ਸੇਵਕ ਬੜੇ ਪ੍ਰੇਮ ਨਾਲ ਹਰ ਰੋਜ਼ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੁੰਦਾ ਸੀ। ਸਰੀਰ ਤਿਆਗਣ ਤੇ ਉਸਦੀ ਆਤਮਾ ਨੂੰ ਦੇਵਤੇ ਲੈਣ ਵਾਸਤੇ ਆਏ ਤੇ ਉਹ ਬਿਬਾਨ ਪਰ ਚੜ੍ਹ ਕੇ ਬੈਕੁੰਠ ਭਵਨ ਕੋ ਅਕਾਸ ਮਾਰਗ ਮੇਂ ਜਾਤਾ ਭਇਆ। ਜਿਸ ਅਸਥਾਨ ਤੇ ਸ੍ਰੀ ਗੁਪਾਲ ਜੀ ਬੈਠੇ ਸਨ ਉਸ ਤਰਫ ਹੀ ਉਸ ਦਾ ਬਿਬਾਨ ਬੁਰਜ ਦੀ ਤਰ੍ਹਾਂ ਅਕਾਸ਼ ਵਲ ਆਇ ਨਿਕਲਿਆ। ਤਾਂ ਸੁਭਾਵਕ ਹੀ ਸ੍ਰੀ ਗੁਪਾਲ ਜੀ ਨੇ ਅਕਾਸ਼ ਵਲ ਵੇਖਿਆ ਤਾਂ ਇਕ ਬਿਬਾਨ ਨਜ਼ਰ ਆਇਆ ਜੋ ਕਿ ਦੇਵਤੇ ਲਈ ਜਾ ਰਹੇ ਸਨ। ਆਤਮਿਕ ਗਿਆਤ ਨਾਲ ਸ੍ਰੀ ਭਾਈ ਗੁਪਾਲ ਜੀ ਸਮਝ ਗਏ ਕਿ ਇਹ ਫਲਾਣੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਵਾਲੇ ਸੇਵਕ ਦਾ ਬਿਬਾਨ ਹੈ, ਤਬ ਉਹਨਾਂ ਨੇ ਦੋਨੋਂ ਹੱਥ ਜੋੜ ਕੇ ਉਪਰ ਵਲ ਕਰਕੇ ਨਮਸਕਾਰ ਕੀਤੀ ਤੇ ਮੁਖੋਂ ਕਿਹਾ "ਵਾਹੁ ਵਾਹੁ ਭਲੋ ਭਲੋ"। ਸ੍ਰੀ ਗੁਪਾਲ ਜੀ ਦੇ ਸੇਵਕ, ਜੋ ਉਹਨਾਂ ਪਾਸ ਬੈਠੇ ਹੋਏ ਸਨ, ਨੇ ਪੁੱਛਿਆ ਜੋ ਹੇ ਸਵਾਮੀ ਜੀ ਆਪ ਕਿਸ ਤਰਫ ਹੱਥ ਜੋੜ ਰਹੇ ਹੋ? ਸ੍ਰੀ ਗੁਪਾਲ ਜੀ ਨੇ ਉੱਤਰ ਦਿੱਤਾ : ਸਪੜਿਆਂ ਦਾ ਇਕ ਸੇਵਕ, ਜੋ ਹਰ ਰੋਜ਼ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਪ੍ਰੇਮ ਨਾਲ ਕਰਦਾ ਸੀ ਅਤੇ ਪਾਰ ਬੱਲੋ ਪਿੰਡ ਆਪਣੇ ਮਾਲਕ ਵਾਸਤੇ ਤੂੜੀ ਲੈਣ ਗਿਆ ਸੀ, ਉਥੇ ਹੀ ਉਸ ਦੀ ਮ੍ਰਿਤੂ ਹੋ ਗਈ

ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀ ਕਿਰਪਾ ਨਾਲ ਅਬ ਬੈਕੁੰਠ ਕੋ ਚਲਾ ਜਾ ਰਿਹਾ ਹੈ। ਉਸੀ ਸਮੇਂ, ਜਿਥੇ ਭਾਈ ਗੁਪਾਲ ਜੀ ਬੈਠੇ ਸਨ, ਮਹਾਜਨਾਂ ਨੂੰ ਖਬਰ ਆਈ ਕਿ ਤੁਹਾਡਾ ਸੇਵਕ ਜੋ ਪਾਰ ਬੱਲੋ ਪਿੰਡ ਵਿਚ ਗਿਆ ਸੀ ਓਥੇ ਮ੍ਰਿਤੂ ਹੋ ਗਿਆ ਹੈ। ਸ੍ਰੀ ਗੁਪਾਲ ਜੀ ਬੜੇ ਸ਼ਕਤੀ ਸੰਪੰਨ ਮਹਾ ਪੁਰਸ਼ ਸਨ। ਉਹਨਾਂ ਦੀ ਰਸਨਾ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਮਹਾਤਮ ਸੁਣ ਕੇ ਸਾਧੂ ਬੜੇ ਪ੍ਰਸੰਨ ਹੋਏ। ਜਿਨ੍ਹਾਂ ਨੂੰ ਸ੍ਰੀ ਸੁਖਮਨੀ ਸਾਹਿਬ ਕੰਠ ਸੀ, ਪਰ ਨਿਤਨੇਮ ਨਾਲ ਪਾਠ ਨਹੀਂ ਕਰਦੇ ਸਨ, ਉਹਨਾਂ ਨੇ ਪ੍ਰਣ ਕੀਤਾ ਕਿ ਅਗੇ ਤੋਂ ਅਸੀਂ ਹਰ ਰੋਜ਼ ਪ੍ਰੇਮ ਨਾਲ ਪਾਠ ਕਰਿਆ ਕਰਾਂਗੇ। ਔਰ ਕਈ ਸੇਵਕ, ਜਿਨ੍ਹਾਂ ਨੂੰ ਇਹ ਬਾਣੀ ਕੰਠ ਨਹੀਂ ਸੀ, ਉਹਨਾਂ ਨੇ ਸ੍ਰੀ ਸੁਖਮਨੀ ਸਾਹਿਬ ਕੰਠ ਕਰਕੇ ਨਿਤਨੇਮ ਨਾਲ ਪਾਠ ਕਰਨਾ ਸ਼ੁਰੂ ਕਰ ਦਿੱਤਾ।

## ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲੇ

ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ, ਅਤੇ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਪਹਿਲਾ ਮਿਲਾਪ ਸ੍ਰੀ ਪੰਜਾ ਸਾਹਿਬ ਦੀ ਯਾਤ੍ਰਾ ਵਿਚ ਆਸਾ ਦੀ ਵਾਰ ਦੇ ਦੀਵਾਨ ਵਿਚ ਹੋਇਆ। ਦੋਨੋਂ ਮਹਾਂ ਪੁਰਸ਼ ਸਤਿਗੁਰ ਹਜ਼ੂਰੀ ਵਿੱਚ ਨਾਮ ਰਸ ਅਤੇ ਸ਼ਬਦ ਰਸ ਰੰਗ ਨੂੰ ਮਾਣਦੇ ਰਹੇ ਤੇ ਆਪ ਦਾ ਆਪਸ ਵਿੱਚ ਅੰਤਰ ਆਤਮੇ ਡੂੰਘਾ ਪਿਆਰ ਹੋ ਗਿਆ। ਸੰਤ ਬਾਬਾ ਸ਼ਾਮ ਸਿੰਘ ਜੀ ਨੇ ਅੰਮ੍ਰਿਤਸਰ ਜਾਣ ਸਮੇਂ ਸੰਤ ਅਤਰ ਸਿੰਘ ਜੀ ਜੋਗ ਸ੍ਰੀ ਦਰਬਾਰ ਸਾਹਿਬ ਜੀ ਦੀ ਤੀਰਥ ਯਾਤ੍ਰਾ ਦੀ ਪ੍ਰੇਰਨਾ ਕੀਤੀ। ਸੰਤਾਂ ਨੇ ਬਾਬਾ ਜੀ ਨੂੰ ਕਿਹਾ ਆਪ ਅੱਗੇ ਅੱਗੇ ਚੱਲੋ, ਅਸੀਂ ਆਪ ਦੇ ਮਗਰ ਪਹੁੰਚੇ ਜਾਣੇ।

ਸੰਤ ਬਾਬਾ ਜੀ ਦੂਜੇ ਦਿਨ ਸ੍ਰੀ ਅੰਮ੍ਰਿਤਸਰ ਪਹੁੰਚ ਗਏ

ਤੇ ਇਧਰ ਉਨ੍ਹਾਂ ਦੇ ਪ੍ਰੇਮ ਦੀ ਖਿੱਚ ਸੰਤ ਅਤਰ ਸਿੰਘ ਜੀ ਨੂੰ ਇੰਨੀ ਤੀਬ੍ਰ ਪਈ ਕਿ ਇਕ ਦਿਨ ਇਕੱਲੇ ਹੀ ਗੱਡੀ ਤੇ ਜਾ ਚੜ੍ਹੇ ਤੇ ਸ੍ਰੀ ਅੰਮ੍ਰਿਤਸਰ ਆ ਪੁਜੇ। ਸੁਧਾਸਰ ਵਿਖੇ ਇਸ਼ਨਾਨ ਕਰਕੇ ਸ੍ਰੀ ਹਰਿ ਮੰਦਰ ਸਾਹਿਬ ਜੀ ਦੇ ਦਰਸ਼ਨ ਕੀਤੇ ਭੋਗ ਤੋਂ ਉਪਰੰਤ ਗੁਰੂ ਕੇ ਬਾਗ ਵਿਚ ਇਕ ਦਰੱਖਤ ਹੇਠ ਆਸਣ ਸਜਾ ਲੀਤਾ। ਦੂਸਰੇ ਦਿਨ ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਜਾਕੇ ਮਿਲੇ, ਸੰਤਾਂ ਨੇ ਆਪ ਦਾ ਡੇਰਾ ਸ: ਆਤਮਾ ਸਿੰਘ ਸਿੰਧੀ ਦੇ ਬੁੰਗੇ ਕਰਵਾ ਦਿਤਾ। ਹਰ ਰੋਜ ਮੰਜੀ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਆਸਾ ਦੀ ਵਾਰ, ਸੋਦਰ ਦੇ ਦੀਵਾਨ ਸਜਦੇ, ਜਿਥੇ ਸੰਗਤਾਂ ਹੁਮ ਹੁਮਾ ਕੇ ਪੁਜਦੀਆਂ। ਨਾਮ ਬਾਣੀ ਦਾ ਅਤੁਟ ਪ੍ਰਵਾਹ ਚਲਦਾ ਰਿਹਾ ਅਤੇ ਬੇਅੰਤ ਭਾਗ ਭਰੇ ਮਾਈ ਭਾਈ ਨੇ ਲਾਹਾ ਮਾਣਿਆ। ਇਕ ਦਿਨ ਸ੍ਰੀ ਸੰਤ ਜੀ ਆਪਣੇ ਬੁੰਗੇ ਵਿਚ ਨਾਮ ਸਿਮਰਨ ਵਿਚ ਲਿਵਲੀਨ ਸਮਾਧੀ ਸਥਿਤ ਸਨ ਕਿ ਸ਼ਾਮ ਦੇ ਵਕਤ ਸੰਤ ਬਾਬਾ ਸ਼ਾਮ ਸਿੰਘ ਜੀ ਬਾਜੇ ਗਾਜਿਆਂ ਸਮੇਤ ਕੁਝ ਪ੍ਰੇਮੀਆਂ ਨੂੰ ਨਾਲ ਲੈ ਕੇ ਉਸ ਬੁੰਗੇ ਦੇ ਪਾਸ ਆ ਗਏ। ਸੰਤ ਬਾਬਾ ਜੀ ਨੇ ਵਾਜੇ ਵਾਲਿਆਂ ਨੂੰ ਵਾਜੇ ਵਜਾਉਣ ਦੀ ਆਗਿਆ ਕੀਤੀ ਜਿਸ ਨਾਲ ਸੰਤਾਂ ਦੀ ਸਮਾਧੀ ਖੁੱਲ੍ਹ ਗਈ।

ਲੇਖਕ (ਦਾਸ ਪ੍ਰੇਮ ਸਿੰਘ) ਜਦੋਂ ਸੰਤ ਬਾਬਾ ਜੀ ਦੀ ਸੇਵਾ ਵਿਚ ੧੯੨੨-੧੯੨੩ ਵਿਚ ਰਹਿੰਦਾ ਸੀ ਉਸ ਸਮੇਂ ਦੋਨੋਂ ਮਹਾਂ ਪੁਰਸ਼ਾਂ ਦੀ ਇਸ ਮਿਲਣੀ ਦਾ ਹਵਾਲ ਇਸ ਪ੍ਰਕਾਰ ਮੈਨੂੰ ਦਸਿਆ ਗਿਆ। ਸੰਤ ਬਾਬਾ ਜੀ ਪੌੜੀ ਰਾਹੀਂ ਬੁੰਗੇ ਵਿਚ ਉਪਰ ਚੜ੍ਹ ਗਏ, ਨਾਲ ਹੀ ਹੋਰ ਪ੍ਰੇਮੀ ਭੀ ਬੁੰਗੇ ਵਿਚ ਦਾਖਲ ਹੋਏ। ਸੰਤ ਬਾਬਾ ਜੀ ਜੋ ਸਮਿਗ੍ਰੀ ਛੁਹਾਰੇ, ਬਦਾਮ, ਮੇਵਾ, ਗਿਰੀ, ਆਦਿਕ ਦੀਆਂ ਚੰਗੇਰਾਂ ਨਾਲ ਲਿਆਏ ਸਨ ਉਹ ਸੰਤਾਂ ਦੀ ਭੇਟਾ ਕਰਕੇ ਨਮਸਕਾਰ ਕੀਤੀ; ਫੇਰ ਸੰਤਾਂ ਨੇ ਬਾਬਾ ਜੀ ਜੋਗ ਨਮਸਕਾਰ ਕੀਤੀ। ਸੰਤ ਬਾਬਾ ਜੀ, ਜੋ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗੁਪਤ ਗ੍ਰੰਥੀ

ਸਨ, ਸੰਤਾਂ ਪ੍ਰਤੀ ਬਚਨ ਕੀਤਾ ਕਿ ਆਪ ਜੀ ਅਗੋਂ ਤੋਂ ਸਮਾਧੀ ਵਿਚ ਲੀਨ ਰਹਿਕੇ ਗੁਪਤ ਨਾਂ ਰਹੋ ਪਰ ਚਲ ਫਿਰਕੇ ਗੁਰੂ ਪੰਥ ਵਿਚ ਸ੍ਰੀ ਕਲਗੀਧਰ ਮਹਾਰਾਜ ਜੀ ਦੀ ਸਿਖੀ ਦਾ ਪ੍ਰਚਾਰ ਕਰਨ ਦੀ ਕ੍ਰਿਪਾਲਤਾ ਕਰੋ।

ਇਸ ਤੋਂ ਬਾਦ ਜੋ ਗੁਰੂ ਪੰਥ ਵਿੱਚ ਧਰਮ ਪ੍ਰਚਾਰ ਦੀ ਸੇਵਾ ਸ੍ਰੀ ਸੰਤ ਜੀ ਨੇ ਕੀਤੀ ਉਸਦਾ ਜ਼ਿਕਰ ਕਲਮ ਰਾਹੀਂ ਨਹੀਂ ਹੋ ਸਕਦਾ।

"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ"

ਇਸ ਧਰਮ ਪਰਚਾਰ ਦਾ ਸਦਕਾ ਰਾਜੇ ਮਹਾਰਾਜੇ ਆਪ ਅਗੇ ਨਮਸਕਾਰ ਕਰਦੇ ਸਨ ਤੇ ਆਪ ਜੀ ਦਾ ਹੁਕਮ ਮੰਨਦੇ ਸਨ। ਇਸ ਪੰਥ ਸੇਵਾ ਦਾ ਜ਼ਿਕਰ ਸੰਤ ਬਾਬਾ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ ਵਿੱਚ ਇਸ ਪ੍ਰਕਾਰ ਕੀਤਾ ਹੈ :–

ਸ੍ਰੀ ਭਾਈ ਅਤਰ ਸਿੰਘ ਜੀ ਸੰਤ, ਅਠ ਪਹਿਰ ਹੀ ਹਰਿ ਸਿਮਰਨ, ਹਰਿ ਕੀਰਤਨ, ਅਰ ਗੁਰਮਤਿ ਪ੍ਰਚਾਰ ਕਾ ਜਿਨਕਾ ਬਿਵਹਾਰ ਹੈ, ਮਸਤੂਆਣੇ ਮੇ ਨਿਵਾਸ ਕਰਤੇ ਹੈਂ। ਇਨਕੇ ਮੁਖਾਰਬਿੰਦ ਸੇ ਉਚਾਰੇ ਸ਼ਬਦ ਪ੍ਰੇਮੀਆਂ ਕੇ ਮਨ ਕੋ ਆਨੰਦ ਅਰ ਰਸ ਦੇ ਕਰ, ਉਨਕੇ ਪ੍ਰੇਮ ਕੋ ਦੂਣਾ ਕਰ ਦੇਤੇ ਹੈਂ। ਜਾ ਤੇ ਸੰਤੋਂ ਮੈ ਜਤ ਸਤ, ਅਰ ਸੰਜਮ ਕਾ ਬਲ ਭੀ ਹੋਇਆ ਅਰ ਪ੍ਰੇਮ ਭੀ ਸਚਾ ਹੋਇਆ। ਇਹ ਸੰਤ ਐਸੇ ਉਪਕਾਰੀ ਹੈਂ ਜੋ ਹਜ਼ਾਰੋਂ ਹੀ ਲੋਗਾਂ ਨੂੰ ਉਪਦੇਸ਼ ਦੇ ਕੇ, ਸਿਖੀ ਧਰਮ ਕਾ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ, ਗੁਰਬਾਣੀ ਪੜ੍ਹਨ, ਸੁਨਣ ਅਰ ਕੀਰਤਨ ਕਰਨ ਮੇਂ ਲਗਾ ਦਿਤਾ ਹੈ। ਅਰ ਸੈਂਕੜੇ ਆਦਮੀ ਜੋ ਰਹਿਤ ਮਰਿਆਦਾ ਵਿਚ ਕਚੇ ਸੇ, ਤਿਨਮੋ ਸੰਤਾਂ ਕੀ ਕ੍ਰਿਪਾ ਸੇ ਗੁਰ ਸਿਖੀ ਕੀ ਰਹੁ ਰੀਤ ਅਨੁਸਾਰ ਵਰਤਨੇ ਕਾ ਬਲ ਹੋ ਗਿਆ ਹੈ। ਐਸੇ ਸੰਤ ਧੰਨ ਹਨ :

## ਸੰਤ ਭਾਈ ਕਰਮ ਸਿੰਘ ਜੀ ਹੋਤੀ ਮਰਦਾਨਵਾਲੇ

ਇਹ ਸੰਤ ਅਧਿਕ ਪ੍ਰਤਾਪ ਵਾਲੇ ਨਾਮ ਸਿਮਰਨ ਕੇ ਬਲ

ਕਰ ਹੋਤੀ ਮਰਦਾਨ ਵਿਖੇ, ਪ੍ਰਸਿਧ, ਸਰਬ ਗੁਣੋਂ ਕੀ ਨਿਧਿ, ਗਿਆਨ ਵਾਨ ਸੰਤ ਹਨ। ਜੈਸੇ ਗੁਰਵਾਕ ਹੈ "ਹਰਿਕਾ ਭਗਤੁ ਪ੍ਰਗਟ ਨਹੀ ਛਪੈ" ਸੋ ਦੇਸ਼ੋ ਦੇਸ਼ਾਂਤਰ ਮੇਂ ਇਨਕੀ ਮਹਿਮਾ ਗੁਰਮੁਖ ਜਨ ਕਰਤੇ ਹੈਂ। ਭਜਨ ਕਰਨੇ ਔਰ ਕਰਾਵਨੇ ਅਰ ਸ਼ੁਭ ਮਾਰਗ ਮੇਂ ਪ੍ਰੇਰ ਕਰ ਜੀਵੋਂ ਕੀ ਕਲਿਯਾਨ ਕਰਨੇ ਮੇਂ ਹੀ ਇਨਕਾ ਸਮਾਂ ਬਿਤੀਤ ਹੋਤਾ ਭਇਆ। ਜੰਗਲ ਮੈਂ ਜਾਇ ਬੈਠੇ, ਤਾਂ ਊਹਾਂ ਭੀ ਮੰਗਲ ਹੀ ਹੋ ਜਾਤਾ ਭਇਆ, ਧੰਨ ਹਨ ਉਹ ਪੁਰਸ਼, ਜਿਨਕੋ ਐਸੇ ਸੰਤੋਂ ਕਾ ਸਤਿਸੰਗ ਪ੍ਰਾਪਤ ਹੋਵੇ।

## ਗੁਰਮਤ ਪ੍ਰਚਾਰਕ ਕੀਰਤਨੀਏ ਦੀ ਸਹਾਇਤਾ

ਸੰਤ ਈਸ਼ਰ ਦਾਸ ਜੀ ਸਿੰਧੀ ਗੁਰਬਾਣੀ ਦੇ ਰਸੀਏ ਤੇ ਬੜੇ ਪ੍ਰੇਮੀ ਸਿਖ ਸਨ। ਇਨ੍ਹਾਂ ਨੂੰ ਰਾਗਾਂ ਦੀ ਬੜੀ ਵਾਕਬੀ ਸੀ, ਸੁਰ, ਤਾਲ ਦੀ ਖਬਰ ਸੀ। ਗੁਰੂ ਜੀ ਨੇ ਗਲੇ ਵਿਚ ਮਿਠਾਸ ਭੀ ਚੰਗੀ ਭਰੀ ਸੀ। ਜਿਸ ਵੇਲੇ ਕੀਰਤਨ ਕਰਨ ਬੈਠਦੇ, ਸਰੋਤੇ ਵਿਸਮਾਦ ਦੀ ਹਾਲਤ ਵਿਚ ਆ ਜਾਂਦੇ। ਸੰਤਾਂ ਨੂੰ ਇਨ੍ਹਾਂ ਦਾ ਕੀਰਤਨ ਸ੍ਰਵਣ ਕਰਨ ਵਿਚ ਬੜਾ ਪ੍ਰੇਮ ਆਉਂਦਾ ਸੀ। ਸੰਤ ਈਸ਼ਰ ਦਾਸ ਜੀ ਨਿਰਚਾਹ ਸੰਤ ਸਨ, ਇਨ੍ਹਾਂ ਦਾ ਕੀਰਤਨ ਆਪਣੇ ਆਪ ਲਈ ਬਹੁਤਾ ਤੇ ਦੂਜਿਆਂ ਲਈ ਥੋੜਾ ਹੁੰਦਾ ਸੀ।

ਸੰਤ ਸ਼ਾਮ ਸਿੰਘ ਜੀ ਹੋਰਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਦੀ ਸੇਵਾ ਥੋੜੀ ਹੁੰਦੀ ਹੈ। ਆਪ ਜੀ ਨੇ ਭਾਈ ਸਹਿਜ ਸਿੰਘ ਸਿੰਧੀ, (ਇਹ ਸੰਤਾਂ ਦੇ ਡੇਰੇ ਦੇ ਮੁਖੀ ਸੇਵਕ ਸਨ) ਨੂੰ ਸੱਦਿਆ ਤੇ ਕਿਹਾ "ਭਾਈ ਈਸ਼ਰ ਦਾਸ ਜੀ ਹਰ ਰੋਜ਼ ੩-੪ ਘੰਟੇ ਕੀਰਤਨ ਕਰਦੇ ਹਨ। ੬ ਘੰਟੇ ਟੋਕਰੀ ਢੋਣ ਤੇ ਕਹੀ ਮਾਰਨ ਨਾਲ ਸਰੀਰ ਨੂੰ ਜਿੰਨੀ ਥਕਾਵਟ ਹੁੰਦੀ ਹੈ, ਉਸ ਤੋਂ ਵਧੀਕ ਨਾਮ ਜਪਣ ਵਾਲੇ ਨੂੰ ੩-੪ ਘੰਟੇ ਵਿਚ ਹੁੰਦੀ ਹੈ। ਇਨ੍ਹਾਂ ਦਾ ਗੁਰਬਾਣੀ ਦਾ ਕੀਰਤਨ ਉਚਾ ਕਰਨਾ, ਇਨ੍ਹਾਂ ਦੇ ਦਿਮਾਗ਼ ਲਈ ਤਾਕਤਵਰ ਚੀਜ਼ ਮੰਗਦਾ

ਹੈ; ਭਜਨ ਬੰਦਗੀ ਭੀ ਕਰਦੇ ਹਨ। ਅਜਿਹੇ ਸੱਜਣਾਂ ਦੀ ਸੇਵਾ ਦੁੱਧ, ਦਹੀਂ ਤੇ ਮੱਖਣ ਨਾਲ ਹੋਣੀ ਚਾਹੀਦੀ ਹੈ।" ਸੰਤਾਂ ਨੇ ਇਨ੍ਹਾਂ ਪਦਾਰਥਾਂ ਦਾ ਯੋਗ ਪ੍ਰਬੰਧ ਕਰ ਦਿਤਾ ਤੇ ਭਾਈ ਸਹਿਜ ਸਿੰਘ ਨੂੰ ਹੁਕਮ ਕੀਤਾ ਕਿ ਦੁੱਧ, ਲੱਸੀ ਤੇ ਮੱਖਣ ਆਪਣੇ ਸਿਰ ਤੇ ਉਠਾ ਕੇ ਭਾਈ ਈਸ਼ਰ ਦਾਸ ਜੀ (ਪਿਛੋਂ ਸਿੰਘ ਸਜ ਕੇ ਇਨ੍ਹਾਂ ਦਾ ਨਾਮ ਭਾਈ ਈਸ਼ਰ ਸਿੰਘ ਜੀ ਹੋਇਆ) ਪਾਸ ਪੁਚਾਇਆ ਜਾਵੇ। ਤੇ ਉਨ੍ਹਾਂ ਨੂੰ ਇਸ ਗੱਲ ਦੀ ਖੇਚਲ ਨਾ ਹੋਵੇ ਕਿ ਉਹ ਆਪ ਆਉਣ ਯਾ ਉਨ੍ਹਾਂ ਨੂੰ ਕੋਈ ਆਦਮੀ ਭੇਜਣਾ ਪਵੇ। ਕਈ ਮਹੀਨੇ ਇਸੇ ਤਰ੍ਹਾਂ ਸੰਤਾਂ ਦੇ ਹੁਕਮ ਦੀ ਪਾਲਣਾ ਹੁੰਦੀ ਰਹੀ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਦੇ ਦਿਲ ਵਿਚ ਕੀਰਤਨੀਆਂ ਤੇ ਗੁਰਮਤ ਦੇ ਪ੍ਰਚਾਰਕਾਂ ਲਈ ਅਤਿ ਪ੍ਰੇਮ ਤੇ ਸੇਵਾ ਦਾ ਚਾਉ ਹੁੰਦਾ ਸੀ। ਜਿਹੜਾ ਸੰਤ, ਪ੍ਰਚਾਰਕ ਉਨ੍ਹਾਂ ਦੀ ਕਸਵੱਟੀ ਤੇ ਪੂਰਾ ਉਤਰਦਾ ਸੀ, ਉਸਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਉਨ੍ਹਾਂ ਨੂੰ ਖਿੱਚ ਰਹਿੰਦੀ ਸੀ।

## ਪ੍ਰਚਾਰਕ ਵਿਦਿਆਲਾ ਅਤੇ ਹਸਪਤਾਲ, ਸ੍ਰੀ ਤਰਨ ਤਾਰਨ ਦੀ ਪ੍ਰਸੰਸਾ

ਇਕ ਦਿਨ ਮਾਸਟਰ ਈਸ਼ਰ ਸਿੰਘ ਜੀ, ਮੈਨੇਜਰ ਪ੍ਰਚਾਰਕ ਵਿਦਿਆਲਾ (ਚੀਫ਼ ਖ਼ਾਲਸਾ ਦੀਵਾਨ) ਸ੍ਰੀ ਤਰਨ ਤਾਰਨ ਸਾਹਿਬ ਵਾਲੇ ਸੰਤਾਂ ਦੇ ਡੇਰੇ ਆਏ। ਉਸ ਵੇਲੇ ਸੰਤਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਸੋਦਰ ਦੀ ਚੌਕੀ ਸੁਨਣ ਜਾਣ ਦਾ ਵਕਤ ਸੀ। ਇਸ ਕਰਕੇ ਆਪੋ ਵਿਚ ਕੋਈ ਵਾਰਤਾ ਕਰਨ ਦਾ ਮੌਕਾ ਨਾ ਮਿਲਿਆ, ਸੰਤ ਜੀ ਸ੍ਰੀ ਅਕਾਲ ਤਖਤ ਸਾਹਿਬ ਚਲੇ ਗਏ।

ਕੁਝ ਦਿਨ ਪਿਛੋਂ ਭਾਈ ਠਾਕਰ ਸਿੰਘ ਜੀ (ਪਿਛੋਂ ਰਹਿ ਚੁੱਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ) ਨੇ ਗੱਲਾਂ ਗੱਲਾਂ ਵਿਚ ਜ਼ਿਕਰ ਛੇੜਕੇ ਕਿਹਾ ਕਿ ਉਸ ਦਿਨ ਮਾਸਟਰ ਈਸ਼ਰ ਸਿੰਘ

ਜੀ ਆਏ ਸਨ, ਪਤਾ ਨਹੀਂ ਉਨ੍ਹਾਂ ਦਾ ਕੀ ਮਨਸ਼ਾ ਸੀ ? ਆਪ ਜੀ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲ ਚਲੇ ਜਾਣ ਤੇ ਉਹ ਵਾਪਸ ਮੁੜ ਗਏ ਸਨ ਤੇ ਫਿਰ ਨਹੀਂ ਆਏ ।

ਸੰਤਾਂ ਨੇ ਪੁੱਛਿਆ ਕਿ ਮਾਸਟਰ ਈਸ਼ਰ ਸਿੰਘ ਜੀ ਕੌਣ ਹਨ ? ਤਾਂ ਭਾਈ ਠਾਕਰ ਸਿੰਘ ਜੀ ਨੇ ਸਾਰਾ ਪਤਾ ਦੱਸਦੇ ਹੋਏ ਕਿਹਾ ਕਿ ਜਿਸ ਆਸ਼ਰਮ ਵਿਚ ਭਾਈ ਸਹਿਜ ਸਿੰਘ ਜੀ ਤੇ ਭਾਈ ਕਲਿਆਣ ਸਿੰਘ ਪੜ੍ਹਦੇ ਰਹੇ ਹਨ ਉਸਦੇ ਮੁਖੀ ਹਨ । ਸੰਤਾਂ ਨੇ ਕਿਹਾ, ਵਾਹ ! ਵਾਹ ! ਉਸ ਥਾਂ ਦੇ ਤਾਂ ਦਰਸ਼ਨ ਕਰਨੇ ਚਾਹੀਦੇ ਹਨ, ਜਿਥੇ ਗੁਰਬਾਣੀ ਪੜ੍ਹੀ, ਗੁਰਬਾਣੀ ਸੁਣੀ ਤੇ ਗੁਰਬਾਣੀ ਦੇ ਅਰਥ ਦੱਸੇ ਜਾਂਦੇ ਹਨ । ਉਸ ਸੁਹਾਵੀ ਥਾਂ ਦੀ ਤਾਂ ਯਾਤਰਾ ਕਰਨੀ ਚਾਹੀਦੀ ਹੈ । ਫਿਰ ਇਕ ਦਿਨ ਉਦਮ ਕਰਕੇ ਆਪਣੇ ਸਤਿਸੰਗੀਆਂ ਨਾਲ ਪ੍ਰਚਾਰਕ ਵਿਦਿਆਲੇ ਗਏ; ਵਿਦਿਆਰਥੀਆਂ ਨੂੰ ਪੜ੍ਹਦਿਆਂ ਵੇਖ ਕੇ ਬੜੇ ਖ਼ੁਸ਼ ਹੋਏ, ਇਕ ਸੌ ਰੁਪਿਆ ਵਿਦਿਆਲੇ ਨੂੰ ਸਹਾਇਤਾ ਦਿੱਤੀ ।

ਪ੍ਰਚਾਰਕ ਵਿਦਿਆਲਾ ਦੀ ਯਾਤਰਾ ਕਰ ਕੇ ਆਪ ਲੰਗਰ ਵਾਲੇ ਬੁੰਗੇ ਆ ਗਏ । ਸੰਤਾਂ ਦੀਆਂ ਅੱਖਾਂ ਡਾਕਟਰਾਂ ਨੂੰ ਵਿਖਾਉਣ ਦੀ ਲੋੜ ਸੀ । ਆਪ ਨੂੰ ਦੱਸਿਆ ਗਿਆ ਕਿ ਇਥੇ ਪ੍ਰਚਾਰਕ ਵਿਦਯਾਲੇ ਵਿੱਚ ਇਕ ਹਸਪਤਾਲ ਬੀ ਖੁਲ੍ਹਿਆ ਹੋਇਆ ਹੈ, ਜਿਸ ਵਿੱਚ ਇਕ ਬੜੇ ਲਾਇਕ ਤੇ ਪ੍ਰੇਮੀ ਡਾਕਟਰ ਹਰਨਾਮ ਸਿੰਘ ਜੀ ਸੇਵਾ ਕਰਦੇ ਹਨ । ਆਪ ਨੇ ਡਾਕਟਰ ਜੀ ਨੂੰ ਸੱਦਿਆ ਤੇ ਅੱਖਾਂ ਦਿਖਾਈਆਂ; ਪੰਜ ਰੁਪਏ ਡਾਕਟਰ ਜੀ ਨੂੰ ਫੀਸ ਦਿਤੀ ਤੇ ਸੌ ਰੁਪਿਆ ਹਸਪਤਾਲ ਲਈ ਦੇ ਕੇ ਕਿਹਾ ਕਿ ਚੀਫ਼ ਖਾਲਸਾ ਦੀਵਾਨ ਵਾਲੇ ਗੁਰਬਾਣੀ ਦਾ ਪ੍ਰਚਾਰ, ਰੋਗੀਆਂ ਦੇ ਦਾਰੂ ਦਰਮਲ ਦੀ ਵਡਮੁੱਲੀ ਸੇਵਾ ਕਰ ਰਹੇ ਹਨ; ਇਹ ਬੜਾ ਹੀ ਉੱਤਮ ਕੰਮ ਹੈ ਤੇ ਗੁਰੂ ਸਾਹਿਬ ਨੂੰ ਭਾਉਂਦੀ ਸੇਵਾ ਹੈ । ਸ੍ਰੀ ਗੁਰੂ ਜੀ ਨੇ ਇਥੇ ਕੋਹੜਿਆਂ ਦੇ ਦੁੱਖਾਂ ਦੀ ਨਵਿਰਤੀ ਦਾ ਵਰ ਦਿੱਤਾ ਹੋਇਆ ਹੈ । ਚੀਫ਼ ਖਾਲਸਾ ਦੀਵਾਨ ਨੇ

ਆਤਮਕ ਤੇ ਸਰੀਰਕ ਹਸਪਤਾਲ ਖੋਲ੍ਹ ਦਿੱਤਾ ਹੈ, ਵਾਹ ਵਾਹ ! ਵਾਹ ਵਾਹ !! ਸਾਥੀਆਂ ਨੂੰ ਕਿਹਾ ਪੰਜਾਹ ਰੁਪਏ ਇਨ੍ਹਾਂ ਨੂੰ ਹੋਰ ਸਹਾਇਤਾ ਦਿਓ। ਦੋਵੇਂ ਆਸ਼੍ਰਮ ਅੱਧੋ ਅੱਧ ਵੰਡ ਲੈਣ।

ਡਾਕਟਰ ਹਰਨਾਮ ਸਿੰਘ ਜੀ ਸੰਤਾਂ ਨੂੰ ਹਸਪਤਾਲ ਦਿਖਾਉਣ ਲਈ ਲੈ ਗਏ; ਟਿਕਾਣਾ ਵੇਖ ਕੇ ਬੜੇ ਖੁਸ਼ ਹੋਏ । ਤੇ ਆਪ ਜੀ ਨੇ ਬਚਨ ਕੀਤਾ ਕਿ ਡਾਕਟਰ ਜੀ ਬੀਮਾਰਾਂ ਨੂੰ ਵੇਖਣ ਲੱਗਿਆਂ ਬਾਣੀ ਦਾ ਪਾਠ ਕਰਿਆ ਕਰੋ; ਜਿਹੜੇ ਬੀਮਾਰਾਂ ਨੂੰ ਦਵਾਈ ਦੇਵੋ, ਸਤਿਨਾਮ ਵਾਹਿਗੁਰੂ ਆਖ ਕੇ ਦਵਾਈ ਦੇਵੋ ਤੇ ਜਿਹੜੇ ਰੋਗੀ ਇਥੇ ਰਹਿਣ, ਉਨ੍ਹਾਂ ਨੂੰ ਗੁਰਬਾਣੀ ਦਾ ਪਾਠ ਕਰਨ ਦੀ ਆਦਤ ਪਾਓ।

ਇਸ ਤੋਂ ਪਿਛੋਂ ਭੀ ਕਈ ਵੇਰ ਆਪ ਨੇ ਹਸਪਤਾਲ ਤੇ ਵਿਦਿਆਲੇ ਨੂੰ ਸਹਾਇਤਾ ਭੇਜੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਤੇ ਸਤਿਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਆਦਿ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿਗਰਾਨੀ ਤੇ ਅਗੁਵਾਈ ਹੇਠ ਭਾਈ ਗੁਰਦਾਸ ਜੀ ਤੋਂ ਲਿਖਾਈ ਤੇ ਇਸਦੀ ਲਿਖਤ ਭਾਦੋਂ ਵਦੀ ਏਕਮ ਸੰਮਤ ੧੬੬੧ ਬਿ: ਨੂੰ ਸਮਾਪਤ ਹੋਈ। ਫਿਰ ਪੰਦਰਾਂ ਕੁ ਦਿਨ ਹੋਰ ਬੀੜ ਦੀ ਜਿਲਦ ਆਦਿ ਕਰਾਉਣ ਤੇ ਲੱਗੇ ਤੇ ਭਾਦੋਂ ਸੁਦੀ ਏਕਮ ਨੂੰ ਇਸ ਪਾਵਨ ਬੀੜ ਦਾ ਪ੍ਰਥਮ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ।

ਬੀੜ ਦੀ ਲਿਖਾਈ ਸ੍ਰੀ ਰਾਮ ਸਰ ਸਾਹਿਬ ਵਾਲੇ ਟਿਕਾਣੇ ਹੋਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਬੀੜ ਦਾ ਆਪ ਕਿੰਨਾ ਸਤਿਕਾਰ ਕਰਦੇ ਰਹੇ ? ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਲਿਖਿਆ ਹੈ, ਕਿ ਸ੍ਰੀ ਗ੍ਰੰਥ ਸਾਹਿਬ ਨੂੰ ਰਾਤ ਵੇਲੇ ਆਦਰ ਨਾਲ ਉਚੇ ਥਾਂ ਸਥਾਪਨ ਕਰਕੇ ਆਪ ਓਥੇ ਭੂਮੀ ਤੇ ਬਿਰਾਜਦੇ ਰਹੇ। ਫਿਰ ਜਦ

ਰਾਮਸਰ ਤੋਂ ਸ੍ਰੀ ਹਰਿਮੰਦਰ ਸਾਹਿਬ ਬੀੜ ਲਿਜਾਣ ਦਾ ਹੁਕਮ ਕੀਤਾ ਤਾਂ ਬਾਬਾ ਬੁਢਾ ਜੀ ਦੇ ਸੀਸ ਤੇ ਪਾਵਨ ਬੀੜ ਅਸਵਾਰਾ ਕਰਾਈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਚੌਰ ਲੈ ਕੇ, ਚੌਰ ਕਰਦੇ ਪਿੱਛੇ ਪਿੱਛੇ ਚਲੇ। ਬਾਬਾ ਬੁਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਤੇ ਉਸੇ ਨੇ ਪ੍ਰਥਮ ਪ੍ਰਕਾਸ਼ ਕਰਕੇ ਹੁਕਮ ਲੀਤਾ।

ਪੰਚਮ ਪਾਤਸ਼ਾਹ ਜੀ ਨੇ ਪਾਵਨ ਬੀੜ ਸੰਬੰਧੀ ਗੁਰਸਿਖੀ ਨੂੰ ਜੋ ਸਿਖ ਮਤਿ ਬਖਸ਼ੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਨ੍ਹਾਂ ਅੱਖਰਾਂ ਵਿਚ ਲਿਖੀ ਹੋਈ ਹੈ :—

ਬੰਨੋ ਆਦਿਕ ਹੈਂ ਸਿਖ ਸੰਗਤ ਸ੍ਰੀ ਗੁਰੂ ਬੈਠ ਦਿਵਾਨ ਲਗਾਯੋ।
ਸ੍ਰੀ ਹਰਿਗੋਬਿੰਦ ਪਾਸ ਬਿਰਾਜਤ ਚੰਦ ਮਨੋ ਪਰਵਾਰ ਸੁਹਾਯੋ।
ਸੀਖ ਲਗੇ ਸਭ ਕੋ ਤਬ ਦੇਵਨ ਸ੍ਰੇਯ ਭਰਜੋ ਬਚ ਯੌਂ ਫੁਰਮਾਯੋ।
'ਗ੍ਰੰਥ ਜਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤਲਾਯੋ।੪।
ਸ੍ਰੀ ਗੁਰ ਕੇਰ ਸਰੀਰ ਜੁਊ, ਸਭ ਥਾਨ, ਸਮੈ ਸਭ, ਨਾ ਦਰਸੈ ਹੈਂ।
ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ, ਉੱਤਮ ਹੈ, ਸਭ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈਹੈ।
ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇਕੈ ਫੂਲ ਚਢ ਹੈ ॥੫॥
ਜੋ ਲਿਖਿ ਲੇਹਿ ਭਲੇ ਤਬ ਸੋਧਹਿ ਅਖਰ ਸੋਂ ਲਗ ਕੀ ਚੁਕਸਾਈ।
ਪਾਠ ਸਮਸਤ ਕਰੈ ਬੁਧਿ ਸੋਂ ਪਿਖਿ ਪੂਰਬ ਕੇ ਸਮ ਲੇਹਿ ਬਨਾਈ।
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ ਹੁਇ ਮੂਰਖ ਸੋ ਪਛੁਤਾਈ।
ਔਰ ਬਨਾਇ ਨਵੋਂ ਨ ਲਿਖੈ ਬਿਚ ਕਾਬਜ,ਰਚੈ ਸੁ ਰਚੋ ਪ੍ਰਿਥਕਾਈ।੬।
ਚੌਦਹ ਲੋਕ ਤੇ ਹੋਇ ਬਲੀ, ਬਲ ਕੋ ਜਰ ਜਾਇ ਰਿਦੇ ਮਹਿ ਜੋਈ।
ਜੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ ਸੰਮੁਖ ਧੀਰ ਧਰੋਈ।
ਆਪਨੀ ਬਾਨੀ ਚਢਾਵਹਿ ਸੋ ਇਕ, ਹੋਇ ਇਸੋ ਨਹਿ ਦੂਸਰ ਕੋਈ।
ਪੂਜਹਿ ਜੋ ਇਛ ਧਾਰ ਸੁ ਪੂਜਹਿ, ਸ੍ਰੇਯ ਲਹੈ, ਜਮ ਪੀਰ ਨ ਹੋਈ।੭।
ਬੇਦ ਪੁਰਾਨ ਮਹਾਨ ਮਹਾਤਮ ਜਾਂਹਿ ਬਖਾਨ ਕਰੈਂ ਸਮੁਦਾਏ।
ਅੰਤ ਨ ਪਾਵਤ ਸ਼ੇਸ਼ ਨ ਸ਼ਾਰਦ ਨੇਤਿ ਹੀ ਨੇਤ ਅਸ਼ੇਸ਼ ਬਤਾਏ।

ਜੋ ਸਰਬੋਤਮ ਜੋ ਸਰਬਾਸ੍ਰਯ ਤਾਂਹੀ ਕੇ ਨਾਮ ਇਸੀ ਮਹਿ ਗਾਏ ।
ਨਾਮ ਸੁ ਨਾਮੀ ਕੋ ਭੇਦ ਨਹੀ ਇਹ ਮੂਰਤ ਸ੍ਰੀ ਕਰਤਾਰ ਸੁਹਾਏ ।੮।
ਜੇਤਿਕ ਗ੍ਰਿੰਥ ਅਦਾਇਬ ਰਾਖਹਿ ਤੇਤਿਕ ਹੀ ਫਲ ਪਾਵਹਿਗੋ ।
ਧੂਪ ਧੁਖਾਇ ਘਸਾਇਕੈ ਚੰਦਨ ਕੇਸਰ ਕੋ ਅਰਚਾਵਹਿਗੋ ।
ਭਾਵਨੀ ਧਾਰਿਕੇ ਚਾਹਿ ਉਮਾਹਤਿ ਦਯੋਸ ਪ੍ਰਤੀ ਦਰਸਾਵਹਿਗੋ ।
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ ਹੀਅ ਉਪਦੇਸ਼ ਬਸਾਵਹਿਗੋ ।੯।
ਦੇਖਤ ਹੀ ਕਰ ਜੋਰਿ ਦੋਊ ਮਨ ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ ।
ਔਰਨ ਕੋ ਉਪਦੇਸ਼ ਕਰੈ ਲਿਖਿ ਆਪ ਇਸੈ ਕੋ ਲਿਖਾਵਹਿਗੋ ।
ਪ੍ਰੇਮ ਕਰੈ ਘਰ ਮੈ ਅਸਥਾਪਹਿ ਪਾਠ ਸੁਨੈ ਹਰਖਾਵਹਿਗੋ ।
ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸੁਭ ਪਾਵਹਿਗੋ ।੧੦।
ਕਾਰਜ ਹੋਇ ਸੰਪੂਰਨ ਬਾਂਛਤ ਪਾਠ ਕਰੈ ਕਿ ਕਰਾਵਹਿਗੋ ।
ਭੋਗ ਪਰੇ ਕਰਿਵਾਇ ਤਿਹਾਵਲ ਆਪ ਖਰੋ ਹੁਇ ਜਾਵਹਿਗੋ ।
ਹਾਥ ਕੋ ਜੋਰਿ ਕਰੈ ਅਰਦਾਸਿ ਮਨੋਰਥ ਕੋ ਮਨਿ ਲਜਾਵਹਿਗੋ ।
ਕਿਉਂ ਨ ਕਹੋ ਤਿਹ ਪੂਰਨ ਹ੍ਵੈ ਚਿਤ ਚਾਹਤ ਸੋ ਨਰ ਪਾਵਹਿਗੋ।੧੧।
ਸਿਖ ਸਰੀਰ ਤਜੈ ਤਿਸੁ ਪੀਛਹਿ ਗ੍ਰਿੰਥ ਕੋ ਪਾਠ ਕਰਾਵਹਿਗੋ ।
ਪੋਸ਼ਿਸ਼ ਕੋ ਅਰਪੈ ਤਬ ਪਾਠਕ ਭੋਜਨ ਚਾਰੁ ਖੁਲਾਵਹਿਗੋ ।
ਔਰ ਜਥਾ ਸ਼ਕਤੀ ਤਿਹ ਸੇਵਹਿ ਲਜਾਇ ਕਰਾਹੁ ਬ੍ਰਤਾਵੈਗੋ ।
ਸੋ ਸਿਖੁ ਹੋਇ ਸੁਖੇਨ ਮਹਾਂ, ਪਰਲੋਕ ਬਿਖੈ ਹਰਖਾਵਹਿਗੋ ।੧੨।
ਔਰ ਕਹਾਂ ਲਗ ਜੇ ਜਗ ਕਾਰਜ ਪਾਠ ਕਰੇ ਸਿਧ ਹੋਵਿਹੰਗੇ ।
ਸੰਤ ਮਹੰਤ ਚਹੈਂ ਨਹਿੰ ਯੌਂ, ਪਠਿ ਪ੍ਰੇਮ ਕਰੇ ਪ੍ਰਭੁ ਜੋਵਹਿੰਗੇ ।
ਦਯੋਸ ਨਿਸਾ ਸਿਮਰੈਂ ਸਤਿਨਾਮ ਕਿ ਗ੍ਰਿੰਥ ਪਠੈਂ ਅਘ ਖੋਵਹਿੰਗੇ ।
ਅੰਤ ਸਮੈ ਜਮ ਕੋ ਨ ਪਿਖੈਂ ਮਿਲਿ ਆਇ ਹਮੈ ਸੁ ਅਲੋਵਹਿੰਗੇ ।੧੩।
[ਰਾਸ ੩ ਅੰਸੂ ੫੦

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਜੋ ਅਦਬ ਤੇ ਸਤਿਕਾਰ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਹਿਰਦੇ ਵਿਚ ਸੀ, ਉਸ ਦਾ ਵਰਣਨ ਕਠਨ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ,

ਆਪ ਸਤਿਗੁਰਾਂ ਦੀ ਜੋਤਿ ਮੰਨਦੇ ਸਨ, ਆਪਣੇ ਆਪ ਨੂੰ ਭੁੱਲਣਹਾਰ ਜਾਣਕੇ ਸਦਾ ਮਹਾਰਾਜ ਜੀ ਅੱਗੇ ਹਜ਼ੂਰੀ ਵਿਚ ਖਿਮਾਂ ਮੰਗਦੇ ਰਹਿੰਦੇ, ਤੇ ਜੇ ਕਿਸੇ ਸਤਿਸੰਗੀ ਕੋਲੋਂ ਕੋਈ ਭੁੱਲ ਹੋ ਜਾਵੇ, ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਹੀ ਬਖਸ਼ਾਉਣ ਦਾ ਉਪਦੇਸ਼ ਦਿੰਦੇ। ਜੇ ਕੋਈ ਆਪਣੇ ਸੁਆਰਥ ਲਈ, ਜਾਂ ਦੁਖ ਦੀ ਨਵਿਰਤੀ ਲਈ ਸਹਾਇਤਾ ਦੀ ਬੇਨਤੀ ਕਰਦਾ, ਤਾਂ ਕਹਿੰਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਇਕ ਮਨ ਹੋ ਕੇ ਅਰਦਾਸ ਕਰੋ । ਹਰ ਮੁਸ਼ਕਲ ਸਮੇਂ ਬਾਬਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਲੈਣ ਦਾ ਹੀ ਉਪਦੇਸ਼ ਦਿੰਦੇ।

ਕੋਈ ਕੰਮ ਕਰਨਾ ਹੋਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਲੈ ਕੇ ਕਰਦੇ । ਕੋਈ ਪ੍ਰੇਮੀ, ਜੋ ਕੀਮਤੀ ਬਸਤ੍ਰ ਲੈ ਆਵੇ, ਤਦ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਚੜ੍ਹਾਉਂਦੇ। ਸੋਹਣੀ ਸ਼ੈ, ਜਾਂ ਕੋਈ ਫਲ ਆਉਣ ਤਾਂ ਕਹਿੰਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਭੇਟਾ ਚੜ੍ਹਾਓ ।' ਫੇਰ ਫਲਾਂ ਦਾ ਥੋੜਾ ਥੋੜਾ ਪ੍ਰਸ਼ਾਦਿ ਸਭ ਨੂੰ ਵਰਤਾਉਂਦੇ।

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹੱਥ ਲਿਖਤ ਗ੍ਰੰਥ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਇਕ ਸਾਖੀ, ਸ੍ਰੀ ਗੁਰੂ ਸਾਹਿਬ ਮਹਾਰਾਜ ਜੀ ਦੇ ਪ੍ਰਤਾਪ ਦੀ ਇਸ ਪ੍ਰਕਾਰ ਲਿਖੀ ਹੈ–ਇਕ ਸਮੇਂ ਆਪ ਜੀ ਦੇ ਵਡੇ ਸੰਤ, ਸ੍ਰੀ ਮਾਨ ਸੰਤ ਭਾਈ ਰਾਮ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਆਏ, ਉਨ੍ਹਾਂ ਦਾ ਇਕ ਸੇਵਕ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਿਹਾ ਸੀ, ਸੰਤਾਂ ਨੂੰ ਆਪਣੇ ਨੇੜੇ ਆਇਆ ਵੇਖ ਕੇ ਆਪ ਦੇ ਅਦਬ ਵਾਸਤੇ ਉਠ ਖਲੋਤਾ । ਸੰਤ ਭਾਈ ਰਾਮ ਸਿੰਘ ਜੀ ਨੇ ਕੁਛ ਰੋਸ ਕਰਕੇ ਉਸ ਸੇਵਕ ਪ੍ਰਤੀ ਇਹ ਬਚਨ ਕੀਤਾ ਕਿ, ਹੇ ਭਾਈ ! ਐਸਾ ਕਰਤੱਵ ਫਿਰ ਨਹੀਂ ਕਰਨਾ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਯਾ ਦਰਸ਼ਨ ਕਰਨ



 www.sikhbookclub.com

ਸਮੇਂ ਚਾਹੇ ਕੋਈ ਭੀ ਦੇਹ ਧਾਰੀ ਆਵੇ, ਸਤਿਗੁਰਾਂ ਦੀ ਸੇਵਾ ਤਿਆਗ ਕਰਕੇ ਉਸ ਅੱਗੇ ਕਦਾਚਿਤ ਉਠ ਕੇ ਖੜਾ ਨਹੀਂ ਹੋਣਾ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਵਡਿਆਂ ਤੋਂ ਵਡੀ ਹੈ। ਚੌਦਾਂ ਲੋਕਾਂ ਵਿਚ ਭੁਗਤ ਮੁਕਤ ਦੇ ਦਾਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕੋਈ ਨਹੀਂ। ਆਪ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਆਸਣ ਤੇ ਨਹੀਂ ਬੈਠਦੇ ਸਨ।" ਇਹ ਸ਼ੁਭ ਸਿਖਿਆ ਸੰਤਾਂ ਦੇ ਮੁਖੋਂ ਸੁਣ ਕਰਕੇ ਸੇਵਕ ਨੇ ਅਗੋਂ ਲਈ ਸਦਾ ਇਸ ਦੀ ਪਾਲਣਾ ਕੀਤੀ।

ਸੰਤ ਬਾਬਾ ਜੀ ਆਪਣੀ ਧਰਮਸਾਲਾ ਆਟਾ ਮੰਡੀ ਵਿਖੇ ਦੀਵਾਨ ਦੀ ਸਮਾਪਤੀ ਦੇ ਪਿਛੋਂ ਪ੍ਰਕਾਸ਼ ਹੋਏ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਰਮਾ ਕੀਤਾ ਕਰਦੇ ਸਨ। ਇਥੇ ਦਸ ਗੁਰੂ ਬਾਬਾ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਇਕ ਦਿਨ ਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਿਹਾ ਸੀ। ਆਪਣੇ ਨੇਮ ਅਨੁਸਾਰ, ਜਦ ਪ੍ਰਕਰਮਾ ਕਰਦੇ ਆਏ, ਦਾਸ ਦੇ ਕੋਲੋਂ ਦੀ ਲੰਘਣ ਲੱਗੇ, ਤਾਂ ਦਾਸ ਨੇ ਸੰਤ ਬਾਬਾ ਜੀ ਵਲ ਮੁੱਖ ਕਰਕੇ ਦੋਨੋਂ ਹੱਥ ਜੋੜੇ। ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਉਂਗਲ ਕੀਤੀ, ਤੇ ਇਸ ਪ੍ਰਕਾਰ ਇਸ਼ਾਰੇ ਨਾਲ ਸਮਝਾਇਆ, ਕਿ 'ਨਿੱਕਿਆ! ਜਦ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪਾਠ ਕਰ ਰਿਹਾ ਹੈਂ, ਭਾਵ ਸਤਿਗੁਰਾਂ ਦੇ ਨਾਲ ਗੱਲਾਂ ਕਰ ਰਿਹਾ ਹੈਂ, ਤਾਂ ਸੱਚੇ ਪਾਤਸ਼ਾਹ ਵਲੋਂ ਮੁੱਖ ਮੋੜ ਕੇ, ਮੈਂ ਜੋ ਸਤਿਗੁਰਾਂ ਦਾ ਇਕ ਗ਼ੁਲਾਮ ਹਾਂ ਮੇਰੇ ਵਲ ਕਿਉਂ ਹੱਥ ਜੋੜਦਾ ਹੈਂ।' ਇਸ ਸਾਖੀ ਵਿਚ ਸੰਤ ਬਾਬਾ ਜੀ ਨੇ ਇਹ ਉਪਦੇਸ਼ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਪਾਠ ਕਰਦਿਆਂ ਕਦੇ ਭੁੱਲ ਕਰ ਕੇ ਭੀ ਕਿਸੇ ਵਲ ਧਿਆਨ ਯਾ ਮੁੱਖ ਨਹੀਂ ਕਰਨਾ ਚਾਹੀਦਾ, ਚਾਹੇ ਉਹ ਕਿਤਨੀ ਵੱਡੀ ਵਿਅਕਤੀ ਕਿਉਂ ਨਾ ਹੋਵੇ।

ਸੰਤਾਂ ਦਾ ਆਪਣਾ ਸਰੀਰ ਭਾਵੇਂ ਕਿਤਨਾ ਹੀ ਨਿਰਬਲ

ਜਾਂ ਰੋਗੀ ਹੋਵੇ, ਜਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾਰੇ ਦੀ ਅਵਾਜ਼ ਸੁਣਦੇ, ਤੁਰਤ ਖੜੇ ਹੋਣ ਦੀ ਕੋਸ਼ਸ਼ ਕਰਦੇ। ਇਕ ਵੇਰੀਂ ਬਾਬਾ ਜੀ ਨੂੰ ਬੜੇ ਜ਼ੋਰ ਦਾ ਬੁਖ਼ਾਰ ਹੋ ਗਿਆ, ਬਚਨ ਕੀਤਾ ਕਿ ਚਲੋ ਗਰੂ ਬਾਬਾ ਜੀ ਦੇ ਦਰਸ਼ਨ ਕਰੀਏ। ਬੁਖ਼ਾਰ ਦੇ ਵਿਚ ਹੀ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆ ਹਾਜ਼ਰ ਹੋਏ। ਕਰਤਾਰ ਦੀ ਖੇਡ, ਜਦ ਤਕ ਬਾਬਾ ਜੀ ਮਹਾਰਾਜ ਦੇ ਹਜ਼ੂਰ ਬੈਠੇ ਰਹੇ ਤਦ ਤਕ ਬੁਖ਼ਾਰ ਨਾ ਪ੍ਰਤੀਤ ਹੋਇਆ, ਜਦ ਕੁਟੀਆ ਵਿਚ ਆਏ ਤਾਂ ਫਿਰ ਚੜ੍ਹ ਗਿਆ।

# ਸੰਤ ਭਾਈ ਰਤਨ ਸਿੰਘ ਜੀ ਦਾ ਸਿਦਕ

ਸ੍ਰੀ ਮਾਨ ਸੰਤ ਭਾਈ ਰਤਨ ਸਿੰਘ ਜੀ, ਸ੍ਰੀ ਅੰਮ੍ਰਿਤਸਰ ਜੀ ਵਿਚ ਇਕ ਉੱਚ ਕੋਟੀ ਦੇ ਮਹਾਂ ਪੁਰਸ਼ ਹੋਏ ਹਨ। ਆਪ ਦੇ ਆਸ਼ਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਰਦਖ਼ਾਨੇ ਵਾਲੇ ਕਮਰੇ ਵਿਚ ਹੁੰਦਾ ਸੀ। ਇਕ ਦਿਨ ਸ਼ਾਮ ਦੇ ਵਕਤ, ਸ੍ਰੀ ਗੁਰੂ ਬਾਬਾ ਜੀ ਦਾ ਸੁਖ-ਆਸਨ ਕੀਤਾ ਗਿਆ। ਰਾਤ ਦੇ ਵਕਤ ਬੜੀ ਭਾਰੀ ਬਰਖਾ ਹੋਈ ਤੇ ਪਰਨਾਲੇ ਵਿਚੋਂ ਨੇਜ਼ਾ ਭਰ ਪਾਣੀ ਸਾਰੇ ਆਸ਼ਰਮ ਦੇ ਵਿਚ ਆ ਗਿਆ। ਬਹੁਤ ਜ਼ਿਆਦਾ ਜਲ ਇਕੱਠਾ ਹੋ ਜਾਣ ਦੇ ਕਾਰਨ ਸ੍ਰੀ ਗੁਰੂ ਬਾਬਾ ਜੀ ਦੇ ਕਮਰੇ ਦੀ ਛੱਤ, ਗਲ ਕੇ ਡਿੱਗ ਪਈ। ਕੁਦਰਤ ਦਾ ਐਸਾ ਭਾਣਾ ਵਰਤਿਆ ਕਿ ਸ੍ਰੀ ਗੁਰੂ ਬਾਬਾ ਜੀ ਅਲਮਾਰੀ ਵਿਚੋਂ ਜਲ ਵਿਚ ਚਲੇ ਗਏ। ਅੰਧੇਰੀ ਰਾਤ ਸੀ। ਕਿਸੀ ਸਾਧੂ ਨੇ ਇਹ ਭਾਣਾ ਵਰਤਿਆ ਵੇਖ ਕੇ ਸੰਤਾਂ ਨੂੰ ਜਾ ਕੇ ਕਿਹਾ "ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੰਦਰ ਕੇ ਗਿਰਨੇ ਕਰ ਜਲ ਖਾਤੇ ਬੀਚ ਡੁੱਬ ਗਏ ਹੈਂ।" ਇਹ ਗੱਲ ਸੁਣ ਕੇ ਸ੍ਰੀ ਮਾਨ ਸੰਤ ਰਤਨ ਸਿੰਘ ਜੀ ਨੇ ਕਿਹਾ "ਹੇ ਮੂਢ! ਸ੍ਰੀ ਗੁਰੂ ਗਰੰਥ ਸਾਹਿਬ ਜੀ, ਸਾਰੇ ਜਗਤ ਕੇ ਤਾਰਨਹਾਰੇ ਹਨ। ਇਸ ਲੋਕ ਔਰ ਪਰਲੋਕ ਵੈਤਰਨੀ (ਨਦੀ) ਆਦਿਕੋਂ ਸੇ, ਸੋ ਆਪ

ਕੈਸੇ ਡੂਬਤੇ ਹੈਂ, ਤਾਂ ਤੇ ਐਸੇ ਫੇਰ ਨਹੀਂ ਕਹਿਣਾ।" ਤਦ ਜਲਦੀ ਹੀ ਉੱਠ ਕੇ ਸੰਤ ਜੀ ਗੁਰੂ ਬਾਬਾ ਜੀ ਦੇ ਕਮਰੇ ਦੇ ਪਾਸ ਆਏ ਤਾਂ ਕੀ ਵੇਖਦੇ ਹਨ ਕਿ ਸਚਮੁਚ ਸ੍ਰੀ ਗੁਰੂ ਬਾਬਾ ਜੀ ਦੀ ਦੇਹ ਜਲ ਵਿਚ ਪਰਵੇਸ਼ ਕਰ ਗਈ ਹੈ। ਆਪ ਨੇ ਰੌਸ਼ਨੀ ਕੀਤੀ ਤਾਂ ਪਤਾ ਲੱਗਾ ਕਿ ਜਲ ਇਤਨਾ ਤਾਰੂ ਹੈ ਕਿ ਕੋਈ ਮਨੁੱਖ ਭੀ ਤਾਰੂ ਜਲ ਵਿਚ ਪਹੁੰਚ ਨਹੀਂ ਸਕਦਾ। ਤਾਂ ਸੰਤ ਜੀ ਨੇ ਹੱਥ ਜੋੜ ਕੇ ਤੇ ਹੱਥ ਵਿਚ ਟਕਾ ਲੈ ਕੇ ਸਵਾ ਰੁਪਿਆ ਦਾ ਕੜਾਹ ਪ੍ਰਸ਼ਾਦਿ ਮੰਨ ਕਰਕੇ ਇਸ ਪ੍ਰਕਾਰ ਅਰਦਾਸ ਕੀਤੀ "ਹੇ ਸਤਿਗੁਰੂ ਤੁਸੀਂ ਸਾਰੇ ਜਗਤ ਨੂੰ ਤਾਰਨ ਵਾਲੇ ਹੋ, ਤਾਂ ਤੇ ਕ੍ਰਿਪਾ ਕਰਕੇ ਸਾਨੂੰ ਪ੍ਰਤੱਖ ਦਰਸ਼ਨ ਦੀਜੀਏ, ਦਾਸਾਂ ਦੀ ਭੁਲ ਖਿਮਾਂ ਕਰੋ, ਹੇ ਸਵਾਮੀ ਜੀ"। ਅਰਦਾਸ ਤੋਂ ਉਪਰੰਤ, ਜਦ ਸੰਤਾਂ ਨੇ ਨੇਤ੍ਰ ਖੋਲੇ ਤਾਂ ਕੀ ਵੇਖਦੇ ਹਨ ਕਿ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਉਪਰ ਝਟ ਪਟ ਤਰ ਆਏ ਹਨ। ਜਲ ਵਿਚੋਂ ਕਿਸ ਤਰ੍ਹਾਂ ਆਏ, ਜੈਸੇ ਉਤਮ ਜਗਜਾਸੂ ਨੂੰ ਸਰੂਪ ਪਰਤੱਖ ਹੋਇ ਆਵੇ, ਅਗਿਆਨ ਦਾ ਪਰਦਾ ਹਟ ਜਾਵੇ। ਸੰਤ ਰਤਨ ਸਿੰਘ ਜੀ ਦੇ ਦ੍ਰਿੜ ਅਭਿਆਸ ਦੇ ਸਦਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਲ ਵਿਚੋਂ ਸਾਖਿਆਤ ਪਰਗਟ ਹੋਕੇ ਉਪਰ ਆ ਗਏ। ਤਦ ਸੰਤਾਂ ਨੂੰ ਬਹੁਤ ਖੁਸ਼ੀ ਹੋਈ। ਬਾਬਾ ਜੀ ਦੇ ਰੁਮਾਲ ਉਪਰੋਂ ਭਿਜ ਗਏ ਸਨ, ਪਰ ਅੰਦਰੋਂ ਬਾਬਾ ਜੀ ਦੀ ਦੇਹ ਬਿਲਕੁਲ ਖੁਸ਼ਕ। ਤਦ ਹੋਰ ਰੁਮਾਲ ਬਾਬਾ ਜੀ ਨੂੰ ਚੜ੍ਹਾਏ ਗਏ। ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਇਹ ਸਾਖੀ "ਸ੍ਰੀ ਭਗਤ ਪ੍ਰੇਮ ਪ੍ਰਕਾਸ਼" ਵਿਚ ਲਿਖੀ ਹੈ ਕਿ ਗੁਰੂ ਪਰਮੇਸ੍ਰੂਰ ਭਗਤਾਂ ਦਾ ਐਸਾ ਸਹਾਇਕ ਹੈ ਤੇ ਉਨ੍ਹਾਂ ਦੀ ਅਰਦਾਸ ਵਿਚ ਇਤਨਾ ਅਸਰ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਤੇ ਪਾਠ

ਇਕ ਵੇਰ ਦਾ ਵਾਕਿਆ ਹੈ ਕਿ ਆਪਣੀ ਧਰਮਸਾਲਾ ਵਿਖੇ

ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬ੍ਰਿਧ ਹੋ ਗਈ–ਸੰਤ ਜੀ ਉਸ ਗੁਰੂ ਬਾਬਾ ਜੀ ਨੂੰ ਜਿਲਦ-ਸਾਜ਼ ਦੀ ਦੁਕਾਨ ਤੇ ਲੈ ਗਏ ਜੋ ਮੁਸਲਮਾਨ ਸੀ । ਜਿਤਨਾ ਚਿਰ ਜਿਲਦ ਦੀ ਸੇਵਾ ਉਸ ਦੀ ਦੁਕਾਨ ਤੇ ਹੁੰਦੀ ਰਹੀ ਆਪ ਹਰ ਰੋਜ਼ ਉਸ ਦੀ ਦੁਕਾਨ ਤੇ ਜਾਂਦੇ, ਤੇ ਫੁਲਾਂ ਦਾ ਸੇਹਰਾ ਗੁਰੂ ਬਾਬਾ ਜੀ ਨੂੰ ਚੜ੍ਹਾਉਂਦੇ ਰਹੇ ।

ਸੰਤ ਬਾਬਾ ਜੀ ਸਰਬਤ ਸੰਗਤਾਂ ਨੂੰ ਇਹ ਸਾਂਝਾ ਉਪਦੇਸ਼ ਕੀਤਾ ਕਰਦੇ ਸਨ ਕਿ ਭਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੋ, ਪੂਜਾ ਸੇਵਾ ਕਰੋ, ਨੌ ਨਿਧੀਆਂ ਅਠਾਰਾਂ ਸਿਧੀਆਂ ਅਤੇ ਭੋਗ ਮੋਖ ਸਭ ਕੁਝ ਆਪ ਨੂੰ ਮਿਲੇਗਾ, ਚਾਰ ਪਦਾਰਥ ਦੇ ਦਾਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਭਾਈ ਠਾਕਰ ਸਿੰਘ ਜੀ ਸਾਬਕ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਦੱਸਦੇ ਹਨ ਕਿ ਇਕ ਸਮੇਂ ਮੈਂ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਸੇਵਾ ਹੈ ਇਹ ਤਾਂ ਸਤਿਗੁਰਾਂ ਦੇ ਖਾਸ ਸਰੀਰ ਦੀ ਸੇਵਾ ਹੈ, ਤਾਂ ਆਪ ਨੇ ਮੇਰੇ ਪ੍ਰਤੀ ਝਿੜਕ ਕੇ ਬਚਨ ਕੀਤਾ ਕਿ ਸਰੀਰ ਦੀ ਨਹੀਂ, ਇਹ ਸਤਿਗੁਰਾਂ ਦੇ ਹਿਰਦੇ ਦੀ ਸੇਵਾ ਹੈ; ਹੋਰ ਗੁਰਦਵਾਰੇ ਦੀ ਸਭ ਸੇਵਾ ਸਤਿਗੁਰਾਂ ਦੇ ਸਰੀਰ ਦੀ ਸੇਵਾ ਹੈ ।

ਬਾਬਾ ਜੀ ਦਾ ਇਹ ਨਿਯਮ ਸੀ ਜੋ ਉਨ੍ਹਾਂ ਨੇ ਨਿਭਾਇਆ ਕਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਖੇ ਪ੍ਰੇਮ ਨਾਲ ਜੁੜਿਆ ਰਹੇ, ਉਸ ਨੂੰ ਨਾ ਤਾਂ ਹੋਰ ਸੇਵਾ ਦੱਸਣੀ, ਅਰ ਨਾ ਹੀ ਉਸ ਪਾਸੋਂ ਆਪਣੇ ਸਰੀਰ ਦੀ ਕਿਸੇ ਪ੍ਰਕਾਰ ਦੀ ਸੇਵਾ ਕਰਾਉਣੀ । ਆਪ ਬਚਨ ਉਚਾਰਿਆ ਕਰਦੇ ਸਨ ਕਿ ਭਾਈ ਹੋਰ ਸੇਵਾ ਕਰਾਉਣ ਵਿਚ ਇਕ ਤਾਂ ਆਪਣੇ ਪਾਸੋਂ ਅਵੱਗਿਆ ਹੋ ਜਾਂਦੀ ਹੈ, ਦੂਜੇ ਉਸ ਨੂੰ ਉੱਚੇ ਦਰਜੇ ਤੋਂ ਡੇਗਣਾ ਪੈਂਦਾ ਹੈ । ਇਕ ਦਿਨ ਭਾਈ ਕਲਿਆਣ ਸਿੰਘ ਪ੍ਰਤੀ ਆਪ ਨੇ ਬਚਨ ਕੀਤਾ :—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬੜੀ ਹੀ ਸੋਚ ਸਮਝ ਤੇ ਵਿਚਾਰ ਨਾਲ ਕਰਨਾ ਚਾਹੀਦਾ ਹੈ, ਇਹ ਹਿਰਦੇ ਵਿਚ ਧਾਰਨ

ਵਾਲੇ ਅੰਮ੍ਰਿਤ ਬਚਨ ਹਨ, ਇਕ ਇਕ ਪੰਗਤੀ ਨੂੰ ਪੜ੍ਹੋ ਤੇ ਸੋਚੋ, ਫਿਰ ਪੜ੍ਹੋ ਤੇ ਸੋਚੋ, ਜਿੰਨਾਂ ਚਿਰ ਸਮਝ ਵਿਚ ਨਾ ਆਵੇ ਬਾਰੰਬਾਰ ਪੜ੍ਹੋ ਤੇ ਸੋਚੋ ਫਿਰ ਧਾਰਨ ਕਰੋ। ਜਿਸ ਤਰ੍ਹਾਂ ਤੁਸੀਂ ਛੇਤੀ ਛੇਤੀ ਪਾਠ ਕਰ ਰਹੇ ਹੋ ਇਕ ਤਾਂ ਪਾਠ ਅਸ਼ੁਧ ਹੁੰਦਾ ਹੈ, ਦੂਜੇ ਤੁਹਾਨੂੰ ਪਤਾ ਨਹੀਂ ਲਗ ਰਿਹਾ ਕਿ ਸਤਿਗੁਰੂ ਜੀ ਕੀ ਫ਼ੁਰਮਾ ਰਹੇ ਹਨ।

ਸਰਦਾਰ ਬਸ਼ੇਸ਼ਰ ਸਿੰਘ ਜੀ ਦੱਸਦੇ ਸਨ ਕਿ ਇਕ ਵਾਰ ਸ੍ਰੀ ਸੰਤ ਜੀ ਨੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸੰਬੰਧੀ ਸਿਖਜਾ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸ੍ਰੀ ਗੁਰੂ ਨਾਨਕ ਦੇਵ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਗੁਰੂ ਵਜਕਤੀਆਂ ਹੱਥ ਜੋੜੀ ਖੜੀਆਂ ਹਨ। ਇਹ ਕਲਜੁਗ ਵਿਚ ਤਾਰਨ ਵਾਲੇ ਸਤਿਗੁਰੂ ਹਨ। ਇਨ੍ਹਾਂ ਦਾ ਜਿੰਨਾਂ ਵੀ ਸਤਿਕਾਰ ਹੋਵੇ ਥੋੜਾ ਹੈ।

ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸੋ ਪਾਤਸ਼ਾਹੀਆਂ ਦਾ ਸਰੂਪ ਮੰਨਦੇ ਸਨ ਅਤੇ ਦੋ ਦੋ ਮਹੀਨਿਆਂ ਪਿਛੋਂ ਮੌਸਮ ਅਨੁਸਾਰ ਮਹਾਰਾਜ ਜੀ ਦੇ ਉਪਰ ਵਾਲੇ ਰੇਸ਼ਮੀ ਰੁਮਾਲ ਬਦਲ ਦੇਂਦੇ ਸਨ। ਸਾਵਣ ਭਾਦਰੋਂ ਦੇ ਮਹੀਨਿਆਂ ਵਿਚ ਅਤੀ ਸੂਖਮ ਰੁਮਾਲ ਚੜ੍ਹਾਉਂਦੇ ਤੇ ਸਰਦੀਆਂ ਨੂੰ ਗਰਮ ਸੁੰਦਰ ਰੁਮਾਲ ਪਹਿਰਾਉਂਦੇ ਸਨ।

ਭਾਈ ਠਾਕਰ ਸਿੰਘ ਜੀ ਗਰੰਥੀ ਦੱਸਦੇ ਹਨ ਕਿ ਇਕ ਵਾਰੀ ਦਾਸ ਨੇ ਸੰਤ ਬਾਬਾ ਜੀ ਪਾਸੋਂ ਸ੍ਰੀ ਸੰਤੋਖਸਰ ਸਾਹਿਬ ਅਥਵਾ ਸ੍ਰੀ ਝੰਡੇ ਬੁੰਗੇ ਸਾਹਿਬ ਵਿਖੇ ਰੋੜੀ ਦੀ ਕੁਟਾਈ ਦੀ ਸੇਵਾ ਵਾਸਤੇ ਸੰਗਤਾਂ ਦੇ ਨਾਲ ਜਾਣ ਦੀ ਆਗਜਾ ਮੰਗੀ; ਤਾਂ ਆਪ ਜੀ ਨੇ ਬਚਨ ਉਚਾਰਿਆ ਕਿ ਦੇਖ ਇਥੇ ਤੈਨੂੰ ਕਿਡੀ ਭਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਮਿਲੀ ਹੋਈ ਹੈ। ਇਸ ਮਹਾਨ ਸੇਵਾ ਨੂੰ ਛੱਡ ਕੇ ਹੋਰ ਕਿਸੇ ਸੇਵਾ ਵਾਸਤੇ ਜਾਣ ਦਾ ਸੰਕਲਪ ਨਾ ਕਰ।

# ਸੰਤ ਭਾਈ ਬਾਹਿਰਿਆ ਸਿੰਘ ਜੀ ਕੰਧਰਾ ਜ਼ਿਲਾ ਸਖਰ ਨਿਵਾਸੀ

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹਸਤ ਲਿਖਤ ਗਰੰਥ ਵਿੱਚ ਸੰਤ ਭਾਈ ਬਾਹਿਰਿਆ ਸਿੰਘ ਜੀ ਕੰਧਰਾ ਨਿਵਾਸੀ ਦੀ ਇਕ ਸਾਖੀ ਲਿਖੀ ਹੈ ਜੋ ਸਾਡੇ ਲਈ ਬੜੀ ਸਿਖਿਆ-ਦਾਇਕ ਹੈ ਕਿ ਅਸਾਨੂੰ ਆਪਣੇ ਹਾਜਰਾ ਹਜ਼ੂਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਕਿਸ ਤਰ੍ਹਾਂ ਅਦਬ ਤੇ ਸਤਿਕਾਰ ਕਰਨਾ ਚਾਹੀਦਾ ਹੈ। ਇਹ ਸਾਖੀ ਇਸ ਪ੍ਰਕਾਰ ਹੈ :–

ਸ੍ਰੀ ਸੰਤ ਭਾਈ ਬਾਹਿਰਿਆ ਸਿੰਘ ਜੀ ਕੰਧਰਾ, ਜ਼ਿਲਾ ਸੱਖਰ ਨਿਵਾਸੀ ਗੁਰਬਾਣੀ ਦੇ ਪ੍ਰੇਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਜਿਨ੍ਹਾਂ ਦਾ ਦ੍ਰਿੜ ਵਿਸ਼ਵਾਸ਼ ਸੀ, ਬੜੇ ਵੈਰਾਗਵਾਨ, ਸੰਤੋਖਵਾਨ, ਧੀਰਜਵਾਨ, ਭਜਨਵਾਨ, ਪਰਉਪਕਾਰੀ ਦਿਆਲੂ ਸੰਤ ਹੂਏ ਹਨ। ਇਨਕੋ ਲਘੁਬੈਸ* ਵਿਖੇ ਹੀ ਵੈਰਾਗ ਆਨ ਪ੍ਰਾਪਤ ਹੂਆ। ਜੋ ਕੁਝ ਹਥ ਆਵੇ ਲੋੜਵੰਦਾਂ ਨੂੰ ਜਾ ਦੇਣਾ। ਪਿਤਾ ਨੇ ਇਹ ਦੇਖਕੇ ਮਾਇਆ ਆਦਿਕ ਕੋਈ ਵਸਤੂ ਇਨ੍ਹਾਂ ਦੇ ਗੋਚਰੇ ਨਾ ਰਹਿਣ ਦਿਤੀ, ਤਬ ਉਧਾਰ ਲੈ ਲੈ ਕਰ ਗ੍ਰੀਬਾਂ ਦੀਆਂ ਲੋੜਾਂ ਪੂਰੀਆਂ ਕਰਨ ਲਗ ਪੜੇ। ਪਿਤਾ ਨੂੰ ਜਬ ਖਬਰ ਭਈ ਤਬ ਪੁਤ੍ਰ ਕੋ ਉਸਦੀ ਭਾਰਜਾ (ਧਰਮ ਪਤਨੀ) ਸਹਿਤ ਘਰੋਂ ਜੁਆਬ ਦੇ ਦਿੱਤਾ, ਤਬ ਉਨ੍ਹਾਂ ਨੇ ਕਿਸੇ ਹੋਰ ਪਿੰਡ ਵਿਖੇ ਹੱਟੀ ਆਣ ਕੱਢੀ। ਕੁਝ ਸਮਾਂ ਪਿਛੋ ਲੇਖਾ ਕਰਤੇ ਭਏ, ਤਾਂ ਥੋੜੇ ਸਮੇਂ ਵਿਖੇ ਹੀ ਵੰਡ ਅਰ ਛਕ ਕਰਕੇ ਭੀ ਬਹੁਤ ਮਾਇਆ ਬਚ ਰਹੀ। ਤਾਂ ਵਿਚਾਰਤੇ ਭਏ ਜੋ ਮਾਇਆ ਨਾਲ ਅੰਨ੍ਹੇ ਬੋਲੇ ਲੋਗ, ਜੋ ਅਗਿਆਨੀ ਹਨ, ਸੋ ਪਿਆਰ ਕਰਦੇ ਹਨ, ਤਾਂ ਤੇ ਅਨੇਕ ਦਾਤਾਂ ਦਾ ਜੋ ਦੇਵਣਹਾਰ

---

*ਛੋਟੀ ਉਮਰ ਵਿਚ ਹੀ, ਬਚਪਨ ਵਿਚ ਹੀ।

ਅਕਾਲ ਪੁਰਖ ਹੈ, ਤਿਸ ਕੋ ਹੀ ਸਿਮਰੀਏ, ਹੋਰ ਕੂੜੇ ਪਦਾਰਥਾਂ ਨਾਲ ਸਾਡਾ ਪ੍ਰਯੋਜਨ ਕਾਈ ਨਾਹੀ। ਐਸੇ ਵਿਚਾਰ ਕਰ ਧਨ, ਪਦਾਰਥ ਤੇ ਸਰੀਰ ਦੇ ਬਸਤ੍ਰਾਂ ਤਕ ਸਭ ਲੁਟਾ ਦਿਤੇ ਤੇ ਲਗੇ ਭਜਨ ਕਰਨ। ਬਹੁਤ ਚਿਰ ਤਕ ਇਕਾਂਤ ਅਸਥਾਨ ਵਿਖੇ ਨੇਤ੍ਰ ਮੂੰਦ ਕਰ ਸਮਾਧੀ ਲਾਇ ਬੈਠੇ ਰਹਿਤੇ। ਇਨਕੀ ਭਗਤੀ ਪਰ ਪ੍ਰਸੰਨ ਹੋ ਕਰ ਸ੍ਰੀ ਕਲਗੀਧਰ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਘੋੜੇ ਪਰ ਸਵਾਰ ਹੱਥ ਵਿੱਚ ਸਫੇਦ ਬਾਜ, ਸੋਹਣੀ ਤੇ ਮਨਮੋਹਣੀ ਮੂਰਤ ਆਣ ਦਰਸ਼ਨ ਦੇਤੇ ਭਏ।

ਗੁਰੂ ਸਾਹਿਬ ਦੀ ਕ੍ਰਿਪਾ ਕਾ ਬਲ ਪਾਇ ਕਰ ਸ੍ਰੀ ਭਾਈ ਥਾਹਿਰਿਆ ਸਿੰਘ ਜੀ ਨੇ ਦੇਸ ਦੇ ਸਭ ਲੋਕਾਂ ਨੂੰ ਕਬਰਾਂ, ਮੜ੍ਹੀਆਂ, ਭੂਤਾਂ ਪ੍ਰੇਤਾਂ, ਪੱਥਰ, ਆਦਿਕ ਦੇ ਪੂਜਨ ਤੋਂ ਹਟਾ ਕਰ, ਅਤੇ ਜਾਦੂ ਟੂਣੇ, ਭਰਮਾਂ ਤੇ ਵਹਿਮਾਂ ਤੋਂ ਛੁਡਾ ਕਰ, ਸਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਜਨ ਵਿਖੇ ਲਗਾ ਦਿਤਾ, ਐਸੀ ਕ੍ਰਿਪਾ ਹੋਈ ਜੋ ਘਰ ਘਰ ਮਾਈ ਭਾਈ ਹੁਣ ਗੁਰਬਾਣੀ ਦਾ ਹੀ ਅਭਿਆਸ ਕਰਦੇ ਹਨ, ਕੰਧਰਾਂ ਅਤੇ ਲਾਗੇ ਦੇ ਸਭ ਪਿੰਡਾਂ ਅਰ ਨਗਰਾਂ ਵਿਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਇਤਨਾ ਪ੍ਰੇਮ ਹੈ ਸੰਤ ਭਾਈ ਥਾਹਿਰਿਆ ਸਿੰਘ ਜੀ ਕਾ, ਜੋ ਯਾਤਰਾ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਅਰਦਲ ਮੇ ਹੀ ਹੋ ਕਰ ਕਰਦੇ ਹਨ, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਦਰਸ਼ਨ ਬਿਨਾ ਰਹਿ ਨਹੀਂ ਸਕਦੇ ਅਰ ਸਾਰੀ ਸਿੰਧੀ ਸੰਗਤ ਕੋ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਹੀ ਲੜ ਲਾਇਆ ਹੈ ਭਵ ਸਾਗਰ ਸੁਖੈਨ ਤਰਨੇ ਹਿਤ। ਜਬ ਜਬ ਸ੍ਰੀ ਅੰਮ੍ਰਿਤਸਰ ਅਤੇ ਹੋਰ ਗੁਰ ਅਸਥਾਨਾਂ ਦੀ ਯਾਤ੍ਰਾ ਵਾਸਤੇ ਆਏ, ਤਾਂ ਸੰਗਤ ਸਾਥ ਬਹੁਤ ਸੀ, ਇਸਤ੍ਰੀ ਪੁਰਸ਼ ਨਾਮ ਕੇ ਰਸੀਏ ਮਾਨੋ ਸੰਤ ਕੇ ਸਾਥ ਮਿਲ ਕਰ ਦੇਵੀਆਂ ਔਰ ਦੇਵਤੇ ਹੋ ਰਹੇ ਹਨ। ਸਭ ਹੀ ਭਜਨ ਦੀਆਂ ਮੂਰਤਾਂ ਦਿਖਾਈ ਦਿੰਦੀਆਂ ਹਨ। ਕੀਰਤਨ ਕਰਤੇ ਥਕਤੇ ਨਹੀਂ, ਭਾਵੇਂ ਕਿਤਨੀ ਰਾਤ੍ਰ ਹੋ

ਜਾਵੇ, ਅਰ ਕੀਰਤਨ ਸਮੇਂ ਪ੍ਰਸ਼ਾਦਿ ਕਾ ਖਿਆਲ ਭੀ ਨਹੀਂ ਕਰਤੇ, ਜੈਸੇ ਸ੍ਰੀ ਗੁਰਦੇਵ ਜੀ ਕਾ ਵਾਕ ਹੈ "ਬ੍ਰਹਮ ਗਿਆਨੀ ਕੈ ਨਾਮੁ ਅਧਾਰੁ" ਐਸੇ ਭਾਈ ਥਾਹਿਰਿਆ ਸਿੰਘ ਜੀ ਸੰਤ ਹਨ।

ਨੋਟ :—ਇਨਾਂ ਸੰਤਾਂ ਦੀ ਪਵਿਤ੍ਰ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਦੇ ਨੇੜੇ ਗਲੀ ਘੜਿਆਲੀਆਂ ਵਿੱਚ "ਸੰਤ ਥਾਹਿਰਿਆ ਸਿੰਘ ਨਿਵਾਸ ਅਸਥਾਨ" ਹੈ, ਜਿਸ ਵਿੱਚ ਗੁਰੂ ਬਾਬਾ ਜੀ ਦਾ ਪ੍ਰਕਾਸ਼ ਹੁੰਦਾ ਹੈ । ਇਹ ਅਸਥਾਨ ਸ੍ਰੀ ਮਤੀ ਰਾਧਾ ਬਾਈ ਜੀ, ਜੋ ਸੰਤਾਂ ਦੀ ਸੁਪੋਤ੍ਰੀ ਹਨ, ਨੇ ਸਿੰਧੀ ਯਾਤਰੂਆਂ ਦੇ ਸੁਖ ਅਰਾਮ ਲਈ ਕਾਇਮ ਕੀਤਾ ਹੈ। ਸੰਤਾਂ ਦੀ ਪਵਿੱਤਰ ਯਾਦ ਵਿਚ ਸ੍ਰੀ ਹਜੂਰ ਸਾਹਿਬ, ਗਵਾਲੀਅਰ, ਇੰਦੌਰ ਅਤੇ ਕਲਿਆਣ (ਬੰਬਈ) ਵਿਚ ਅਤੇ ਦੋ ਗੁਰਦੁਆਰੇ ਮਲੇਰ ਕੋਟਲੇ ਵਿਚ ਪ੍ਰੇਮੀਆਂ ਨੇ ਕਾਇਮ ਕੀਤੇ ਹੋਏ ਹਨ, ਜਿਥੇ ਹਰ ਸਾਲ ਆਪ ਦੀ ਬਰਸੀ ਵਾਲੇ ਦਿਨ ਉਤਸ਼ਾਹ ਸਹਿਤ ਅਖੰਡ ਪਾਠ ਸਮਾਗਮ ਹੁੰਦੇ ਹਨ।

## ਵਾਹਿਗੁਰੂ ਜੀ ਕੀ ਫਤ੍ਹੇ ਬੁਲਾਉਣ ਪਰ

ਇਕ ਵੇਰੀ ਭਾਈ ਪਾਲ ਸਿੰਘ ਦੇ ਨਾਮ ਦਾ ਇਕ ਸਜਨ ਲਹਿੰਦੇ ਦੇਸ ਕਿਸੇ ਆਪਣੇ ਨਿਜ ਦੇ ਕੰਮ ਲਈ ਗਿਆ, ਉਥੋਂ ਦੇ ਸਿੰਘਾਂ ਨੇ ਪੁੱਛਿਆ ਕਿ ਤੁਸੀਂ ਕਿਥੋਂ ਆਏ ਹੋ ? ਉਸ ਨੇ ਕਿਹਾ ਸ੍ਰੀ ਅੰਮ੍ਰਿਤਸਰ ਜੀ ਤੋਂ ਆਇਆ ਹਾਂ। ਫਿਰ ਪਿੰਡ ਵਾਲਿਆਂ ਨੇ ਪੁੱਛਿਆ ਕਿ ਤੁਸੀਂ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਜਾਣਦੇ ਹੋ ? ਉਸ ਨੇ ਜੁਆਬ ਦਿਤਾ : ਹਾਂ, ਜਾਣਦਾ ਹਾਂ, ਕਈ ਵੇਰ ਸੰਤਾਂ ਦੇ ਦਰਸ਼ਨ ਕੀਤੇ ਹਨ, ਬੜੇ ਮਹਾਂ ਪੁਰਸ਼ ਹਨ। ਪਿੰਡ ਵਾਲੇ ਸਿੰਘਾਂ ਨੇ ਕਿਹਾ ਕਿ ਹੁਣ ਤੁਸੀਂ ਜਦ ਸ੍ਰੀ ਅਮ੍ਰਿਤਸਰ ਜੀ ਜਾਓਗੇ ਤਾਂ ਸਾਡੇ ਵਲੋਂ ਉਨ੍ਹਾਂ ਨੂੰ ਹੱਥ ਜੋੜ ਕੇ ਸ੍ਰੀ ਵਾਹਿਗੁਰੂ ਜੀ ਕੀ ਫਤ੍ਹੇ ਬੁਲਾਵਣੀ।

ਭਾਈ ਪਾਲ ਸਿੰਘ ਜਦ ਮੁੜ ਕੇ ਸ੍ਰੀ ਅੰਮ੍ਰਿਤਸਰ ਜੀ

ਆਇਆ ਤਦ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਹਾਜ਼ਰ ਹੋਇਆ ਤੇ ਸੰਤਾਂ ਜੋਗ ਕਿਹਾ ਕਿ ਮੈਂ ਅਮਕੇ ਪਿੰਡ ਗਿਆ ਸਾਂ, ਉਥੋਂ ਦੇ ਪ੍ਰੇਮੀਆਂ ਨੇ ਆਪ ਜੋਗ ਫਤ੍ਹੇ ਗਜਾਈ ਹੈ। ਸੰਤ ਬਾਬਾ ਜੀ ਅੱਠੇ ਪਹਿਰ ਆਪਣੀ ਰਸਨਾ ਤੋਂ 'ਵਾਹਿਗੁਰੂ' 'ਵਾਹਿਗੁਰੂ' ਨਾਮ ਅਰਾਧਣ ਕਰਦੇ ਰਹਿੰਦੇ ਸਨ, ਸੰਤਾਂ ਨੇ ਭਾਈ ਪਾਲ ਸਿੰਘ ਦੇ ਬਚਨ ਦਾ ਕੋਈ ਉੱਤਰ ਨਾ ਦਿਤਾ, ਤੇ ਵਾਹਿਗੁਰੂ ਵਾਹਿਗੁਰੂ ਸਿਮਰਨ ਕਰਦੇ ਰਹੇ। ਭਾਈ ਪਾਲ ਸਿੰਘ ਨੇ ਫਿਰ ਸੰਤਾਂ ਪ੍ਰਤੀ ਕਿਹਾ ਕਿ ਮਹਾਰਾਜ ਜੀ, ਉਸ ਪਿੰਡ ਦੇ ਸਿੰਘ ਤਾਂ ਆਪ ਦੇ ਬੜੇ ਪ੍ਰੇਮੀ ਹਨ, ਉਨ੍ਹਾਂ ਨੇ ਆਪ ਜੋਗ ਫਤ੍ਹੇ ਗਜਾਈ ਹੈ ਪਰ ਆਪ ਅਗੋਂ ਬੋਲੇ ਹੀ ਨਹੀਂ ? ਸੰਤਾਂ ਨੇ ਕਿਹਾ ਹੇ ਗੁਰੂ ਦੇ ਪਿਆਰੇ, ਕੀ ਬੋਲੀਏ ਤੇਰੇ ਨਾਲ, ਤੂੰ ਚੰਗਾ ਸਾਡਾ ਮਿਤ੍ਰ ਹੈਂ, ਸਾਨੂੰ ਛਿੱਲੜ ਦੇਂਵਦਾ ਹੈਂ ਤੇ ਗਿਰੀ ਆਪ ਖਾਂਵਦਾ ਹੈਂ। ਉਸ ਨੇ ਕਿਹਾ ਜੀ ਮੈਂ ਆਪ ਦੀ ਗੱਲ ਨਹੀਂ ਸਮਝੀ। ਫੇਰ ਸੰਤਾਂ ਨੇ ਬਚਨ ਕੀਤਾ ਕਿ ਤੂੰ ਸਾਨੂੰ ਆਖਿਆ ਹੈ ਕਿ ਉਨ੍ਹਾਂ ਸਿੰਘਾਂ ਨੇ 'ਫਤ੍ਹੇ ਬੁਲਾਈ' ਸੀ, ਗੁਰੂ ਕੇ ਪਿਆਰੇ ਤੂੰ ਦੱਸ ਉਨ੍ਹਾਂ ਫਤ੍ਹੇ ਕਿਸ ਦੀ ਬੁਲਾਈ ਸੀ ? ਫੇਰ ਉਸ ਨੇ ਕਿਹਾ, ਜੀ 'ਸ੍ਰੀ ਵਾਹਿਗੁਰੂ ਜੀ ਕੀ ਫਤ੍ਹੇ' ਉਨ੍ਹਾਂ ਨੇ ਬੁਲਾਈ ਸੀ। ਤਾਂ ਸੰਤਾਂ ਨੇ ਬਚਨ ਕੀਤਾ ਕਿ ਸ੍ਰੀ ਵਾਹਿਗੁਰੂ ਨਾਮ ਜੋ ਗਿਰੀ ਹੈ, ਇਹ ਤਾਂ ਤੂੰ ਆਪਣੇ ਪਾਸ ਰੱਖ ਲੀਤੀ ਸਾਡੇ ਕੰਨਾਂ ਵਿੱਚ ਪਾਈ ਹੀ ਨਹੀਂ, ਖਾਲੀ ਫਤ੍ਹੇ ਜੋ ਛਿੱਲੜ ਹੈ ਉਹ ਸਾਨੂੰ ਦਿੱਤੀ ਹੈ, ਤੈਨੂੰ ਪਤਾ ਹੈ ਸ੍ਰੀ ਕਲਗੀਧਰ ਮਹਾਰਾਜ ਜੀ ਨੇ ਖਾਲਸੇ ਦਾ ਬੋਲਾ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤ੍ਹੇ' ਬਣਾਇਆ ਹੈ, ਹੁਣ ਜਦੋਂ ਤੁਸੀਂ ਉਸ ਨਗਰ ਜਾਓ, ਸਾਡੇ ਵਲੋਂ ਉਨ੍ਹਾਂ ਪ੍ਰੇਮੀਆਂ ਨੂੰ ਦੋਨੋਂ ਹਥ ਜੋੜਕੇ 'ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤ੍ਹੇ' ਬੁਲਾਵਣੀ।

# ਗੁਰਮੁਖੀ ਅੱਖਰਾਂ ਦਾ ਸਤਿਕਾਰ

ਗੁਰਪੁਰ ਵਾਸੀ ਸੰਤ ਬਲਵੰਤ ਸਿੰਘ ਜੀ ਕਨਖਲ ਵਾਲਿਆਂ ਨੇ ਦਸਿਆ ਸੀ ਕਿ ਬਾਬਾ ਜੀ ਦੇ ਹਿਰਦੇ ਵਿੱਚ ਗੁਰਮੁਖੀ ਅੱਖਰਾਂ ਵਾਸਤੇ ਬੜਾ ਸਤਿਕਾਰ ਸੀ। ਬਜ਼ਾਰ ਵਿੱਚ ਚਲਦਿਆਂ ਜਿਥੇ ਜਿਥੇ ਗੁਰਮੁਖੀ ਅੱਖਰਾਂ ਵਾਲੇ ਕਾਗਜ਼ ਡਿੱਗੇ ਪਏ ਮਿਲ ਜਾਵਨ ਤਾਂ ਉਨ੍ਹਾਂ ਨੂੰ ਚੁਕ ਲਿਆਉਂਦੇ ਸਨ । ਜੇ ਉਨ੍ਹਾਂ ਵਿੱਚ ਗੁਰਬਾਣੀ ਦੀਆਂ ਤੁਕਾਂ ਵਾਲੇ ਕਾਗਜ਼ ਹੁੰਦੇ ਤਾਂ ਦੁੱਖ ਤੇ ਅਫ਼ਸੋਸ ਪ੍ਰਗਟ ਕਰਦੇ ਕਿ ਗੁਰੂ ਕੇ ਸਿਖਾਂ ਦੇ ਹਿਰਦੇ ਵਿੱਚ ਗੁਰਬਾਣੀ ਦਾ ਸਤਿਕਾਰ ਕਿੰਨਾ ਘਟ ਗਿਆ ਹੈ।

# ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ

ਸੰਨ ੧੯੨੨ ਈ: ਤੋਂ ੧੯੨੫ ਈ: ਤਕ ਅਖੀਰਲੇ ਚਾਰ ਪੰਜ ਸਾਲ ਸੰਤ ਬਾਬਾ ਜੀ ਅਕਸਰ ਕਰਕੇ ਸਮਾਧੀ ਵਿੱਚ ਸਥਿਤ ਰਹਿੰਦੇ ਸਨ । ਇਸ ਕਰਕੇ ਵਾਰੀ ਵਾਰੀ ਕੁਝ ਚੋਣਵੇਂ ਸੇਵਾਦਾਰਾਂ ਦੀ ਡਿਉਟੀ ਦੋ ਦੋ ਘੰਟਿਆਂ ਵਾਸਤੇ ਲਗਾਈ ਜਾਂਦੀ ਸੀ, ਕਿਉਂਕਿ ਪਤਾ ਨਹੀਂ ਹੁੰਦਾ ਸੀ ਕਿ ਕਿਸ ਵੇਲੇ ਬਾਬਾ ਜੀ ਸਮਾਧੀ ਤੋਂ ਉਥਾਨ ਹੋਣਗੇ ਤੇ ਕਿਸ ਸੇਵਾ ਦੀ ਲੋੜ ਪੈ ਜਾਵੇਗੀ। ਜਦੋਂ ਗੁਰੂ ਦੇ ਬਾਗ ਦਾ ਮੋਰਚਾ ਲੱਗਾ ਹੋਇਆ ਸੀ, ਸੰਤ ਬਲਵੰਤ ਸਿੰਘ ਜੀ ਦੱਸਦੇ ਸਨ, ਕਿ ਉਦੋਂ ਮੈਂ ਅਕਾਲੀ ਤੇ ਪ੍ਰਦੇਸੀ ਅਖ਼ਬਾਰ ਵਿੱਚ ਨਿਤਾ ਪ੍ਰਤੀ ਮੋਰਚੇ ਦੇ ਸਮਾਚਾਰ ਪੜ੍ਹਦਾ ਹੁੰਦਾ ਸਾਂ । ਇਕ ਦਿਨ ਸਤ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਰਹਿਣ ਲਈ ਮੇਰੀ ਡਿਉਟੀ ਰਾਤ ਦੇ ਬਾਰ੍ਹਾਂ ਵਜੇ ਤੋਂ ਦੋ ਵਜੇ ਤਕ ਲਗਾਈ ਗਈ। ਜਦੋਂ ਮੈਂ ਆਪਣੀ ਆਦਤ ਅਨੁਸਾਰ ਰਾਤ ਨੂੰ ਅਖ਼ਬਾਰ ਪੜ੍ਹ ਰਿਹਾ ਸਾਂ, ਤਾਂ ਅਚਨਚੇਤ ਸੰਤਾਂ ਦੀ ਸਮਾਧੀ ਖੁਲ੍ਹੀ ਤੇ ਆਪ ਨੇ ਮੇਰੇ ਵੱਲ ਤੱਕਿਆ ਤੇ ਬਚਨ ਕੀਤਾ "ਭਤੂਆ ਤੂੰ ਭੁੱਲਿਆ ਹੋਇਆ ਹੈਂ, ਅੱਗੇ ਹੀ ਤੇਰੇ ਹਿਰਦੇ ਵਿੱਚ ਦੁਨੀਆਂ

ਵੜੀ ਹੋਈ ਹੈ, ਹੋਰ ਅਖ਼ਬਾਰ ਪੜ੍ਹਕੇ ਦੁਨੀਆਂ ਨੂੰ ਵਾੜ ਰਿਹਾ ਹੈਂ। ਇਸ ਸਮੇਂ ਤੈਨੂੰ ਚਾਹੀਦਾ ਹੈ ਸਾਰੇ ਸੰਕਲਪਾਂ ਵਿਕਲਪਾਂ ਨੂੰ ਤਿਆਗ ਕੇ ਮਨ ਨੂੰ ਨਾਮ ਸਿਮਰਨ ਵਿਚ ਜੋੜੇਂ, ਤੇ ਹੋਰ ਬਾਹਰ ਦੇ ਖਿਆਲਾਂ ਨੂੰ ਅੰਦਰ ਵਾੜਕੇ ਮਨ ਨੂੰ ਚੰਚਲ ਨਾ ਕਰੇਂ।" ਸੰਤਾਂ ਦੇ ਮੁਖੋਂ ਇਹ ਬਚਨ ਸੁਣਕੇ ਮੈਂ ਝਟ ਪਟ ਅਖ਼ਬਾਰ ਸੰਤਾਂ ਦੇ ਮੰਜੇ ਹੇਠ ਸੁੱਟਕੇ ਚੁਪ ਕਰਕੇ ਬੈਠ ਗਿਆ। ਸੰਤ ਫੇਰ ਸਮਾਧੀ ਵਿਚ ਹੋ ਗਏ। ਅੱਧੇ ਘੰਟੇ ਪਿਛੋਂ ਮੇਰੇ ਮਨ ਵਿੱਚ ਫਿਰ ਉਬਾਲ ਆ ਗਿਆ ਤੇ ਮੈਂ ਫਿਰ ਅਖ਼ਬਾਰ ਪੜ੍ਹਨ ਲੱਗ ਪਿਆ। ਸੰਤ ਬਾਬਾ ਜੀ ਨੇ ਪਾਸਾ ਪਰਤ ਕੇ ਮੈਨੂੰ ਫਿਰ ਤੱਕਿਆ ਤੇ ਕਿਹਾ: ਤੂੰ ਸਾਡਾ ਬਚਨ ਨਹੀਂ ਮੰਨਦਾ। ਉਸ ਵਕਤ ਮੇਰੀ ਡਿਉਟੀ ਖਤਮ ਹੋ ਚੁਕੀ ਸੀ, ਮੈਂ ਭਾਵੇਂ ਸੌਂ ਗਿਆ, ਪਰ ਉਨ੍ਹਾਂ ਦੇ ਇਹ ਬਚਨ ਹੁਣ ਤਕ ਮੇਰੇ ਕੰਨਾਂ ਵਿੱਚ ਗੂੰਜਦੇ ਹਨ।

## ਵਿਦਜਕ ਕਾਨਫ੍ਰੰਸ ਲਾਹੌਰ ਵਿਚ ਸ਼ਾਮਲ ਹੋਣਾ

ਸਰਦਾਰ ਬਸ਼ੇਸ਼ਰ ਸਿੰਘ ਜੀ ਗਰੇਵਾਲ ਦੱਸਦੇ ਸਨ ਕਿ ਇਕ ਦਿਨ ਸਰਦਾਰ ਸ਼ਿਵਦੇਵ ਸਿੰਘ ਜੀ ਉਬੇਰਾਇ ਸਿਆਲਕੋਟ ਵਾਲੇ, ਤੇ ਹੋਰ ਚੀਫ਼ ਖਾਲਸਾ ਦੀਵਾਨ ਦੇ ਮੁਖੀ ਸੰਤ ਬਾਬਾ ਜੀ ਦੀ ਧਰਮਸਾਲ ਵਿਚ ਆਏ, ਸੰਤਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਲਾਹੌਰ ਵਿਖੇ ਦਸਵੀਂ ਸਿਖ ਵਿਦਿਅਕ ਕਾਨਫਰੇਸ ੬, ੭, ੮ ਅਪ੍ਰੈਲ ੧੯੧੭ ਨੂੰ ਨਿਯਤ ਹੋਈ ਹੈ, ਆਪ ਕ੍ਰਿਪਾ ਕਰਕੇ ਉਥੇ ਦਰਸ਼ਨ ਦੇਵੋ। ਅਸੀਂ ਇਸ ਕਾਨਫ਼ਰੰਸ ਵਿਚ ਸ੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਵਾਸਤੇ ਮਤਾ ਪਾਸ ਕਰਨਾ ਹੈ। ਸੰਤਾਂ ਨੇ ਉੱਤਰ ਦਿਤਾ ਕਿ ਇਧਰ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੀ ਹਾਜ਼ਰੀ ਦੀ ਸੇਵਾ ਹੈ, ਉਧਰ ਆਪ ਸਾਧ ਸੰਗਤ ਦਾ ਹੁਕਮ ਭੀ ਮੋੜਿਆ ਨਹੀਂ ਜਾ ਸਕਦਾ। ਫਿਰ ਵਿਚਾਰ ਹੋਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਚਿੱਠੀਆਂ ਪਾਈਆਂ ਜਾਣ ਤੇ ਗੁਰੂ ਮਹਾਰਾਜ ਤੋਂ

ਫੈਸਲਾ ਲੀਤਾ ਜਾਵੇ । ਚਿਠੀਆਂ ਪਾਈਆਂ ਗਈਆਂ ਤੇ ਚਿਠੀ ਕਾਨਫਰੰਸ ਤੇ ਜਾਣ ਦੀ ਨਿਕਲੀ ਤਾਂ ਸੰਤ ਤਿਆਰ ਹੋ ਗਏ।

ਸੰਤਾਂ ਦੇ ਨਾਲ ੨੦ ਦੇ ਕਰੀਬ ਹੋਰ ਮਾਈ ਭਾਈ, ਜਿਨ੍ਹਾਂ ਵਿਚ ਭਾਈ ਠਾਕਰ ਸਿੰਘ ਗੁੰਥੀ, ਭਾਈ ਸਹਿਜ ਸਿੰਘ, ਭਾਈ ਸੰਤ ਸਿੰਘ ਬ੍ਰਿਧ, ਭਾਈ ਕਲਿਆਣ ਸਿੰਘ, ਭਾਈ ਗੋਬਿੰਦ ਸ਼ਾਹ ਸਿੰਘ ਅਤੇ ਸ. ਬਸੇਸ਼ਰ ਸਿੰਘ ਸਨ, ਸ਼ਾਮਲ ਹੋ ਕੇ ਨਾਲ ਗਏ।

ਇਹ ਕਾਨਫਰੰਸ ਸ. ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਦੀ ਪ੍ਰਧਾਨਗੀ ਹੇਠ, ਗੁਰਦੁਆਰਾ ਡੇਹਰਾ ਸਾਹਿਬ ਦੇ ਨੇੜੇ ਮਿੰਟੋ ਪਾਰਕ ਵਿਚ ਹੋਈ । ਸਭ ਤੋਂ ਪਹਿਲੇ ਧਾਰਮਕ ਦੀਵਾਨ ਵਿਚ ਗੁਰੂ ਮਹਾਰਾਜ ਦਾ ਇਹ ਹੁਕਮ ਆਇਆ ਸੀ :—

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥

ਸੰਤ ਗੁਰਬਖਸ਼ ਸਿੰਘ ਜੀ ਪਟਿਆਲੇ ਵਾਲੇ, ਸੰਤ ਬਾਬਾ ਜੀ ਨੂੰ ਬਾਹ ਦਾ ਸਹਾਰਾ ਦੇ ਕੇ ਪੰਡਾਲ ਵਿਚ ਲੈ ਗਏ । ਸੰਗਤਾਂ ਪ੍ਰਤੀ ਜ਼ੋਰਦਾਰ ਅੱਖਰਾਂ ਵਿਚ ਰੋਕ ਕੀਤੀ ਗਈ ਕਿ ਕੋਈ ਬੀ ਸੰਤਾਂ ਦੇ ਚਰਨਾਂ ਨੂੰ ਹੱਥ ਨਾ ਲਾਵੇ। ਸੰਤਾਂ ਨੂੰ ਪ੍ਰੈਜ਼ੀਡੈਂਟ ਦੇ ਨਾਲ ਸੁਨਹਿਰੀ ਕੁਰਸੀ ਪਰ ਬਿਠਾਇਆ ਗਿਆ । ੧੧ ਬਜੇ ਪੰਜਾਬ ਦਾ ਲਾਟ, ਸਰ ਮਾਈਕਲ ਓਡਵਾਇਰ ਪੰਡਾਲ ਵਿਚ ਆਇਆ : ਸਭ ਨੇ ਖੜੇ ਹੋ ਕੇ ਸੁਆਗਤ ਕੀਤਾ ਪਰ ਸੰਤ ਬੈਠੇ ਰਹੇ। ਸਰ ਸੁੰਦਰ ਸਿੰਘ ਜੀ ਮਜੀਠੀਆ ਨੇ ਲਾਟ ਸਾਹਿਬ ਨੂੰ ਦੱਸਿਆ ਕਿ ਇਹ ਮਹਾਤਮਾ ਸੰਤ ਬਾਬਾ ਜੀ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਹਨ ਤੇ ਸਿਖਾਂ ਵਿਚ ਪਰਮ ਸਨਮਾਨਤ ਮੁਖੀ ਸੰਤ ਹਨ, ਸਾਰਾ ਸਿਖ ਪੰਥ ਇਨ੍ਹਾਂ ਦਾ ਆਦਰ ਕਰਦਾ ਹੈ । ਇਹ ਗੱਲ ਸੁਣ ਕੇ ਲਾਟ ਸਾਹਿਬ ਨੇ ਟੋਪੀ ਉਤਾਰ ਕੇ ਸੰਤਾਂ ਨੂੰ ਸਤਿਕਾਰ ਭੇਟ ਕੀਤਾ । ਸੰਤ ਅਤਰ ਸਿੰਘ ਜੀ ਮਹਾਰਾਜ ਬੀ ਇਸ ਕਾਨਫਰੰਸ ਵਿਚ ਸ਼ਾਮਲ ਹੋਏ ਸਨ। ਦੂਜੇ ਦਿਨ ਬਾਬਾ ਜੀ ਡੇਹਰੇ ਸਾਹਿਬ ਦਰਸ਼ਨ ਕਰਕੇ ਵਾਪਸ ਅੰਮ੍ਰਿਤਸਰ ਆ ਗਏ।

# ਕਾਰ-ਸੇਵਾ ਸ੍ਰੀ ਦਰਬਾਰ ਸਾਹਿਬ

ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਸ੍ਰੀ ਸੁਧਾਸਰ (ਸ੍ਰੀ ਅੰਮ੍ਰਿਤ ਸਰੋਵਰ) ਦੀ ਪਹਿਲੀ ਕਾਰ-ਸੇਵਾ ਦੀ ਸਾਖੀ ਆਪਣੇ ਹਸਤ-ਲਿਖਤ ਗ੍ਰੰਥ 'ਸ੍ਰੀ ਭਗਤ ਪ੍ਰੇਮ-ਪ੍ਰਕਾਸ਼' ਵਿਚ ਲਿਖੀ ਹੈ। ਇਹ ਕਾਰ-ਸੇਵਾ ਮਹਾਰਾਜਾ ਸ਼ੇਰ ਸਿੰਘ ਜੀ ਦੇ ਸਮੇਂ ਹੋਈ ਸੀ ਤੇ ਇਸ ਸੇਵਾ ਵਿਚ ਗਾਰ ਦੀ ਪਵਿੱਤਰ ਟੋਕਰੀ ਚੁਕਣ ਵਿਚ ਆਪ ਜੀ ਸਮੇਤ ਆਪਣੇ ਵੱਡੇ ਮਹਾਂ ਪੁਰਸ਼, ਸ੍ਰੀਮਾਨ ਸੰਤ ਭਾਈ ਰਾਮ ਸਿੰਘ ਦੇ, ਸ਼ਾਮਲ ਹੋਏ ਸਨ। ਆਪ ਨੇ ਲਿਖਿਆ ਹੈ ਕਿ 'ਬੇਅੰਤ ਗੁਣੀ, ਗਿਆਨੀ, ਸੰਤ, ਪਰਮ ਹੰਸ, ਰਾਜੇ, ਸਰਦਾਰ, ਦੁਸ਼ਾਲੇ ਮੋਂ ਕਾਰ ਪਾਇ ਕਰ ਪ੍ਰਸੰਨਤਾ ਸਹਿਤ ਸੀਸ ਪਰ ਉਠਾਵਤੇ ਭਏ। ਹੋਰ ਦੇਸ਼ ਦੇਸ਼ਾਂਤਰਾਂ ਸੇ ਬੇ-ਸ਼ੁਮਾਰ ਪ੍ਰੀਤਵਾਨ ਤੇ ਹੋਰ ਭੇਖਾਂ ਦੇ ਸਾਧੂ ਵੀ, ਜਿਨ੍ਹਾਂ ਵਿਚ ਸੇਵਾ-ਪੰਥੀ, ਨਿਰਮਲੇ, ਨਿਹੰਗ, ਸੁਥਰੇ ਭਾਵ ਚਾਰ ਵਰਣ, ਚਾਰ ਆਸ਼ਰਮ ਸ੍ਰੀ ਸੁਧਾਸਰ ਜੀ ਦੀ ਕਾਰ-ਸੇਵਾ ਕਰ ਰਹੇ ਥੇ।' ਸ੍ਰੀ ਗੁਰੂ ਰਾਮਦਾਸ ਜੀ ਦੀ ਉਸ ਮਹਾਨ ਕਾਰ-ਸੇਵਾ ਦੀ ਵਡਿਆਈ ਬਾਬਤ, ਆਪ ਜੀ ਲਿਖਦੇ ਹਨ :–

'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ।'

ਸੰਤ ਬਾਬਾ ਜੀ ਆਪਣੀ ਅਖ਼ੀਰਲੀ ਅਵਸਥਾ ਵਿਚ, ਕਿਤਨੇ ਸਮੇਂ ਤੋਂ ਇਹ ਉੱਦਮ ਕਰ ਰਹੇ ਸਨ ਕਿ ਸ੍ਰੀ ਦਰਬਾਰ ਸਾਹਿਬ ਜੀ ਦੀ ਕਾਰ-ਸੇਵਾ ਕੀਤੀ ਜਾਏ, ਪ੍ਰੰਤੂ ਏਥੇ ਪੁਜਾਰੀਆਂ ਦਾ ਕਬਜ਼ਾ ਹੋਣ ਦੇ ਕਾਰਨ ਢਿੱਲ ਪੈਂਦੀ ਰਹੀ। ਜਦੋਂ ਇਹ ਪ੍ਰਬੰਧ ਅਕਾਲੀ ਲਹਿਰ ਦੇ ਪਿਛੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਵਿਚ ਆਇਆ, ਤਾਂ ਸਤਾਰਾਂ ਜੂਨ ਉਨੀ ਸੌ ਤੇਈ ੧੭-੬-੧੯੨੩ ਮੁਤਾਬਕ ਚਾਰ ਹਾੜ ਸੰਮਤ ੧੯੮੦, ਦਿਨ ਐਤਵਾਰ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੀ ਦੂਸਰੀ ਪਵਿੱਤਰ ਕਾਰ-ਸੇਵਾ ਆਰੰਭ ਕੀਤੀ ਗਈ। ਇਸ ਸੇਵਾ ਵਿਚ ਲੱਖਾਂ ਗੁਰੂ ਕੇ

ਸਿਖ, ਪ੍ਰੇਮੀ ਮਾਈ-ਭਾਈ, ਸਿਖ ਪੰਥ ਦੇ ਬੇ-ਸ਼ੁਮਾਰ ਸੰਤ, ਮਹੰਤ ਅਤੇ ਗੁਰੂ ਨਾਨਕ ਨਾਮ ਲੇਵਾ ਸਰਬੱਤ ਸ਼ਰੇਣੀਆਂ ਸ਼ਾਮਲ ਹੋਈਆਂ ਸਨ। ਰਾਜੇ ਮਹਾਰਾਜੇ, ਰਈਸ ਅਤੇ ਸਰਦਾਰ, ਆਪਣੇ ਧੰਨ ਭਾਗ ਜਾਣ ਕੇ ਸੀਸ ਉੱਪਰ ਕਾਰ ਦੀ ਟੋਕਰੀ ਚੁੱਕ ਰਹੇ ਸਨ। ਇਸ ਕਾਰ-ਸੇਵਾ ਦੇ ਆਰੰਭ ਕਰਨ ਲਈ ਜੋ ਗੁਰੂ ਪੰਥ ਵਲੋਂ ਪੰਜ-ਪਿਆਰੇ ਚੁਣੇ ਗਏ, ਉਹਨਾਂ ਵਿਚੋਂ ਸ੍ਰੀਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਜਥੇਦਾਰ ਥਾਪਿਆ ਗਿਆ ਸੀ। ਉਸ ਸਮੇਂ ਆਪ ਜੀ ਦੀ ਸਰੀਰਕ ਆਯੂ ਲਗ ਪਗ ੧੨੦ ਵਰਸ਼ ਦੀ ਸੀ। ਸਰੀਰ ਇਤਨਾ ਬਿਰਧ ਸੀ ਕਿ ਆਪਣੇ ਆਪ ਖਲੋ ਭੀ ਨਹੀਂ ਸਕਦੇ ਸਨ, ਪਰ ਤਾਂ ਭੀ ਇਕ ਪਰੇਮੀ ਦੇ ਮੋਢੇ ਤੇ ਹੱਥ ਰੱਖ ਕੇ ਆਪ ਜੀ ਨੇ ਸੋਨੇ ਦੀ ਕਹੀ ਨਾਲ ਸਭ ਤੋਂ ਪਹਿਲਾਂ ਕਾਰ-ਸੇਵਾ ਦਾ ਟੱਕ ਲਗਾਇਆ ਤੇ ਚਾਂਦੀ ਦੇ ਬਾਟੇ ਵਿਚ ਗਾਰ ਪਾਕੇ ਸੀਸ ਉੱਪਰ ਚੁੱਕੀ, ਤੇ ਆਪਣੇ ਆਪ ਨੂੰ ਵਡਭਾਗੀ ਜਾਣਿਆ।

ਸ੍ਰੀ ਮਾਨ ਬਾਬਾ ਹਰਨਾਮ ਸਿੰਘ ਜੀ ਚਾਵਲਾਂ ਵਾਲਿਆਂ ਨੂੰ, ਉਹਨਾਂ ਦੀ ਅਣਥੱਕ ਸੇਵਾ ਦੇ ਸਦਕੇ ਕਾਰ-ਸੇਵਾ ਦੇ ਗੁਰੂ-ਕੇ-ਲੰਗਰ ਦਾ ਜਥੇਦਾਰ ਥਾਪਿਆ ਗਿਆ ਸੀ। ਇਸ ਸੇਵਾ ਦੇ ਸਮੇਂ ਲਗ ਪਗ ਦੋ ਹਜ਼ਾਰ ਬੋਰੀ ਰੋਜ਼ਾਨਾ ਆਟਾ ਪਕਦਾ ਸੀ। ਸ੍ਰੀ ਦਰਬਾਰ ਸਾਹਿਬ ਵੱਲ ਆਉਣ ਦੇ ਸਾਰਿਆਂ ਰਸਤਿਆਂ ਵਿਚ ਵੱਖੋ ਵੱਖ ੩੬ ਜਗ੍ਹਾ ਗੁਰੂ ਕੇ ਲੰਗਰ ਖੁੱਲੇ ਹੋਏ ਸਨ, ਜਿਨ੍ਹਾਂ ਵਿਚ ਲੱਖਾਂ ਮਾਈ-ਭਾਈ ਪ੍ਰਸ਼ਾਦ ਛਕਦੇ ਸਨ।

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਜੀਵਨ-ਸਮਾਚਾਰ ਦੇ ਸੰਚੇ ਵਿਚ ਲੇਖਕ ਦੇ ਪਾਸ ਇਕ, ਲਗ ਪਗ ਪੰਜਾਹ ਸਾਲ ਦੀ, ਹਸਤ-ਲਿਖਤ ਕਾਪੀ ਮੌਜੂਦ ਹੈ, ਜਿਹੜੀ ਕਿ ਭਾਈ ਹਰਨਾਮ ਸਿੰਘ ਮਨੋਹਰ, ਸੁਖੋ (ਰਾਵਲਪਿੰਡੀ) ਵਾਲੇ, ਜੋ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਦਫਤਰ ਦੇ ਸੁਪਰਿਨਟੈਂਡੈਂਟ ਸਨ, ਦੀ ਲਿਖੀ ਹੋਈ ਹੈ। ਆਪ ਨੇ ਇਸ ਕਾਪੀ ਵਿਚ ਇਸ ਪਵਿਤਰ ਕਾਰ-ਸੇਵਾ ਦੇ

ਸਮਾਚਾਰ ਇਸ ਪ੍ਰਕਾਰ ਲਿਖੇ ਹਨ :-

## ਨਕਲ ਸਫ਼ਾ ੨੮-੩੦

"ਇਹ ਸਾਖੀ ਨੇਤ੍ਰੀਂ ਵੇਖੀ ਲਿਖੀ। ਸੰਮਤ ੧੯੮੦-੮੧ ਮੇਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਕੀ ਕਾਰ-ਸੇਵਾ ਹੋਈ ਹੈਸੀ। ਸ੍ਰੀ ਅੰਮ੍ਰਿਤ ਸਰੋਵਰ ਵਿਖੇ ਇਕ ਜਵਾਨ ਜੱਟ ਨੇ ਸ੍ਰੀ ਨਿਸ਼ਾਨ ਸਾਹਿਬੋਂ ਕੀ ਓਰ ਸੇ ਸਿਰ ਕੇ ਬਲ ਛਾਲ ਲਗਾਈ। ਦਾਸ ਸ੍ਰੀ ਦਰਬਾਰ ਸਾਹਿਬ ਕਮੇਟੀ ਦਫਤਰ ਮੇਂ ਸੁਪ੍ਰਿੰਟੈਂਡੈਂਟ ਕੀ ਸੇਵਾ ਮੇਂ ਸੀ। ਸੋ ਤਿਸਕੋ ਪ੍ਰਿਥਮ ਵੇਖ ਕਰ ਮਨ੍ਹੈ ਭੀ ਕਰਾ, ਪ੍ਰੰਤੂ ਉਹ ਚਿੜ੍ਹ ਗਿਆ, ਪਰ ਜਲ ਮੇਂ ਅੰਮ੍ਰਿਤ ਸਰੋਵਰ ਵਿਖੇ ਲੋਪ ਹੀ ਹੋਇ ਰਹਿਆ। ਤਿਸਕੋ ਦਾਸ ਨੇ ਸੇਵਾਦਾਰ ਮਜ਼ਹਬੀ ਜੋ ਬਲੀ ਟੋਭਾ ਥਾ ਬੀਚ ਸੇ ਕਢਣੇ ਕੋ ਉਤਾਰਾ, ਪ੍ਰੰਤੂ ਵੁਹ ਨਾ ਮਿਲਾ, ਹੋਰ ਪੁਰਸ਼ ਤਲਾਸ਼ ਕੋ ਉਤਾਰਾ, ਤੋ ਕਾਰ ਕੀਚੜ ਕੇ ਬੀਚ ਸੇ ਖੈਂਚ ਕਰ ਨਿਕਾਲਿਆ। ਤੋ ਲੇਥੂ ਪੇਥੂ ਮੂਆ ਹੀ ਨਿਕਲਾ, ਜਿਸ ਪਰ ਦਾਸ ਕੋ ਸੰਕਲਪ ਹੂਆ, ਕਿ ਇਤਨੀ ਗਾਰ ਐਸੇ ਪਾਵਨ ਸਰੋਵਰ ਮੇਂ ਕਿਉਂ ਹੋਣੀ ਚਾਹੀਏ। ਸੋ ਮੁਝ ਦਾਸ [ਹਰਨਾਮ ਸਿੰਘ ਮਨੋਹਰਿ, ਸੁਖੋ (ਰਾਵਲਪਿੰਡੀ)] ਨੇ ਮੈਨੇਜਰ ਸੁੰਦਰ ਸਿੰਘ ਜੀ ਰਾਮਗੜੀਏ ਜੀ ਕੋ ਕਹਾ, ਤਉ ਉਨ੍ਹਾ ਕਿਹਾ ਮੇਰਾ ਪਿਤਾ ਮੈਨੇਜਰ, ਬੀ ਮਰਤੀ ਬੇਰ ਕਹਿ ਗਿਆ ਸੀ, ਸੋ ਹੁਣ ਕਾਰ-ਸਰੋਵਰ ਕਮੇਟੀ ਪ੍ਰੇਮੀ ਸਿੰਘਾਂ ਦੀ ਬੁਲਾਇ ਕਰ ਇਹ ਕਾਰ ਸੇਵਾ ਜ਼ਰੂਰ ਕਰਾਵੀਏ। ਸੋ ਭਾਈ ਰਾਮ ਸਿੰਘ ਜੀ ਹਕੀਮ, ਬਾਬਾ ਹਰਿਨਾਮ ਸਿੰਘ ਜੀ, ਡਾਕਟਰ ਭਗਵਾਨ ਸਿੰਘ ਅਤੇ ਡਾਕਟਰ ਸੁਚਾ ਸਿੰਘ ਜੀ ਦੋਨੋਂ ਪੋਠੋਹਾਰ ਕੇ, ਜੋ ਇਥੇ ਰਹਿੰਦੇ ਸੇ, ਤਿਨ੍ਹਾਂ ਸੰਗ ਸਲਾਹ ਕਰਕੇ ਹੋਰ ਪ੍ਰੇਮੀ ਸਿੰਘਾਂ ਦੀ ਕਮੇਟੀ ਬਣਾਈ, ਅਰ ਸ੍ਰੀ ਸੰਤ ਸ਼ਾਮ ਸਿੰਘ ਜੀ, ਸ਼ਾਂਤ ਆਤਮਾ ਬ੍ਰਹਮ ਗਿਆਨੀ ਨਿਰਮਾਨ, ਕੀਰਤਨ ਕੇ ਰਸੀਏ, ਮਹਾਨ ਪਰਉਪਕਾਰੀ ਜੀ ਨੂੰ ਪ੍ਰਧਾਨ

ਚੁਣਿਆ। ਤਿਨਾਂ ਸੰਗ ਹੋਰ ਚਾਰ ਪਿਆਰੇ (੧) ਸੰਤ ਗੁਲਾਬ ਸਿੰਘ ਜੀ, (੨) ਹੈੱਡ ਗ੍ਰੰਥੀ ਜੀ (੩) ਪ੍ਰਧਾਨ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ (੪) ਸ: ਤੇਜਾ ਸਿੰਘ ਜੀ ਸਮੁੰਦਰੀ, ਚੁਣੇ ਗਏ; ਜਿਨ੍ਹਾਂ ਨੇ ਕਾਰ-ਸੇਵਾ ਆਰੰਭ ਕਰੀ ! ਸੋਨੇ ਦੀਆਂ ਕਹੀਆਂ, ਚਾਂਦੀ ਦੇ ਦਸਤੇ, ਚਾਂਦੀ ਦੇ ਪੰਜ ਬਾਟੇ ਪੰਜ ਪਿਆਰੇ ਲੀਏ ਹੂਏ ਸੇ। ਇਹ ਸੋਨਾ ਚਾਂਦੀ ਸੰਗਤਾਂ ਆਪਣੇ ਆਪ, ਦਫਤਰ ਜੋ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਦਰਵਾਜੇ ਦੇ ਪਾਸ ਹੈਸੀ, ਤਿਸ ਮੇਂ ਬੇਅੰਤ ਦੇਇ ਕਰ ਢੇਰ ਲਗਾਇ ਜਾਂਦੇ ਹੋਏ। ਸੋ ਤਿਸਕੀ ਕਹੀਆਂ, ਬਾਟੇ ਬਨਵਾਇ ਕਰ ਬਾਕੀ ੩੦ ਸੇਰ ਚਾਂਦੀ ਅਰ ਕੁਝ ਸੋਨਾ ਬਚ ਭੀ ਰਿਹਾ, ਜੋ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਆ ਗਿਆ। ਸੋ ੧੭ ਜੂਨ (੧੯੨੩) ਚਾਰ ਹਾੜ ਕਾ ਮਹੀਨਾ, ੧੯੮੦ ਬਿ:, ਐਤਵਾਰ ਮੇਂ ਕਾਰ ਸੇਵਾ ਹੋਈ। ਸਾਢੇ ਛੇ ਲੱਖ ਸੇ ਉਪਰ ਸੰਗਤਾਂ ਕੀ ਭੀੜ ਸੇਵਾ ਕਰਤੀ ਰਹੀ, ਦੋ ਮਹੀਨੇ ਮੇਂ ਸੇਵਾ ਪੂਰੀ ਹੋਈ। ਤਿਸੀ ਸਮੇਂ ਜਬ ਅੰਮ੍ਰਿਤ ਆਧੇ ਸਰੋਵਰ ਕਾ ਬੰਧ ਬੀਚ ਮੇਂ ਲਗਾਇ ਕਰ ਨਿਕਾਲਨਾ ਕਰਾ, ਤੋ ਬਹੁਤ ਥੋੜਾ ਨਿਕਲ ਸਕੈ ਤੋ ਚਿੰਤਾ ਹੋਈ। ਤੋ ਉਨ੍ਹੀ ਦਿਨੀਂ ਸ੍ਰੀ ਸੰਤ ਭਾਈ ਅਤਰ ਸਿੰਘ ਜੀ ਮਹਾਨ ਤਿਆਗੀ, ਵੈਰਾਗੀ, ਤਤ ਬੇਤੇ ਬ੍ਰਹਮ ਸਰੂਪ ਜੀ, ਤਿਨ ਕੋ ਹੋਰ ਬਡੇ ਪਹੁੰਚ ਵਾਲੇ ਸੰਤ ਭੀ ਬਡੇ ਸੰਤ ਕਿਹਾ ਕਰਦੇ ਸੇ, ਪੰਦਰਾਂ ਸੰਤਾਂ ਸਿੰਘਾਂ ਸਣੇ ਆਨ ਕਰ ਗੁਪਤ ਸੇਵਾ ਹੰਸਲੀ ਕੀ, ਜੋ ਗੁਪਤ ਹੋਈ ਹੋਈ ਸੀ, ਕਰਵਾਇ ਕਰ ੧੫ ਦਿਨਾਂ ਮੇਂ ਮਾਨਾਂਵਾਲੀਆਂ ਦੇ ਬੁੰਗੇ ਦੇ ਅੰਦਰ ਸੇ ਸ ਫ ਕਰਕੇ ਥਲੇ ਝਾੜ ਮੋਘਾ ਵਡਾ ਖੋਹਲ ਕਰ, ਅੰਮ੍ਰਿਤ ਕੌਲ ਸਰ ਵਲ ਨਿਕਾਲ ਦੀਆ, ਵਰਨਾ ਪ੍ਰਬੰਧਕ ਘਬਰਾਏ ਹੋਏ ਸੀ, ਖੋਜ ਕਰ ਥਕੇ, ਕਿਸੇ ਨੂੰ ਕੋਈ ਤਦਬੀਰ ਕਾਰਗਰ ਨਜ਼ਰ ਨਹੀਂ ਆਂਵਦੀ ਸੀ। ਸ੍ਰੀ ਸੰਤ ਸ਼ਾਮ ਸਿੰਘ ਜੀ ਨੂੰ ਕਿਸੇ ਨੇ ਨਹੀਂ ਸੀ ਬੇਨਤੀ ਕਰੀ। ਤਿਸੀ ਸਮੇਂ ਸੰਤ ਸ਼ਾਮ ਸਿੰਘ ਜੀ ਭੀ ਪੂਰਨ

ਬ੍ਰਹਮ ਗਿਆਨੀ ਹੀ ਸੇ । ਧਿਆਇ ਤੀਜਾ ਸੰਪੂਰਨ ਹੂਆ ।

ਨੋਟ—ਦਾਸ (ਲੇਖਕ ਪ੍ਰੇਮ ਸਿੰਘ) ਉਸ ਸਮੇਂ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀਉ ਦੀ ਸੇਵਾ ਵਿਚ ਆਪ ਜੀ ਦੇ ਡੇਰੇ (ਧਰਮਸਾਲਾ ਸ੍ਰੀ ਗੁਰੂ ਨਾਨਕ ਸਾਹਿਬ, ਆਟਾ ਮੰਡੀ, ਸ੍ਰੀ ਅੰਮ੍ਰਿਤਸਰ) ਵਿਚ ਰਹਿੰਦਾ ਸੀ ਤੇ ਇਸ ਪਵਿੱਤਰ ਕਾਰ-ਸੇਵਾ ਵਿਚ ਹਾਜ਼ਰੀ ਭਰੀ ਸੀ । ਮਹਾਰਾਜਾ ਭੂਪਿੰਦਰ ਸਿੰਘ, ਰਿਆਸਤ ਪਟਿਆਲਾ, ਨੂੰ ਸ੍ਰੀ ਅੰਮ੍ਰਿਤ ਸਰੋਵਰ ਵਿਖੇ ਸਾਰੇ ਰੇਸ਼ਮੀ ਕਪੜੇ ਪਵਿੱਤਰ ਗਾਰ ਨਾਲ ਭਰੇ ਹੋਇਆਂ, ਸੀਸ ਉਪਰ ਗਾਰ ਦੀ ਟੋਕਰੀ ਚੁੱਕ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਰਸਤੇ ਬਾਹਰ ਨਿਕਲਦਿਆਂ ਆਪਣੇ ਅੱਖੀਂ ਵੇਖਿਆ ਸੀ ।

ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਤੀਸਰੀ ਕਾਰ ਸੇਵਾ, ਦੂਸਰੀ ਕਾਰ-ਸੇਵਾ ਨਾਲੋਂ ਲਗ ਪਗ ੫੦ ਸਾਲ ਪਿਛੋਂ ੩੧ ਮਾਰਚ ੧੯੭੩ ਨੂੰ ਆਰੰਭ ਕੀਤੀ ਗਈ ਜੋ ਪੰਜ ਪਿਆਰੇ ਇਸ ਕਾਰ ਸੇਵਾ ਵਿਚ ਚੁਣੇ ਗਏ ਉਨ੍ਹਾਂ ਦੇ ਸ਼ੁਭ ਨਾਮ ਏਹ ਹਨ :–

੧. ਸੰਤ ਬਾਬਾ ਜੀਵਣ ਸਿੰਘ ਜੀ ਜਥੇਦਾਰ ।

੨. ਸੰਤ ਬਾਬਾ ਖੜਗ ਸਿੰਘ ਜੀ, ਡੇਰਾ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਵਾਲੇ ।

੩. ਸੰਤ ਬਾਬਾ ਸੇਵਾ ਸਿੰਘ ਜੀ ਕਿਲ੍ਹਾ ਆਨੰਦ ਗੜ੍ਹ, ਅਨੰਦ ਪੁਰ ਸਾਹਿਬ ਵਾਲੇ ।

੪. ਸੰਤ ਮਹਿੰਦਰ ਸਿੰਘ ਜੀ ਹਰਖੋਵਾਲ ਵਾਲੇ ।

੫. ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ।

## ਸੰਤ ਬਾਬਾ ਜੀਵਣ ਸਿੰਘ ਜੀ

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ ਵਿਚ ਲਿਖਿਆ ਹੈ ਕਿ ਸੰਤ (ਬਾਬਾ) ਭਾਈ ਗੁਰਮੁਖ ਸਿੰਘ ਜੀ ਦੇ ਸੇਵਕ ਗ੍ਰਿਹਸਤੀ ਭੀ ਤੇ ਤਿਆਗੀ ਭੀ

ਬਹੁਤ ਹਨ, ਜੋ ਪਾਰਸ-ਰੂਪੀ ਸੰਤਾਂ ਦੇ ਪ੍ਰਤਾਪ ਨਾਲ ਕੰਚਨ ਵਤ ਹੋ ਰਹੇ ਹਨ। ਸੰਤ ਬਾਬਾ ਜੀਵਣ ਸਿੰਘ ਜੀ ਭੀ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਵਰੋਸਾਏ ਹੋਏ ਹਨ। ਇਹਨਾਂ ਨੂੰ ਵੱਡੇ ਸੰਤਾਂ ਨੇ ਜਥੇਦਾਰ ਥਾਪ ਕੇ ਲਗ-ਪਗ ਪੰਜ ਵਰ੍ਹੇ ਆਪਣੇ ਨਾਲ ਸ੍ਰੀ ਨਨਕਾਣਾ ਸਾਹਿਬ ਸੇਵਾ ਵਿਚ ਲਗਾਈ ਰੱਖਿਆ, ਉਪਰੰਤ ਸੰਤਾਂ ਦੇ ਨਾਲ ਆਪ ਜੀ ਬਹੁਤ ਸਮਾਂ ਸ੍ਰੀ ਮੁਕਤਸਰ ਸਾਹਿਬ ਸੇਵਾ ਵਿਚ ਰਹੇ ਸਨ। ਸੰਤਾਂ ਦੇ ਗੁਰਪੁਰੀ ਸਿਧਾਰਨ ਦੇ ਪਿਛੋਂ ਜਥੇਦਾਰ ਦਲੀਪ ਸਿੰਘ ਜੀ ਦੇ ਨਾਲ ਮਿਲਕੇ ਤੇ ਉਹਨਾਂ ਦੇ ਪਿਛੋਂ ਬਹੁਤ ਇਤਿਹਾਸਕ ਗੁਰਦਵਾਰਿਆਂ ਤੇ ਸਰੋਵਰਾਂ ਦੀ ਸੇਵਾ ਸਤਿਗੁਰੂ ਪਾਤਿਸ਼ਾਹ ਜੀ ਨੇ ਇਨ੍ਹਾਂ ਕੋਲੋਂ ਕਰਵਾਈ, ਜਿਨ੍ਹਾਂ ਦਾ ਵੇਰਵਾ ਇਥੇ ਦੇਣਾ ਕਠਨ ਹੈ।

ਸ੍ਰੀ ਕਲਗੀਧਰ ਮਹਾਰਾਜ ਜੀ ਨੇ, ਜੋ ਸੇਵਾ ਇਨ੍ਹਾਂ ਪਾਸੋਂ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਇਤਿਹਾਸਕ ਗੁਰਦਵਾਰਿਆਂ ਦੀ ਤੀਰਥ ਯਾਤਰਾ ਵਿਚ ਸਹੂਲਤ ਪੈਦਾ ਕਰਨ ਲਈ ਕਰਵਾਈ ਹੈ, ਉਹ ਇਕ ਅਦੁਤੀ ਮਹਾਨ ਪੰਥਕ ਸੇਵਾ ਹੈ। ਗੋਦਾਵਰੀ ਤੇ ੧੦੦੦ ਫੁਟ ਲੰਬਾ ਪੁਲ, ਗੁ: ਸ਼ਿਕਾਰ-ਘਾਟ ਦੀ ਨਵੀਂ ਉਸਾਰੀ, ਜਿਸ ਦੇ ਅੰਦਰ ਬਾਹਰ ਸਾਰੇ ਪਾਸੇ ਸਫੈਦ ਸੰਗ ਮਰਮਰ ਸ਼ੋਭ ਰਿਹਾ ਹੈ, ਨਾਲ ਸੁੰਦਰ ਸਰੋਵਰ ਬਣਾਇਆ ਗਿਆ ਹੈ; ਗੋਦਾਵਰੀ ਦੇ ਪਰਲੇ ਪਾਸੇ ੧੧-੧੨ ਨਾਲਿਆਂ ਉੱਪਰ ਪੁਲੀਆਂ ਤੇ ਪੁਲ ਪੱਕੀਆਂ ਸੜਕਾਂ ਬਣਾਈਆਂ ਗਈਆਂ ਹਨ—ਇਸ ਸੇਵਾ ਤੇ ਲੱਖਾਂ ਰੁਪਏ ਗੁਰੂ ਸੰਗਤਾਂ ਨੇ ਇਹਨਾਂ ਦੀ ਅਤੇ ਗੁਰਪੁਰਵਾਸੀ ਜਥੇਦਾਰ ਦਲੀਪ ਸਿੰਘ ਜੀ ਦੀ ਅਗੁਵਾਈ ਵਿਚ ਸਫਲ ਕੀਤੇ ਸਨ।

ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰੋਵਰ ਅਤੇ ਅੰਮ੍ਰਿਤਸਰ ਦੇ ਬਾਕੀ ਸਾਰੇ ਸਰੋਵਰਾਂ ਦੀ ਕਾਰ-ਸੇਵਾ, ਜਿਸ ਪ੍ਰੇਮ, ਉਤਸ਼ਾਹ ਤੇ ਤੇਜ਼ੀ ਨਾਲ ਇਹਨਾਂ ਸੰਤਾਂ ਦੀ ਅਗੁਵਾਈ ਵਿਚ ਕੀਤੀ ਗਈ ਹੈ, ਉਸਨੇ ਪੁਰਾਤਨ ਸਿੱਖ ਰਵਾਇਤਾਂ ਨੂੰ ਨਵੇਂ

ਸਿਰਿਓਂ ਸੁਰਜੀਤ ਕਰ ਦਿਤਾ ਹੈ।

ਜਿਨ੍ਹਾਂ ਅਨਮਤੀਆਂ ਨੇ ਗੁਰੂ ਕੇ ਸਿੱਖਾਂ ਨੂੰ ਇਹ ਸੇਵਾ ਕਰਦਿਆਂ ਅੱਖੀਂ ਵੇਖਿਆ ਸੀ, ਉਹ ਗੁਰਸਿੱਖੀ ਪਿਆਰ ਤੇ ਸਿਦਕ ਵੇਖ ਕੇ ਚਕ੍ਰਿਤ ਹੋ ਹੋ ਜਾਂਦੇ ਸਨ। ਇਨ੍ਹਾਂ ਸਾਰੇ ਸਰੋਵਰਾਂ ਦੇ ਪੌੜਾਂ ਵਿਚ ਬਜਰੀ ਤੇ ਸਰੀਏ ਦੇ ਜਾਲ ਵਿਛਾ ਕੇ ਐਸੀ ਮਜ਼ਬੂਤੀ ਕੀਤੀ ਗਈ ਹੈ, ਤਾਂ ਜੋ ਸੈਂਕੜੇ ਬਰਸ ਮੁਰਮਤ ਕਰਨ ਦੀ ਲੋੜ ਹੀ ਨਾ ਪਵੇ। ਸ੍ਰੀ ਸੰਤੋਖਸਰ ਸਾਹਿਬ ਜੀ ਦੀ ਨਵੀਂ ਉਸਾਰੀ, ਜਿਸ ਸਕੀਮ ਅਨੁਸਾਰ ਹੁਣੇ ਹੁਣੇ ਸੰਪੂਰਨ ਕੀਤੀ ਗਈ ਹੈ, ਉਹ ਵੇਖ ਕੇ ਗੁਰੂ ਸੰਗਤਾਂ ਗਦ ਗਦ ਹੋ ਰਹੀਆਂ ਹਨ ਤੇ ਉਹਨਾਂ ਦੇ ਮੁਖੋਂ ਝਿਹ ਗੁਰਵਾਕ ਸਹਿਜ-ਸੁਭਾ ਹੀ ਨਿਕਲ ਜਾਂਦਾ ਹੈ:— "ਧੰਨੁ ਸੇਵਾ ਸੇਵਕੁ ਪਰਵਾਨ ॥"

"ਧੰਨੁ ਸੇਵਕੁ ਸਫਲੁ ਓਹੁ ਆਇਆ
ਜਿਨਿ ਨਾਨਕ ਖਸਮੁ ਪਛਾਤਾ ॥"

## ਗੁਰੂ ਕੇ ਬਾਗ ਦਾ ਮੋਰਚਾ

ਜਦ ਗੁਰੂ ਕੇ ਬਾਗ ਦਾ ਮੋਰਚਾ ਲੱਗਾ ਤਾਂ ਜੋ ਸਿੰਘ ਜੱਥਿਆਂ ਵਿਚ ਸ਼ਾਮਿਲ ਹੋ ਕੇ, ਗੁਰਦਵਾਰਾ ਗੁਰੂ ਕੇ ਬਾਗ, ਦਰਸ਼ਨ ਕਰਨ ਜਾਂਦੇ ਸਨ, ਉਨ੍ਹਾਂ ਨੂੰ ਮਿਸਟਰ ਬੀ. ਟੀ. ਸੁਪਰਿਨਟੈਂਡੈਂਟ ਪੁਲੀਸ ਦੀ ਅਗੁਵਾਈ ਹੇਠ, ਪੁਲਿਸ ਡਾਂਗਾਂ ਨਾਲ ਮਾਰ-ਕੁਟਾਈ ਕਰਕੇ ਲਹੂ-ਲੁਹਾਨ ਕਰ ਦਿੰਦੀ ਸੀ। ਜਦ ਸਿੰਘ ਫੱਟੜ ਹੋ ਕੇ ਬੇਹੋਸ਼ ਹੋ ਜਾਂਦੇ ਸਨ, ਤਾਂ ਉਨ੍ਹਾਂ ਨੂੰ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਆਪਣੀਆਂ ਲਾਰੀਆਂ ਵਿਚ ਵਾਪਸ ਸ੍ਰੀ ਦਰਬਾਰ ਸਾਹਿਬ, ਗੁਰੂ ਕੇ ਬਾਗ, ਜਾਂ ਅਕਾਲੀਆਂ ਦੇ ਬਾਗ ਪਹੁੰਚਾ ਦਿੰਦੀ ਸੀ, ਜਿਥੇ ਫੱਟੜਾਂ ਦੇ ਇਲਾਜ ਵਾਸਤੇ ਖ਼ਾਸ ਹਸਪਤਾਲ ਖੋਲ੍ਹਿਆ ਗਿਆ ਸੀ। ਉਨ੍ਹਾਂ ਵਿਚੋਂ ਅਣਗਿਣਤ ਸਿੰਘ ਕੁਝ ਦਿਨ ਮੱਲ੍ਹਮ ਪੱਟੀ ਕਰਵਾ ਕੇ ਫਿਰ ਜੱਥਿਆਂ ਵਿਚ ਸ਼ਾਮਿਲ ਹੋ ਕੇ, ਗੁਰੂ ਕੇ ਬਾਗ ਦੇ ਮੋਰਚੇ ਵਿਚ

ਚਲੇ ਜਾਂਦੇ ਸਨ। ਇਕ ਦਿਨ ਕਮੇਟੀ ਦੇ ਲੀਡਰ, ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਧਰਮਸਾਲਾ ਵਿਖੇ ਸਤਿਗੁਰਾਂ ਦੇ ਚਰਨਾਂ ਵਿਚ ਇਸ ਸੰਕਟ ਦੀ ਨਵਿਰਤੀ ਲਈ ਅਰਦਾਸ ਕਰਾਉਣ ਲਈ ਆਏ।

ਸੰਤਾਂ ਦੀ ਆਗਿਆ ਅਨੁਸਾਰ ਗੁਰੂ ਕੇ ਬਾਗ਼ ਦੇ ਸੰਕਟ ਦੀ ਨਵਿਰਤੀ ਲਈ ਆਪਣੀ ਧਰਮਸਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਟ ਪਾਠ ਰਖਿਆ ਗਿਆ। ਸ਼ਬਦ ਸੀ:

'੧ ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਮੂਲ ਮੰਤ੍ਰ,
ਅਗੋਂ—'ਧਨਾਸਰੀ ਮਹਲਾ ੫ ॥

ਸੋ ਕਤਿ ਡਰੈ ਜਿ ਖਸਮੁ ਸਮ੍ਹਾਰੈ ॥
ਡਰਿ ਡਰਿ ਪਚੇ ਮਨਮੁਖ ਵੇਚਾਰੇ ॥

ਇਕ ਦਿਨ ਫੇਰ ਸਵੇਰ ਵੇਲੇ ਕਮੇਟੀ ਦੇ ਲੀਡਰ ਸੰਤ ਜੀ ਮਹਾਰਾਜ ਨੂੰ ਮਿਲਣ ਵਾਸਤੇ ਆਏ। ਉਸ ਸਮੇਂ ਬਾਬਾ ਜੀ ਦੀ ਸਮਾਧੀ ਲੱਗੀ ਹੋਈ ਸੀ। ਇਸ ਕਾਰਨ ਬਚਨ ਬਿਲਾਸ ਨਾ ਕਰ ਸਕੇ, ਕੁਝ ਸਮਾਂ ਬੈਠ ਕੇ ਚਲੇ ਗਏ। ਉਸ ਦਿਨ ਲਗ ਪਗ ਦਿਨ ਦੇ ਤਿੰਨ ਵਜੇ ਸ੍ਰੀ ਸੰਤ ਜੀ ਸਮਾਧੀ ਤੋਂ ਉਥਾਨ ਹੋਏ। ਉਸ ਸਮੇਂ ਬਾਬਾ ਜੀ ਮੰਜੇ ਤੇ ਲੇਟੇ ਹੋਏ ਸਨ। ਦਾਸ (ਲੇਖਕ ਪ੍ਰੇਮ ਸਿੰਘ) ਸੰਤਾਂ ਦੇ ਮੰਜੇ ਕੋਲ ਹੇਠਾਂ ਬੈਠਾ ਹੋਇਆ ਸੀ। ਜਿਸ ਸਮੇਂ ਸੰਤਾਂ ਨੇ ਨੇਤ੍ਰ ਖੋਲ੍ਹੇ, ਭਾਈ ਠਾਕਰ ਸਿੰਘ ਜੀ ਗ੍ਰੰਥੀ, ਮੰਜੇ ਦੇ ਪਾਸ ਖੜੇ ਸਨ। ਉਨ੍ਹਾਂ ਨੇ ਸੰਤਾਂ ਪ੍ਰਤੀ ਦੱਸਿਆ ਕਿ ਮਹਾਰਾਜ ਜੀ, ਅੱਜ ਸਵੇਰੇ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਆਪ ਨੂੰ ਮਿਲਣ ਵਾਸਤੇ ਆਏ ਸਨ। ਆਪ ਉਸ ਸਮੇਂ ਸਮਾਧੀ ਸਥਿਤ ਸੇ। ਉਨ੍ਹਾਂ ਨੇ ਦਾਸ ਨੂੰ ਇਹ ਗੱਲ ਦੱਸੀ ਕਿ ਜਦ ਸਿੰਘ ਗੁਰੂ ਕੇ ਬਾਗ਼ ਦਰਸ਼ਨ ਕਰਨ ਲਈ ਜਾਂਦੇ ਹਨ, ਤਾਂ ਪੁਲਿਸ ਉਨ੍ਹਾਂ ਨੂੰ ਡੰਡੇ



 www.sikhbookclub.com

ਮਾਰਦੀ ਹੈ*। ਲੇਖਕ ਨੇ ਉਸੇ ਵਕਤ ਆਪਣੀ ਅੱਖੀਂ ਵੇਖਿਆ ਕਿ ਸੰਤ ਜੀ ਨੇ ਉਂਗਲ ਹਿਲਾਈ ਤੇ ਰਸਨਾਂ ਤੋਂ ਇਹ ਬਚਨ ਉਚਾਰਿਆ—'ਕਿ ਗੁਰੂ ਕੇ ਸਿਖਾਂ ਨੂੰ ਕੋਈ ਨਾ ਮਾਰੇ'। ਜਦ ਦਾਸ ਸ਼ਾਮ ਦੇ ਵਕਤ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਗਿਆ ਤਾਂ ਸੰਗਤਾਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਕਿ ਅੱਜ ਤਿੰਨ ਵਜੇ ਲਾਟ ਸਾਹਿਬ ਪੰਜਾਬ ਦੀ ਮਿਸਟਰ ਬੀ. ਟੀ. ਸੁਪਰਿਨਟੈਂਡੈਂਟ ਪੁਲੀਸ ਨੂੰ ਇਸ ਪ੍ਰਕਾਰ ਦੇ ਅੱਖਰਾਂ ਦੀ ਤਾਰ ਆਈ ਹੈ :—

Beating will Stop forthwith. Persons trying to enter Guru-ka-Bagh unlawfully, will be arrested.

ਭਾਵ—ਮਾਰ ਕੁਟਾਈ ਫ਼ੌਰਨ ਬੰਦ ਕਰ ਦਿਤੀ ਜਾਵੇਗੀ, ਜੋ ਆਦਮੀ ਕਾਨੂੰਨ ਦੇ ਵਿਰੁਧ ਗੁਰੂ ਕੇ ਬਾਗ਼ ਵਿਚ ਦਾਖ਼ਲ ਹੋਣ ਦਾ ਜਤਨ ਕਰਨਗੇ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

ਲਾਟ ਸਾਹਿਬ ਪੰਜਾਬ ਵਲੋਂ ਮਾਰ-ਕੁਟਾਈ ਬੰਦ ਕਰਨ ਦੇ ਹੁਕਮ ਦਾ ਓਹੀ ਵਕਤ ਸੀ, ਜਿਸ ਸਮੇਂ ਸੰਤ ਬਾਬਾ ਜੀ ਨੇ ਆਪਣੀ ਉਂਗਲੀ ਹਿਲਾਈ ਸੀ।

ਯਥਾ :—"ਸਾਧੂ ਬੋਲੈ ਸਹਜਿ ਸੁਭਾਇ ॥
ਸਾਧੂ ਕਾ ਬੋਲਿਆ ਬ੍ਰਿਥਾ ਨ ਜਾਇ ॥"

---

*ਪੰਡਤ ਮਦਨ ਮੋਹਨ ਮਾਲਵੀਆ ਸਮੇਤ ਮਿਸਟਰ ਐਨਡਰਿਊਜ਼ ਦੇ ਗੁਰੂ ਕੇ ਬਾਗ਼ ਦਾ ਮੋਰਚਾ ਦੇਖਣ ਆਏ ਸਨ। ਆਪ ਨੇ ਆਪਣੀ ਅੱਖੀਂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅੰਮ੍ਰਿਤ ਦੀ ਸ਼ਕਤੀ ਨਾਲ, ਸਿੱਖ ਕੌਮ ਦੀਆਂ ਹੋ ਰਹੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ ਇਹ ਬਚਨ ਉਚਾਰਿਆ ਸੀ— ਕਿ ਜੇ ਹਿੰਦੁਸਤਾਨ ਦਾ ਮੁਲਕ ਆਜ਼ਾਦ ਹੋਣਾ ਚਾਹੁੰਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਹਰ ਹਿੰਦੂ ਆਪਣੇ ਇਕ ਇਕ ਲੜਕੇ ਨੂੰ ਸਿੰਘ ਸਜਾਏ।

ਸੰਪਟ ਪਾਠ ਦੇ ਭੋਗ ਦੇ ਉਪਰੰਤ, ਸੰਤ ਬਾਬਾ ਜੀ ਦੀ ਅਰਦਾਸ ਦੇ ਸਦਕੇ, ਕੁਝ ਦਿਨਾਂ ਦੇ ਬਾਅਦ ਹੀ, ਇਹ ਪੰਥ ਦਾ ਮੋਰਚਾ ਫਤਹਿ ਹੋ ਗਿਆ । ਸਭ ਨੇ ਸ੍ਰੀ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ ।

## ਗੰਗਾ ਇਸ਼ਨਾਨ ਵਾਸਤੇ ਹਰਦੁਆਰ ਜਾਣਾ

ਇਕ ਸਮੇਂ ਸੰਤ ਬਾਬਾ ਜੀ ਨੇ ਹਰਦੁਆਰ ਜਾਣ ਦੀ ਇੱਛਾ ਪ੍ਰਗਟ ਕੀਤੀ । ਜਦ ਸੰਤਾਂ ਦੀ ਇੱਛਿਆ ਸੰਗਤ ਨੂੰ ਪਤਾ ਲੱਗੀ, ਤਾਂ ਬਹੁਤ ਸਾਰੀ ਸੰਗਤ ਆਪ ਜੀ ਦੇ ਨਾਲ ਜਾਣ ਵਾਸਤੇ ਤਿਆਰ ਹੋ ਗਈ। ਭਾਈ ਮਨੋਹਰ ਸਿੰਘ ਜੀ ਗੰਢ ਤੇ ਹੋਰ ਪ੍ਰੇਮੀਆਂ ਨੇ ਵੀਚਾਰ ਕੀਤੀ ਕਿ ਅਸੀਂ ਬਾਬਾ ਜੀ ਨਾਲ ਹਰਦੁਆਰ ਜਾ ਕੇ ਯੱਗ ਕਰਾਂਗੇ । ਇਸ ਸੰਬੰਧ ਵਿਚ ਉਹ ਯੱਗ ਲਈ, ਸਮਿਗਰੀ ਇਕੱਠੀ ਕਰਨ ਲੱਗ ਪਏ । ਸੰਤ ਬਾਬਾ ਜੀ ਸੰਗਤ ਸਮੇਤ ਰੇਲਵੇ ਸਟੇਸ਼ਨ ਤੇ ਪਹੁੰਚੇ, ਭਾਈ ਸਹਿਜ ਸਿੰਘ ਜੀ ਤੇ ਕੁਝ ਹੋਰ ਪ੍ਰੇਮੀ ਸੰਤਾਂ ਦੇ ਨਾਲ ਗਏ। ਭਾਈ ਠਾਕਰ ਸਿੰਘ ਜੀ ਨੇ ਸੰਤਾਂ ਪਾਸੋਂ ਪਿਛੇ ਡੇਰੇ ਵਿਚ ਰਹਿਣ ਦੀ ਆਗਿਆ ਲੈ ਲੀਤੀ, ਤਾਂ ਜੋ ਗੁਰੂ ਕੇ ਬਾਗ ਦੇ ਮੋਰਚੇ ਵਾਸਤੇ, ਉਸੇ ਦਿਨ ਸਵੇਰੇ ਜੋ ਸੰਪਟ ਪਾਠ ਆਰੰਭ ਕੀਤਾ ਗਿਆ ਸੀ, ਉਸਦੀ ਸੇਵਾ ਸੰਭਾਲ ਕਰਨ ।

ਸ੍ਰੀ ਗੁਰੂ ਪੰਚਮ ਪਾਤਿਸ਼ਾਹ ਜੀ ਦਾ ਵਾਕ ਹੈ :-

"ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ"

[ਗਉੜੀ ਦੀ ਵਾਰ ਮ: ੫—੫੬

ਭਾਵ ਅਰਥ :—ਹੇ ਨਾਨਕ, ਸਾਧੂ (ਦੇ ਚਰਨਾਂ ਦੀ) ਧੂੜੀ ਲੱਖਾਂ ਕ੍ਰੋੜਾਂ ਪ੍ਰਯਾਗਾਂ ਤੋਂ (ਵਧੀਕ) ਪਵਿੱਤਰ ਹੈ ।

ਜੋ ਫ਼ਲ ਪ੍ਰਯਾਗ ਰਾਜ ਤੀਰਥ ਦੇ ਇਸ਼ਨਾਨ ਦਾ ਮੰਨਿਆ ਹੈ, ਐਸੇ ਲੱਖਾਂ ਕ੍ਰੋੜਾਂ ਅਸਥਾਨਾਂ ਦੇ ਇਸ਼ਨਾਨ ਤੋਂ ਪ੍ਰਾਪਤ ਹੋਣ ਵਾਲੇ ਮੰਨੇ ਫਲ, ਸਾਧੂ ਦੀ ਸ਼ਰਣ ਲੈਣ ਤੋਂ ਪ੍ਰਾਪਤ ਹੁੰਦੇ ਹਨ ।

ਕਿਉਂਕਿ ਸਾਧੂ ਮੁਕਤ ਪਦਵੀ ਨੂੰ ਪਹੁੰਚਾ ਦਿੰਦਾ ਹੈ।

[ਸਿੱਖਿਆ ਪੋਥੀ ਅੰਕ ੧੯੦੮ ਤੇ ੧੯੧੦

ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਵਾਕ ਹੈ :–

"ਗੰਗਾ ਜਮਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥"

[ਮਲਾਰ ਮਹਲਾ ੪—੨

ਭਾਵ ਅਰਥ :–ਐਸਾ ਮਹਾਤਮ ਗੋਬਿੰਦ ਦੇ ਨਾਮ ਜਪਣ ਵਾਲੇ ਸੰਤਾਂ ਦੀ ਚਰਨ ਧੂੜੀ ਦਾ ਹੈ। ਜਿਥੇ ਜਿਥੇ ਮਹਾਂ ਪੁਰਸ਼ਾਂ ਸੰਤਾਂ ਨੇ ਚਰਨ ਧਰੇ ਹਨ, ਉਥੇ ਉਥੇ ਤੀਰਥ ਬਣੇ ਹਨ। ਪੁਨਾ :–ਸ੍ਰੀ ਗੰਗਾ, ਜਮਨਾ, ਗੋਦਾਵਰੀ, ਸਰਸੁਤੀ ਆਦਿ; ਜੋ ਤੀਰਥ ਹਨ, ਸੰਤਾਂ ਦੀ ਚਰਨ ਧੂੜੀ ਦੀ ਪ੍ਰਾਪਤੀ ਲਈ ਉੱਦਮ ਕਰਦੇ ਹਨ। (ਕਿ ਜੀਵਾਂ ਕਰਕੇ ਤਿਆਗੇ) ਜੋ ਪਾਪ ਸਾਡੇ ਵਿਚ ਭਰੇ ਪਏ ਹਨ, ਸੰਤਾਂ ਦੀ ਚਰਨ-ਧੂੜੀ ਜਦ ਅਸਾਨੂੰ ਛੋਹੇਗੀ ਤਾਂ ਇਹ ਪਾਪ ਭਸਮ ਹੋ ਜਾਣਗੇ।

ਜਦ ਸੰਗਤ ਹਰਦੁਆਰ ਅੱਪੜੀ ਤੇ ਹਾਲੀਂ ਸਾਮਾਨ ਭੀ ਚੰਗੀ ਤਰ੍ਹਾਂ ਨਹੀਂ ਸੀ ਖੋਲ੍ਹਿਆ ਗਿਆ, ਤਾਂ ਜਿਵੇਂ ਸਤਿਗੁਰਾਂ ਦੇ ਉੱਪਰ ਦਿੱਤੇ ਗੁਰਵਾਕਾਂ ਦੇ ਭਾਵ ਅਰਥਾਂ ਵਿਚ ਸਪਸ਼ਟ ਹੈ, ਬਾਬਾ ਜੀ ਨੇ ਕਾਹਲੀ ਕਾਹਲੀ ਵਿਚ ਹਰ ਕੀ ਪਉੜੀ ਤੇ ਇਸ਼ਨਾਨ ਕਰਕੇ ਬਚਨ ਕੀਤਾ "ਚਲੋ ਵਾਪਸ ਸ੍ਰੀ ਅੰਮ੍ਰਿਤਸਰ।" ਮਾਨੋ ਗੰਗਾ ਮਾਈ ਦੀ ਅਰਦਾਸ ਤੇ ਸੰਤ ਬਾਬਾ ਜੀ ਆਏ, ਇਸ਼ਨਾਨ ਕਰਕੇ ਆਪਣੀ ਚਰਨ ਧੂੜੀ ਗੰਗਾ ਨੂੰ ਬਖਸ਼ ਕੇ ਵਾਪਸ ਸ੍ਰੀ ਅੰਮ੍ਰਿਤਸਰ ਚਾਲੇ ਪਾ ਦਿੱਤੇ।

ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਅਜੇ ਗੱਡੀ ਦੇ ਜਾਣ ਵਿਚ ਕਾਫੀ ਵਕਤ ਹੈ ਤੇ ਕੁਛ ਛਕ ਪੀ ਲਈਏ। ਸੰਤਾਂ



 www.sikhbookclub.com

ਨੇ ਬਚਨ ਕੀਤਾ ਕਿ ਪ੍ਰਸ਼ਾਦਿ ਸਟੇਸ਼ਨ ਤੇ ਪਹੁੰਚ ਕੇ ਹੀ ਛਕਾਂਗੇ। ਨਾਲ ਆਏ ਪ੍ਰੇਮੀਆਂ ਵਿਚੋਂ ਕਿਸੇ ਦੀ ਕੀ ਮਜਾਲ ਸੀ ਕਿ ਸੰਤ ਬਾਬਾ ਜੀ ਨੂੰ ਕੁਝ ਹੋਰ ਸਮੇਂ ਲਈ ਉਥੇ ਅਟਕਾ ਸਕਦੇ, ਜਦ ਕਿ ਜਿਸ ਮੰਤਵ ਵਾਸਤੇ ਆਪ ਜੀ ਹਰਦੁਆਰ ਆਏ ਸਨ, ਉਹ ਸੰਪੂਰਨ ਹੋ ਗਿਆ ਸੀ। ਸੰਤਾਂ ਨੇ ਭੀ ਬਚਨ ਕੀਤਾ ਕਿ ਸੰਪਟ ਪਾਠ ਇਕੱਲਾ ਭਾਈ ਠਾਕਰ ਸਿੰਘ ਕਰਵਾ ਰਿਹਾ ਹੈ, ਡੇਰੇ ਦਾ ਕੋਈ ਸਾਧੂ ਡੇਰੇ ਵਿਚ ਨਹੀਂ ਰਿਹਾ, ਇਸ ਵਾਸਤੇ ਛੇਤੀ ਵਾਪਸ ਜਾਣਾ ਚਾਹੀਦਾ ਹੈ। ਸੋ ਜਿਸ ਤਰ੍ਹਾਂ ਸਾਮਾਨ ਬੰਨ੍ਹ ਕੇ ਟੁਰੇ ਸੀ, ਉਸੀ ਤਰ੍ਹਾਂ ਬੱਧਾ ਬਧਾਇਆ ਤੇ ਯੱਗ (ਲੰਗਰ) ਦੀ ਸਭ ਸਮੱਗਰੀ ਲੈ ਕੇ ਸੰਗਤਾਂ ਨੇ ਵਾਪਿਸ ਚਾਲੇ ਪਾ ਦਿੱਤੇ।

## ਬਾਬੇ ਤਾਰੇ ਚਾਰ ਚੱਕ
## ਨੌ ਖੰਡ ਪ੍ਰਿਥਵੀ ਸੱਚਾ ਢੋਆ

ਗੁਰੂ ਪੰਥ ਦੇ ਵੇਦ-ਵਿਆਸ ਸ੍ਰੀ ਭਾਈ ਗੁਰਦਾਸ ਸਾਹਿਬ ਜੀ ਦੀ ਪਵਿਤ੍ਰ ਬਾਣੀ ਦੀ ਉੱਪਰ ਦਿਤੀ ਤੁਕ ਦੀ ਪ੍ਰੋੜਤਾ ਵਿਚ, ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹਸਤ ਲਿਖਤ ਗਰੰਥ ਸ੍ਰੀ ਭਗਤ ਪ੍ਰੇਮ ਪ੍ਰਕਾਸ਼ ਵਿਚ ਇਕ ਸਾਖੀ ਇਸ ਪ੍ਰਕਾਰ ਅੰਕਤ ਕੀਤੀ ਹੈ :—

"ਇਕ ਯਵਨ (ਮੁਸਲਮਾਨ) ਫਕੀਰ ਕਲਾਵੰਤ ਖੂਨ ਸ਼ਾਹ ਨਾਮ ਤਿਸਕਾ, ਸਮਤਾ ਜਿਸ ਕੋ ਸਿੱਧੋਂ ਕੀ ਦੇਵੀਏ, ਅਰ ਪਰਮ ਸ਼ਕਤੀਵਾਨ, ਦੋਨੋਂ ਪਖੋਂ ਕੇ ਪੂਜਨ ਮੇਂ ਬੀ, ਤੇ ਆਸ਼ਰਮ ਤਿਨਕਾ ਸੁਭਾਇਮਾਨ ਜੈਸੇ ਰਿਖੀਓਂ ਕਾ ਹੋਤਾ ਹੈ, ਜੋ ਜੀਵ ਸੁਭਾਵਕ ਸ਼ਤਰੂ ਭਾਵ ਕਰਨ ਹਾਰੇ ਹੈਂ, ਸੋ ਤਿਨਕੇ ਆਸ਼ਰਮ ਪਰ ਵੈਰ ਤਿਆਗ ਕਰ ਵਿਚਰਤੇ ਹੈਂ। ਐਸੇ ਅਨੰਤ ਗੁਣਾਂ ਕੇ ਧਾਰਨ ਹਾਰੇ ਸੋ ਸਾਂਈ ਲੋਕ;ਕੋਈ ਰਬਾਬੀ ਜਲ ਪਾਨ ਕਰਤ ਭਯਾ ਤਿਨ ਪਾਸ ਜਾਇ ਕਰ। ਤਬ ਸੋ ਪੂਛਤ ਭਏ : "ਜੋ ਤੁਮ ਕੌਣ ਹੋ ?" ਤਬ ਸੋ ਕਹਤ ਭਇਆ :

"ਜੀ ਗੁਰੂ ਨਾਨਕ ਜੀ ਕਾ ਸ਼ਬਦ ਪੜ੍ਹਨ ਵਾਲਾ ਰਬਾਬੀ"। ਐਸਾ ਸੁਣ ਕਰ ਸੋ ਸਾਹਿਬ ਲੋਕ ਕਹਤ ਭਏ ਜੋ 'ਭਾਈ ਮਰਦਾਨੇ ਦੀ ਉੱਮਤ ?' ਫਿਰ ਕਹਿਤ ਭਏ ਓਹ ਸਾਂਈ ਲੋਕ :–

"ਵਾਹੁ–ਵਾਹੁ ਨਾਨਕ ਦਰਵੇਸ਼, ਵਾਹ ਨਾਨਕ ਕਲੰਦਰ, ਨਾਨਕ ਸ਼ਾਹੁ ਫਕੀਰ, ਹਿੰਦੂਓਂ ਕਾ ਗੁਰੂ, ਮੁਸਲਮਾਨੋਂ ਕਾ ਪੀਰ। ਗੁਰੂ ਨਾਨਕ ਜੀ ਕਾ ਦਰਜਾ ਵਡਾ ਹੈ ਖੁਦਾਇ ਕੇ ਦਰਬਾਰ ਮੇਂ।"

ਸੋ ਕੈਸੇ, ਸੋ ਖੂਨ ਸ਼ਾਹ ਕਹਿਤ ਭਏ, ਜੋ ਮੈਂ ਅਪਨੇ ਪੀਰ ਸਾਥ ਮੱਕੇ ਤੋਂ ਦੱਸ ਹਜ਼ਾਰ ਕੋਸ ਅਗੇ ਗਿਆ। ਤਹਾਂ ਬੜੀ ਉਜਾੜ, ਊਚੇ ਲਾਂਬੇ ਬ੍ਰਿਛ, ਜਿਸ ਬਨ ਮੈਂ ਹਸਤੀ ਕੂੰਜਤੇ ਹੈਂ, ਮ੍ਰਿਗਪਤੀ ਜਹਾਂ ਬਿਅੰਤ ਵਿਚਰਤੇ ਹੈਂ। ਤਹਾਂ ਏਕ ਸਿਲਾ ਪੱਥਰ ਕੀ ਅਕਾਸ਼ ਮੈਂ ਖੜੀ ਹੈ ਨਿਰਾਧਾਰ, ਤਹਾਂ ਕੇ ਪੂਜਾਰੀ ਬੀ ਤਿਸ ਸਿਲਾ ਕੇ ਮੁਸਲਮਾਨ, ਉਪਰ ਸੇ ਮੋਰ ਛਤ੍ਰ ਪ੍ਰੜੇ ਕਰਤੇ ਹੈਂ ਅਦਬ ਸਾਥ। ਤਬ ਅਸਾਂ ਦੇਖ ਕਰ ਕਿਹਾ : ਹੇ ਬਜ਼ੁਰਗ ਲੋਗੋ ਇਹ ਸਿਲਾ ਕਿਸ ਕੀ ਹੈ ?' ਤਬ ਸੋ ਕਹਤ ਭਏ :–'ਹੇ ਖ਼ੁਦਾਇ ਕੇ ਬੰਦੇ, ਇਹ ਸਿਲਾ ਗੁਰੂ ਨਾਨਕ ਸ਼ਾਹ ਦੀ ਹੈ, ਸੋ ਏਥੇ ਬੈਠ ਕੇ ਤਪ ਕੀਤਾ ਹੈ ਇਕ ਸਮੇਂ ਆਇ ਕਰ। ਇਸ ਦੇਸ਼ ਕਾ ਪਾਤਸ਼ਾਹ ਇਸ ਕਾ ਮੁਰੀਦ ਹੈ, ਲੱਖ ਰੁਪਏ ਦੀ ਜਗੀਰ ਇਸ ਸਿਲਾ ਕੇ ਸਾਥ ਹੈ, ਜੋ ਕੋਊ ਨੰਗਾ ਭੁਖਾ ਆਵਤਾ ਹੈ, ਤਿਸ ਕਾ ਦੂਖ ਦੂਰ ਹੋਤਾ ਹੈ, ਗੁਰੂ ਨਾਨਕ ਸਾਹਿਬ ਜੀ ਕੀ ਕਿਰਪਾ ਸੇ'।

## ਰਾਗ-ਮਾਲਾ

ਇਕ ਵੇਰ ਵੇਰਕੇ ਦੀ ਸੰਗਤ ਸ੍ਰੀ ਬਾਬਾ ਜੀ ਦੇ ਦਰਸ਼ਨਾਂ ਨੂੰ ਆਈ। ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ, ਸਾਡੇ ਗੁਰਦੁਆਰੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਉਣਾ ਹੈ, ਆਪ ਜੀ ਸਾਨੂੰ ਇਹ ਦੱਸੋ ਕਿ ਰਾਗ-ਮਾਲਾ ਪੜ੍ਹਨੀ ਚਾਹੀਦੀ ਹੈ ਕਿ ਨਹੀਂ। ਤਾਂ ਆਪ ਜੀ ਨੇ ਉੱਤਰ ਦਿੱਤਾ : "ਰਾਗ-ਮਾਲਾ ਜ਼ਰੂਰ

ਪੜ੍ਹ ਕੇ, ਗੁਰੂ ਮਹਾਰਾਜ ਜੀ ਦੇ ਪਾਠ ਦਾ ਭੋਗ ਪਾਣਾ ਚਾਹੀਦਾ ਹੈ– ਰਾਗ-ਮਾਲਾ ਨਾ ਪੜ੍ਹਣਾ ਬੇਅਦਬੀ ਹੈ।"

ਨੋਟ–ਰਾਗ-ਮਾਲਾ ਦੇ ਸਬੰਧ ਵਿਚ ਗੁਰਮਤ ਅਨੁਸਾਰ ਪੂਰੀ ਵਾਕਫ਼ੀਅਤ ਹਾਸਿਲ ਕਰਨ ਲਈ ਦਫ਼ਤਰ ਖਾਲਸਾ ਸਮਾਚਾਰ ਤੋਂ ਪੁਸਤਕ "ਰਾਗ-ਮਾਲਾ ਦਾ ਸੁਆਲ" ਮੰਗਵਾ ਕੇ ਪੜ੍ਹੋ।

# ਮਹਾਰਾਜਾ ਰਿਪੁਦਮਨ ਸਿੰਘ, ਰਿਆਸਤ ਨਾਭਾ ਵਾਲੇ [ਸੱਚੀ ਤੇ ਝੂਠੀ ਸਰਕਾਰ]

ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ, Ex.–ਨਾਜ਼ਮ, ਨਾਭਾ, ਸਟੇਟ ਨੇ ਦੱਸਿਆ ਸੀ :–

੧੯੧੯ ਈ: ਵਿਚ ਮਹਾਰਾਜਾ ਰਿਪੁਦਮਨ ਸਿੰਘ ਨੇ ਸਿਖ ਪੰਥ ਦੇ ਭੇਖਾਂ ਦੇ ਚੋਣਵੇਂ ਸੰਤ ਮਹਾਂਪੁਰਸ਼ਾਂ ਨੂੰ ਸੱਦਾ ਦੇ ਕੇ, ਆਪਣੇ ਟਿੱਕੇ ਦੇ ਜਨਮ ਦੀ ਖ਼ੁਸ਼ੀ ਵਿਚ ਸ਼ਾਮਲ ਹੋਣ ਲਈ ਬੁਲਾਇਆ। ਇਸ ਸਮਾਗਮ ਵਿਚ ਪੰਥ ਰਤਨ ਸ੍ਰੀ ਮਾਨ ਸੰਤ ਅਤਰ ਸਿੰਘ ਜੀ, ਸੰਤ ਜਵੰਦ ਸਿੰਘ ਜੀ, ਸੰਤ ਬਾਬਾ ਪ੍ਰੇਮ ਸਿੰਘ ਜੀ ਰਾਗੀ, ਆਦਿਕ ਸ਼ਾਮਿਲ ਸਨ। ਮਹਾਰਾਜਾ ਸਾਹਿਬ ਨੇ ਪੋਹ ਸੁਦੀ ੭ ਦਾ ਦਿਨ ਟਿੱਕਾ ਸਾਹਿਬ ਦੀ ਅੰਮ੍ਰਿਤ ਸੰਸਕਾਰ ਦੀ ਰਸਮ ਅਦਾ ਕਰਨ ਲਈ ਨਿਯਤ ਕੀਤਾ। ਆਪ ਨੇ ਆਏ ਸੰਤਾਂ ਪਾਸੋਂ ਪੁੱਛਿਆ ਕਿ ਪੰਥ ਦਾ ਕੋਈ ਐਸਾ ਵੱਡਾ ਸੰਤ ਮਹਾਤਮਾ ਤਾਂ ਨਹੀਂ ਰਹਿ ਗਿਆ, ਜਿਸਨੂੰ ਮੈਂ ਇਥੇ ਦਰਸ਼ਨ ਦੇਣ ਲਈ ਸੱਦਾ ਨਾ ਭੇਜਿਆ ਹੋਵੇ ? ਆਪ ਨੂੰ ਦੱਸਿਆ ਗਿਆ ਕਿ ਇਕ ਵੱਡੇ ਮਹਾਂ ਪੁਰਸ਼ ਸ੍ਰੀਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਇਸ ਸਮੇਂ ਪੂਰਨ ਸੰਤ ਹਨ, ਉਨ੍ਹਾਂ ਨੂੰ ਨਹੀਂ ਬੁਲਾਇਆ ਗਿਆ। ਸਰਕਾਰ ਨੇ ਆਪਣੇ ਪ੍ਰਾਈਵੇਟ

ਸੈਕਟਰੀ ਸ: ਗੁਰਦਿਆਲ ਸਿੰਘ ਨੂੰ ਹੁਕਮ ਦਿੱਤਾ ਕਿ ਮੇਰੀ ਮੋਟਰ ਲੈ ਜਾਓ ਅਤੇ ਸੰਤ ਬਾਬਾ ਜੀ ਨੂੰ ਨਾਲ ਲੈ ਆਓ। ਇਹ ਹਾਲ ਸੁਣ ਕੇ ਹਾਜ਼ਿਰ ਸੰਤਾਂ ਨੇ ਮਹਾਰਾਜਾ ਸਾਹਿਬ ਜੀ ਨੂੰ ਦੱਸਿਆ ਕਿ ਸੰਤ ਬਾਬਾ ਸ਼ਾਮ ਸਿੰਘ ਜੀ ਇਸ ਤਰੀਕੇ ਨਾਲ ਨਹੀਂ ਆਉਣਗੇ; ਇਕ ਸੰਤਾਂ ਦਾ ਸਤਿਸੰਗੀ ਆਪ ਦੀ ਮੁਲਾਜ਼ਮਤ ਵਿਚ ਹੈ, ਤੁਸੀਂ ਉਸ ਨੂੰ ਭੇਜੋ।

ਸ: ਬਸ਼ੇਸ਼ਰ ਸਿੰਘ ਜੀ ਨੇ ਦੱਸਿਆ ਸੀ ਕਿ ਮੈਂ ਉਸ ਵਕਤ ਫੂਲ ਦਾ ਮੈਜਿਸਟਰੇਟ ਫ਼ਸਟ ਕਲਾਸ ਸਾਂ, ਮੈਨੂੰ ਨਾਭੇ ਪੁੱਜਣ ਲਈ ਹੁਕਮ ਪੁਜਾ, ਤੇ ਮੈਂ ਹਾਜ਼ਿਰ ਹੋ ਗਿਆ। ਮਹਾਰਾਜਾ ਸਾਹਿਬ ਨੇ ਮੈਨੂੰ ਆਖਿਆ ਕਿ ਮੇਰੀ ਮੋਟਰ ਲੈ ਜਾਓ ਤੇ ਸੰਤ ਬਾਬਾ ਜੀ ਦੇ ਚਰਨਾਂ ਵਿਚ ਮੇਰੇ ਵਲੋਂ ਇਥੇ ਦਰਸ਼ਨ ਦੇਣ ਦੀ ਬੇਨਤੀ ਕਰਨੀ, ਕਿ ਮੈਂ ਪੋਹ ਸੁਦੀ ੭ ਵਾਲੇ ਦਿਨ ਆਪਦੇ ਹਸਤ-ਕਮਲਾਂ ਦੁਆਰਾ ਟਿੱਕੇ ਨੂੰ ਜਨਮ ਸੰਸਕਾਰ ਅਨੁਸਾਰ ਅੰਮ੍ਰਿਤ ਛਕਾਉਣਾ ਚਾਹੁੰਦਾ ਹਾਂ।

ਜਦ ਮੈਂ ਸੰਤਾਂ ਦੇ ਡੇਰੇ ਸ੍ਰੀ ਅੰਮ੍ਰਿਤਸਰ ਪੁੱਜਾ ਤਾਂ ਸਵੇਰ ਦਾ ਵਕਤ ਸੀ, ਤੇ ਆਪ ਜੀ ਦੀਵਾਨ ਅਸਥਾਨ ਵਿਚ ਸ਼ਸ਼ੋਭਤ ਸਨ। ਮੈਂ ਪੰਜ ਰੁਪਈਏ, ਇਕ ਛਿਕੜੀ ਜਲੇਬੀਆਂ ਦੀ ਪ੍ਰਸ਼ਾਦਿ ਵਜੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਚੌਕੀ ਤੇ ਰੱਖ ਦਿਤੀ।

ਸਵੇਰ ਦੇ ਦੀਵਾਨ ਦੇ ਭੋਗ ਪੈਣ ਉਪਰੰਤ, ਮੈਂ ਸੰਤਾਂ ਵਲ ਮੁੱਖ ਕਰਕੇ ਹੱਥ ਜੋੜੇ । ਪਹਿਲੇ ਜਦੋਂ ਭੀ ਮੈਂ ਸੰਤਾਂ ਦੇ ਦਰਸ਼ਨ ਕਰਨ ਆਇਆ ਕਰਦਾ ਸੀ, ਤਾਂ ਸੰਤ ਬਾਬਾ ਜੀ, ਜੀ ਆਇਆਂ ਆਖਦੇ ਸੀ, ਇਸ ਦਫ਼ਾ ਚੁੱਪ ਕਰ ਰਹੇ । ਜਦ ਦਾਸ ਕੁੱਝ ਅਰਜ਼ ਕਰਨ ਲੱਗਾ ਤਾਂ ਸੰਤਾਂ ਨੇ ਬਚਨ ਕੀਤਾ "ਮੈਂ ਸੁਖਮਨੀ ਸਾਹਿਬ ਦਾ ਪਾਠ ਕਰਦਾ ਹਾਂ, ਤੂੰ ਮੈਨੂੰ ਗੱਲਾਂ ਵਿਚ ਨਾ ਲਗਾ।" ਫਿਰ ਸੰਤ ਬਾਬਾ ਜੀ ੧੧ ਵਜੇ ਦੇ ਕਰੀਬ ਕੁਟੀਆ ਵਲੋਂ ਵਾਪਿਸ ਆ ਰਹੇ ਸਨ ਤਾਂ ਮੈਂ ਹੱਥ ਜੋੜ ਕੇ ਕੁਝ ਬੇਨਤੀ ਕਰਨ ਹੀ ਲੱਗਾ ਸਾਂ,

ਤਾਂ ਆਪ ਜੀ ਨੇ ਬਚਨ ਕੀਤਾ, "ਮੇਰੇ ਨਾਲ ਕੋਈ ਰਾਜਸੀ ਗੱਲ ਨਹੀਂ ਕਰਨੀ।" ਮੈਂ ਚੁੱਪ ਹੋ ਗਿਆ।

ਭਾਈ ਠਾਕਰ ਸਿੰਘ ਜੀ ਨੇ ਲੇਖਕ ਨੂੰ ਦੱਸਿਆ ਸੀ ਕਿ ਸਤਿਗੁਰਾਂ ਦੇ ਦਿਤੇ ਆਤਮਕ ਬਲ ਨਾਲ, ਸ: ਬਸ਼ੇਸ਼ਰ ਸਿੰਘ ਦੇ ਆਉਣ ਤੋਂ ਪਹਿਲਾਂ ਹੀ ਸੰਤ ਬਾਬਾ ਜੀ ਨੇ ਮੈਨੂੰ ਬਚਨ ਕਰ ਦਿੱਤਾ ਸੀ ਕਿ "ਜੇ ਕੋਈ ਰਾਜਸੀ ਕੰਮ ਵਾਸਤੇ ਸਾਨੂੰ ਕਹਿਣ ਆਵੇ, ਤਾਂ ਤੁਸੀਂ ਉਸਦੀ ਅਸਾਡੇ ਅੱਗੇ ਸਿਫਾਰਸ਼ ਨਾ ਕਰਨੀ।"

ਤਿੰਨ ਵਜੇ ਦੁਪਹਿਰ ਦੇ ਕਰੀਬ ਕਥਾ ਦੇ ਸਮੇਂ ਦਾਸ ਨੇ ਸੰਤਾਂ ਨੂੰ ਇਹ ਬਚਨ ਸੁਣਾਇਆ ਕਿ ਗ੍ਰੀਬ ਨਿਵਾਜ ਜੀ, ਮਹਾਰਾਜਾ ਨਾਭਾ ਨੇ ਪੰਥ ਦੇ ਸਾਰੇ ਸ਼ਰੋਮਣੀ ਸੰਤ ਮਹਾਤਮਾ ਨੂੰ ਸੱਦਾ ਦੇ ਕੇ ਇਕ ਆਨੰਦ ਮਈ ਹਫਤਾ ਆਪਣੇ ਟਿੱਕੇ ਦੇ ਜਨਮ ਦੀ ਖੁਸ਼ੀ ਮਨਾਉਣ ਲਈ ਰੱਖਿਆ ਹੈ । ਹਰ ਰੋਜ਼ ਕਥਾ ਕੀਰਤਨ ਸਤਿਸੰਗ ਸਮਾਗਮ ਹੁੰਦਾ ਹੈ ਤੇ ੫੦੦ ਰੁਪਈਏ ਦਾ ਕੜਾਹ ਪ੍ਰਸ਼ਾਦਿ ਗੁਰੂ ਬਾਬੇ ਜੀ ਦੇ ਭੇਟ ਹੁੰਦਾ ਹੈ । ਸਾਰੀ ਰਿਆਸਤ ਵਿਚ ਇਸ ਖੁਸ਼ੀ ਵਿਚ ਇਕ ਹਫਤੇ ਦੀਆਂ ਛੁੱਟੀਆਂ ਕਰ ਦਿੱਤੀਆਂ ਹਨ। ਸੰਤ ਇਹ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ । ਫਿਰ ਭਾਈ ਠਾਕਰ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਇਹ ਭਾਈ ਸੁਮੇਰ ਸਿੰਘ (ਸ: ਬਸ਼ੇਸ਼ਰ ਸਿੰਘ) ਆਪ ਨੂੰ ਲੈਣ ਵਾਸਤੇ ਆਇਆ ਹੈ। ਇਹ ਵਾਰਤਾ ਸੁਣ ਕੇ ਸੰਤ ਬਾਬਾ ਜੀ ਨੇ ਸ: ਬਸ਼ੇਸ਼ਰ ਸਿੰਘ ਵੱਲ ਮੁਖ ਕਰ ਕੇ ਕਿਹਾ "ਤੂੰ ਸਾਡਾ ਚੰਗਾ ਮਿਤ੍ਰ ਤੇ ਸਤਿਸੰਗੀ ਬਣਿਆ ਹੈਂ, ਸੱਚੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਬਾਰੋਂ ਕੱਢ ਕੇ ਝੂਠਿਆਂ ਰਾਜਿਆਂ ਕੋਲ ਲੈ ਜਾਣ ਆਇਆ ਹੈਂ – ਜਾਹ ਇਥੋਂ ਚਲਾ ਜਾਹ ਤੇ ਆਪਣੇ ਰੁਪਈਏ ਚੁੱਕ ਲੈ।" ਸੰਤਾਂ ਦਾ ਇਹ ਹੁਕਮ ਸੁਣ ਕੇ ਸ੍ਰ: ਬਸ਼ੇਸ਼ਰ ਸਿੰਘ ਰੁਪਈਏ ਚੁੱਕ ਕੇ ਨਾਭੇ ਵਲ ਟੁਰ ਗਿਆ । ਉਧਰ ਮਹਾਰਾਜਾ ਸਾਹਿਬ ਨੂੰ ਅਸਲੀ ਗੱਲ ਛੁਪਾ ਕੇ ਅਹਿਲਕਾਰਾਂ ਨੇ ਇਹ ਗੱਲ ਕਹਿ ਕੇ ਟਾਲ ਦਿੱਤਾ

ਕਿ ਸੰਤ ਬਾਬਾ ਜੀ ਬਿਰਧ ਅਵਸਥਾ ਕਰਕੇ ਨਹੀਂ ਆ ਸਕੇ ।

ਇਸ ਤੋਂ ਕੁਝ ਸਮਾਂ ਪਿਛੋਂ ਸੰਤ ਰਾਜ ਜੀ ਸਤਿਸੰਗੀਆਂ, ਪ੍ਰੇਮੀਆਂ ਸਮੇਤ ਕੀਰਤਪੁਰ ਸਾਹਿਬ ਤੀਰਥ ਯਾਤਰਾ ਲਈ ਗਏ ਤੇ ਇਸ ਤੀਰਥ ਯਾਤਰਾ ਦਾ ਹਾਲ ਕਿਸੇ ਆਦਮੀ ਨੇ ਮਹਾਰਾਜਾ ਸਾਹਿਬ ਪਾਸ ਆ ਕੇ ਦੱਸਿਆ । ਸ: ਬਸ਼ੇਸ਼ਰ ਸਿੰਘ ਜੀ ਨੇ ਦੱਸਿਆ ਕਿ ਮਹਾਰਾਜਾ ਨੇ ਮੈਨੂੰ ਫਿਰ ਬੁਲਾ ਭੇਜਿਆ ਤੇ ਆਖਿਆ ਕਿ ਮੈਂ ਆਪਣੇ ਟਿੱਕੇ ਦੇ ਜਨਮ ਦੀ ਖੁਸ਼ੀ ਦੇ ਆਨੰਦ-ਮਈ ਹਫਤੇ ਵਿਚ ਸ਼ਾਮਿਲ ਹੋਣ ਲਈ ਤੁਹਾਨੂੰ ਸੰਤਾਂ ਦੇ ਲਿਆਉਣ ਵਾਸਤੇ ਭੇਜਿਆ ਸੀ ਤਾਂ ਮੈਨੂੰ ਦੱਸਿਆ ਗਿਆ ਸੀ ਕਿ ਸੰਤ ਬਾਬਾ ਜੀ ਬਹੁਤ ਬਿਰਧ ਹੋ ਗਏ ਹਨ ਅਤੇ ਚੱਲ ਫਿਰ ਨਹੀਂ ਸਕਦੇ । ਹੁਣ ਮੈਂ ਸੁਣਿਆ ਹੈ ਕਿ ਸੰਤ ਜੀ ਪਹਾੜੀ ਇਲਾਕੇ ਵਿਚ ਕੀਰਤਪੁਰ ਸਾਹਿਬ ਵਲ ਯਾਤਰਾ ਤੇ ਗਏ ਹਨ, ਇਹ ਕੀ ਵਾਰਤਾ ਹੈ ? ਮੈਂ ਮਹਾਰਾਜਾ ਸਾਹਿਬ ਅਗੇ ਇਹ ਅਰਜ਼ ਕੀਤੀ ਕਿ ਹਜ਼ੂਰ ਮੈਂ ਆਪ ਨੂੰ ਸੱਚੀ ਗੱਲ ਨਹੀਂ ਦੱਸ ਸਕਦਾ, ਕਿਉਂਕਿ ਮੈਂ ਆਪ ਦਾ ਮੁਲਾਜ਼ਮ ਹਾਂ, ਆਪ ਮੇਰੇ ਤੇ ਨਾਰਾਜ਼ ਹੋ ਜਾਓਗੇ । ਇਹ ਗੱਲ ਸੁਣ ਕੇ ਮੈਨੂੰ ਆਪ ਨੇ ਕਿਹਾ ਕਿ ਜੋ ਗੱਲ ਸੱਚ ਹੈ, ਮੈਨੂੰ ਦੱਸੋ, ਮੈਂ ਤੁਹਾਡੇ ਨਾਲ ਨਾਰਾਜ਼ ਨਹੀਂ ਹੋਵਾਂਗਾ ।

ਸਭ ਤੋਂ ਪਹਿਲੇ ਮੈਂ ਮਹਾਰਾਜਾ ਸਾਹਿਬ ਨੂੰ ਦੋ ਪੁਰਾਤਨ ਸਾਖੀਆਂ ਸੁਣਾਈਆਂ, ਜਿਨ੍ਹਾਂ ਵਿਚੋਂ ਇਕ, ਜੋ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧ ਰੱਖਦੀ ਹੈ, ਉਹ ਇਸ ਪ੍ਰਕਾਰ ਹੈ :–

ਸੰਤ ਨਿਹਾਲ ਸਿੰਘ ਜੀ ਵੱਲ ਮਹਾਰਾਜਾ ਰਣਜੀਤ ਸਿੰਘ ਜੀ ਦਾ ਇਕ ਚੋਬਦਾਰ ਆਇਆ ਤੇ ਆ ਕੇ ਬੇਨਤੀ ਕੀਤੀ ਕਿ ਆਪ ਨੂੰ ਸਰਕਾਰ ਯਾਦ ਕਰਦੀ ਹੈ, ਤਾਂ ਸੰਤਾਂ ਨੇ ਬਚਨ ਕੀਤਾ ਆਓ ਬੈਠੋ ਚਲਦੇ ਹਾਂ । ਫਿਰ ਕੋਈ ਅੱਧੇ ਕੁ ਘੰਟੇ ਪਿਛੋਂ ਇਕ ਹੋਰ ਚੋਬਦਾਰ ਆਇਆ, ਉਸ ਨੇ ਭੀ ਆ ਕੇ ਸੰਤਾਂ ਨੂੰ ਇਹੋ ਬੇਨਤੀ ਕੀਤੀ ਕਿ ਮਹਾਰਾਜ ਜੀ, ਆਪ ਜੀ ਨੂੰ ਸਰਕਾਰ ਯਾਦ ਕਰਦੀ

ਹੈ। ਉਸ ਨੂੰ ਭੀ ਸੰਤਾਂ ਨੇ ਫੁਰਮਾਇਆ, ਬੈਠ ਜਾਓ, ਚਲਦੇ ਹਾਂ। ਕੁਛ ਹੋਰ ਸਮੇਂ ਪਿਛੋਂ ਤੀਜਾ ਚੋਬਦਾਰ ਆਇਆ ਤਾਂ ਉਸ ਨੇ ਭੀ ਇਹੋ ਬੇਨਤੀ ਕੀਤੀ ਕਿ ਆਪ ਨੂੰ ਸਰਕਾਰ ਯਾਦ ਕਰਦੀ ਹੈ। ਤਾਂ ਸੰਤਾਂ ਨੇ ਚੋਬਦਾਰਾਂ ਨੂੰ ਪੁੱਛਿਆ ਕਿ ਕਿਹੜੀ ਸਰਕਾਰ ਅਸਾਨੂੰ ਯਾਦ ਕਰਦੀ ਹੈ ? ਜੇ ਤਾਂ ਪਹਿਲੀ ਸਰਕਾਰ ਸ੍ਰੀ ਗੁਰੂ ਨਾਨਕ ਸਾਹਿਬ ਸਾਨੂੰ ਯਾਦ ਕਰਦੇ ਹਨ, ਤਾਂ ਅਸੀਂ ਚਾਦਰ ਦੀ ਬੁੱਕਲ ਮਾਰ ਕੇ ਹੱਥ ਵਿੱਚ ਮਾਲਾ ਫੜ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਉਨ੍ਹਾਂ ਦੇ ਪਾਸ ਹਾਜ਼ਰ ਹੋ ਜਾਈਏ; ਜੇ ਦੂਸਰੀ ਸਰਕਾਰ ਦਸਮ ਪਾਤਸ਼ਾਹ, ਸ੍ਰੀ ਕਲਗੀਧਰ ਮਹਾਰਾਜ ਯਾਦ ਕਰਦੇ ਹਨ ਤਾਂ ਮੈਂ ਖਾਲਸੇ ਦੀ ਵਰਦੀ ਪਹਿਨ ਕੇ, ਸ਼ਸਤਰ ਸਜਾ ਕੇ ਹਾਜ਼ਰ ਹੋਵਾਂ। ਚੋਬਦਾਰਾਂ ਨੇ ਉੱਤਰ ਦਿੱਤਾ ਕਿ ਮਹਾਰਾਜ ਜੀ, ਆਪ ਨੂੰ ਸਰਕਾਰ ਰਣਜੀਤ ਸਿੰਘ ਯਾਦ ਕਰਦੇ ਹਨ । ਇਹ ਸੁਣ ਕੇ ਸੰਤਾਂ ਨੇ ਬਚਨ ਕੀਤਾ "ਜਾਓ ਮੈਂ ਝੂਠੀ ਸਰਕਾਰ ਪਾਸ ਨਹੀਂ ਜਾਂਦਾ।"

ਜਦੋਂ ਚੋਬਦਾਰਾਂ ਨੇ ਵਾਪਸ ਆ ਕੇ ਸੰਤਾਂ ਦੇ ਇਹ ਬਚਨ ਮਹਾਰਾਜ ਸਾਹਿਬ ਜੀ ਨੂੰ ਦੱਸੇ, ਤਾਂ ਆਪ ਨੇ ਤਿੰਨ ਵੇਰ ਇਹ ਅੱਖਰ ਆਖੇ :—

"ਮੈਂ ਝੂਠੀ ਸਰਕਾਰ, ਮੈਂ ਝੂਠੀ ਸਰਕਾਰ, ਮੈਂ ਝੂਠੀ ਸਰਕਾਰ ।"

ਮਹਾਰਾਜਾ ਰਿਪੁਦਮਨ ਸਿੰਘ ਇਹ ਬਚਨ ਸੁਣਕੇ ਅਸਚਰਜ ਹੋਏ ਤੇ ਮੈਨੂੰ ਕਹਿਣ ਲੱਗੇ ਕਿ ਇਹ ਸਾਰੇ ਸੰਤ ਮਹਾਤਮਾ ਮੇਰੇ ਸੱਦੇ ਤੇ ਭੱਜੇ ਆਉਂਦੇ ਹਨ। ਕਈ ਮਹਾਤਮਾ ਤਾਂ ਮੇਰੀ ਡਿਉੜੀ ਵਿਚ ਬੈਠੇ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਮਿਲਣ ਦਾ ਭੀ ਵਕਤ ਨਹੀਂ ਦੇ ਸਕਦਾ। ਕੋਈ ਐਸਾ ਸੰਤ ਭੀ ਹੈ ਜੋ ਮੇਰੇ ਬੁਲਾਉਣ ਤੇ ਭੀ ਮੇਰੇ ਪਾਸ ਆਉਣ ਵਾਸਤੇ ਤਿਆਰ ਨਹੀਂ। ਮੇਰੇ ਪਾਸੋਂ ਇਹ ਸਾਰੇ ਬਚਨ ਸੁਣ ਕੇ ਮਹਾਰਾਜਾ ਨਾਭ੍ਹਾ ਦੀ ਸੰਤ ਬਾਬਾ ਜੀ ਉੱਪਰ ਬੜੀ ਸ਼ਰਧਾ ਹੋ ਗਈ।

ਕੁਝ ਸਮੇਂ ਪਿਛੋਂ, ਮਹਾਰਾਜਾ ਸਾਹਿਬ ਨੇ ਮੈਨੂੰ ਫਿਰ ਬੁਲਾ ਭੇਜਿਆ ਤੇ ਇਕ ਹਜ਼ਾਰ ਰੁਪੱਯਾਂ ਦੀ ਥੈਲੀ ਦੇ ਕੇ ਆਖਿਆ ਕਿ ਇਹ ਮੇਰੇ ਵਲੋਂ ਸੰਤ ਬਾਬਾ ਸ਼ਾਮ ਸਿੰਘ ਜੀ ਜੋਗ ਭੇਟਾ ਕਰ ਆਓ। ਮੈਂ ਫਿਰ ਸ੍ਰੀ ਅੰਮ੍ਰਿਤਸਰ ਆਇਆ। ਮੈਨੂੰ ਪਤਾ ਸੀ ਕਿ ਸੰਤ ਬਾਬਾ ਜੀ ਮਾਇਆ ਤੋਂ ਬਿਲਕੁਲ ਨਿਰਲੇਪ ਰਹਿੰਦੇ ਹਨ; ਉਹ ਥੈਲੀ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਦਿੱਤੀ। ਸੰਤਾਂ ਪ੍ਰਤੀ ਸਿਰਫ਼ ਇਤਨੇ ਹੀ ਬਚਨ ਆਖੇ ਕਿ ਮਹਾਰਾਜ ਜੀ, ਮਹਾਰਾਜਾ ਨਾਭਾ ਨੇ ਇਹ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਭਜੀ ਹੈ। ਸੰਤ ਬਾਬਾ ਜੀ ਨੇ ਦਾਸ ਪ੍ਰਤੀ ਇਹ ਬਚਨ ਕੀਤਾ ਕਿ ਨਿੱਕਿਆ ਸਾਨੂੰ ਉਹ ਕੁੰਡੀ ਨਾਲ ਲਟਕ ਰਿਹਾ ਸਰੰਦਾ ਫੜਾ ਦੇ। ਸਰੰਦਾ ਲੈ ਕੇ ਆਪ ਨੇ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ :–

"ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ।"

[ਬਿਲਾਵਲ ਕਬੀਰ ਜੀ

ਫਿਰ ਮਹਾਰਾਜਾ ਰਿਪੁਦਮਨ ਸਿੰਘ ਨੂੰ ੧੯੨੬ ਈ: ਵਿਚ ਜਦ ਸਰਕਾਰ ਅੰਗਰੇਜ਼ੀ ਨੇ ਗੱਦੀ ਤੋਂ ਉਤਾਰਨ ਦਾ ਫ਼ੈਸਲਾ ਕਰ ਦਿਤਾ, ਤਾਂ ਆਪ ਨੇ ਮੈਨੂੰ ਆਖਿਆ ਕਿ ਜੇ ਤੈਨੂੰ ਮੇਰਾ ਕੋਈ ਦਰਦ ਹੈ ਤਾਂ ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਮੇਰੇ ਵਾਸਤੇ ਅਰਦਾਸ ਕਰਨ ਲਈ ਬੇਨਤੀ ਕਰੋ। ਸਾਰੇ ਪੰਥ ਵਿਚ ਇਕ ਇਹੋ ਹੀ ਸ਼੍ਰੋਮਣੀ ਸੰਤ ਹਨ, ਜੋ ਮੇਰੀ ਰੇਖ ਵਿਚ ਮੇਖ ਮਾਰ ਸਕਦੇ ਹੈਨ। ਦਾਸ ਸਹਿਤ ਪਰਵਾਰ ਦੇ ੬ ਮਹੀਨੇ ਸੰਤ ਬਾਬਾ ਜੀ ਦੀ ਸੇਵਾ ਵਿਚ ਆ ਕੇ ਟਿਕਿਆ ਰਹਿਆ ਤੇ ਆਪ ਦੀ ਸੰਗਤ ਵਿਚ ਕਥਾ, ਕੀਰਤਨ, ਸਤਿਸੰਗ ਮੰਡਲ ਵਿਚ ਆਤਮਿਕ ਰਸ ਮਾਣਦਾ ਰਿਹਾ। ਇਸ ਸਮੇਂ ਦੇ ਅੰਦਰ ਜਦ ਕਦੇ ਭੀ ਮੈਨੂੰ ਅਵਸਰ ਮਿਲਿਆ ਤੇ ਮੈਂ ਮਹਾਰਾਜਾ ਰਿਪੁਦਮਨ ਸਿੰਘ ਦੀ ਗੱਦੀ ਬਾਬਤ ਸੰਤਾਂ ਅੱਗੇ ਅਰਜ਼

ਕੀਤੀ, ਤਾਂ ਸੰਤ ਬਾਬਾ ਜੀ ਚੁੱਪ ਹੋ ਜਾਂਦੇ ਸਨ, ਕਿਉਂਕਿ ਆਪ ਨੂੰ ਗੁਰੂ ਬਖਸ਼ੇ ਆਤਮਕ ਬਲ ਨਾਲ ਭਵਿੱਖਤ ਦੇ ਵਰਤਾਰੇ ਦਾ ਪਤਾ ਸੀ। ਮਹਾਂ ਪੁਰਸ਼ ਅਕਾਲ ਪੁਰਖ ਦੇ ਭਾਣੇ ਵਿਚ ਕਦੇ ਦਖ਼ਲ ਨਹੀਂ ਦਿੰਦੇ।

## ਤੀਰਥ ਯਾਤਰਾ ਪਾਤਾਲ ਪੁਰੀ, ਸ੍ਰੀ ਕੀਰਤ ਪੁਰ ਸਾਹਿਬ

ਪਹਿਲੀ ਵਾਰੀ ਜਦੋਂ ਸੰਤ ਬਾਬਾ ਜੀ ਪਾਤਾਲ ਪੁਰੀ, ਸ੍ਰੀ ਕੀਰਤਪੁਰ ਸਾਹਿਬ ਸੇਵਾ ਕਰਵਾਉਣ ਵਾਸਤੇ ਗਏ, ਉਸ ਸਮੇਂ ਭਾਈ ਠਾਕਰ ਸਿੰਘ ਜੀ ਗੁੰਥੀ, ਸ੍ਰ: ਬਸ਼ੇਸ਼ਰ ਸਿੰਘ ਤੇ ਕੁਝ ਹੋਰ ਪ੍ਰੇਮੀ ਨਾਲ ਸਨ। ਬਾਰਸ਼ ਦੇ ਕਾਰਨ ਰਸਤਾ ਖ਼ਰਾਬ ਹੋ ਜਾਣ ਕਰ ਕੇ, ਰੱਥ ਚੰਗੀ ਤਰ੍ਹਾਂ ਨਹੀਂ ਸੀ ਚੱਲ ਸਕਦਾ। ਇਸ ਵਾਸਤੇ ਇਕ ਪ੍ਰੇਮੀ ਨੇ ਸੰਤ ਬਾਬਾ ਜੀ ਨੂੰ ਸ: ਬਸ਼ੇਸ਼ਰ ਸਿੰਘ ਦੇ ਕੰਧਾੜੇ ਤੇ ਚਾੜ ਕੇ ਪਾਣੀ ਵਾਲੀ ਜਗ੍ਹਾ ਤੋਂ ਲੰਘਾਇਆ। ਇਸ ਤੋਂ ਅੱਗੇ ਬੜੀ ਲੰਬੀ ਚੜ੍ਹਾਈ ਆ ਗਈ। ਚੜ੍ਹਾਈ ਦੇ ਸਿਰੇ ਤੇ ਸੰਤ ਜੀ ਬੈਠ ਗਏ ਤੇ ਸਾਹਮਣੇ ਦੋ ਕਤਾਰਾਂ ਸੰਗਤਾਂ ਦੀਆਂ ਲੱਗ ਗਈਆਂ। ਸਾਰੀ ਸੰਗਤ ਨੇ ਮਿਲ ਕੇ—

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਨਿਰੰਕਾਰ ਕਰਤਾਰ।
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਨਿਰੰਕਾਰ ਕਰਤਾਰ।

ਦੀ ਧੁਨੀ ਲਗਾ ਦਿੱਤੀ।

ਉਸ ਸਮੇਂ ਸੰਤ ਬਾਬਾ ਜੀ ਦੀ ਆਯੂ ੧੧੭ ਬਰਸ ਦੀ ਸੀ। ਦੋ ਸੇਵਕ ਸੱਜੇ ਖੱਬੇ ਸਹਾਰਾ ਦਿੰਦੇ, ਤਾਂ ਮਸੇ ਹੀ ਪੱਧਰੀ ਥਾਂ ਤੇ ਆਪ ਜੀ ਕੁਝ ਕਦਮ ਚਲਿਆ ਕਰਦੇ ਸਨ। ਸੰਤ ਬਾਬਾ ਜੀ ਨੇ ਇਹ ਵੀਚਾਰ ਕਰ ਕੇ ਕਿ ਐਡੀ ਲੰਬੀ ਚੜ੍ਹਾਈ ਤੇ ਕੰਧਾੜੇ ਤੇ ਚੁੱਕਣ ਨਾਲ ਪ੍ਰੇਮੀਆਂ ਨੂੰ ਔਖਿਆਈ ਹੋਵੇਗੀ, ਆਪਣੇ

ਸਤਿਗੁਰਾਂ ਦੇ ਬਖਸ਼ੇ ਹੋਏ ਆਤਮਿਕ ਬਲ ਨਾਲ ਇਹ ਚੋਜ ਕੀਤਾ– ਸੱਜੇ ਖੱਬੇ ਖੜੇ ਹੋਏ ਪ੍ਰੇਮੀਆਂ ਨੂੰ ਝਟਕਾ ਮਾਰ ਕੇ ਜ਼ਰਾ ਪਰੇ ਪਰੇ ਖਿਸਕਾ ਦਿੱਤਾ ਤੇ ਆਪ ਸੋਟੀ ਪਕੜ ਕੇ ਇਕ ਦਮ ਨੱਸ ਤੁਰੇ। ਸੰਗਤ ਵਿਚ ਤਕੜੇ ਨੌਜਵਾਨ ਵੀ ਸਨ ਪਰ ਸੰਤਾਂ ਨੇ ਕਿਸੇ ਨੂੰ ਭੀ ਡਾਹੀ ਨਾ ਦਿੱਤੀ। ਜਦ ਉਤਰਾਈ ਆਈ ਤਾਂ ਆਪੇ ਖਲੋ ਗਏ।

ਇਹ ਕੌਤਕ ਦੇਖ ਕੇ ਸੰਗਤ ਅਸਚਰਜ ਹੋਈ ਤੇ ਹੱਸ ਹੱਸ ਕੇ ਦੂਹਰੀ ਹੋ ਗਈ।

"ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤ ਗਿਆਨੁ ॥"

[ਸਲੋਕ ਵਾਰਾ ਤੇ ਵ: ਮ: ੩–੪੪

## ਤੀਰਥ ਯਾਤਰਾ ਸਮੇਂ ਕਿਸ ਕਿਸ ਸੇਵਾ ਦਾ ਸੰਤ ਬਾਬਾ ਜੀ ਧਿਆਨ ਰਖਦੇ ਸਨ

ਤੀਰਥ ਯਾਤਰਾ ਸਮੇਂ ਸੰਤ ਬਾਬਾ ਜੀ ਹੇਠਾਂ ਲਿਖੀਆਂ ਗੱਲਾਂ ਦਾ ਖ਼ਾਸ ਧਿਆਨ ਰਖਦੇ ਸਨ :–

੧. ਆਪ ਜੀ ਮੋਢੇ ਉਪਰ ਸਰੰਦਾ ਆਪਣਾ ਜ਼ਰੂਰ ਸਾਥ ਲਿਜਾਂਦੇ ਸਨ। ਹਰ ਗੁਰਦੁਆਰੇ ਦਰਸ਼ਨ ਸਮੇਂ, ਕੀਰਤਨ ਜ਼ਰੂਰ ਕਰਦੇ ਸਨ; ਇਲਾਹੀ ਕੀਰਤਨ ਸਮੇਂ ਐਸੇ ਪ੍ਰੇਮ ਵਿੱਚ ਆ ਜਾਂਦੇ ਸਨ, ਕਿ ਸਰੋਤੇ ਵਿਸਮਾਦ ਦੀ ਹਾਲਤ ਵਿੱਚ ਅਕੱਥਨੀਯ ਰਸ ਮਾਣਦੇ ਸਨ।

੨. ਜੇ ਗੁਰੂ ਮਹਾਰਾਜ ਜੀ ਦੇ ਨਿਵਾਸ ਅਸਥਾਨ ਦੀ ਸੇਵਾ ਹੋਣ ਵਾਲੀ ਹੋਵੇ ਯਾ ਨਿਵਾਸ ਅਸਥਾਨ ਛੋਟਾ ਹੋਵੇ, ਜਿਸ ਸੇਵਾ ਦੀ ਲੋੜ ਹੁੰਦੀ–ਮੁਰੰਮਤ ਅਥਵਾ ਅਸਥਾਨ ਵਡਾ ਕਰਨ ਦੀ–ਯਥਾ ਸ਼ਕਤ ਸੇਵਾ ਕਰ ਕਰਵਾ ਦਿੰਦੇ, ਉਪਦੇਸ਼ ਦੁਆਰਾ ਯਾ ਸਤਿਗੁਰਾਂ ਦੇ ਬਖਸ਼ੇ ਭੰਡਾਰੇ ਵਿਚੋਂ। ਮਹਾਂ ਪੁਰਸ਼ਾਂ ਦਾ ਸੰਕਲਪ ਕਦੀ ਖਾਲੀ ਨਹੀਂ ਸੀ ਗਿਆ।

੩. ਜੇ ਗੁਰਦੁਆਰੇ ਸਾਹਿਬ ਵਿਖੇ ਸੰਗਤ ਦੇ ਬੈਠਣ ਵਾਸਤੇ ਦਰੀਆਂ ਆਦਿ ਦਾ ਪ੍ਰਬੰਧ ਨਾ ਹੋਵੇ, ਤਾਂ ਪ੍ਰਬੰਧਕਾਂ ਪਾਸ ਤਾਕੀਦ ਨਾਲ ਬੇਨਤੀ ਕਰਦੇ "ਭਾਈ ਦਰੀਆਂ ਦਾ ਤਾਂ ਸੁਖ, ਆਪ ਪਾਸੋਂ ਫੂਹੜੀਆਂ ਭੀ ਨਹੀਂ ਸਰਦੀਆਂ।" ਤਾਂ ਉਸ ਸਮੇਂ ਜਿਥੋਂ ਫੂਹੜੀਆਂ ਆਦਿ ਮਿਲਣ ਮੰਗਵਾ ਕੇ ਵਿਛਵਾ ਦਿੰਦੇ।

੪. ਆਪ ਜੀ ਚੰਦੋਏ, ਮੰਜੀ ਸਾਹਿਬ, ਰੁਮਾਲ, ਗੱਦੀਆਂ, ਚੌਰ ਆਦਿਕ ਜੇਹੜੀ ਚੀਜ਼ ਪੁਰਾਣੀ ਹੋਵੇ ਅਥਵਾ ਨਾ ਹੋਵੇ, ਉਸੀ ਸਮੇਂ ਆਪਣੇ ਪਾਸੋਂ ਦੇ ਦੇਣੀ ਯਾ ਬੰਦੋਬਸਤ ਕਰ ਕਰਵਾ ਦੇਣਾ। ਘੜਿਆਲ, ਸੰਖ, ਤਾਲ, ਕੈਂਸੀਆ ਆਦਿ ਬੜੇ ਪ੍ਰੇਮ ਨਾਲ ਗੁਰਦਵਾਰਿਆਂ ਵਿਚ ਅਰਪਣ ਕਰਦੇ। ਇਹੋ ਜਿਹੀਆਂ ਸੇਵਾ ਦੀਆਂ ਵਸਤੂਆਂ ਜਿਥੋਂ ਤਕ ਹੋ ਸਕੇ, ਪਹਿਲੇ ਹੀ ਸਾਥ ਨਾਲ ਲੈ ਕੇ ਤੁਰਦੇ ਸੀ।

੫. ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਦੀ ਸੇਵਾ ਹੋਣ ਵਾਲੀ ਹੋਵੇ, ਤਾਂ ਗ੍ਰੰਥੀ ਸਿੰਘ ਨੂੰ ਸਮਝਾਉਂਦੇ—ਅਗੋਂ ਵਾਸਤੇ ਪਿਆਰ ਨਾਲ ਸੇਵਾ ਕਰਾਉਣ ਦਾ ਉਸ ਪਾਸੋਂ ਇਕਰਾਰ ਭੀ ਕਰਵਾ ਲੈਂਦੇ। ਜੇ ਉਸ ਪਾਸ ਮਾਇਆ ਨਾ ਹੋਵੇ, ਤਾਂ ਆਪਣੇ ਪਾਸੋਂ ਮਾਇਆ ਭੀ ਬਖਸ਼ ਦਿੰਦੇ।

੬. ਆਪ ਹੜਤਾਲ, ਸਿਆਹੀ, ਕਲਮ, ਕਾਗਜ, ਲੇਵੀ ਆਦਿ ਇਹ ਚੀਜ਼ਾਂ ਪਾਸ ਰਖਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਤਰਿਆਂ ਵਿਖੇ ਕਿਧਰੇ ਚੇਪੀ ਲਗਣੀ ਹੋਵੇ ਤਾਂ ਲਾ ਦਿੰਦੇ, ਅਰ ਜੇ ਕਿਧਰੇ ਪੰਗਤੀ ਦੀ ਸੋਧ ਹੋਣ ਵਾਲੀ ਹੋਵੇ, ਤਾਂ ਉਹ ਭੀ ਸੋਧ ਕਰ ਦਿੰਦੇ।

੭. ਚਰਨ ਗੰਗਾ (ਚੁਬੱਚਾ) ਅਰ ਹਸਤ ਕਮਲ ਸਾਫ ਕਰਨ ਵਾਲੀਆਂ ਟੂਟੀਆਂ ਨਾਂ ਹੋਵਣ, ਤਾਂ ਬਨਵਾਉਣ ਦਾ ਉਦਮ ਕਰਵਾ ਦਿੰਦੇ ਸਨ। ਜੇ ਪੁਰਾਤਨ ਹੋਵਣ ਤਾਂ

ਮੁਰੰਮਤ ਕਰਨ ਦੀ ਤਾਕੀਦ ਕਰਦੇ ਸਨ।

੮. ਆਪ ਗੁਰਦੁਆਰੇ ਦੀਆਂ ਪੌੜੀਆਂ ਦਾ ਬਹੁਤ ਖਿਆਲ ਰਖਦੇ ਸਨ, ਤਾਂ ਜੋ ਸੰਗਤ ਵਿਚੋਂ ਕਿਸੇ ਦਾ ਚਰਨ ਨਾ ਫਿਸਲ ਜਾਵੇ। ਜੇ ਪਉੜੀਆਂ ਬ੍ਰਿਧ ਹੋਵਣ, ਤਾਂ ਉਸੇ ਘੜੀ ਸੇਵਾ ਕਰਵਾਉਣ ਦਾ ਯਤਨ ਕਰਦੇ ਸਨ।

੯. ਜੇਕਰ ਗੁਰਦੁਆਰੇ ਵਿਚ ਮੰਜ਼ਲ ਚੜ੍ਹ ਕੇ ਜਾਣਾ ਪੈਂਦਾ ਹੋਵੇ, ਤਾਂ ਪਉੜੀਆਂ ਵਿਖੇ ਪੱਕਾ ਮਜ਼ਬੂਤ ਰੱਸਾ ਬਨ੍ਹਵਾ ਦਿੰਦੇ ਸਨ। ਜੇਕਰ ਆਏ ਗਏ ਵਾਸਤੇ ਟਿਕਣ ਦੀ ਥਾਂ ਨਾ ਹੋਵੇ, ਤਾਂ ਦਾਲਾਨ ਯਾ ਫਾਲਤੂ ਕੋਠੀਆਂ ਗੁਰਦੁਆਰੇ ਨਾਲ ਬਨਵਾਉਣ ਦਾ ਪ੍ਰਬੰਧ ਕਰਦੇ ਸਨ।

## ਅੰਤਰ ਯਾਮਤਾ

ਅੰਤਰ ਯਾਮਤਾ ਕੋਈ ਅਸੰਭਵ ਸ਼ੈ ਨਹੀਂ, ਏਕਾਗਰ ਚਿੱਤਾਂ ਵਿਚ ਇਹ ਆਮ ਦੇਖੀ ਗਈ ਹੈ। ਸੰਤ ਬਾਬਾ ਜੀ ਨਾਮ ਰਸੀਏ ਏਕਾਗਰ ਚਿਤ ਬ੍ਰਹਮ ਗਿਆਨੀ ਸਨ ਤੇ ਉਨ੍ਹਾਂ ਸਬੰਧੀ ਅਨੇਕ ਹਡ ਬੀਤੀਆਂ ਲੋਕੀਂ ਦੱਸਦੇ ਹਨ।

੧.

ਇਕ ਦਿਨ ਬਾਬਾ ਜੀ ਡੇਰੇ ਵਲੋਂ ਸ੍ਰੀ ਹਰਿਮੰਦਰ ਸਾਹਿਬ ਵਲ ਜਾ ਰਹੇ ਸਨ ਰਸਤੇ ਵਿਚ ਨਿੱਕਾ ਮਲ ਸਰਾਫ਼ ਦੀ ਦੁਕਾਨ ਦੇ ਥੜੇ ਤੇ ਜ਼ਰਾ ਸਸਤਾਣ ਲਈ ਬੈਠ ਗਏ। ਲਾਲਾ ਨਿੱਕਾ ਮਲ ਆਪ ਤੇ ਦੁਕਾਨ ਦੇ ਬਾਕੀ ਆਦਮੀ ਗਦੀ ਤੋਂ ਉਠਕੇ ਬਾਜ਼ਾਰ ਵਿਚ ਸੰਤਾਂ ਦੇ ਸਾਹਮਣੇ ਹੱਥ ਜੋੜਕੇ ਖੜੋ ਗਏ। ਸੰਤ ਆਪਣੇ ਧਿਆਨ ਵਿਚ ਮਗਨ ਸਨ। ਪੰਜ ਸੱਤ ਮਿੰਟ ਪਿਛੋਂ ਉਨ੍ਹਾਂ ਸਿਰ ਉਪਰ ਉਠਾਕੇ ਵੇਖਿਆ ਤੇ ਨਿੱਕਾ ਮਲ ਨੂੰ ਕਹਿਣ ਲਗੇ: "ਉਪਰੋਂ ਤੁਹਾਨੂੰ ਕੋਈ ਹੁਕਮ ਆਇਆ ਹੈ ਕਿ ਨਹੀਂ, ਉਪਰੋਂ, ਉਪਰੋਂ?" ਲਾਲਾ ਨਿੱਕਾ ਮਲ ਹੈਰਾਨ ਸਨ ਕਿ ਸੰਤ ਕੀਹ

ਫੁਰਮਾ ਰਹੇ ਹਨ "ਉਪਰੋਂ" ਤੋਂ ਉਨ੍ਹਾਂ ਦਾ ਕੀਹ ਮਤਲਬ ਹੈ ਤੇ "ਹੁਕਮ" ਤੋਂ ਉਨ੍ਹਾਂ ਦੀ ਕੀ ਮੁਰਾਦ ਹੈ ? ਸੰਤਾਂ ਦੀ ਬੇਪ੍ਰਵਾਹੀ ਤੋਂ ਸਾਰੇ ਜਾਣੂ ਸਨ। ਉਨ੍ਹਾਂ ਦੀ ਗੱਲ ਨੂੰ ਦੁਹਰਾਉਣ ਤੇ ਪੁੱਛਣ ਦੀ ਕਿਸੇ ਨੂੰ ਹਿੰਮਤ ਨਹੀਂ ਸੀ। ਸੰਤ ਜੀ ਉਠ ਕੇ ਸ੍ਰੀ ਦਰਬਾਰ ਸਾਹਿਬ ਵੱਲ ਪਧਾਰ ਗਏ।

ਦੂਜੇ ਦਿਨ ਲਾਟ ਸਾਹਿਬ ਪੰਜਾਬ ਦੀ ਲਾਲਾ ਨਿੱਕਾ ਮਲ ਨੂੰ ਚਿੱਠੀ ਆਈ ਕਿ ਤੁਹਾਡੇ ਖ਼ਾਨਦਾਨ ਦੀ ਨੇਕ ਨਾਮੀ ਤੇ ਪ੍ਰਾਚੀਨਤਾ ਨੂੰ ਮੁੱਖ ਰਖ ਕੇ ਤੁਹਾਨੂੰ ਆਨਰੇਰੀ ਮੈਜਿਸਟਰੇਟ ਬਣਾਇਆ ਜਾਂਦਾ ਹੈ। ਲਾਲਾ ਨਿੱਕਾ ਮਲ ਜੀ ਨੇ ਅਨੇਕ ਵਾਰੀ ਇਸ ਗੱਲ ਦਾ ਅਨੇਕਾਂ ਪਾਸ ਜ਼ਿਕਰ ਕੀਤਾ ਤੇ ਉਹ ਕਿਹਾ ਕਰਦੇ ਸਨ ਕਿ ਆਨਰੇਰੀ ਮੈਜਿਸਟਰੇਟੀ ਬਾਬਤ ਨਾ ਇਨ੍ਹਾਂ ਕਦੇ ਕੋਸ਼ਿਸ਼ ਕੀਤੀ ਸੀ ਤੇ ਨਾ ਹੀ ਇਹ ਗੱਲ ਕਿਸੇ ਦੇ ਚਿੱਤ ਚੇਤੇ ਸੀ। ਜਿਸ ਵੇਲੇ ਉਪਰੋਂ ਹੁਕਮ ਆਇਆ, ਤਦੋਂ ਹੀ ਪਤਾ ਲੱਗਾ।

੨.

ਸੰਨ ੧੯੧੯ ਈਸਵੀ ਵਿਚ ਹੋਲੇ ਮਹੱਲੇ ਦੇ ਸਮੇਂ, ਸੰਤਾਂ ਨੇ ਪਾਤਾਲ ਪੁਰੀ ਸ੍ਰੀ ਕੀਰਤ ਪੁਰ ਸਾਹਿਬ ਜੀ ਦੀ ਤੀਰਥ ਯਾਤਰਾ ਲਈ ਪ੍ਰੋਗਰਾਮ ਬਣਾਇਆ। ਆਪ ਨੂੰ ਸ: ਰਣਬੀਰ ਸਿੰਘ ਜੀ ਜਜ ਹਾਈ ਕੋਰਟ ਪਟਿਆਲਾ, ਜੋ ਉਸ ਸਮੇਂ ਸਰਹੰਦ ਬਸੀ ਦੇ ਨਾਇਬ ਨਾਜ਼ਮ ਸਨ, ਸਰਹੰਦ ਸਟੇਸ਼ਨ ਤੋਂ, ਸਮੇਤ ਸੰਗਤ ਦੇ, ਆਪਣੇ ਗ੍ਰਿਹ ਵਿਖੇ ਲੈ ਗਏ ਤੇ ਸੇਵਾ ਕਰ ਕੇ ਸੰਤਾਂ ਦੀ ਖ਼ੁਸ਼ੀ ਪ੍ਰਾਪਤ ਕੀਤੀ। ਇਸ ਤੀਰਥ ਯਾਤਰਾ ਸਮੇਂ ਸੰਤ ਜੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਸਥਾਨ ਲਈ, ਇਕ ਬੁਰਜ ਵਾਲਾ ਬੰਗਲਾ ਸੰਗਮਰਮਰ ਦੇ ਪੱਥਰ ਦਾ ਬਣਵਾ ਕੇ ਨਾਲ ਲੈ ਗਏ ਸੀ। ਇਥੋਂ ਕੀਰਤਪੁਰ ਸਾਹਿਬ ਵਾਸਤੇ ਸੰਗਤਾਂ ਨੇ ਬਹਿਲੀਆਂ ਆਦਿ ਉੱਤੇ ਚਾਲੇ ਪਾ ਦਿਤੇ ਕਿਉਂਕਿ ਉਸ ਵਕਤ ਇਸ ਪਾਸੇ ਹਾਲੀ ਰੇਲ ਗੱਡੀ ਨਹੀਂ ਚਲੀ ਸੀ। ਇਕ ਮੰਜ਼ਲ ਤੇ ਪਹੁੰਚ ਕੇ ਸੰਤ ਬਾਬਾ ਜੀ

ਤੇ ਹੋਰ ਸਤਿਸੰਗੀ ਬਹਿਲੀਆਂ ਤੇ ਬੈਠੇ, ਪਰ ਬੰਗਲਾ ਬਹੁਤ ਭਾਰਾ ਹੋਣ ਕਰ ਕੇ, ਇਕ ਬੱਲਦਾਂ ਵਾਲੇ ਗੱਡੇ ਤੇ ਰੱਖਿਆ, ਤੇ ਨਾਲ ਇਕ ਬੜੇ ਪ੍ਰੇਮੀ,ਭਾਈ ਅਰਜਨ ਸਿੰਘ ਜੀ,ਨੂੰ ਬਿਠਾ ਦਿਤਾ ਗਿਆ। ਸੰਗਤ ਤੁਰ ਪਈ, ਰਾਹ ਰੇਤਲਾ ਸੀ, ਬਹਿਲੀਆਂ ਭੀ ਬਹੁਤ ਤੇਜ਼ ਨਹੀਂ ਸਨ ਚਲ ਸਕਦੀਆਂ, ਸੰਧਿਆ ਪਏ ਟਿਕਾਣੇ ਪੁਜੀਆਂ। ਜਦ ਸੰਗਤ ਉਤਰੀ ਤਾਂ ਸੰਤ ਬਾਬਾ ਜੀ ਨੇ ਪ੍ਰੇਮ ਦੀ ਕਾਹਲ ਵਿਚ ਪੁੱਛਿਆ ਕਿ ਬੰਗਲਾ ਆ ਗਿਆ ਹੈ ? ਤਦ ਭਾਈ ਠਾਕਰ ਸਿੰਘ ਜੀ ਨੇ ਕਿਹਾ ਕਿ ਗਰੀਬ ਨਿਵਾਜ ਜੀ, ਬਹਿਲੀਆਂ ਜੇਹੜੀਆਂ ਗਡੇ ਕੋਲੋਂ ਬਹੁਤ ਤੇਜ਼ ਚਲਦੀਆਂ ਹਨ, ਉਹ ਤਾਂ ਹੁਣੇ ਹੀ ਆਈਆਂ ਹਨ, ਗੱਡਾ ਤਾਂ ਅੱਧੀ ਰਾਤ ਤਕ ਭੀ ਆ ਜਾਵੇ, ਤਾਂ ਭੀ ਚੰਗਾ ਹੈ। ਬਾਬਾ ਜੀ ਨੇ ਇਸ ਉੱਤਰ ਨੂੰ ਸੁਣ ਕੇ ਸੀਸ ਨਿਵਾ ਦਿਤਾ ਤੇ ਫਿਰ ਕੁਝ ਮਿੰਟ ਚੁੱਪ ਰਹੇ। ਫਿਰ ਜਿਸ ਤਰ੍ਹਾਂ ਮਾਨੋ ਗੱਲ ਸੁਣੀ ਹੀ ਨਹੀਂ ਸੀ, ਪੁੱਛਿਆ ਕਿ ਬੰਗਲਾ ਸਾਹਿਬ ਆ ਗਿਆ ਹੈ ? ਤਦ ਭਾਈ ਠਾਕਰ ਸਿੰਘ ਜੀ ਨੇ ਫਿਰ ਓਹੋ ਹੀ ਉੱਤਰ ਦਿਤਾ। ਤਾਂ ਸੰਤ ਰਾਜ ਜੀ ਨੇ ਫਿਰ ਸੀਸ ਨਿਵਾ ਲਿਆ। ਕੁਝ ਚਿਰ ਉਪਰੰਤ ਬਚਨ ਕੀਤਾ "ਕਿ ਜੇ ਕੋਈ ਸਰੀਰ ਇਕ ਲਾਲਟੈਨ ਲੈ ਕੇ ਡੇਰੇ ਤੋਂ ਚਾਰ ਪੰਜ ਸੌ ਗਜ਼ ਦੀ ਦੂਰੀ ਤੇ ਰਾਹ ਵਿਚ ਉੱਚੀ ਅਵਾਜ਼ ਦੇਵੇ—'ਕਿ ਗੱਡਾ ਇਧਰ ਲੈ ਆਓ, ਟਿਕਾਣਾ ਇਸ ਪਾਸੇ ਹੈ' ਤਾਂ ਜੇਹੜਾ ਪ੍ਰੇਮੀ ਗੱਡੇ ਦੇ ਨਾਲ ਹੈ, ਉਸ ਨੂੰ ਪਤਾ ਲੱਗ ਜਾਵੇ।" ਤਾਂ ਭਾਈ ਠਾਕਰ ਸਿੰਘ ਜੀ ਨੇ ਇਕ ਐਸੇ ਹੀ ਸਜਣ, ਜਿਸ ਨੂੰ ਉਨ੍ਹਾਂ ਨੇ ਜਾਣਿਆ ਕਿ ਸੰਤਾਂ ਦੇ ਬਚਨ ਵਿਚ ਸੰਸਾ ਨਾ ਕਰੇਗਾ, ਬਿਨਾਂ ਸ਼ੱਕ ਦੇ ਅਵਾਜ਼ ਮਾਰੇਗਾ, ਕਿਹਾ ਕਿ ਭਾਈ ਲਾਲਟੈਨ ਲੈ ਕੇ, ਸੰਤਾਂ ਦੇ ਹੁਕਮ ਦੀ ਪਾਲਣਾ ਕਰੋ। ਸਤਿਸੰਗੀ ਪੁਰਸ਼ ਨੇ ਪੰਜ ਸੌ ਗਜ਼ ਤੇ ਜਾ ਕੇ, ਲਾਲਟੈਨ ਉੱਚੀ ਕਰ ਕੇ ਉੱਚੀ ਅਵਾਜ਼ ਨਾਲ ਕਿਹਾ, 'ਕਿ ਭਾਈ ਅਰਜਨ ਸਿੰਘ ਜੀ ਟਿਕਾਣਾ ਇਧਰ ਹੈ ਗੱਡਾ ਇਧਰ ਲੈ ਆਓ', ਤਾਂ ਅੰਧੇਰੇ ਵਿਚੋਂ

ਤੁਰਤ ਹੀ ਜੁਆਬ ਆਇਆ, 'ਸਤਿ ਬਚਨ ਜੀ, ਚਾਨਣਾ ਦੇਖ ਲਿਆ ਹੈ।' ਇਸ ਤਰ੍ਹਾਂ ਸੰਤਾਂ ਦੀ ਅੰਤਰ-ਯਾਮਤਾ ਦੇ ਅਨੇਕ ਪ੍ਰਸੰਗ ਮਿਲਦੇ ਹਨ। ਸ: ਮਹਿੰਦਰ ਸਿੰਘ ਜੀ ਅਫ਼ਸਰ ਡਿਉਢੀ ਪਟਿਆਲਾ ਨੇ, ਸੰਤ ਬਾਬਾ ਜੀ ਦੀ ਆਗਿਆ ਅਨੁਸਾਰ ਇਸ ਪਵਿਤ੍ਰ ਗੁਰ ਤੀਰਥ ਪਾਤਾਲ ਪੁਰੀ ਦੀ ਸਫ਼ਲ ਸੇਵਾ ਕਰਵਾਈ।

[ਖਾਲਸਾ ਸਮਾਚਾਰ ੨੮-੪-੩੮

੩.

ਇਕ ਹੋਰ ਸਮੇਂ ਜਦੋਂ ਸੰਤ ਬਾਬਾ ਜੀ ਪਾਤਾਲ ਪੁਰੀ ਸ੍ਰੀ ਕੀਰਤ ਪੁਰ ਸਾਹਿਬ ਦੀ ਤੀਰਥ ਯਾਤਰਾ ਲਈ, ਗਏ ਹੋਏ ਸਨ, ਇਕ ਦਿਨ ਸ੍ਰ: ਬਸ਼ੇਸ਼ਰ ਸਿੰਘ ਜੀ ਗਰੇਵਾਲ ਦੀ ਧਰਮ ਪਤਨੀ ਜੋ ਸੰਗਤਾਂ ਨਾਲ ਸੇਵਾ ਕਰ ਰਹੀ ਸੀ ਪ੍ਰਤੀ ਸੁਭਾਵਕ ਹੀ ਸੰਤ ਰਾਜ ਜੀ ਨੇ ਆਪਣੀ ਰਸਨਾ ਤੋਂ ਬਚਨ ਕੀਤਾ-'ਕਿ ਦੇਵੀ ਤੁਸੀਂ ਡਿਪਟੀ ਹੋ ਗਏ ਹੋ।' ਸ੍ਰ: ਬਸ਼ੇਸ਼ਰ ਸਿੰਘ ਜੀ ਦਸਦੇ ਸਨ, ਕਿ ਜਦ ਅਸੀਂ ਵਾਪਸ ਆਪਣੇ ਨਗਰ ਨਾਰੰਗ ਵਾਲ ਪਹੁੰਚੇ, ਤਾਂ ਨਾਭਾ ਸਟੇਟ ਵਿਚੋਂ ਮੇਰੇ ਮੁਨਸਫ਼ (ਜਜ) ਬਣਾਏ ਜਾਣ ਦਾ ਹੁਕਮ ਅੱਗੇ ਆਇਆ ਹੋਇਆ ਸੀ ਤੇ ਮੇਰੀ ਤਲਾਸ਼ ਹੋ ਰਹੀ ਸੀ। ਉਸ ਸਮੇਂ ਤੋਂ ਤਕਰੀਬਨ ਇਕ ਸਾਲ ਪਹਿਲਾਂ ਮੈਂ ਨਾਭਾ ਰਿਆਸਤ ਦੀ ਨੌਕਰੀ ਛੱਡ ਚੁਕਾ ਸੀ, ਤੇ ਇਸ ਅਸਾਮੀ ਵਾਸਤੇ ਨਾ ਹੀ ਮੈਂ ਕੋਈ ਦਰਖਾਸਤ ਦਿਤੀ ਸੀ, ਨਾ ਕੋਸ਼ਿਸ਼ ਕੀਤੀ ਸੀ, ਤੇ ਨਾ ਹੀ ਮੈਨੂੰ ਪਤਾ ਸੀ।

## ਸ੍ਰੀ ਦਰਬਾਰ ਸਾਹਿਬ ਦੀ ਚੌਕੀ ਸਾਹਿਬ

ਸ੍ਰੀ ਮਾਨ ਸੰਤ ਬਾਬਾ ਜੀ ਭਜਨ ਮੂਰਤਿ ਤੇ ਸੇਵਾ ਦੇ ਪੁੰਜ ਸਨ। ਉਠਦਿਆਂ ਬਹਿੰਦਿਆਂ ਤੁਰਦਿਆਂ ਫਿਰਦਿਆਂ ਸਦਾ ਹੀ ਸਿਮਰਨ ਵਿਚ ਲੱਗੇ ਰਹਿੰਦੇ ਸਨ। ਆਪ ਜੀ ਨੂੰ ਉਹੀ ਪ੍ਰੇਮੀ ਪਿਆਰੇ ਲਗਦੇ ਸਨ, ਜਿਨ੍ਹਾਂ ਵਿਚ ਇਹ ਗੁਣ ਹੋਵਨ।

ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀਆਂ ਦਾ ਆਪ ਬੜਾ ਸਤਿਕਾਰ ਕਰਦੇ ਸਨ, ਤੇ ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਵਿਚ ਜੇਹੜੀਆਂ ਚੌਂਕੀਆਂ ਚੜ੍ਹਦੀਆਂ ਸਨ, ਉਨ੍ਹਾਂ ਵਿਚ ਸ਼ਾਮਲ ਹੋਣ ਵਾਲਿਆਂ ਦੀ ਆਪ ਦੇ ਦਿਲ ਵਿਚ ਬੜੀ ਕਦਰ ਸੀ।

ਸਵੇਰੇ ਅੰਮ੍ਰਿਤ ਵੇਲੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਂਦੀ ਹੈ ਤੇ ਬਾਬਾ ਜੀ ਦਾ ਪ੍ਰਕਾਸ਼ ਗ੍ਰੰਥੀ ਸਿੰਘ ਜੀ ਕਰਨ ਲਗਦੇ ਹਨ, ਉਸ ਵੇਲੇ ਇਕ ਚੌਂਕੀ ਚੜ੍ਹਦੀ ਹੈ, ਜੋ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਦਖਣਾ ਕਰਦੀ ਸੀ ਫਿਰ ਪੁਲ ਦੇ ਉਤੋਂ ਦਰਸ਼ਨੀ ਡਿਉਢੀ ਤੱਕ ਉਲਟੇ ਕਦਮੀ ਆਉਂਦੀ ਸੀ ਤੇ ਫਿਰ ਬਾਹਰ ਦੀ ਵੱਡੀ ਪ੍ਰਕਰਮਾ ਕਰ ਕੇ ਦਰਸ਼ਨੀ ਡਿਉਢੀ ਦੇ ਸਾਹਮਣੇ ਅਰਦਾਸਾ ਸੋਧ ਕੇ ਸਮਾਪਤ ਹੁੰਦੀ ਸੀ। ਇਸ ਚੌਂਕੀ ਦੇ ਮੋਢੀ ਸ੍ਰੀ ਮਾਨ ਮਹੰਤ ਆਇਆ ਸਿੰਘ ਜੀ ਹੁੰਦੇ ਸਨ, ਮਜੀਠ ਮੰਡੀ ਅੱਡਣਸ਼ਾਹੀ ਡੇਰੇ ਦੇ ਆਪ ਮਹੰਤ ਸਨ। ਆਪ ਜੀ ਦਾ ਉੱਚਾ ਲੰਬਾ ਸੋਹਣਾ ਕੱਦ, ਤੇ ਭਰਵਾਂ ਦਰਸ਼ਨੀ ਚਿਹਰਾ ਮੋਹਰਾ ਸੀ। ਜਦ ਆਪ ਡੇਰੇ ਤੋਂ ਸ੍ਰੀ ਦਰਬਾਰ ਸਾਹਿਬ ਵੱਲ ਤੁਰਦੇ, ਗਲੇ ਵਿਚ ਖਾਤੀ ਪਾ ਲੈਂਦੇ, ਜਿਸ ਦੇ ਵਿਚ ਰੋਟੀਆਂ ਹੁੰਦੀਆਂ ਸਨ, ਰਸਤੇ ਵਿਚ ਜੋ ਗਰੀਬ ਲੋੜਵੰਦ ਮਿਲਦਾ, ਪ੍ਰਸ਼ਾਦੇ ਵੰਡਦੇ ਚਲੇ ਜਾਂਦੇ ਸਨ। ਆਪ ਹੱਥ ਵਿਚ ਕੈਂਸੀਆਂ ਲੈ ਕੇ ਸ਼ਬਦ ਪੜ੍ਹਦੇ, ਉਪ੍ਰੋਕਤ ਦੱਸੇ ਢੰਗ ਨਾਲ ਪ੍ਰਕਰਮਾ ਕੀਤਾ ਕਰਦੇ ਸਨ। ਮੀਂਹ, ਹਨੇਰੀ ਝੱਖੜ ਕੁਝ ਹੋਵੇ ਆਪ ਆਪਣਾ ਇਹ ਨਿਯਮ ਲਗਾਤਾਰ ਨਿਭਾਉਂਦੇ ਸਨ। ਕਈ ਵੇਰ ਆਪ ਇਕੱਲੇ ਹੀ ਪ੍ਰਕਰਮਾ ਕਰਦੇ ਸਨ, ਤੇ ਕਈ ਵੇਰ, ਹੋਰ ਕਈ ਪ੍ਰੇਮੀ ਆਪ ਜੀ ਦੇ ਨਾਲ ਹੋ ਜਾਇਆ ਕਰਦੇ ਸਨ।

ਭਾਈ ਟਹਿਲ ਸਿੰਘ ਜੀ ਸਿੰਧੀ ਬੜੇ ਪ੍ਰੇਮੀ ਸੱਜਣ ਸਨ ਤੇ ਸੰਤ ਬਾਬਾ ਸ਼ਾਮ ਸਿੰਘ ਜੀ ਹੋਰਾਂ ਦੇ ਡੇਰੇ ਰਿਹਾ ਕਰਦੇ ਸਨ।

ਮਹੰਤ ਆਇਆ ਸਿੰਘ ਜੀ ਚਲਾਣਾ ਕਰ ਗਏ ਤਾਂ ਭਾਈ ਟਹਿਲ ਸਿੰਘ ਜੀ ਨੇ ਇਕੱਲੇ ਹੀ ਇਹ ਚੌਂਕੀ ਕਈ ਸਾਲ ਤੱਕ ਕਾਇਮ ਰੱਖੀ, ਭਾਈ ਨਰੈਣ ਸਿੰਘ ਜੀ ਬਾਗਾਂ ਵਾਲੇ ਇਨ੍ਹਾਂ ਦੇ ਨਾਲ ਸ਼ਾਮਲ ਹੋ ਗਏ। ਇਕ ਵੇਰ ਭਾਈ ਨਰੈਣ ਸਿੰਘ ਜੀ ਬੀਮਾਰ ਹੋ ਗਏ, ਤੇ ਭਾਈ ਟਹਿਲ ਸਿੰਘ ਜੀ ਨੇ ਇਕੱਲਿਆਂ ਹੀ ਚੌਂਕੀ ਚੜ੍ਹਾਈ।

ਭਾਈ ਨਰੈਣ ਸਿੰਘ ਜੀ ਦੀ ਬੀਮਾਰੀ ਲੰਬੀ ਹੋ ਗਈ। ਇਕ ਦਿਨ ਇਨ੍ਹਾਂ ਦੇ ਦਿਲ ਵਿਚ ਸੰਤਾਂ ਦੇ ਦਰਸ਼ਨ ਦੀ ਲਾਲਸਾ ਉਪਜੀ ਤੇ ਇਕ ਸਨਬੰਧੀ ਨਾਲ ਸੰਤਾਂ ਦੇ ਡੇਰੇ ਪੁਜੇ। ਸਵੇਰ ਦਾ ਵੇਲਾ ਸੀ, ਸੰਤ ਸਾਰੰਦੇ ਨਾਲ ਕੀਰਤਨ ਕਰ ਰਹੇ ਸਨ। ਭਾਈ ਨਰੈਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਭਾਈ ਨਰੈਣ ਸਿੰਘ ਜੀ ਦੀ ਬੀਮਾਰੀ ਤੇ ਭਾਈ ਟਹਿਲ ਸਿੰਘ ਜੀ ਦੇ ਇਕੱਲਿਆਂ ਚੌਂਕੀ ਚਾੜ੍ਹਨ ਦੀ ਖਬਰ ਸੰਤਾਂ ਦੇ ਕੰਨਾਂ ਵਿੱਚ ਪੁੱਜ ਚੁਕੀ ਸੀ। ਸੰਤਾਂ ਨੇ ਸ਼ਬਦ ਦਾ ਭੋਗ ਪਾਇਆ ਤੇ ਡੇਰੇ ਦੇ ਇਕ ਸਤਿਸੰਗੀ ਸੰਤ ਭਾਈ ਝੰਡਾ ਸਿੰਘ ਜੀ (ਆਪ ਸੰਤ ਬਾਬਾ ਜੀ ਦੇ ਪਿਛੋਂ ਇਸ ਡੇਰੇ ਦੇ ਮਹੰਤ ਥਾਪੇ ਗਏ) ਨੂੰ ਕਿਹਾ ਕਿ ਭਾਈ ਨਰੈਣ ਸਿੰਘ ਜੀ ਨੂੰ ਲੱਸੀ ਛਕਾਓ।

ਭਾਈ ਨਰੈਣ ਸਿੰਘ ਜੀ ਨੇ ਇਕ ਛੰਨਾ ਲੱਸੀ ਦਾ ਪੀਤਾ, ਸੰਤਾਂ ਪੁਛਿਆ ਹੋਰ ਛਕਣੀ ਹੈ ਤਾਂ ਛਕ ਲਓ। ਭਾਈ ਨਰੈਣ ਸਿੰਘ ਜੀ ਨੇ ਇਕ ਛੰਨਾ ਹੋਰ ਛੱਕ ਲਿਆ*, ਬੱਸ ਲੱਸੀ ਛੱਕਣ ਦੀ ਦੇਰ ਸੀ ਕਿ ਆਪ ਦੇ ਰੋਗ ਦੀ ਨਵਿਰਤੀ ਹੋ ਗਈ, ਤੇ ਥੋੜੇ ਦਿਨਾਂ ਪਿਛੋਂ ਆਪ ਚੌਂਕੀ ਸਾਹਿਬ ਦੀ ਸੇਵਾ ਵਿਚ ਲੱਗ ਗਏ। ਚੌਂਕੀ ਦਾ ਖਰਚ

---

*ਕਿਹਾ ਜਾਂਦਾ ਹੈ ਕਿ ਭਾਈ ਨਰੈਣ ਸਿੰਘ ਜੀ ਦਾ ਲੱਸੀ ਪੀਣ ਨੂੰ ਜੀਅ ਕਰਦਾ ਸੀ, ਪਰ ਡਾਕਟਰ ਵਲੋਂ ਆਗਿਆ ਨਹੀਂ ਸੀ।

ਆਪਣੇ ਪਾਸੋਂ ਦਿੰਦੇ ਸਨ ਤੇ ਹਰ ਵੀਹਵੇਂ ਦਿਨ ਕੜਾਹ ਪ੍ਰਸ਼ਾਦ ਚੜ੍ਹਾਉਂਦੇ ਸਨ । ਸੰਤਾਂ ਦੇ ਉਸ ਬਚਨ ਦੀ ਸਤਿਆ ਨੇ ਆਪ ਦੇ ਦਿਲ ਤੇ ਡੂੰਘਾ ਅਸਰ ਕਰ ਰੱਖਿਆ ਸੀ।

ਅੱਜ ਕਲ ਭੀ ਇਹ ਚੌਂਕੀ ਚੜ੍ਹਦੀ ਹੈ, ਪਰ ਕੁਝ ਸਮੇਂ ਤੋਂ ਪੁਰਾਤਨ ਮਰਿਯਾਦਾ ਤਬਦੀਲ ਹੋ ਗਈ ਹੈ। ਹੁਣ ਇਹ ਚੌਂਕੀ ਸਾਹਿਬ ਦਰਸ਼ਨੀ ਡਿਉਢੀ ਤੋਂ ਬਾਹਰੋਂ ਆਰੰਭ ਹੁੰਦੀ ਹੈ ਜਿਥੇਂ ਕਿ ਰਾਤ ਦੀ ਵਡੀ ਚੌਂਕੀ ਸਾਹਿਬ (ਜਿਸ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਆਰੰਭ ਕੀਤਾ ਸੀ) ਵਾਲੀ ਆਰੰਭ ਹੁੰਦੀ ਹੈ, ਤੇ ਭੋਗ ਭੀ ਉਸੇ ਜਗ੍ਹਾ ਤੇ ਆ ਕੇ ਪੈਂਦਾ ਹੈ । ਅਜ ਕਲ ਇਸ ਚੌਂਕੀ ਸਾਹਿਬ ਦੀ ਸੇਵਾ ਭਾਈ ਪ੍ਰਭ ਸਿੰਘ ਜੀ ਕਰ ਰਹੇ ਹਨ।

ਇਸੇ ਪ੍ਰਕਾਰ ਇਕ ਚੌਂਕੀ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ, ਰਹਿਰਾਸ ਸਾਹਿਬ ਜੀ ਦੇ ਪਾਠ ਦੇ ਭੋਗ ਪਿਛੋਂ, ਸੰਧਿਆ ਵੇਲੇ, ਸ੍ਰੀ ਦਰਬਾਰ ਸਾਹਿਬ ਜੀ ਦੀ ਵੱਡੀ ਪ੍ਰਕਰਮਾ ਵਿਚ ਚੜ੍ਹਦੀ ਹੈ ਅਤੇ ਛੋਟੀ ਪ੍ਰਕਰਮਾ ਕਰਕੇ ਸਮਾਪਤ ਹੁੰਦੀ ਹੈ । ਇਸ ਚੌਂਕੀ ਸਾਹਿਬ ਦੀ ਮਹੰਤੀ ਦੀ ਸੇਵਾ ਭਾਈ ਦਰਬਾਰਾ ਸਿੰਘ ਜੀ ਕਰਦੇ ਸਨ, ਉਹਨਾਂ ਦੇ ਪਿਛੋਂ ਉਹਨਾਂ ਦੇ ਖਾਨਦਾਨ ਵੱਲੋਂ ਪੁਸ਼ਤ ਦਰ ਪੁਸ਼ਤ ਇਹ ਸੇਵਾ ਹੁੰਦੀ ਆਈ ਹੈ। ਇਸ ਚੌਂਕੀ ਸਾਹਿਬ ਬਾਬਤ ਗੁਰ ਇਤਿਹਾਸ ਵਿਚ ਬੜਾ ਮਹਾਤਮ ਲਿਖਿਆ ਹੈ ਤੇ ਅਜ ਕੱਲ੍ਹ ਇਸ ਦੇ ਮਹੰਤ ਭਾਈ ਕਲਿਆਣ ਸਿੰਘ ਜੀ ਹਨ।

## ਮਨ ਨੂੰ ਵੱਸ ਕਰਨ ਦਾ ਸਾਧਨ

ਭਾਈ ਠਾਕਰ ਸਿੰਘ ਜੀ ਗੁੰਬੀ ਦਸਦੇ ਹਨ ਕਿ ਇਕ ਸਮੇਂ ਦਾਸ ਨੇ ਸੰਤਾਂ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ, ਮਨ ਬਦੋ ਬਦੀ ਬਾਹਰ ਮੁਖ ਹੋ ਜਾਂਦਾ ਹੈ । ਕ੍ਰਿਪਾ ਕਰਕੇ ਕੋਈ ਐਸਾ ਉਪਾਵ ਦੱਸੋ, ਜਿਸ ਕਰ ਕੇ ਇਹ ਅੰਤ੍ਰ ਮੁਖ ਰਹੇ। ਤਾਂ ਸ੍ਰੀ ਮਾਨ

ਸੰਤ ਬਾਬਾ ਜੀ ਨੇ ਕਿਹਾ–''ਤੁਸੀਂ ਇਸ ਮਨ ਉਪਰ ਪਹਿਰਾ ਨਹੀਂ ਦਿੰਦੇ, ਜੇ ਪਹਿਰਾ ਰਖੋਗੇ ਤਾਂ ਵੱਸ ਵਿਚ ਆ ਜਾਵੇਗਾ। ਮਨ ਦਾ ਪ੍ਰਵਾਹ ਤਾ ਲੱਖਾਂ ਜਨਮਾਂ ਤੋਂ ਬਾਹਰ ਵਲ ਧਾਵਣ ਦਾ ਹੀ ਹੈ, ਇਸ ਨੂੰ ਅੰਤਰ ਮੁਖ ਲਿਆਉਣ ਦਾ ਇਹ ਉਪਾਵ ਹੈ– ਜਿਸ ਵੇਲੇ ਮਨ ਵਿੱਚ ਕੋਈ ਫੁਰਨਾ ਫੁਰੇ ਤਾਂ ਉਸੇ ਵੇਲੇ ਫੁਰਨੇ ਨੂੰ ਮਨ ਵਿਚੋਂ ਕੱਢ ਕੇ, ਨਾਮ ਸਿਮਰਨ ਜਾਂ ਗੁਰਬਾਣੀ ਦੇ ਸ਼ਬਦ ਵਲ ਲੈ ਆਓ, ਪਰ ਇਸ ਜੁੱਧ ਵਿਚ ਪੱਕੇ ਰਹਿਣਾ ਚਾਹੀਦਾ ਹੈ; ਕ੍ਰੋੜਾਂ ਵਾਰੀ ਮਨ ਬਾਹਰ ਜਾਵੇਗਾ, ਕ੍ਰੋੜਾਂ ਵੇਰ ਮੋੜ ਕੇ ਇਸ ਨੂੰ ਅੰਦਰ ਲਿਆਉਣਾ ਪਵੇਗਾ। ਇਸ ਜੁੱਧ ਵਿਚ ਜੇਕਰ ਤੁਸੀਂ ਹਾਰੋਗੇ ਨਹੀਂ, ਤਾਂ ਮਨ ਸੁਖਾਲਾ ਹੀ ਵੱਸ ਵਿਚ ਆ ਜਾਵੇਗਾ। ਪਰ ਜੇ ਤੁਸੀਂ ਸੁਸਤੀ ਕੀਤੀ, ਜਾਂ ਮਨ ਤੇ ਪਹਿਰਾ ਨਾ ਰੱਖਿਆ, ਤਾਂ ਇਹ ਅਮੋਲਕ ਜਨਮ ਬਿਰਥਾ ਚਲਾ ਜਾਵੇਗਾ।

ਮਨ ਨੂੰ ਵੱਸ ਕਰਨ ਸੰਬੰਧੀ ਆਪ ਨੇ ਫੁਰਮਾਇਆ ਕਿ ਭਾਈ ਇਹ ਮਨ ਬੜਾ ਆਲਸੀ ਹੈ। ਸੇਵਾ, ਭਜਨ ਅਤੇ ਬੰਦਗੀ ਦੇ ਨੇਮ ਵਿਚ ਕਦੇ ਭੁੱਲ ਕੇ ਭੀ ਨਾਗਾ ਨਹੀਂ ਪਾਉਣਾ ਚਾਹੀਦਾ। ਚਾਹੀਦਾ ਇਹ ਹੈ ਕਿ ਇਸ ਜੀਵ ਨੂੰ ਸਤਿਸੰਗ ਦਾ ਐਸਾ ਰਸ ਤੇ ਆਧਾਰ ਆਵੇ, ਜਿਸ ਤਰ੍ਹਾਂ ਮੱਛੀ ਅਧਿਕ ਜਲ ਵਿਚ ਸੁਖੀ ਹੁੰਦੀ ਹੈ। ਯਥਾ ਗੁਰਵਾਕ :–

'ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥''
[ਸਿਰੀ ਰਾਗੁ ਮ: ੧–੧੧

ਜਿਵੇਂ ਮਛਲੀ ਜਲ ਤੋਂ ਬਿਨਾਂ ਮਰ ਜਾਂਦੀ ਹੈ, ਇਸ ਤਰ੍ਹਾਂ ਦਾ ਸਾਡਾ ਹਾਲ ਹੋਵੇ। ਇਸ ਦਾ ਨਾਮ ਪ੍ਰੇਮ ਹੈ।

## ਕਾਮ ਕ੍ਰੋਧ ਆਦਿਕ ਤੋਂ ਛੁਟਕਾਰੇ ਦਾ ਸਾਧਨ

ਇਕ ਦਿਨ ਸੰਤ ਬਾਬਾ ਜੀ ਤਿੰਨ ਪਹਿਰੇ ਦੀ ਚੌਂਕੀ ਕਰਕੇ

ਵਡੀ ਪ੍ਰਕਰਮਾਂ ਕਰ ਰਹੇ ਸਨ। ਜਦ ਆਪ ਸ੍ਰੀ ਅਠਸਠ ਤੀਰਥ ਦੇ ਪਾਸ ਪਹੁੰਚੇ ਤਾਂ ਇਕ ਜਗਜਾਸੂ ਧੀਮੀ ਆਵਾਜ਼ ਨਾਲ ਰੋ ਰਿਹਾ ਸੀ। ਸੰਤ ਜੀ ਬੜੇ ਦਇਆਵਾਨ ਸਨ; ਕਿਸੇ ਦਾ ਦੁੱਖ ਨਹੀਂ ਸਹਾਰ ਸਕਦੇ ਸੇ। ਆਪ ਨੇ ਉਸ ਪ੍ਰੇਮੀ ਨੂੰ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਪੁੱਛਿਆ ਕਿ ਪਿਆਰੇ ਜੀ, ਤੈਨੂੰ ਕੀ ਦੁੱਖ ਹੈ ? ਤਾਂ ਉਸ ਨੇ ਉੱਤਰ ਦਿਤਾ : ਮਹਾਰਾਜ ਜੀ, ਮੈਨੂੰ ਸਰੀਰ ਦਾ ਕੋਈ ਦੁੱਖ ਨਹੀਂ, ਕਾਮ, ਕ੍ਰੋਧ, ਲੋਭ ਆਦਿ ਮੈਨੂੰ ਕਸ਼ਟ ਦਿੰਦੇ ਹਨ, ਅਤੇ ਰਾਗ ਦ੍ਵੈਖ ਤੇ ਤ੍ਰਿਸ਼ਨਾ ਮੇਰੇ ਹਿਰਦੇ ਨੂੰ ਸਾੜਦੀ ਹੈ। ਇਹ ਬਚਨ ਸੁਣ ਕੇ ਸੰਤ ਬਾਬਾ ਜੀ ਨੇ ਉਸ ਜਗਜਾਸੂ ਪ੍ਰਤੀ ਕੁਝ ਇਸ ਪ੍ਰਕਾਰ ਦਾ ਉਪਦੇਸ਼ ਦਿੱਤਾ :–

ਤੁਸੀਂ ਧੀਰਜ ਕਰੋ, ਤੁਹਾਡਾ ਵੈਰੀ ਕੋਈ ਨਹੀਂ, ਸਿਰਫ਼ ਅਗਿਆਨ ਕਰਕੇ ਦੁੱਖੀ ਹੋ ਰਹੇ ਹੋ। ਤੁਸੀਂ ਆਪਣੇ ਸੰਕਲਪਾਂ ਨੂੰ ਅੱਠੇ ਪਹਿਰ ਵਾਹਿਗੁਰੂ ਨਾਮ ਵਲ ਲਗਾਈ ਰੱਖੋ, ਤਾਂ ਜੋ ਦੂਜਾ ਸੰਕਲਪ ਫੁਰੇ ਹੀ ਨਾ; ਇਸ ਦਾ ਫਲ ਸ਼ਾਂਤੀ ਤੇ ਸੁੱਖ ਹੋਵੇਗਾ। ਜਿਸ ਵੇਲੇ ਸ਼ੁਧ ਸੰਕਲਪ ਬਲਵਾਨ ਹੋ ਜਾਣਗੇ ਤਾਂ ਫਿਰ ਕਾਮ, ਕ੍ਰੋਧ, ਲੋਭ ਆਦਿਕ ਆਪੇ ਹੀ ਛੁੱਟ ਜਾਣਗੇ। ਯਥਾ ਗੁਰਵਾਕ :–

"ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥
ਅਪੁਨੀ ਬਿਧਿ ਆਪਿ ਜਨਾਵਹੁ ॥
ਹਰਿ ਜਨ ਮੰਗਲ ਗਾਵਹੁ ॥੧॥ ਰਹਾਉ॥
ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥
ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥੨॥
[ਸੋਰਠ ਮਹਲਾ ੫–੩੧

## ਸੰਤਨ ਹਥ ਰਾਖੀ ਕੂੰਜੀ

ਇਕ ਪ੍ਰੇਮੀ ਨੇ ਸੰਤ ਬਾਬਾ ਜੀ ਪਾਸੋਂ ਵਿਸ਼ੇ ਵਿਕਾਰਾਂ ਤੋਂ

ਬਚਣ ਦੀ ਕੁੰਜੀ ਪੁੱਛੀ ਤਾਂ ਉਸ ਪ੍ਰਤੀ ਉੱਤਰ ਦਿਤਾ :–ਕੁੰਜੀ ਇਹ ਹੈ ਕਿ ਜਦ ਕਾਮ ਕ੍ਰੋਧ ਚਿਮਟੇ ਤਾਂ ਗੁਟਕਾ ਫੜ ਲਵੇ ।

ਯਥਾ ਗੁਰਵਾਕ :—

"ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮਾਰੀ ॥"

ਸ੍ਰੀ ਮਾਨ ਸੰਤ ਬਾਬਾ ਜੀ ਨੇ ਇਕ ਸਾਖੀ ਕਾਮ ਆਦਿਕ ਤੋਂ ਬਚਣ ਲਈ ਆਪਣੇ ਹਸਤ-ਲਿਖਤ ਗ੍ਰੰਥ 'ਸ੍ਰੀ ਭਗਤ ਪ੍ਰੇਮ ਪ੍ਰਕਾਸ਼' ਵਿਚ ਕੁਝ ਇਸ ਪ੍ਰਕਾਰ ਲਿਖੀ ਹੈ :–

ਭਾਈ ਲੀਲਾ ਰਾਮ ਜੀ ਰਾਗੀ ਨੇ ਸ੍ਰੀ ਮਾਨ ਸੰਤ ਭਾਈ ਸਹਾਈ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਿਰ ਹੋ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਐਸੀ ਬਿਧਿ ਸਮਝਾਓ ਕਿ ਜਿਸ ਨਾਲ ਕਾਮ ਆਦਿਕ ਨੂੰ ਜਿਤੀਏ ਅਰ ਸ਼ਾਂਤੀ ਪ੍ਰਾਪਤ ਹੋਵੇ । ਸੰਤਾਂ ਨੇ ਬਚਨ ਕੀਤਾ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਵਾਕ :—

'ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥
ਹਰਿਹਾਂ ਮਹਾ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥

ਹੇ ਗੁਰੂ ਕੇ ਪਿਆਰੇ ਇਸ ਸ਼ਬਦ ਦਾ ਭਾਵ ਇਹੋ ਹੈ ਕਿ ਪ੍ਰੇਮ ਦਾ ਜ਼ੋਰ ਕਰ ਕੇ ਜਦ ਪ੍ਰਭੂ ਦਾ ਨਾਮ ਰੂਪੀ ਬਾਣ, ਸਿਮਰਨ ਰੂਪ ਚਲਾਣਾ ਕਰੀਏ, ਤਾਂ ਬਡੇ ਬਿਖਾਦੀ ਜਨਮ ਮਰਨ ਰੂਪ ਝਗੜੇ ਦੇ ਪਾਵਨਹਾਰੇ, ਜੋ ਕਾਮ ਆਦਿਕ ਹੈਂ, ਐਸੇ ਤਿਨ ਕਾ ਘਾਤ ਹੋਤਾ ਹੈ, ਗੁਰੂ ਪੂਰੇ ਦੁਆਰਿਓਂ; ਅਥਵਾ ਘਾਤ ਕਹੀਏ ਕਿ ਤਿਨ ਕੇ ਮਰਨੇ ਕਾ ਦਾਵ ਪਾਈਤਾ ਹੈ । ਨਾਮ ਤੇ ਸਤਿਸੰਗ ਕੇ ਪ੍ਰਾਪਤ ਹੋਣ ਕਰ ਇਹ ਬਿਖਾਦੀ ਸਿਥਲ ਹੋ ਕਰ, ਇਨ ਕਾ ਵੇਸ ਬਦਲ ਜਾਤਾ ਹੈ ।

## ਗੁਰ ਸਿੱਖੀ ਸਹਿਜ ਦਾ ਮਾਰਗ

ਗੁਰ ਪੁਰ ਵਾਸੀ ਸ: ਬਸ਼ੇਸ਼ਰ ਸਿਘ ਜੀ ਗੁਰੇਵਾਲ, ਲੇਟ ਨਾਜ਼ਮ ਰਿਆਸਤ ਨਾਭਾ, ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੀਰਥ ਯਾਤ੍ਰਾ ਤੇ ਆਉਂਦੇ ਸਨ ਤਾਂ ਕਈ ਵਾਰ ਪੰਥ ਰਤਨ ਭਾਈ ਸਾਹਿਬ

ਭਾਈ ਵੀਰ ਸਿੰਘ ਜੀ ਹੋਰਾਂ ਦੇ ਕੋਠੀ ਦਰਸ਼ਨ ਕਰਨ ਲਈ ਵੀ ਜਾਇਆ ਕਰਦੇ ਸਨ। ਸਰਦਾਰ ਜੀ ਭਾਈ ਸਾਹਿਬ ਜੀ ਦੇ ਬਚਨ ਆਪਣੀ ਡਾਇਰੀ ਵਿਚ ਨੋਟ ਕਰ ਲੀਤਾ ਕਰਦੇ ਸਨ। ਆਪਣੀ ਡਾਇਰੀ ਵਿਚ ਇਕ ਥਾਵੇਂ ਓਹ ਲਿਖਦੇ ਹਨ :

ਇਕ ਸਮੇਂ ਜਦ ਮੈਂ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਆਪ ਦੇ ਨਿਵਾਸ ਤੇ ਹਾਜ਼ਰ ਹੋਇਆ, ਤਾਂ ਆਪ ਜੀ ਨੇ ਕਿਹਾ : ਇਕ ਸਿਖ ਆਤਮ ਗਿਆਨ ਦੀ ਪ੍ਰਾਪਤੀ ਵਾਸਤੇ ਸਾਡੇ ਪਾਸ ਆਇਆ ਸੀ, ਅਸਾਂ ਉਸ ਨੂੰ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਪਾਸ ਭੇਜਿਆ। ਜਦੋਂ ਉਹ ਸੱਜਣ ਬਾਬਾ ਜੀ ਦੇ ਡੇਰੇ ਪੁੱਜਾ ਤਾਂ ਉਸ ਨੂੰ ਸੰਤ ਬਾਬਾ ਜੀ ਨੇ "ਜੀ ਆਇਆਂ" ਆਖਿਆ ਤੇ ਆਗਿਆ ਕੀਤੀ ਕਿ ਗੁਰੂ ਕੇ ਲੰਗਰ ਵਿਚ ਬਰਤਨ ਸਾਫ਼ ਕਰਨ ਦੀ ਸੇਵਾ ਕਰੇ। ਇਕ ਹਫ਼ਤਾ ਸੇਵਾ ਕਰਨ ਪਿਛੋਂ ਉਸ ਜਗਿਆਸੂ ਨੇ ਫੇਰ ਬੇਨਤੀ ਕੀਤੀ ਕਿ ਮਹਾਰਾਜ ਜੀ ਦਾਸ ਨੂੰ ਆਤਮ ਗਿਆਨ ਬਖਸ਼ੋ। ਸੰਤਾਂ ਨੇ ਉਸ ਨੂੰ ਉਪਦੇਸ਼ ਦਿਤਾ ਕਿ 'ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ' ਨਾਮ ਜਪੋ। ਦੋ ਤਿੰਨ ਹਫ਼ਤੇ ਪਿਛੋਂ ਉਸਨੇ ਫੇਰ ਅਰਜ਼ ਕੀਤੀ ਕਿ ਗਰੀਬ ਨਿਵਾਜ ਜੀ, ਮੈਨੂੰ ਆਤਮ ਗਿਆਨ ਦੀ ਪ੍ਰਾਪਤੀ ਹੋਵੇ, ਤਾਂ ਸੰਤ ਬਾਬਾ ਜੀ ਨੇ ਉਸ ਪ੍ਰਤੀ ਕੁਝ ਇਸ ਪ੍ਰਕਾਰ ਦੇ ਬਚਨ ਕਹੇ : "ਗੁਰੂ ਕੇ ਪਿਆਰੇ, ਇਥੇ ਤਾਂ ਕੇਵਲ ਸੇਵਾ ਕਰਨੀ ਤੇ ਨਾਮ ਜਪਣੇ ਦਾ ਕੰਮ ਹੈ, ਆਤਮ ਗਿਆਨ ਦੀ ਪ੍ਰਾਪਤੀ ਤਾਂ ਵਾਹਿਗੁਰੂ ਜੀ ਦੀ ਬਖਸ਼ਸ਼ ਨਾਲ ਮਿਲਦੀ ਹੈ; ਇਹ ਸਹਿਜ ਦਾ ਮਾਰਗ ਹੈ, ਇਸ ਕੰਮ ਵਿਚ ਕਾਹਲ ਨਹੀਂ ਕਰਨੀ ਚਾਹੀਦੀ।"

## ਅਮੁੱਲ ਸੁਆਸਾਂ ਦੀ ਸਫ਼ਲਤਾ

ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਇਸ ਹਸਤ ਲਿਖਤ ਗ੍ਰੰਥ ਵਿਚ ਸੁਆਸਾਂ ਨੂੰ ਨਾਮ ਸਿਮਰਨ ਵਿਚ

ਰੰਗ ਕੇ ਸਫਲਾਵਣ ਸਬੰਧੀ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੀ ਇਕ ਸਾਖੀ ਲਿਖੀ ਹੈ ਜੋ ਸਾਡੇ ਲਈ ਬੜੀ ਸਿਖਿਆਦਾਇਕ ਹੈ; ਉਸ ਦੇ ਅੱਖਰ ਇਸ ਪ੍ਰਕਾਰ ਹਨ :–

ਕੋਈ ਪੁਰਸ਼ ਕੋਲੇ ਫੂਕ ਦੇ ਕੇ ਭਖਾਵਤਾ ਸੀ, ਸੀਤ ਕਾਲ ਮੇਂ, ਨਿਕਟ ਸ੍ਰੀ ਬਾਬਾ ਸਾਹਿਬ ਸਿੰਘ ਜੀ ਕੇ। ਤਬ ਬਾਬਾ ਜੀ ਬਚਨ ਕਰਤ ਭਏ, "ਹੇ ਭਾਈ! ਇਹ ਅੰਮ੍ਰਿਤ ਕਾਹਨੂੰ ਕੋਲਿਆਂ ਪਰ ਤੂੰ ਡੋਲ੍ਹਤਾ ਹੈਂ, ਭਾਵ ਇਹ ਜੋ ਗਿਣਤੀ ਦੇ ਸੁਆਸ ਹੈਂ ਇਸ ਪ੍ਰਾਣੀ ਕੇ, ਤਿਸ ਕੋ ਸ੍ਵਾਸ ਸ੍ਵਾਸ, ਸ੍ਵਾਸ ਸ੍ਵਾਸ ਸ੍ਰੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਕਾ ਜਾਪ ਕਰੇਂ ਤੋ ਤਿਸ ਕਰ ਬੜਾ ਅਨੰਦ ਹੋਤਾ ਹੈ। ਪੁਨਾ ਕੋਲੇ ਬੀਜਨ ਕਰ* ਪ੍ਰਜੁਲਤ ਕਰੇਂ, ਹੇ ਭਾਈ! ਇਨ ਪਰ ਵਿਅਰਥ ਨ ਗੁਵਾਏਂ, ਜੋ ਏਕ ਭੀ ਸ੍ਵਾਸ ਕੋਟਾਂ† ਕੀ ਕੀਮਤ ਤੋਂ ਉਪਰ ਹੈ। ਸੋ ਸੁਨ ਕਰ 'ਸਤਿ ਬਚਨ' ਕਹਿਤ ਭਇਆ।

## ਮਜ਼੍ਹਬੀ ਸਿੰਘਾਂ ਨੂੰ ਪੰਥ ਨਾਲ ਰਲਾਉਣਾ

ਭਾਈ ਠਾਕਰ ਸਿੰਘ ਜੀ ਦੱਸਦੇ ਸਨ ਕਿ ਇਕ ਦਿਨ ਸੰਤ ਬਾਬਾ ਜੀ ਸ੍ਰੀ ਅਕਾਲ ਤਖਤ ਸਾਹਿਬ ਸੰਧਿਆ ਦੇ ਦੀਵਾਨ ਦੀ ਹਾਜ਼ਰੀ ਭਰਨ ਜਾ ਰਹੇ ਸਨ ਤੇ ਆਪ ਸੰਤਾਂ ਦੇ ਨਾਲ ਸਨ। ਸ੍ਰੀ ਅਕਾਲ ਤਖਤ ਸਾਹਿਬ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ, ਜਿਸ ਵਿਚ ਇਤਨੀ ਜ਼ਿਆਦਾ ਸੰਗਤ ਬੈਠੀ ਹੋਈ ਸੀ ਕਿ ਲੰਘਣ ਦਾ ਰਸਤਾ ਨਹੀਂ ਮਿਲਦਾ ਸੀ। ਇਹ ਵੇਖ ਕੇ ਸੰਤਾਂ ਨੇ ਭਾਈ ਠਾਕਰ ਸਿੰਘ ਨੂੰ ਇਸ ਭਾਰੀ ਇਕੱਠ ਦਾ ਕਾਰਣ ਪੁੱਛਿਆ, ਤਾਂ ਆਪ ਨੇ ਉੱਤਰ ਦਿੱਤਾ ਕਿ ਮਹਾਰਾਜ ਜੀ, ਇਹ ਅਕਾਲੀਆਂ ਦਾ ਦੀਵਾਨ ਹੈ, ਜੋ ਇਹ ਪ੍ਰਚਾਰ ਕਰ ਰਹੇ ਹਨ

---

*ਬੀਜਨ ਕਰ=ਪੱਖੇ ਨਾਲ। †ਕਰੋੜਾਂ ਰੁਪੱਯਾਂ ਦੀ।

ਕਿ ਮਜ਼ੂਬੀ ਸਿੰਘਾਂ ਨੂੰ ਨਾਲ ਮਿਲਾ ਲੈਣਾ ਚਾਹੀਦਾ ਹੈ। ਇਹ ਉਸ ਵਕਤ ਦਾ ਵਾਕਿਆ ਹੈ, ਜਦੋਂ ਕਿ ਹਾਲੀਂ ਤਕ ਮਹਾਤਮਾ ਗਾਂਧੀ ਦੀ ਲਹਿਰ, ਅਛੂਤ ਜਾਤੀਆਂ ਨੂੰ ਨਾਲ ਮਿਲਾਉਣ ਦਾ ਅਜੇ ਬਾਕਾਇਦਾ ਸ਼ੁਰੂ ਨਹਾਂ ਸੀ ਹੋਈ। ਡੇਰੇ ਆ ਕੇ ਸੰਤ ਬਾਬਾ ਜੀ ਨੇ ਆਗਿਆ ਕੀਤੀ ਕਿ ਸਰੰਦਾ ਕੱਢੋ; ਤਾਂ ਆਪ ਨੇ ਇਹ ਸ਼ਬਦ ਪੜ੍ਹਿਆ :—

"ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ਰਹਾਉ॥
ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥
ਨਾਮ ਦੇਵ ਕਬੀਰੁ ਤਿਲੋਚਨ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥
[ਮਾਰੂ ਰਵਿਦਾਸ ਜੀ

ਜਦੋਂ ਬਾਬਾ ਜੀ ਸ੍ਰੀ ਦਰਬਾਰ ਸਾਹਿਬ ਤੋਂ ਵਾਪਸ ਆਉਂਦੇ ਸਨ। ਤਾਂ ਲਗ ਪਗ ਛੇ ਮਹੀਨੇ ਹਰ ਰੋਜ਼ ਇਹੋ ਸ਼ਬਦ ਪੜ੍ਹਦੇ ਰਹੇ। ਇਸ ਆਰਾਧਨਾ ਦਾ ਫਲ ਇਹ ਹੋਇਆ ਕਿ ਮਜ਼ੂਬੀ ਸਿੰਘਾਂ ਨੂੰ ਪੰਥ ਨਾਲ ਮਿਲਾ ਲੀਤਾ ਗਿਆ।

## ਸੰਤਾਂ ਦੀ ਵਾਕ ਸੱਤਜਾ

ਸਰਦਾਰ ਬਸ਼ੇਸ਼ਰ ਸਿੰਘ ਜੀ ਗਰੇਵਾਲ ਦਸਦੇ ਸਨ :—"ਮੈਂ ਨਾਭਾ ਸਰਕਾਰ ਦੀ ਨੌਕਰੀ ਵਿਚ ਮੁਨਸਫ (ਜੱਜ) ਸੀ, ਮੇਰਾ ਢਾਈ ਸਾਲ ਦਾ ਇਕਲੌਤਾ ਬੇਟਾ ਸਖ਼ਤ ਬੀਮਾਰ ਹੋ ਗਿਆ। ਮੈਂ ਪਰਵਾਰ ਨੂੰ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਹਾਜ਼ਰ ਹੋਇਆ ਤੇ ਸੰਤਾਂ ਦੇ ਡੇਰੇ ਰਹਿਣਾ ਸ਼ੁਰੂ ਕਰ ਦਿਤਾ। ਇਕ ਦਿਨ ਦਾਸ ਨੇ ਸੰਤਾਂ ਨੂੰ ਇਕੱਲਿਆਂ ਦੇਖ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ, ਦਾਸ ਦਾ ਬੱਚਾ ਸਖ਼ਤ ਬੀਮਾਰ ਹੈ । ਬਾਬਾ ਜੀ

ਨੇ ਇਹ ਸੁਣ ਕੇ ਮੈਨੂੰ ਤਾੜ ਕੇ ਆਖਿਆ ਕਿ ਮੈਂ ਕੋਈ ਪਰਮੇਸ਼ੂਰ ਦਾ ਸ਼ਰੀਕ ਹਾਂ, ਇਹ ਬਚਨ ਉਚਾਰ ਕੇ ਦਾਸ ਦੇ ਨਾਲ ਕੁਝ ਨਾਰਾਜ਼ ਹੋ ਗਏ–ਰਾਤ ਦੇ ਦੋ ਬਜੇ ਬੱਚੇ ਨੇ ਸ਼ਰੀਰ ਤਿਆਗ ਦਿਤਾ। ਮੇਰੀ ਸੁਪਤਨੀ ਬੀਮਾਰ ਹੋ ਗਈ, ਉਸ ਦੇ ਪੇਟ ਵਿਚ ਗੋਲਾ ਹੋ ਗਿਆ ਤੇ ਲੇਡੀ ਡਾਕਟਰ ਨੇ ਕਹਿ ਦਿਤਾ ਕਿ ਇਸ ਬੀਮਾਰੀ ਦੇ ਕਾਰਨ ਹੋਰ ਬੱਚਾ ਹੋਣ ਦੀ ਆਸ ਨਹੀਂ । ਕੁਛ ਸਮੇਂ ਪਿਛੋਂ ਸੰਤ ਬਾਬਾ ਜੀ ਨੇ ਸ੍ਰੀ ਤਰਨ ਤਾਰਨ ਸਾਹਿਬ, ਖਡੂਰ ਸਾਹਿਬ, ਬਾਉਲੀ ਸਾਹਿਬ ਦੀ ਤੀਰਥ ਯਾਤਰਾ ਦੀ ਤਿਆਰੀ ਕੀਤੀ। ਸ੍ਰੀ ਤਪਿਆਣਾ ਸਾਹਿਬ ਤੋਂ ਬਾਵਲੀ ਸਾਹਿਬ ਜਾਣ ਲਈ ਇਕ ਟਾਂਗੇ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਅਗੇ ਸੰਤ ਬਾਬਾ ਜੀ ਬਿਰਾਜਮਾਨ ਹੋਏ, ਪ੍ਰੇਮੀਆਂ ਨੇ ਦਾਸ ਨੂੰ ਟਾਂਗੇ ਦੇ ਪਿਛਲੇ ਪਾਸੇ ਬੈਠਣ ਦੀ ਆਗਿਆ ਕੀਤੀ । ਸੰਗਤ ਵਿਚ ਦੋ ਛੋਟੇ ਬੱਚੇ ਸਨ, ਕਾਕਾ ਤ੍ਰਿਲੋਚਨ ਸਿੰਘ ਤੇ ਕਾਕਾ ਹਰਬੰਸ ਸਿੰਘ। ਇਕ ਨੂੰ ਮੈਂ ਪੱਟ ਉਪਰ ਤੇ ਦੂਜੇ ਨੂੰ ਪਕੜ ਕੇ ਬਗ਼ਲ ਵਿਚ ਬਿਠਾ ਲਿਆ । ਸੰਗਤ ਵਿਚ ਭਾਈ ਠਾਕਰ ਸਿੰਘ ਗ੍ਰੰਥੀ, ਭਾਈ ਸੰਤ ਸਿੰਘ ਬਿਰਧ, ਭਾਈ ਭੋਲਾ ਸਿੰਘ ਚਾਵਲਾਂ ਵਾਲੇ ਤੇ ਭਗਤ ਗੁਰਾਂ ਦਿਤਾ ਆਦਿ ਮਾਈ ਭਾਈ ਜਾ ਰਹੇ ਸਨ। ਸੰਤ ਰਾਜ ਜੀ ਨੇ ਇਨ੍ਹਾਂ ਵਲ ਮੁੱਖ ਕਰ ਕੇ ਤੇ ਦਾਸ ਦੀ ਤਰਫ਼ ਹੱਥ ਕਰ ਕੇ ਬਚਨ ਉਚਾਰਿਆ ਕਿ ਭਾਈ ਇਹ ਸਿਖ ਮੇਰੇ ਪਾਸ ਇਕ ਬੱਚੇ ਲਈ ਰੋਂਦਾ ਸੀ ਤੇ ਹੁਣ ਇਸ ਨੂੰ ਗੁਰੂ ਮਹਾਰਾਜ ਨੇ ਦੋ ਬਖ਼ਸ਼ ਦਿਤੇ ਹਨ । ਉਸੇ ਵੇਲੇ ਸੰਗਤ ਨੇ ਦਾਸ ਨੂੰ ਤੇ ਮੇਰੀ ਧਰਮ ਪਤਨੀ ਨੂੰ ਵਧਾਈਆਂ ਦੇ ਦਿਤੀਆਂ ਕਿ ਸੰਤ ਬਾਬਾ ਜੀ ਦਾ ਵਰ ਹੋ ਚੁੱਕਾ ਹੈ, ਤੁਹਾਨੂੰ ਹੁਣ ਦੋ ਪੁਤਰ ਮਿਲਣਗੇ।

"ਸਾਧੂ ਬੋਲੈ ਸਹਿਜ ਸੁਭਾਇ ॥
ਸਾਧੂ ਕਾ ਬੋਲਿਆ ਬਿਰਥਾ ਨ ਜਾਇ ॥"

ਉਸ ਤੋਂ ਪਿਛੋਂ ਮੇਰੇ ਗ੍ਰਹਿ ਵਿਖੇ ਦੋ ਲੜਕੇ ਪੈਦਾ ਹੋਏ

ਜਿਨ੍ਹਾਂ ਦੀ ਉਮਰ ਵਿਚ ਇਕ ਸਾਲ ਦੱਸ ਮਹੀਨਿਆਂ ਦਾ ਫ਼ਰਕ ਹੈ। ਵਡੇ ਦਾ ਨਾਮ ਹਰਮੇਲ ਸਿੰਘ ਹੈ ਤੇ ਛੋਟੇ ਦਾ ਨਾਮ ਨਰਿੰਦ੍ਰ ਸਿੰਘ। ਸਤਿਗੁਰਾਂ ਦੀ ਮੇਹਰ ਨਾਲ, ਇਹ ਦੋਨੋਂ ਬੱਚੇ ਇਕ ਮਿਲਟਰੀ ਵਿਚ ਵੱਡੇ ਔਹਦੇ ਤੇ ਹੈ ਤੇ ਦੂਸਰਾ ਆਪਣੇ ਕਾਰ ਵਿਵਹਾਰ ਵਿਚ ਹੈ ਦੋਵੇਂ ਸੁਖੀ ਵਸਦੇ ਹਨ। ਇਹ ਗੱਲ ਨਿਸ਼ਚੇ ਵਾਲੀ ਹੈ ਕਿ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੀ ਅਪਾਰ ਰਹਿਮਤ ਨਾਲ ਸੰਤ ਬਾਬਾ ਜੀ ਨੂੰ ਹਰ ਤਰ੍ਹਾਂ ਨਾਲ ਵਾਕ ਸਤਿਆ ਪ੍ਰਾਪਤ ਸੀ। ਆਪ ਦੇ ਬਚਨ ਸਦੀਵ ਸਫਲ ਹੁੰਦੇ ਸਨ, ਜੋ ਕੁਝ ਸਹਿਜ ਸੁਭਾ ਫੁਰਮਾਉਂਦੇ, ਪੂਰਾ ਹੋਏ ਬਿਨਾ ਨਹੀਂ ਰਹਿੰਦਾ ਸੀ। ਪਰ ਆਪ ਐਸਾ ਕੋਈ ਵਾਕ ਕਿਸੇ ਉਮਾਹੂ ਰੰਗ ਵੇਲੇ ਪਰਉਪਕਾਰ ਵਿੱਚ ਕਹਿੰਦੇ ਸਨ। ਨਾਟਕ ਚੇਟਕ ਲਈ, ਆਪ ਤੋਂ ਕਦੇ ਕੋਈ ਕ੍ਰਿਸ਼ਮਾ ਨਹੀਂ ਹੋਇਆ।

## ਗੁਰਦੁਆਰਿਆਂ ਦੀ ਸੇਵਾ

ਸੰਤ ਬਾਬਾ ਜੀ ਨੂੰ ਗੁਰਦੁਆਰਿਆਂ ਦੀ ਸੇਵਾ ਕਰਾਉਣ ਦਾ ਡਾਢਾ ਪਿਆਰ ਸੀ। ਕੁਛ ਗੁਰ-ਅਸਥਾਨਾਂ ਦੀਆਂ ਸੇਵਾ ਜੋ ਆਪ ਨੇ ਪ੍ਰੇਮੀਆਂ ਨੂੰ ਉਤਸ਼ਾਹ ਤੇ ਉੱਦਮ ਦੇ ਕੇ ਕਰਵਾਈਆਂ ਸਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

੧. ਸ੍ਰੀ ਕੌਲ ਸਰ ਸਾਹਿਬ ਜੀ ਦੀ ਕੱਚੀ ਪ੍ਰਕਰਮਾ ਪੱਕੀ ਕਰਵਾਈ। ਜਿਨ੍ਹਾਂ ਲੋਕਾਂ ਦੇ ਘਰਾਂ ਦੇ ਗੰਦੇ ਪ੍ਰਨਾਲੇ ਇਸ ਸਰੋਵਰ ਦੀ ਪ੍ਰਕਰਮਾਂ ਵਿਚ ਪੈਂਦੇ ਸਨ ਉਨ੍ਹਾਂ ਨੂੰ ਆਪ ਨੇ ਬੰਦ ਕਰਵਾਇਆ।

੨. ਸ੍ਰੀ ਬਾਵਲੀ ਸਾਹਿਬ ਗੋਇੰਦਵਾਲ ਵਿਖੇ ਸੋਨੇ ਦੇ ਕਲਸ ਦੀ ਸੇਵਾ।

੩. ਸ੍ਰੀ ਤਰਨ ਤਾਰਨ ਸਾਹਿਬ ਜੀ ਦੀਆਂ ਬੁਰਜੀਆਂ ਦੀ ਸੇਵਾ।

੪. ਸਿਆਲਕੋਟ ਦੇ ਜ਼ਿਲ੍ਹੇ ਵਿਚ ਗੁਰਦੁਆਰਾ ਗੁਰੂ ਸਰ ਦੀ ਸੁੰਦਰ ਇਮਾਰਤ ਬਣਵਾਈ ਤੇ ਟਾਹਲੀ ਸਾਹਿਬ ਜੀ ਦੀ ਸੇਵਾ ਕਰਵਾਈ।

੫. ਗੁਰਦੁਆਰਾ ਪਾਤਾਲ ਪੁਰੀ ਕੀਰਤਪੁਰ ਸਾਹਿਬ ਵਿਖੇ, ਛੇਵੇਂ ਪਾਤਸ਼ਾਹ ਜੀ ਦੇ ਅਸਥਾਨ ਦੀ ਸੁੰਦਰ ਇਮਾਰਤ ਬਣਵਾਈ ਤੇ ਖੂਹ ਲਗਵਾਇਆ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਦੇਹੁਰੇ ਵਿਖੇ ਸੰਗ-ਮਰਮਰ ਦਾ ਸੁੰਦਰ ਬੁਰਜ ਵਾਲਾ ਬੰਗਲਾ ਸਾਹਿਬ ਬਣਵਾ ਕੇ ਲਗਵਾਇਆ ਅਤੇ ਦਰਿਆ ਦੇ ਕੰਢੇ ਘਾਟ ਬਣਵਾਇਆ।

੬. ਸੰਗਰਾਣੇ ਸਾਹਿਬ ਦੇ ਨੇੜੇ ਸ਼ਹੀਦ ਸਿੰਘਾਂ ਦੇ ਅਸਥਾਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਕਮਰੇ ਦੀ ਸੇਵਾ ਕਰਵਾਈ।

੭. ਬਿਬੇਕ ਸਰ ਸਾਹਿਬ ਜੀ ਦੀ ਕਾਰ ਸੇਵਾ।

੮. ਗੁਰਦੁਆਰਾ ਗੁਰੂ ਕੇ ਮਹਿਲ ਦੀ ਸੇਵਾ।

੯. ਝੰਡੇ ਬੁੰਗੇ ਸਾਹਿਬ ਦੇ ਪਾਸ ਜਗ੍ਹਾ ਬਹੁਤ ਭੀੜੀ ਸੀ, ਹਜ਼ਾਰਾਂ ਰੁਪਈਏ ਖ਼ਰਚ ਕਰ ਕੇ ਪ੍ਰਕਰਮਾਂ ਲਈ ਰਸਤਾ ਖੁਲ੍ਹਾ ਕਰਵਾਇਆ।

੧੦. ਕਾਰ ਸੇਵਾ ਸ੍ਰੀ ਦਰਬਾਰ ਸਾਹਿਬ ਆਪ ਜੀ ਦੀ ਹੀ ਜਥੇਦਾਰੀ ਵਿਚ ਸੰਪੂਰਨ ਕੀਤੀ ਗਈ।

ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ, ਅਤੇ ਸੰਤ ਬਾਬਾ ਸਾਧੂ ਸਿੰਘ ਜੀ ਦਨੋਂ ਹੰਸਾਂ ਦੀ ਜੋੜੀ ਜੀ ਦੀ ਰਾਹੀਂ ਹੇਠ ਲਿਖੀਆਂ ਸੇਵਾ ਕਰਵਾਈਆਂ :—

੧੧. ਸ੍ਰੀ ਸੰਤੋਖ ਸਰ ਜੀ ਦੀ ਮੁਕੰਮਲ ਸੇਵਾ।

੧੨. ਸ੍ਰੀ ਦਰਬਾਰ ਸਾਹਿਬ ਜੀ ਦੀ ਹੰਸਲੀ ਪੱਕੀ ਕਰਵਾਈ।

੧੩. ਗੁਰਦੁਆਰਾ ਝੰਡਾ ਬੁੰਗਾ ਸਾਹਿਬ ਜੀ ਦੀ ਨਵੇਂ

ਸਿਰਿਓਂ ਇਮਾਰਤ ਬਣਵਾਈ।

੧੪. ਗੁਰਦੁਆਰਾ ਤਪਿਆਣਾ ਸਾਹਿਬ, ਖਡੂਰ ਸਾਹਿਬ ਦੀ ਸੇਵਾ।

੧੫. ਸ੍ਰੀ ਤਰਨ ਤਾਰਨ ਸਾਹਿਬ ਜੀ ਦੀ ਪੰਜ ਮੀਲ ਲੰਬੀ ਹੰਸਲੀ ਦੀ ਸੇਵਾ।

੧੬. ਸ੍ਰੀ ਤਰਨ ਤਾਰਨ ਸਾਹਿਬ ਸਰੋਵਰ ਦੀਆਂ ਪਉੜੀਆਂ ਨਵੀਆਂ ਬਣਵਾਉਣੀਆਂ।

੧੭. ਗੋਇੰਦਵਾਲ ਸਾਹਿਬ ਤੋਂ ਸ੍ਰੀ ਖਡੂਰ ਸਾਹਿਬ ਤੱਕ ਬਾਰਾਂ ਮੀਲ ਲੰਬੀ ਸੜਕ ਬਣਵਾਈ।

੧੮. ਗੁਰਦਦੁਆਰਾ ਬਾਬਾ ਬਕਾਲੇ ਸਾਹਿਬ ਦੀ ਸੇਵਾ।

੧੯. ਸ੍ਰੀ ਨਨਕਾਣਾ ਸਾਹਿਬ ਜੀ ਦੇ ਸਾਰਿਆਂ ਗੁਰਦੁਆਰਿਆਂ ਦੀ ਸੇਵਾ।

੨੦. ਸ੍ਰੀ ਮੁਕਤਸਰ ਸਾਹਿਬ ਜੀ ਦੀ ਭਾਰੀ ਸੇਵਾ।

## ਸੇਵਾ ਸ੍ਰੀ ਸੰਤੋਖ ਸਰ ਸਾਹਿਬ

ਸ੍ਰੀ ਸੰਤੋਖ ਸਰ ਸ਼ਹਿਰ ਅੰਮ੍ਰਿਤਸਰ ਦੇ ਮੱਧ ਵਿਚ ਬੜੀ ਸੰਘਣੀ ਆਬਾਦੀ ਵਿੱਚ ਵਾਕਿਆ ਹੈ, ਜਿਸ ਦੇ ਦੋਨੋਂ ਪਾਸੇ ਬਾਜ਼ਾਰ ਹਨ। ਦੁਕਾਨਦਾਰ ਤੇ ਲਾਗੇ ਦੇ ਮਕਾਨਾਂ ਵਾਲੇ, ਆਪਣਾ ਕੂੜਾ ਕਰਕਟ ਇਸ ਸਰੋਵਰ ਵਿੱਚ ਸੁਟ ਦਿੰਦੇ ਸਨ। ਇਸ ਕਾਰਨ ਸ਼ਹਿਰ ਦੀ ਮਿਊਂਨਸਪਲ ਕਮੇਟੀ ਨੇ ਇਸ ਯਾਦਗਾਰੀ ਤੀਰਥ ਨੂੰ ਪੂਰ ਕਰਾਉਣਾ ਦਾ ਫੈਸਲਾ ਕਰ ਦਿਤਾ ਸੀ। ਇਕ ਦਿਨ ਸੰਤ ਬਾਬਾ ਗੁਰਮੁਖ ਸਿੰਘ ਜੀ, ਤੇ ਸੰਤ ਬਾਬਾ ਸਾਧੂ ਸਿੰਘ ਜੀ, ਦੋਨੋਂ ਹੰਸਾਂ ਦੀ ਜੋੜੀ, ਸੰਤ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ। ਸੰਤ ਬਾਬਾ ਗੁਰਮੁਖ ਸਿੰਘ ਜੀ ਨੇ, ਸੰਤ ਬਾਬਾ ਸਾਧੂ ਸਿੰਘ ਜੀ ਨੂੰ ਆਖਿਆ, ਕਿ ਤੁਸੀਂ ਬਾਬਾ ਜੀ ਪਾਸੋਂ ਸੇਵਾ ਦੀ ਦਾਤ ਮੰਗੋ।

ਤਾਂ ਆਪ ਨੇ ਦੋਨੋਂ ਹੱਥ ਜੋੜਕੇ ਸੰਤ ਬਾਬਾ ਜੀ ਪ੍ਰਤੀ ਇਸ ਪ੍ਰਕਾਰ ਬੇਨਤੀ ਕੀਤੀ :–

"ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥"

ਇਹ ਸੁਣ ਕੇ ਸੰਤ ਬਾਬਾ ਸ਼ਾਮ ਸਿੰਘ ਜੀ ਬੜੇ ਪ੍ਰਸੰਨ ਹੋਏ ਤੇ ਆਗਿਆ ਕੀਤੀ ਕਿ ਮਿਊਂਨਸਪਲ ਕਮੇਟੀ ਦਾ ਮਨ ਬੜਾ ਮੈਲਾ ਹੋ ਗਿਆ ਹੈ। ਇਸ ਬੇਅਦਬੀ ਨੂੰ ਰੋਕਣ ਲਈ ਤੁਸੀਂ ਸ੍ਰੀ ਸੰਤੋਖਸਰ ਸਾਹਿਬ ਦੀ ਸੇਵਾ ਆਰੰਭ ਕਰੋ।

ਦੋਨੋਂ ਮਹਾਂ ਪੁਰਸ਼ਾਂ ਨੇ ਇਸ ਪਵਿਤ੍ਰ ਗੁਰ ਤੀਰਥ ਦੀ ਸੇਵਾ ਨੂੰ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਉਹ ਮਲਬਾ ਉਠਾਇਆ ਗਿਆ, ਜਿਸ ਨਾਲ ਅੱਧਾ ਸਰੋਵਰ ਪੂਰਿਆ ਹੋਇਆ ਸੀ। ਮਲਬਾ ਕਢਵਾਉਣ ਦੇ ਪਿਛੋਂ ਸੰਤਾਂ ਨੇ ਕਾਰ ਸੇਵਾ ਕਰਾ ਕੇ ਸਰੋਵਰ ਦਾ ਫ਼ਰਸ਼ ਤੇ ਨਵੀਆਂ ਪੌੜੀਆਂ ਬਣਵਾਈਆਂ, ਉਸ ਤੋਂ ਉਪਰੰਤ ਪ੍ਰਕਰਮਾ ਬਣਵਾਈ। ਇਸ ਤਰ੍ਹਾਂ ਆਪਣੇ ਸਤਿਗੁਰਾਂ ਦੇ ਲਾਏ ਹੋਏ ਪਵਿਤ੍ਰ ਸਰੋਵਰ ਸੰਤੋਖਸਰ ਸਾਹਿਬ ਦੀ ਸ਼ਾਨ ਮੁੜ ਕਾਇਮ ਕਰ ਦਿਤੀ। ਸੰਤਾਂ ਦੀ ਅਗੁਵਾਈ ਵਿੱਚ ਗੁਰੂ ਪਿਆਰੀਆਂ ਸੰਗਤਾਂ ਨੇ ਅਥਾਹ ਉਤਸ਼ਾਹ ਤੇ ਪ੍ਰੇਮ ਨਾਲ ਇਹ ਸੇਵਾ ਕੀਤੀ ਜਿਸ ਤੇ ਕਈ ਲੱਖ ਰੁਪਏ ਖ਼ਰਚ ਹੋਏ।

ਸ: ਬਿਸ਼ੇਸ਼ਰ ਸਿੰਘ ਜੀ ਗਰੇਵਾਲ ਦਸਦੇ ਸਨ ਕਿ ਇਕ ਦਿਨ ਸੰਤ ਬਾਬਾ ਜੀ, ਸੰਤ ਗੁਰਮੁਖ ਸਿੰਘ ਜੀ ਨਾਲ, ਫਿਟਨ ਵਿਚ ਬੈਠ ਕੇ, ਸ੍ਰੀ ਸੰਤੋਖਸਰ ਸਾਹਿਬ ਵੱਲ ਜਾ ਰਹੇ ਸਨ। ਜਿਥੇ ਕਿ ਹਾਲੀਂ ਨਵੀਂ ਨਵੀਂ ਸੇਵਾ ਆਰੰਭ ਹੋਈ ਸੀ। ਰਸਤੇ ਵਿਚ ਬਾਬਾ ਜੀ ਨੇ ਸੰਤਾਂ ਪ੍ਰਤੀ ਇਹ ਬਚਨ ਕੀਤੇ :–

'ਤੁਸਾਂ ਹਾਲੀ ਬਹੁਤ ਸੇਵਾ ਕਰਵਾਉਣੀਆਂ ਹਨ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਤਰਨ ਤਾਰਨ ਸਾਹਿਬ, ਅਤੇ ਹੋਰ ਕਈ ਗੁਰਦਵਾਰਿਆਂ ਵਿਚ ਸੇਵਾ ਕਰਵਾਉਣੀਆਂ ਹਨ। ਇਹ ਜੋ ਤੁਸੀਂ ਸ੍ਰੀ ਸੰਤੋਖਸਰ ਸਾਹਿਬ ਜੀ ਦੀ ਸੇਵਾ ਕਰਵਾ ਰਹੇ ਹੋ, ਇਹ ਤਾਂ ਹਾਲੀਂ ਮੁੱਢ ਹੀ ਬੱਧਾ ਹੈ।'

# ਸੇਵਾ ਹੰਸਲੀ ਸ੍ਰੀ ਤਰਨ ਤਾਰਨ ਸਾਹਿਬ

ਇਕ ਵੇਰ ਸੰਤ ਬਾਬਾ ਜੀ, ਸਮੇਤ ਡੇਰੇ ਦੇ ਕੁਝ ਹੋਰ ਸਤਿਸੰਗੀਆਂ ਦੇ, ਸੰਤ ਬਾਬਾ ਗੁਰਮੁਖ ਸਿੰਘ ਜੀ ਨੂੰ ਮਿਲਣ ਵਾਸਤੇ ਸ੍ਰੀ ਸੰਤੋਖਸਰ ਗਏ। ਜਦ ਦੋਹਾਂ ਸੰਤਾਂ ਦਾ ਮਿਲਾਪ ਹੋਇਆ, ਤਾਂ ਉਥੇ ਬੈਠ ਕੇ ਸੰਤ ਬਾਬਾ ਜੀ ਨੇ ਕੀਰਤਨ ਕੀਤਾ। ਉਸ ਸਮੇਂ ਲੇਖਕ (ਦਾਸ ਪ੍ਰੇਮ ਸਿੰਘ) ਸੰਤਾਂ ਦੇ ਨਾਲ ਹਾਜ਼ਰੀ ਭਰ ਰਿਹਾ ਸੀ। ਦੀਵਾਨ ਦੀ ਸਮਾਪਤੀ ਦੇ ਪਿਛੋਂ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀਉ ਨੇ ਸੰਤ ਬਾਬਾ ਗੁਰਮੁਖ ਸਿੰਘ ਜੀ ਪ੍ਰਤੀ, ਸ੍ਰੀ ਤਰਨ ਤਾਰਨ ਸਾਹਿਬ ਦੀ ਹੰਸਲੀ ਦੀ ਸੇਵਾ ਕਰਾਉਣ ਬਾਬਤ ਬਚਨ ਕੀਤਾ, ਤਾਂ ਜੋ ਨਹਿਰ ਦਾ ਸਾਫ਼ ਪਾਣੀ ਸਿੱਧਾ ਸਰੋਵਰ ਵਿਚ ਪਾਇਆ ਜਾ ਸਕੇ। ਆਪ ਨੇ ਅੱਗੋਂ ਦੋਨੋਂ ਹੱਥ ਜੋੜ ਕੇ ਇਹ ਗੁਰਬਾਣੀ ਦੀ ਤੁਕ ਪੜ੍ਹੀ :—

"ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥"

ਤੇ ਸੰਤ ਬਾਬਾ ਸ਼ਾਮ ਸਿੰਘ ਜੀ ਹੋਰਾਂ ਦਾ ਹੁਕਮ ਮੰਨ ਕੇ ਉਸੇ ਦਿਨ ਤਿਆਰੀ ਕਰ ਦਿਤੀ, ਤੇ ਸ਼ਾਮ ਨੂੰ ਸੰਗਤ ਨੂੰ ਨਾਲ ਲੈ ਕੇ ਸ੍ਰੀ ਤਰਨ ਤਾਰਨ ਸਾਹਿਬ ਸੇਵਾ ਲਈ ਪੁਜ ਗਏ।

ਹੰਸਲੀ ਬਣਨ ਤੋਂ ਪਹਿਲਾਂ, ਇਸ ਪਵਿੱਤ੍ਰ ਤੀਰਥ ਦੇ ਸਰੋਵਰ ਵਿਚ ਜਲ ਰੋਹੀ ਤੋਂ ਆ ਕੇ ਪੈਂਦਾ ਸੀ। ਰਸਤੇ ਵਿਚ ਲੋਕੀ ਡੰਗਰਾਂ ਨੂੰ ਪਾਣੀ ਪਿਆਉਂਦੇ, ਨਹਾਉਂਦੇ ਤੇ ਕਪੜੇ ਆਦਿਕ ਧੋਂਦੇ ਸਨ ਤੇ ਇਸ ਤਰ੍ਹਾਂ ਬੜੀ ਬੇਅਦਬੀ ਹੋ ਰਹੀ ਸੀ। ਨਹਿਰ ਤੋਂ ਪਿੰਡ ਜੋਧ ਪੁਰ ਦੇ ਰਸਤੇ ਇਹ ਹੰਸਲੀ ਪੰਜ ਮੀਲ ਲੰਬੀ ਤਿਆਰ ਕੀਤੀ ਗਈ। ਸੰਤ ਬਾਬਾ ਗੁਰਮੁਖ ਸਿੰਘ ਜੀ ਦੀ ਸੇਵਾ ਦਾ ਪਰਤਾਪ ਵੇਖ ਕੇ ਜਿਸ ਜਿਸ ਪਿੰਡ ਵਾਸੀ ਦੀ ਜ਼ਮੀਨ ਵਿਚੋਂ ਹੰਸਲੀ ਲੰਘੀ, ਸਭ ਨੇ ਆਪਣੀ ਜ਼ਮੀਨ ਦਾ ਉਹ ਹਿੱਸਾ ਮੁਫ਼ਤ ਭੇਟਾ ਕੀਤਾ। ਮਹਾਂ ਪੁਰਸ਼ਾਂ ਦੀ ਅਗੁਵਾਈ ਵਿਚ ਸ੍ਰੀ ਤਰਨ ਤਾਰਨ

ਤੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਲੱਖਾਂ ਰੁਪਏ ਸੀਮਿੰਟ, ਮਸਾਲੇ ਆਦਿ ਲਈ ਭੇਟਾ ਕੀਤੇ ਜਿਸ ਨਾਲ ਸੀਮਿੰਟ ਦੇ ਫਰਮੇ ਬਣਵਾ ਕੇ ਸਾਰੀ ਹੰਸਲੀ ਪੱਕੀ ਕਰ ਕੇ ਉਪਰੋਂ ਬੰਦ ਕੀਤੀ ਗਈ ਤਾਂ ਜੋ ਰਸਤੇ ਵਿਚ ਕਿਸੇ ਪ੍ਰਕਾਰ ਦੀ ਬੇਅਦਬੀ ਨਾ ਹੋਵੇ। ਇਹ ਮਹਾਨ ਸੇਵਾ ਸਤਿਗੁਰਾਂ ਦੀ ਅਪਾਰ ਰਹਿਮਤ ਨਾਲ ਲਗ ਪਗ ਪੰਜ ਸਾਲ ਵਿਚ ਸੰਪੂਰਨ ਹੋਈ। ਇਸ ਤੋਂ ਉਪਰੰਤ ਸ੍ਰੀ ਤਰਨ ਤਾਰਨ ਸਾਹਿਬ ਦੇ ਪਵਿੱਤ੍ਰ ਸਰੋਵਰ ਦੀ ਕਾਰ ਸੇਵਾ ਕੀਤੀ ਗਈ। ਇਸ ਸਰੋਵਰ ਦੀਆਂ ਕਈ ਪਉੜੀਆਂ ਹਨ ਤੇ ਹਰ ਇਕ ਪਉੜੀ ਦੀ ਚੁਗਿਰਦੇ ਦੀ ਸਾਰੀ ਲੰਬਾਈ ਇਕ ਮੀਲ ਹੈ। ਇਸ ਮਹਾਨ ਸੇਵਾ ਵਿਚ, ਦੋਨੋਂ ਪਵਿੱਤ੍ਰ ਹਸਤੀਆਂ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਸਾਧੂ ਸਿੰਘ ਜੀ ਦੀ ਆਗਿਆ ਵਿਚ, ਮਾਝੇ, ਮਾਲਵੇ ਤੇ ਪੋਠੋਹਾਰ ਦੇ ਹਜ਼ਾਰਾਂ ਪ੍ਰੇਮੀਆਂ ਨੇ ਜਥਿਆਂ ਦੀ ਸ਼ਕਲ ਵਿਚ ਮੁਖੋਂ ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ ਦਾ ਜਾਪ ਜਪਦੇ ਹੋਇਆਂ, ਸੇਵਾ ਵਿਚ ਸ਼ਾਮਲ ਹੋ ਕੇ ਜਨਮ ਸਫਲਾ ਕੀਤਾ। ਸ੍ਰੀ ਅੰਮ੍ਰਿਤਸਰ ਜੀ ਦੀਆਂ ਸੰਗਤਾਂ ਰੋਜ਼ਾਨਾ ਸਪੈਸ਼ਲ ਟਰੇਨ ਤੇ ਇਸ ਸੇਵਾ ਵਿਚ ਸ਼ਾਮਲ ਹੁੰਦੀਆਂ ਸਨ।

## ਹੰਸਲੀ ਸ੍ਰੀ ਦਰਬਾਰ ਸਾਹਿਬ ਜੀ ਦੀ ਖੁਦਾਈ ਦੀ ਪ੍ਰਥਮ ਸੇਵਾ

ਸਭ ਤੋਂ ਪਹਿਲਾਂ ਹੰਸਲੀ ਸ੍ਰੀ ਦਰਬਾਰ ਸਾਹਿਬ ਜੀ ਦੀ ਖੁਦਾਈ ਦੀ ਸੇਵਾ ਕਿਸ ਪ੍ਰਕਾਰ ਕੀਤੀ ਗਈ ਸੀ? ਸੰਤ ਬਾਬਾ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ (ਸ੍ਰੀ ਭਗਤ ਪ੍ਰੇਮ ਪ੍ਰਕਾਸ਼) ਵਿਚ ਕੁਝ ਇਸ ਤਰ੍ਹਾਂ ਅੰਕਤ ਕੀਤਾ ਹੈ:–

"ਸ੍ਰੀ ਬਾਬਾ ਪ੍ਰੀਤਮ ਦਾਸ ਜੀ ਉਦਾਸੀ, ਬਾਵਾ ਵਣਖੰਡੀ ਜੀ ਸਿਧ ਨਾਨਕ ਮਤੇ ਵਾਲੇ, ਜਿਨ੍ਹਾਂ ਨੇ ਨੀਪਾਲ ਦੀ ਝਾੜੀ ਵਿਚ

ਭਾਰੀ ਤਪੱਸਿਆ ਕੀਤੀ ਸੀ, ਦੇ ਚੇਲੇ ਹੂਏ ਹੈਂ। ਆਪ ਜੀ ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਸੇ ਕਾਂਸ਼ੀ ਵਿਚ ਅਖਾੜਾ ਬਾਂਧ ਕਰ ਤਹਾਂ ਨਿਵਾਸ ਕਰਤੇ ਭਏ। ਕਿਸੀ ਕਾਲ ਕਾਂਸ਼ੀ ਖੰਡ ਕਾ ਮਹਾਤਮ ਪੰਡਤ ਕੇ ਮੁਖ ਸੇ ਸੁਨਤੇ ਭਏ। ਸੋ ਕੈਸਾ ਮਹਾਤਮ ਹੈ ? ਜਹਾਂ ਚੂਹੜੇ ਚਿੜੇ ਚਵੰਡਾ ਚਕਵੀ ਚਕਵਾ ਖਗ ਆਦਿਕ ਸ਼ਿਵਲੋਕ ਕੋ ਪ੍ਰਾਪਤ ਹੋਤੇ ਹੈਂ ਮਰ ਕਰ, ਪਰ ਸ੍ਰੀ ਰਾਮ ਨਾਮ ਮੰਤ੍ਰ ਕੇ ਪ੍ਰਤਾਪ ਕਰਿ। ਤਾਰਕ ਮੰਤ੍ਰ ਜਬ ਸ਼ਿਵਜੀ ਦੇਤੇ ਹੈਂ ਮਰਤੀ ਬਾਰ, ਤਬ ਸ਼ਿਵ ਲੋਕ ਪ੍ਰਾਪਤ ਹੋਤੇ ਹੈਂ, ਇਤਆਦਿਕ। ਸ੍ਰੀ ਬਾਵਾ ਪ੍ਰੀਤਮ ਦਾਸ ਜੀ ਮਨ ਮੇਂ ਬੀਚਾਰ ਕਰਤੇ ਭਏ ਜੋ ਅਸਾਂ ਐਸੀ ਮੁਕਤੀ ਕਿਆ ਕਰਨੀ ਹੈ, ਅਸੀਂ ਗੁਰੂ ਕੇ ਸਿਖ ਹਾਂ, ਇਹ ਮੁਕਤੀਆਂ ਤੋਂ ਗੁਰੂ ਨਾਨਕ ਗੁਰੂ ਰਾਮਦਾਸ ਜੀ ਕੇ ਦਰਬਾਰ ਕੀ ਧੂੜੀ ਮੇਂ ਪੜੀ ਰੁਲਤੀ ਹੈਂ। ਗੁਰੂ ਪਰਮਾਤਮਾ ਕੀ ਜੋ ਅਸੀਂ ਉਪਾਸ਼ਨਾ ਕਰਤੇ ਹਾਂ, ਸੋ ਤਿਸਕਾ ਫਲ ਹਮ ਕਿਆ ਜਾਨੇਂਗੇ ਜੇ ਅਸੀਂ ਜੀਂਵਦਿਆਂ ਹੀ ਮੁਕਤ ਨ ਹੂਏ, ਜੈਸੇ ਸ੍ਰੀ ਕਬੀਰ ਜੀ ਕਾਸ਼ੀ ਤਿਆਗੀ ਹੈ ਰਾਮ ਨਾਮ ਕੇ ਪ੍ਰਤਾਪ ਕਰ, ਅਰ ਮਗਹਰ ਧਰਤੀ ਮੇਂ ਨਿਵਾਸ ਕਰਕੇ ਪਰਮ ਧਾਮ ਕੋ ਪਹੁੰਚੇ ਹੈਂ। ਮੈਂ ਤੋਂ ਕਾਸ਼ੀ ਕੋ ਤਜ ਕਰ ਜੀਵਤੇ ਹੀ ਸ੍ਰੀ ਅੰਮ੍ਰਿਤਸਰ ਚਲਤਾ ਹੂੰ ਕਿਉਂ ਜੋ ਮੇਰਾ ਤੋ ਇਸ ਮੇਂ ਅਤਿ ਭਲਾ ਹੈ, ਗੁਰ ਇਸ਼ਟ ਅਸਥਾਨ ਕਾਸ਼ੀ ਸੇ ਕੋਟ ਗੁਣਾ ਅਧਿਕ ਹੈ, ਸੋਈ ਗੁਰਧਾਮ ਹੀ ਮਹਾਂ ਕਾਸ਼ੀ ਹੈ। ਐਸੇ ਵਿਚਾਰ ਕਰ ਸਭ ਪਦਾਰਥੋਂ ਕੀ ਮਮਤਾ ਤਿਆਗ ਦੇਤੇ ਭਏ, ਅਰ ਸ੍ਰੀ ਅੰਮਿਤਸਰ ਜਾਣੇ ਕੀ ਤਿਆਰੀ ਕਰਤ ਭਏ ਦ੍ਰਿੜ ਨਿਸ਼ਚੇ ਕਰ। ਸ੍ਰੀ ਅੰਮ੍ਰਿਤਸਰ ਪੁਜਕੇ ਪਵਿਤਰ ਸਰੋਵਰ ਵਿਚ ਇਸ਼ਨਾਨ ਕਰਕੇ, ਸ੍ਰੀ ਦਰਬਾਰ ਸਾਹਿਬ ਕੇ ਆਗੇ ਦਰਸ਼ਨ ਪ੍ਰਸ਼ਾਦਿ ਭੇਟਾ ਕਰ ਕੇ ਮਸਤਕ ਟੇਕਿਆ ਔਰ ਚਰਨ ਧੂੜੀ ਮਸਤਕ ਪਰ ਲਗਾ ਕਰ ਪਰਮ ਪ੍ਰਸੰਨ ਭਏ। ਪੁਨਾ ਹਾਥ ਜੋੜ ਕਰ ਅਰਦਾਸ ਕਰੀ ਹੇ ਗੁਰੂ ਰਾਮਦਾਸ ਪਾਤਸ਼ਾਹ ਪਿਛਲੀ ਭੁਲ ਦਾਸ ਕੀ ਮੁਆਫ ਕਰਨੀ ਆਗੇ ਦਾਸ ਕੋ ਆਪਨੇ ਚਰਨਾਂ ਤੋਂ ਵਿਛੋੜਨਾ

ਨਾਹੀ, ਹੇ ਗੁਰੂ ਗੋਬਿੰਦ। ਤਬ ਸ਼ਬਦ ਕੀ ਅਵਾਜ਼ ਆਈ :–

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ।।
ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ।...
ਗੁਰੁ ਨਾਨਕ ਤੁਠਾ ਮੇਰੇ ਪਿਆਰੇ ਮੇਲੇ ਹਰੇ ।।

ਐਸੇ ਹੁਕਮ ਨਾਮਾ ਸੁਨਿ ਕਰ ਸੰਤ ਜੀ ਪਰਮ ਪ੍ਰਸੰਨ ਹੂਏ। ਪੁਨਾ ਸ੍ਰੀ ਦਰਬਾਰ ਸਾਹਿਬ ਕੇ ਨਿਕਟ ਹੀ, ਜਹਾਂ ਬਾਜਾਰ ਮਾਈ ਸੇਵਾਂ ਹੈ ਨਿਵਾਸ ਲੀਏ ਆਪਣਾ ਅਖਾੜਾ ਰਚਾਵਤੇ ਭਏ, ਦਿਬ।

ਸ੍ਰੀ ਬਾਵਾ ਪ੍ਰੀਤਮ ਦਾਸ ਜੀ ਸੰਤ ਕ੍ਰਿਪਾਲ ਮੂਰਤੀ ਹੋਏ ਹੈਂ। ਪਰਮ ਸਹਿਨ ਸੀਲ ਅਤੇ ਸਰਬ ਮੇਂ ਪੂਰਨ ਪਰਮਾਤਮਾ ਜਾਣ ਕੇ ਪ੍ਰਿਯ ਬਚਨ ਬੋਲਣਾ, ਦੇਹ ਅਭਿਮਾਨ ਤਿਆਗ ਕੇ ਸਭ ਕਾ ਸਾਰ ਰੂਪ ਪਰਮਾਤਮਾ ਜਿਨ੍ਹਾਂ ਨੇ ਨਿਸ਼ਚਾ ਕੀਆ । ਪੁਨਾ ਸਮ ਤੇ ਦਮ ਅਰ ਸਦਾ ਜਿਨਕਾ ਰਿਦਾ ਸੰਸਾਰ ਕੀ ਕਾਮਨਾ ਤੇ ਰਹਿਤ, ਪਰਮ ਕੋਮਲ ਸੁਭਾਉ ਤੇ ਸਰਬਥਾ ਉਪਕਾਰ ਹੀ ਕਰਨਾ, ਕਥਾ ਤੇ ਕੀਰਤਨ ਅਰ ਭਗਵੰਤ ਭਜਨ ਮੇਂ ਲੀਨ ਰਹਿਣਾ । ਬਾਵਾ ਸੰਤੋਖ ਦਾਸ ਜੀ, ਜਿਨਕਾ ਅਖਾੜਾ ਪਰਿਕਰਮਾ ਕੇ ਕੋਨੇ ਮੇਂ ਪੂਰਬ ਤਰਫ ਹੈ, ਸੋ ਪ੍ਰਿਥਮ ਉਹਾਂ ਤਪ ਕਰਤੇ ਥੇ । ਸੋ ਆਪਸ ਮੇ ਮਿਲਿ ਕਰਿ ਰਹਿਰਾਸ ਸਾਹਿਬ ਕੇ ਪਾਠ ਸਮੇਂ ਸ੍ਰੀ ਅਕਾਲ ਬੂੰਗੇ ਦੀਵਾਨ ਵੇਲੇ ਆਂਵਦੇ ਸੇ।

ਏਕ ਸਮੇਂ ਬਾਵਾ ਪ੍ਰੀਤਮ ਦਾਸ ਜੀ, ਬਾਵਾ ਸੰਤੋਖ ਦਾਸ ਜੀ, ਪੁਨਾ ਚਿਟੇ ਅਖਾੜੇ ਵਾਲੇ ਮਹੰਤ ਸ੍ਰੀ ਸੰਤ ਦਾਸ ਜੀ (ਇਨ੍ਹਾਂ ਨੇ ਭੀ ਕਾਸ਼ੀ ਤਜਿ ਕਰ ਸ੍ਰੀ ਸੁਧਾ ਸਰ ਮੇਂ ਆਨ ਨਿਵਾਸ ਕੀਆ ਹੈ ਪ੍ਰੇਮ ਸਿਉਂ) ਹੋਰ ਭੀ ਸਾਧ ਸੰਗਤ ਸਿਖ ਸਰਦਾਰ ਗੁਰਮੁਖ ਲੋਗ ਮਿਲ ਕਰ ਸਲਾਹ ਕਰਤੇ ਭਏ ਹੰਸਲੀ ਕੀ। ਪੁਨਾ ਇਹ ਪਵਿਤ੍ਰ ਹੰਸਲੀ ਬਨਵਾਇ ਕਰ ਸ੍ਰੀ ਸੁਧਾ ਸਰ ਕੇ ਬੀਚ ਪਾਵਨ ਲੀਏ। ਪਠਾਨਕੋਟੋਂ ਐਰਾਵਤੀ ਨਦੀ ਸੇ ਲੈ ਆਵਤੇ ਭਏ। ਜਿਸ ਜਿਸ ਸਰਦਾਰ ਕੀ ਜ਼ਮੀਨ ਬੀਚ ਆਵਤੀ ਹੈ ਹੰਸਲੀ

ਹੰਸ ਸਮ ਜਿਸਕੀ ਚਾਲ ਹੈ, ਸੋ ਸੋ ਲੋਗ ਪਰਮ ਭਾਗ ਮਾਨ ਕਰ ਸਾਥ ਮਿਲ ਕਰ ਸੇਵਾ ਕਰਤੇ ਰਹੇ ਔਰ ਸੰਗਤਾਂ ਕੋ ਸੁੰਦਰ ਭੋਜਨ ਪ੍ਰਪੱਕ ਕਰਾ ਕਰ ਦੇਤੇ ਰਹੇ। ਐਸੇ ਖਨਤੇ ਖਨਤੇ ਕਨ੍ਹੱਯੇ ਸਰਦਾਰ ਕੀ ਜ਼ਮੀਨ ਮੇਂ ਜਬ ਆਏ, ਸੋ ਨ ਖਨਨ ਦੇਵੇ ਤਬ ਬਾਵਾ ਪ੍ਰੀਤਮ ਦਾਸ ਜੀ ਤਿਨਕੇ ਬੂਹੇ ਪਰ ਧੂਣੀ ਲਾਇ ਕਰ ਸਤਿਨਾਮ ਕਹਿ ਕਰ ਬੈਠ ਜਾਤੇ ਭਏ। ਤਬ ਕਨ੍ਹਯਾ ਸਰਦਾਰ ਇਕ ਸੌ ਰੁਪੱਯਾ ਭੇਟਾ ਲੈ ਕਰ ਬਾਵਾ ਜੀ ਦੇ ਚਰਨੀਂ ਆਇ ਪਿਆ ਔਰ ਸੰਗਤ ਕਾ ਪ੍ਰਸ਼ਾਦਿ ਕੀਆ ਆਪਨੇ ਘਰ ਮੇਂ, ਤੇ ਸਾਥ ਮਿਲ ਕਰ ਹੰਸਲੀ ਕੀ ਸੇਵਾ ਕਰਤਾ ਭਇਆ। ਪੁਨਾ ਹੰਸਲੀ ਸੰਗਤ ਕਰ ਖਨੀ ਗਈ ਸ੍ਰੀ ਸੁਧਾਸਰ ਬੀਚ ਆਇ ਮਿਲੀ, ਕੈਸੇ ? ਜੈਸੇ ਉਤਮ ਜਗਜਾਸੂ ਕੀ ਬ੍ਰਿਤੀ ਗੁਰ ਉਪਦੇਸ਼ ਦਵਾਰਾ ਪਰਮਾਤਮਾ ਮੇਂ ਅਭੇਦ ਹੋਤੀ ਹੈ ਪਵਿਤ੍ਰਤਾ ਅਰਥ। ਸ੍ਰੀ ਦਰਬਾਰ ਸਾਹਿਬ, ਸ੍ਰੀ ਸੁਧਾਸਰ ਸਾਥ ਅਭੇਦ ਹੋਇ ਕਰ ਨਦੀ ਐਰਾਵਤੀ ਪਰਮ ਪ੍ਰਸੰਨ ਭਈ, ਜੋ ਅਬ ਮੈਂ ਕ੍ਰਿਤ ਕ੍ਰਿਤ ਭਈ ਹੂੰ। ਜੈਸੇ ਸ੍ਰੀ ਗੰਗਾ ਜੀ ਹਰਿਦੁਆਰ ਮੇਂ ਮਿਲ ਕਰ ਪ੍ਰਸੰਨ ਭਈ, ਤੈਸੇ ਸੁਧਾਸਰ ਮੇਂ ਅਭੇਦ ਹੋ ਕਰ ਨਦੀ ਐਰਾਵਤੀ ਪਰਮ ਪ੍ਰਸੰਨ ਭਈ। ਤਿਸ ਕਾਲ ਬੜੇ ਮੰਗਲਾਚਾਰ ਹੂਏ, ਬਾਜੰਤਰ ਬਾਜਤੇ ਭਏ, ਦੇਵਤਾ ਅਕਾਸ਼ ਮੇਂ ਫੂਲਨ ਕੀ ਬਰਖਾ ਕਰਤ ਭਏ. ਜੈ ਜੈ ਜੈ ਸ਼ਬਦ ਕਰਿ। ਜੈ ਗੁਰੂ ਰਾਮਦਾਸ ਸਾਹਿਬ ਕੀ, ਜੈ ਤੀਰਥ ਰਾਜ, ਮਹਾਰਾਜ ਸ੍ਰੀ ਸੁਧਾਸਰ ਜੀ ਕੀ। ਪੁਨਾ ਤਿਸ ਸਮੇਂ ਪੱਕ ਪ੍ਰਸ਼ਾਦਿ ਲੱਡੂ, ਪੂੜਾ, ਤੇ ਕੜਾਹ ਪ੍ਰਸਾਦਿ ਹੂਏ, ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਕੇ ਪਾਠ ਸਮਾਪਤ ਹੂਏ। ਸਰਬ ਦੇਵਨ ਕੇ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਰਾਮਦਾਸ ਸਾਹਿਬ ਸ੍ਰੀ ਦਰਬਾਰ ਸਾਹਿਬ ਤਿਨਕਾ ਮੁਖ ਪੂਜਨ ਹੋਇਆ। ਸ੍ਰੀ ਰਾਮਦਾਸ ਪੁਰੇ ਮੇਂ ਜਹਾਂ ਕਹਾਂ ਆਨੰਦ ਮੰਗਲਾਚਾਰ ਕੀ ਧੁਨੀ ਕਰ ਪੂਰਨ ਹੋ ਰਹਾ।"

ਹੰਸਲੀ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਿਥਮ ਉਸਾਰੀ ਦੀ

ਸੇਵਾ ਜਿਸ ਪ੍ਰਕਾਰ ਸ੍ਰੀ ਮਾਨ ਸੰਤ ਪ੍ਰੀਤਮ ਦਾਸ ਜੀ ਉਦਾਸੀ ਮਹਾਤਮਾ ਦੇ ਉੱਦਮ ਨਾਲ ਸੰਨ ੧੯੩੫ ਈ: ਵਿਚ ਸੰਪੂਰਨ ਹੋਈ ਸੀ, ਉੱਪਰ ਦੱਸੀ ਗਈ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਜੀ ਦੇ ਪਵਿੱਤਰ ਸਰੋਵਰ ਵਿਚ ਵਰਖਾ ਦਾ ਜਲ ਹੀ ਪਿਆ ਕਰਦਾ ਸੀ।

ਸੰਨ ੧੯੨੩ ਈ: ਵਿਚ ਜਦ ਨਹਿਰ ਬਾਰੀ ਦੁਆਬ ਤਿਆਰ ਹੋ ਗਈ ਤਦ ਇਸ ਨਹਿਰ ਦੇ ਸੂਏ ਵਿਚੋਂ ਪਿੰਡ ਤੁੰਗ ਦੇ ਲਾਗਿਓਂ ਹੰਸਲੀ ਵਿਚ ਸਰੋਵਰ ਲਈ ਜਲ ਦਿੱਤਾ ਜਾਣ ਲੱਗਾ। ਇਹ ਹੰਸਲੀ ਨਹਿਰ ਦੇ ਸੂਇਆਂ ਵਾਂਗ ਉਪਰੋਂ ਖਾਲੀ ਹੁੰਦੀ ਸੀ ਤੇ ਸ਼ਹਿਰੋਂ ਬਾਹਰ ਖਾਈ ਤੋਂ ਪਰੇ ਪਰੇ ਕੱਚੀ ਸੀ। ਸ਼ਹਿਰ ਦੇ ਲੋਕੀ, ਜੋ ਉਸ ਪਾਸੇ ਜਾਂਦੇ ਸਨ, ਇਹਦੇ ਵਿਚ ਨਹਾਉਂਦੇ, ਕਪੜੇ ਧੋਂਦੇ ਤੇ ਭੇਡਾਂ ਬਕਰੀਆਂ ਆਦਿ ਨੂੰ ਨੁਹਾਉਂਦੇ ਸਨ । ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਇਹ ਗੱਲ ਅਸਹਿ ਭਾਸੀ; ਆਪ ਨੇ ਹੰਸਲੀ ਦੇ ਦੁਮੂਹੇ (ਤੁੰਗਾਂ ਵਾਲੇ) ਤਕ ਇਸ ਨੂੰ ਪੱਕਾ ਬਨਾਵਣ ਦਾ ਯਤਨ ਆਰੰਭਿਆ ।

ਹੰਸਾਂ ਦੀ ਜੋੜੀ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਸਾਧੂ ਸਿੰਘ ਜੀ, ਇਹਨਾਂ ਦੇ ਪਾਸ ਹੀ ਸਨ, ਇਹਨਾਂ ਮਹਾਂ ਪੁਰਸ਼ਾਂ ਨੇ ਹੰਸਲੀ ਤੇ ਡੇਰੇ ਲਾ ਦਿੱਤੇ । ਉਪਕਾਰੀਆਂ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ ਵਿਚ ਸੀਮੈਂਟ ਦੀਆਂ ਪੁਲੀਆਂ ਬਨਣੀਆਂ ਸ਼ੁਰੂ ਹੋ ਗਈਆਂ, ਸੰਗਤਾਂ ਨੇ ਸੇਵਾ ਲਈ ਉੱਦਮ ਧਾਰ ਲਿਆ । ਕਈ ਇੰਜੀਨੀਅਰ ਤੇ ਓਵਰਸੀਅਰ ਮਸ਼ਵਰੇ ਦੇਣ ਲਈ ਹਾਜ਼ਰ ਹੋ ਗਏ । ਮਾਈ ਭਾਈ ਹੱਥੀਂ ਸੇਵਾ ਕਰਨ ਵਿਚ ਧੰਨ ਭਾਗ ਜਾਣ ਕੇ ਸਰੀਰ ਸਫਲਾ ਕਰਨ ਲੱਗੇ ਤੇ ਧਨੀ ਆਪਣੇ ਧਨ ਨੂੰ ਸਕਾਰਥਾ ਕਰਨ ਲਈ ਗੁਪਤ ਤੇ ਪ੍ਰਗਟ; ਨਕਦ ਤੇ ਬਜਰੀ, ਸੀਮੈਂਟ ਆਦਿਕ ਸਾਮਾਨ ਪਹੁੰਚਾਣ ਲੱਗੇ।

ਗੁਰੂ ਕਾ ਲੰਗਰ ਜਾਰੀ ਹੋ ਗਿਆ, ਰਸਦਾਂ ਇਲਾਹੀ ਪੁੱਜ ਰਹੀਆਂ ਸਨ, ਸ਼ਹਿਰਾਂ ਵਿਚੋਂ ਮਣਾਂ ਮੂੰਹੀਂ ਆਟੇ ਦੀਆਂ ਬੋਰੀਆਂ, ਪੱਕੇ ਹੋਏ ਪ੍ਰਸਾਦੇ; ਸਬਜ਼ੀਆਂ, ਭਾਜੀਆਂ ਪੁੱਜ ਜਾਂਦੀਆਂ ਸਨ । ਦੁੱਧ, ਚਾਹ, ਲੱਸੀ ਲੋੜਵੰਦਾਂ ਨੂੰ ਮਿਲਦੀ ਸੀ ਤੇ ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ ਦੇ ਜਾਪ ਦੀ ਘਨਘੋਰ ਵਿਚ ਪੱਕੀ ਹੰਸਲੀ ਤਿਆਰ ਹੋ ਗਈ । ਹਿੰਦੂ ਮੁਸਲਮਾਨ, ਜੋ ਭੀ ਇਸ ਸੇਵਾ ਨੂੰ ਵੇਖਦਾ ਸੀ, ਸਿੱਖਾਂ ਦੇ ਹੁਲਾਸ ਤੇ ਸੇਵਾ ਭਾਵ ਦੇ ਚਾਉ ਦੀ ਪ੍ਰਸੰਸਾ ਕਰਨੋਂ ਨਹੀਂ ਰਹਿੰਦਾ ਸੀ । ਤਿੰਨ ਚਾਰ ਸਾਲ ਵਿਚ ਹੰਸਲੀ ਤਿਆਰ ਹੋਈ ।

ਜਿਥੋਂ ਹੰਸਲੀ ਨਿਕਲਦੀ ਹੈ, ਉਥੋਂ ਲੈ ਕੇ ਸ੍ਰੀ ਦਰਬਾਰ ਸਾਹਿਬ ਤਕ ਰਸਤੇ ਵਿਚ ਤਿੰਨ ਪੱਕੇ ਤਾਲਾਬ ਬਣਵਾਏ ਗਏ, ਜਿਨ੍ਹਾਂ ਵਿਚ ਹੰਸਲੀ ਦੀ ਰਾਹੀਂ ਆਉਣ ਵਾਲਾ ਪਾਣੀ, ਪੁਣ ਛਣ ਕੇ ਤੇ ਨਿਤਰ ਕੇ, ਸ੍ਰੀ ਦਰਬਾਰ ਸਾਹਿਬ ਆਉਂਦਾ ਹੈ । ਹੰਸਲੀ ਪੱਕੀ ਬਣ ਜਾਣ ਤੇ ਸ੍ਰੀ ਦਰਬਾਰ ਸਾਹਿਬ ਜਲ ਪਾਇਆ ਗਿਆ, ਉਸ ਦਿਨ ਬੜਾ ਭਾਰੀ ਮੇਲਾ ਲੱਗਾ । ਇਸੇ ਹੰਸਲੀ ਰਾਹੀਂ ਹੁਣ ਬਿਬੇਕਸਰ, ਰਾਮਸਰ, ਸੰਤੋਖਸਰ, ਸ੍ਰੀ ਦਰਬਾਰ ਸਾਹਿਬ ਤੇ ਕੌਲਸਰ ਵਿਚ ਜਲ ਪੈਂਦਾ ਹੈ । ਇਹ ਹੰਸਲੀ ਆਪਣੇ ਆਪ ਵਿਚ ਬੜੀ ਪੱਕੀ ਤਿਆਰ ਹੋਈ ਹੈ ਤੇ ਕਈ ਲਖ ਰੁਪਏ ਇਸ ਤੇ ਖਰਚ ਹੋਏ ਹਨ । ਸਾਰਾ ਉੱਦਮ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਤੇ ਉਹਨਾਂ ਦੇ ਸਾਥੀ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਸਾਧੂ ਸਿੰਘ ਜੀ ਦਾ ਹੈ; ਜਿਨ੍ਹਾਂ ਦੇ ਸੀਸ ਤੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਆਪਣੀ ਮਿਹਰ ਦਾ ਹੱਥ ਰੱਖ ਕੇ ਇਹ ਮਹਾਨ ਇਤਿਹਾਸਕ ਸੇਵਾ ਉਨ੍ਹਾਂ ਤੋਂ ਸੰਪੂਰਨ ਕਰਵਾਈ ਸੀ ।

# ਗੁਰਦੁਆਰਾ ਸ੍ਰੀ ਝੰਡਾ ਬੁੰਗਾ ਸਾਹਿਬ ਦੀ ਨਵੀਂ ਉਸਾਰੀ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਦਰਸ਼ਨੀ ਡਿਉਢੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਵਾਲੇ ਖੁੱਲ੍ਹੇ ਮੈਦਾਨ ਵਿਚ ਨਿਸ਼ਾਨ ਸਾਹਿਬ ਝੂਲ ਰਹੇ ਹਨ ਤੇ ਨਿਸ਼ਾਨ ਸਾਹਿਬਾਂ ਦੇ ਪਾਸ ਇਕ ਬੜੀ ਮਜ਼ਬੂਤ ਤੇ ਆਲੀਸ਼ਾਨ ਇਮਾਰਤ ਖੜੀ ਹੈ। ਇਸ ਇਮਾਰਤ ਦੇ ਹੇਠਲੇ ਹਿੱਸੇ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਲਈ ਯਾਤਰੂਆਂ ਦੇ ਗਿੱਲੇ ਕਛਹਿਰੇ, ਤੌਲੀਏ ਆਦਿਕ ਰਖੇ ਜਾਂਦੇ ਹਨ।

ਇਹ ਅਸਥਾਨ ਪਹਿਲਾਂ ਗੁਰਦੁਆਰਾ ਸੀ ਤੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਪੰਜ ਪ੍ਰਸਿਧ ਗੁਰਦੁਆਰਿਆਂ ਵਿਚੋਂ ਇਕ ਗੁਰਦੁਆਰਾ ਸੀ; ਇਸ ਗੁਰਦੁਆਰੇ ਦੀ ਮੋਹਰ ਛਾਪ ਹੋਇਆ ਕਰਦੀ ਸੀ ਤੇ ਪੰਥਕ ਫ਼ੈਸਲਿਆਂ ਤੇ ਲੱਗਿਆ ਕਰਦੀ ਸੀ। ਅਕਾਲ ਬੁੰਗੇ ਦੀ ਤਰ੍ਹਾਂ ਇਸ ਦਾ ਨਾਮ ਝੰਡਾ ਬੁੰਗਾ ਸਾਹਿਬ ਪ੍ਰਸਿਧ ਸੀ ਤੇ ਅੱਜ ਭੀ ਹੈ। ਅਰਦਾਸੇ ਵਿਚ ਇਸ ਦਾ ਨਾਮ ਲੀਤਾ ਜਾਂਦਾ ਹੈ।

ਇਸ ਗੁਰਦੁਆਰੇ ਦੀ ਇਮਾਰਤ ਕਾਫੀ ਬਿਰਧ ਸੀ ਤੇ ਨਿਸ਼ਾਨ ਸਾਹਿਬਾਂ ਤੋਂ ਇੰਨੀ ਨੇੜੇ ਸੀ ਕਿ ਦੋ ਆਦਮੀ ਇਕੱਠੇ ਨਿਸ਼ਾਨ ਸਾਹਿਬ ਤੇ ਇਸ ਗੁਰਦੁਆਰੇ ਦੇ ਵਿਚਦੀ ਨਹੀਂ ਗੁਜ਼ਰ ਸਕਦੇ ਸਨ। ਇਸ ਗੁਰਦੁਆਰੇ ਦੇ ਪੁਜਾਰੀ ਵੱਖਰੇ ਸਨ ਤੇ ਗੁਰਦੁਆਰੇ ਨਾਲ ਜਾਗੀਰ ਭੀ ਸੀ ਪਰ ਜਾਗੀਰ ਤੇ ਆਮਦਨ ਇੰਨੀ ਨਹੀਂ ਸੀ, ਕਿ ਇਹਦੇ ਨਾਲ ਇਹ ਇਮਾਰਤ ਨਵੀਂ ਬਣ ਸਕੇ। ਸੰਤ ਬਾਬਾ ਸ਼ਾਮ ਸਿੰਘ ਜੀ ਨੇ ਸੰਗਤਾਂ ਦੇ ਇਥੋਂ ਲੰਘਣ ਦੀ ਖੇਚਲ ਤੇ ਇਮਾਰਤ ਦੇ ਸ਼ਿਕਸਤਾ ਹੋ ਜਾਣ ਨੂੰ ਅਨੁਭਵ ਕੀਤਾ ਤੇ ਗੁਰਦੁਆਰੇ ਦੀ ਸੇਵਾ ਦਾ ਬੀੜਾ ਚੁਕਿਆ। ਸੰਤ ਬਾਬਾ

ਗੁਰਮੁਖ ਸਿੰਘ ਜੀ ਤੇ ਉਹਨਾਂ ਦੇ ਅਤਿ ਸਹਿਚਾਰੀ ਸੰਤ ਬਾਬਾ ਸਾਧੂ ਸਿੰਘ ਜੀ ਇਹਨਾਂ ਦੇ ਪਾਸ ਹੀ ਸਨ। ਸੰਤਾਂ ਨਾਲ ਇਹਨਾਂ ਦੋਹਾਂ ਸੰਤਾਂ ਦਾ ਅਪਾਰ ਪ੍ਰੇਮ ਸੀ, ਸੋ ਸੰਤ ਬਾਬਾ ਜੀ ਨੇ ਇਸ ਦੀ ਉਸਾਰੀ ਤੇ ਨਿਗਰਾਨੀ ਦੀ ਸੇਵਾ ਆਪ ਦੋਹਾਂ ਸੰਤ ਸਾਹਿਬਾਂ ਦੇ ਸਪੁਰਦ ਕੀਤੀ। ਸੰਤ ਬਾਬਾ ਗੁਰਮੁਖ ਸਿੰਘ ਜੀ, ਤੇ ਸੰਤ ਬਾਬਾ ਸਾਧੂ ਸਿੰਘ ਜੀ ਦੀ ਨਿਗਰਾਨੀ ਤੇ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਛਤ੍ਰ ਛਾਯਾ ਹੇਠ ਸੰਤੋਖਸਰ ਦੀ ਸੇਵਾ ਹੋ ਹੀ ਚੁਕੀ ਸੀ। ਝੰਡੇ ਬੁੰਗੇ ਦੀ ਸੇਵਾ ਦੀ ਗੱਲ ਸੁਣ ਕੇ ਸੰਗਤਾਂ ਵਿਚ ਉਹ ਚਾਉ ਜੋ ਗੁਰਦੁਆਰਿਆਂ ਦੀ ਸੇਵਾ ਲਈ ਉਪਜਿਆ ਕਰਦਾ ਹੈ ਉਛਲ ਆਇਆ, ਤੇ ਇਹ ਚਾਉ ਨਿੱਗਰ ਹੋ ਗਿਆ ਜਦੋਂ ਇਹ ਸੋਝੀ ਪੈ ਗਈ ਕਿ ਮਾਇਆ ਦਾ ਖ਼ਰਚ, ਸੰਤ ਬਾਬਾ ਗੁਰਮੁਖ ਸਿੰਘ ਜੀ ਵਰਗੀਆਂ ਸੁੱਚੀਆਂ ਹਸਤੀਆਂ ਦੇ ਹੱਥੀਂ ਹੋਣਾ ਹੈ। ਇਹ ਗੁਰਦੁਆਰਾ ਛੋਟੀਆਂ ਇੱਟਾਂ ਦਾ ਬਣਿਆ ਹੋਇਆ ਸੀ। ਉਹ ਇੱਟਾਂ ਕੁਟਵਾ ਕੇ ਨੀਂਹਾਂ ਵਿਚ ਪਾਈਆਂ ਜਾਣ ਲਗੀਆਂ, ਪਰ ਹੋਰ ਮਲਬਾ ਬਹੁਤ ਜ਼ਿਆਦਾ ਨਿਕਲਿਆ, ਕਿਉਂਕਿ ਪਹਿਲੀ ਇਮਾਰਤ ਬੜੀ ਨਿੱਗਰ ਸੀ ਪਹਿਲਾਂ ਤਾਂ ਘੁਮਿਆਰਾਂ ਦੇ ਪਾਸੋਂ ਕਰਾਏ ਤੇ ਬਾਹਰ ਸੁਟਵਾਉਣ ਦਾ ਪ੍ਰਬੰਧ ਕੀਤਾ ਗਿਆ, ਫਿਰ ਸ੍ਰੀ ਦਰਬਾਰ ਸਾਹਿਬ ਕਾਰ ਸੇਵਾ ਸ਼ੁਰੂ ਹੋ ਗਈ। ਸੰਗਤਾਂ ਬਹੁਤ ਜ਼ਿਆਦਾ ਗਿਣਤੀ ਵਿੱਚ ਆ ਰਹੀਆਂ ਸਨ, ਇਸ ਮਲਬੇ ਨੂੰ ਉਠਾਉਣ ਦੀ ਸੇਵਾ ਭੀ ਸੰਗਤਾਂ ਕਰਨ ਲੱਗ ਪਈਆਂ। ਸੰਤੋਖਸਰ ਵਾਂਗ ਇਸ ਗੁਰਦਵਾਰੇ ਦੀ ਸੇਵਾ ਲਈ ਭੀ ਕੋਈ ਅਪੀਲ ਨਹੀਂ ਕੀਤੀ ਗਈ। ਸੰਗਤਾਂ ਆਪ ਹੀ ਆਪਣੇ ਚਾਉ ਤੇ ਹੁੱਬ ਨਾਲ ਦਿਲ ਦੀ ਭਾਵਨਾਂ ਤੋਂ ਮਾਇਆ ਸਫਲ ਕਰਨ ਲਈ ਚੁਪ ਚਾਪ ਸੰਤਾਂ ਦੀ ਸੇਵਾ ਵਿੱਚ ਹਾਜ਼ਰ ਕਰ ਦੇਂਦੀਆਂ ਰਹੀਆਂ। ਸੰਤ ਬਾਬਾ ਸ਼ਾਮ ਸਿੰਘ ਜੀ ਨੇ, ਆਪਣੇ ਡੇਰੇ ਵਿੱਚ ਇਕ ਛਿਕੂ ਰਖਿਆ ਹੋਇਆ ਸੀ, ਜਿਸ ਦੇ ਵਿੱਚ ਜਿਹਨਾਂ ਨੇ

ਕੁਝ ਦੇਣਾ ਹੋਵੇ ਰੱਖ ਜਾਇਆ ਕਰਦੇ ਸਨ। ਸੰਗਤਾਂ ਦਾ ਇੰਨਾ ਭਰੋਸਾ ਸੀ ਕਿ ਲੋਕੀ ਇਸ ਛਿਕੂ ਵਿੱਚ ਮਾਇਆ ਧਰ ਜਾਂਦੇ ਸਨ। ਸੰਤ ਜੀ ਸੰਧਿਆ ਨੂੰ, ਜਦ ਸ੍ਰੀ ਦਰਬਾਰ ਸਾਹਿਬ ਆਉਣ ਲਗਦੇ, ਤਦ ਡੇਰੇ ਦੇ ਸੇਵਾਦਾਰ ਨੂੰ ਕਹਿ ਦਿੰਦੇ ਕਿ ਛਿਕੂ ਲੈ ਆਓ, ਆਪ ਪੱਲਾ ਖਿਲਾਰ ਦਿੰਦੇ, ਤੇ ਸੇਵਾਦਾਰ ਛਿਕੂ ਉਹਦੇ ਵਿੱਚ ਉਲਟਾ ਦਿੰਦਾ; ਇਹ ਲੈ ਕੇ ਆਪ ਸ੍ਰੀ ਦਰਬਾਰ ਸਾਹਿਬ ਜੀ ਆ ਜਾਂਦੇ ਤੇ ਸਾਰੀ ਮਾਇਆ ਸੰਤ ਗੁਰਮੁਖ ਸਿੰਘ ਜੀ ਦੇ ਹਵਾਲੇ ਕਰ ਦਿੰਦੇ। ਸੰਤ ਗੁਰਮੁਖ ਸਿੰਘ ਜੀ ਫਿਰ ਇਸ ਮਾਇਆ ਦਾ ਯੋਗ ਵਰਤਾਉ ਕਰਦੇ। ਇਹ ਸੀ ਪੁਰਾਤਨ ਗੁਰਸਿਖੀ ਤਰੀਕਾ ਮਾਇਆ ਖਰਚਣ ਦਾ ਕਿ ਦੋ ਅਤਿ ਉਚੀਆਂ ਸੁੱਚੀਆਂ ਹਸਤੀਆਂ ਤੇ ਸੰਗਤਾਂ ਪੂਰਨ ਵਿਸ਼ਵਾਸ਼ ਰਖਦੀਆਂ ਸਨ ਤੇ ਓਹ ਉਸ ਨੂੰ ਪੂਰਨ ਤਿਆਗ, ਤੇ ਨਿਸ਼ਕਾਮਤਾ ਵਿਚ ਰਹਿ ਕੇ ਯੋਗ ਤਰ੍ਹਾਂ ਨਾਲ ਖ਼ਰਚਦੀਆਂ ਸਨ। ਨਾ ਹਿਸਾਬ, ਨਾ ਹਿਸਾਬੀ, ਨਾ ਪੜਤਾਲੀਆ, ਨਾ ਨੁਕਤਾਚੀਨੀ, ਨਾਮ ਤੇ ਬਾਣੀ ਨਾਲ ਅੰਦਰ ਧੋ ਕੇ, ਜੋ ਉਚ ਆਚਰਨ, ਸੁੱਚੀਆਂ, ਆਤਮਿਕ ਨੀਹਾਂ ਤੇ ਸਤਿਗੁਰ ਨੇ ਉਸਾਰਿਆ ਸੀ, ਸਿੱਖਾਂ ਵਿਚ ਇਉਂ ਕੰਮ ਕਰਦਾ ਸੀ। ਜਦੋਂ ਸਿੱਖਾਂ ਦਾ ਆਚਰਨ ਤੇ ਵਰਤਾਉ ਤੇ ਜੀਵਨ ਇਉਂ ਦਾ ਸੀ, ਸਿੱਖ ਪੰਥ ਮਾਨੋਂ ਇਕ ਪਿਆਰ ਪ੍ਰੋਤਾ ਕਬੀਲਾ ਸੀ। ਸੰਤ ਗੁਰਮੁਖ ਸਿੰਘ ਜੀ ਨੂੰ ਮਾਇਆ ਸੌਂਪ ਕੇ, ਸੰਤ ਸ਼ਾਮ ਸਿੰਘ ਜੀ ਪਾਸਵਾਰ ਹੀ ਫੇਰ ਕੀਰਤਨ ਕਰਨ ਬੈਠ ਜਾਂਦੇ ਦਰਸ਼ਨੀ ਡਿਉਢੀ ਦੇ ਨਾਲ ਜਿਥੇ ਅਜ ਕਲ ਗਾਈਡ ਦਾ ਦਫਤਰ ਹੈ ਇਥੇ ਬੈਠ ਕੇ ਤੇ ਹੱਥ ਵਿਚ ਕੈਂਸੀਆਂ ਲੈ ਕੇ ਬੜੀ ਮਧੁਰ ਸੁਰ ਦੇ ਨਾਲ ਸ਼ਬਦ ਪੜ੍ਹਦੇ।

ਸਤ ਬਾਬਾ ਜੀ ਦਾ ਇਹ ਨਿਯਮ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਕੇ ਬਾਹਰ ਆ ਕੇ ਸ੍ਰੀ ਝੰਡੇ ਸਾਹਿਬ ਦੀ ਨਿਤਾ ਪ੍ਰਤੀ ਪ੍ਰਕਰਮਾ ਕਰਦੇ ਤੇ ਨਿਸ਼ਾਨ ਸਾਹਿਬ ਦਾ ਦਰਸ਼ਨ ਚਰਨ ਕੰਵਲਾਂ ਤੋਂ ਸੀਸ ਤਕ ਰੋਜ਼ ਦੋਨੋਂ ਸਮੇਂ ਕੀਤਾ ਕਰਦੇ

ਸਨ। ਜਦੋਂ ਝੰਡੇ ਸਾਹਿਬ ਦਾ ਪੁਸ਼ਾਕਾ ਥੋੜਾ ਹੀ ਬਿਧ ਹੋ ਜਾਵੇ, ਤਾਂ ਨਵੀਨ ਪੁਸ਼ਾਕਾ ਤਿਆਰ ਕਰਵਾ ਕੇ ਪਹਿਰਾ ਦਿੰਦੇ ਸਨ। ਇਹ ਪਵਿੱਤ੍ਰ ਸੇਵਾ ਹੋਰਨਾਂ ਪ੍ਰੇਮੀਆਂ ਪਾਸੋਂ ਭੀ ਕਰਵਾਉਂਦੇ ਰਹਿੰਦੇ ਸਨ। ਆਪ ਬਚਨ ਕੀਤਾ ਕਰਦੇ ਸਨ, ਕਿ ਜੇਹੜਾ ਸਜਣ ਝੰਡੇ ਸਾਹਿਬ ਦੇ ਪੁਸ਼ਾਕੇ ਦੀ ਸੇਵਾ, ਪ੍ਰੇਮ ਪੂਰਬਕ ਕਰਦਾ ਹੈ ਉਸਦਾ ਝੰਡਾ, ਭਾਵ ਜਸ ਪ੍ਰਲੋਕ ਵਿਚ ਝੂਲੇਗਾ। ਬਾਬਾ ਜੀ ਨੇ ਗੁਰਦਵਾਰੇ ਝੰਡੇ ਬੁੰਗੇ ਸਾਹਿਬ ਦੀਆਂ ਸੰਗਮਰਮਰ ਦੀਆਂ ਚੁਗਾਠਾਂ, ਅਤੇ ਪਿਤਲ ਦੇ ਦਰਵਾਜ਼ੇ ਤਿਆਰ ਕਰਵਾਏ। ਚਾਨਣੀ ਅਤੇ ਚਾਂਦੀ ਦੀਆਂ ਚੋਬਾਂ ਬਣਵਾਈਆਂ। ਆਪ ਜਦ ਅਰਦਾਸਾ ਸੋਧਦੇ ਜਿਥੇ ਸਚਖੰਡ ਪਰਮ ਧਾਮ ਸ੍ਰੀ ਦਰਬਾਰ ਸਾਹਿਬ, ਆਦਿ ਗੁਰਦੁਆਰਿਆਂ ਦਾ ਨਾਮ ਲੈਂਦੇ, ਉਥੇ ਸ੍ਰੀ ਝੰਡੇ ਬੁੰਗੇ ਸਾਹਿਬ ਦਾ ਨਾਮ ਭੀ ਲੈਂਦੇ ਸਨ।

## ਕਮੇਟੀ ਨੇ ਗੁਰਦੁਵਾਰਾ ਝੰਡਾ ਬੁੰਗਾ ਸਾਹਿਬ ਦੀ ਇਮਾਰਤ ਨੂੰ ਦਫਤਰ ਬਣਾ ਲੈਣਾ

ਜਦੋਂ ਝੰਡੇ ਬੁੰਗੇ ਦੀ ਉਸਾਰੀ ਦਾ ਕੰਮ ਸ਼ੁਰੂ ਹੋਇਆ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਨੇ ਮਿਸਤ੍ਰੀ ਜੈਮਲ ਸਿੰਘ ਜੀ ਨੂੰ ਬੁਲਾ ਕੇ ਕਿਹਾ, ਕਿ ਇਹ ਗੁਰੂ ਜੀ ਦੀ ਸੇਵਾ ਹੈ ਨੀਹਾਂ ਵੱਡੀਆਂ ਰੱਖਣੀਆਂ ਤੇ ਮਸਾਲਾ ਚੰਗਾ ਵਰਤਣਾ, ਗੁਰੂ ਦੇ ਘਰ ਕਿਸੇ ਚੀਜ਼ ਦੀ ਕਮੀ ਨਹੀਂ। ਗੁਰਦੁਆਰੇ ਦੀ ਸੇਵਾ ਤਨੋਂ ਮਨੋਂ ਹੋ ਕੇ ਕਰਨੀ। ਮਿਸਤਰੀ ਨੇ ਸਤਿਬਚਨ ਕਹਿ ਕੇ ਕੰਮ ਆਰੰਭ ਦਿਤਾ। ਤਿੰਨ ਫੁਟ ਤੋਂ ਚੌੜੀ ਹੇਠਾਂ ਨੀਂਹ ਰਖੀ, ਰਾਜ ਤੇ ਮਜ਼ਦੂਰ ਆਪਣਾ ਸਰੀਰ ਸਫਲਾ ਕਰਨ ਲਈ ਪ੍ਰੇਮ ਦੀ ਸੇਵਾ ਭੀ ਕਰਦੇ ਸਨ। ਸੰਤਾਂ ਦੇ ਉਦਮ ਤੇ ਪ੍ਰੇਮ ਨਾਲ ਇਹ ਕੰਮ ਕਿੰਨਾ ਚਿਰ ਹੀ ਬਣਦਾ ਰਿਹਾ। ਜਦ ਇਮਾਰਤ ਬਣਕੇ ਤਿਆਰ ਹੋ ਗਈ, ਤਦ ਉਪਰਲੇ ਹਿਸੇ ਤੋਂ

ਪਲਸਤਰ ਹੋਣਾ ਸ਼ੁਰੂ ਹੋਇਆ, ਪਲਸਤਰ ਹੋ ਜਾਣ ਮਗਰੋਂ ਦਰਵਾਜ਼ਿਆਂ ਦੀਆਂ ਚੌਗਾਠਾਂ ਵਿੱਚ ਜੋੜੀਆਂ ਆਦਿ ਲਗਣੀਆਂ ਸਨ। ਇਕ ਦਿਨ ਸੰਤ ਜੀ ਝੰਡੇ ਬੁੰਗੇ ਸਾਹਿਬ ਦੇ ਲਾਗੇ ਬੈਠੇ ਕੀਰਤਨ ਕਰਕੇ ਉਠਣ ਲਗੇ ਸਨ, ਕਿ ਇਕ ਪੁਜਾਰੀ ਸਿੰਘ ਨੇ ਆ ਕੇ ਕਿਹਾ, ਕਿ ਅਜ ਕਮੇਟੀ ਦਾ ਇਕ ਮੁਖੀ ਆ ਕੇ ਕਹਿੰਦਾ ਸੀ ਕਿ ਤੂੰ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਉਂ ਕੀਤਾ ਹੈ, ਇਹ ਤਾਂ ਅਸਾਂ ਕਮੇਟੀ ਦਾ ਦਫਤਰ ਬਨਾਉਣਾ ਹੈ। ਉਸ ਤੋਂ ਕੁਝ ਚਿਰ ਪਿਛੋਂ ਗੁਰਦਵਾਰਾ ਕਮੇਟੀ ਦੇ ਇਕ ਮੁਖੀ ਕਰਮਚਾਰੀ ਨੇ ਆਪਣੇ ਪਾਸ ਖਲੋਤੇ ਮੁਨਸ਼ੀ ਨੂੰ ਕਿਹਾ ਕਿ ਇਹ ਪਲਸਤਰ ਆਦਿ ਦਾ ਕੰਮ ਕਦ ਤਕ ਮੁੱਕੇਗਾ । ਮੁਨਸ਼ੀ ਨੇ ਪੁਛਿਆ ਕਿਉਂ ?

ਗੁਰਦਵਾਰਾ ਕਮੇਟੀ ਦੇ ਮੁਖੀ ਨੇ ਕਿਹਾ ਕਿ ਅਸਾਂ ਆਪਣਾ ਦਫ਼ਤਰ ਇਥੇ ਲਿਆਉਣਾ ਹੈ । ਮੁਨਸ਼ੀ ਨੇ ਕਿਹਾ ਕਿ ਇਹ ਤਾਂ ਗੁਰਦੁਆਰਾ ਹੈ ਜਿਸਦੀ ਸੇਵਾ ਸੰਤ ਕਰਾ ਰਹੇ ਹਨ। ਮੁਖੀ ਨੇ ਕਿਹਾ ਇਹ ਗੁਰਦਵਾਰਾ ਨਹੀਂ, ਨਾਂ ਹੀ ਇਸ ਦੇ ਨਾਲ ਸੰਤਾਂ ਦਾ ਕੋਈ ਵਾਸਤਾ ਹੈ, ਇਹ ਤਾਂ ਕਮੇਟੀ ਦਾ ਦਫ਼ਤਰ ਬਣੇਗਾ ।

ਸੰਤਾਂ ਨੇ ਇਹ ਗੱਲ ਬਾਤ ਆਪਣੇ ਕੰਨੀ ਸੁਣੀ ਤੇ ਡੇਰੇ ਤੁਰ ਆਏ; ਸੰਤ ਗੁਰਮੁਖ ਸਿੰਘ ਜੀ ਤੇ ਸੰਤ ਸਾਧੂ ਸਿੰਘ ਨੂੰ ਡੇਰੇ ਸਦ ਲਿਆ ਤੇ ਕਿਹਾ ਕਿ ਜਿਸ ਗੁਰਦੁਆਰੇ ਨੂੰ ਅਸੀਂ ਗੁਰਦੁਆਰਾ ਸਮਝਕੇ ਸੇਵਾ ਦਾ ਉਦਮ ਚੁਕਿਆ ਸੀ, ਉਹ ਹੁਣ ਗੁਰਦੁਆਰਾ ਨਹੀਂ ਰਹਿਣ ਲਗਾ, ਇਹ ਦਫਤਰ ਹੋ ਜਾਣਾ ਹੈ, ਅਸਾਂ ਤਾਂ ਗੁਰਦੁਆਰੇ ਦੀ ਸੇਵਾ ਕਰਨੀ ਸੀ, ਜੇ ਇਨ੍ਹਾਂ ਨੇ ਦਫਤਰ ਬਨਾਉਣਾ ਹੈ, ਤਾਂ ਦਫ਼ਤਰ ਵਾਲੇ ਬਨਾਉਣ। ਹਜ਼ਾਰਾਂ ਰੁਪਏ ਖਰਚ ਕਰਕੇ ਇਹ ਬਣੀ ਇਮਾਰਤ ਛਡਕੇ ਸੰਤ ਬੇ-ਪ੍ਰਵਾਹ ਹੋ ਗਏ। ਜੇ ਸੰਤ ਜ਼ਰਾ ਭੀ ਵਿਰੋਧਤਾ ਕਰਦੇ, ਤਦ ਕਮੇਟੀ ਨੂੰ ਲੈਣੀਆਂ ਦੀਆਂ ਦੇਣੀਆਂ ਪੈ ਜਾਂਦੀਆਂ, ਪਰ ਆਪਣੇ ਸ਼ਾਂਤ

ਸੁਭਾਉ ਨਾਲ ਇਸਦਾ ਖ਼ਿਆਲ ਛਡ ਕੇ ਬੇ-ਪ੍ਰਵਾਹ ਹੋ ਗਏ।

[ਖਾਲਸਾ ਸਮਾਚਾਰ ੨੧-੧੦-੩੭


# ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਸਾਧੂ ਸਿੰਘ ਜੀ

ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਅਤੇ ਸੰਤ ਬਾਬਾ ਸਾਧੂ ਸਿੰਘ ਜੀ, ਸੱਚੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਹੰਸਾਂ ਦੀ ਜੋੜੀ, ਪਰਮ ਉਚ-ਕਰਨੀ ਵਾਲੇ ਸੇਵਾ ਦੇ ਪੁੰਜ ਮਹਾਂ-ਪੁਰਸ਼ ਹੋਏ ਹਨ। ਇਹਨਾਂ ਸੰਤਾਂ ਨੇ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਆਗਿਆ ਅਨੁਸਾਰ ਸਤਿਗੁਰਾਂ ਦੇ ਇਤਿਹਾਸਕ ਗੁਰਧਾਮਾਂ ਦੀ ਮਹਾਨ ਸੇਵਾ ਦਾ ਯੱਗ ਲਗਾ ਕਰ ਕੇ ਹਜ਼ਾਰਾਂ ਜੀਵਾਂ ਦਾ ਜੀਵਨ ਸਫਲਾ ਕਰ ਦਿੱਤਾ ਸੀ। ਸੇਵਾ ਕਰਨ ਵਾਲੀਆਂ ਸੰਗਤਾਂ ਪ੍ਰਤੀ ਸੰਤਾਂ ਦੀ ਇਹ ਆਗਿਆ ਹੁੰਦੀ ਸੀ ਕਿ ਹੱਥਾਂ ਨਾਲ ਸੇਵਾ ਕਰੋ ਤੇ ਮੁਖੋਂ ਸ੍ਰੀ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਉਚਾਰਨ ਕਰੋ। ਇਥੋਂ ਤਕ ਕਿ ਜਲ-ਪ੍ਰਸ਼ਾਦਾ ਮੰਗਣ ਵੇਲੇ, ਜਾਂ ਕੋਈ ਹੋਰ ਚੀਜ਼ ਕਿਸੇ ਪ੍ਰੇਮੀ ਪਾਸੋਂ ਸੇਵਾ ਵਾਸਤੇ ਮੰਗਣ ਜਾਂ ਦੇਣ ਲਈ ਭੀ 'ਵਾਹਿਗੁਰੂ' ਸ਼ਬਦ ਆਖ ਕੇ ਬਚਨ ਕਰਨ ਦਾ ਹੁਕਮ ਸੀ। ਇਕੇਰਾਂ ਸੰਤ ਬਾਬਾ ਜੀਵਾ ਸਿੰਘ ਜੀ ਨੇ ਲੇਖਕ ਪ੍ਰਤੀ ਇਹ ਬਚਨ ਕੀਤਾ ਸੀ ਕਿ ਸ੍ਰੀਮਾਨ ਸੰਤ ਗੁਰਮੁਖ ਸਿੰਘ ਜੀ ਸਤਿਗੁਰਾਂ ਦੀ ਪਵਿੱਤਰ ਸੇਵਾ ਐਸੇ ਪ੍ਰੇਮ ਦੇ ਢੰਗ ਨਾਲ ਸੰਗਤਾਂ ਪਾਸੋਂ ਕਰਾਉਂਦੇ ਹਨ, ਕਿ ਮਾਨੋਂ ਕਲਿਜੁਗ ਵਿਚ ਸਤਜੁਗ ਵਰਤਾ ਦੇਂਦੇ ਹਨ।

ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਆਪਣੇ ਹਸਤ ਲਿਖਤ ਗ੍ਰੰਥ 'ਸ੍ਰੀ ਭਗਤ ਪ੍ਰੇਮ ਪ੍ਰਕਾਸ਼' ਵਿਚ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਜੀਵਨ ਸਮਾਚਾਰ, ਇਸ ਪ੍ਰਕਾਰ ਲਿਖੇ ਹਨ :-




 www.sikhbookclub.com



ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ


www.sikhbookclub.com



ਸ੍ਰੀ ਮਾਨ ਸੰਤ ਬਾਬਾ ਸਾਧੂ ਸਿੰਘ ਜੀ


www.sikhbookclub.com

ਸ੍ਰੀ ਭਾਈ (ਸੰਤ) ਗੁਰਮੁਖ ਸਿੰਘ ਜੀ ਜਿਨ੍ਹਾਂ ਸ੍ਰੀ ਸੁਧਾਸਰ ਆਇ ਨਿਵਾਸ ਕੀਤਾ ਹੈ, ਪਟਿਆਲਾ ਤਜ ਕਰ, ਸੱਚ ਮੁਚ ਦੇ ਗੁਰਮੁਖ ਪਿਆਰੇ, ਭਜਨ ਮੂਰਤੀ, ਗੁਰ ਭਗਤ, ਸਭ ਦਾ ਪੁਜ ਕੇ ਭਲਾ ਕਰਨ ਵਾਲੇ ਸੰਤ ਹੋਏ ਹਨ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਦੇ ਪੱਕੇ ਪਰੇਮੀ, ਕੈਸੇ ਜੋ ਨਿਵਾਸ ਹੀ ਸ੍ਰੀ ਅੰਮ੍ਰਿਤਸਰ ਆਇ ਕੀਆ ਹੈ। ਸੈਂਕੜੇ ਮਾਈ ਭਾਈ ਇਹਨਾਂ ਦਾ ਉਪਦੇਸ਼ ਪਾਇ ਕਰ ਪਿਛਲੀ ਰਾਤ ਤਿੰਨ ਪਹਿਰੇ ਵੇਲੇ ਸ੍ਰੀ ਦਰਬਾਰ ਸਾਹਿਬ ਜੀ ਅਰ ਸੋਦਰ ਦੇ ਦੀਵਾਨ ਵਿਖੇ ਸ੍ਰੀ ਅਕਾਲ ਤਖਤ ਜੀ ਬਿਨਾਂ ਕਿਸੇ ਨਾਗੇ ਦੇ ਪਹੁੰਚਦੇ ਹਨ, ਬਰਾਬਰ ਵੇਲੇ ਸਿਰ ਦੋਨੋਂ ਸਮੇਂ ਭਾਵੇਂ ਕੈਸੇ ਹੀ ਮੀਂਹ ਹੋਵੇ, ਅਥਵਾ ਹਨੇਰੀ ਹੋਵੇ, ਸਰੀਰ ਕੋ ਖੇਦ ਹੋਵੇ, ਤਉ ਭੀ ਨਾਗਾ ਨਹੀਂ ਹੋਣੇ ਦੇਤੇ। ਪੀਛੇ ਸਾਥ ਇਨਕੇ ਸ਼ੁਭ ਸੇਵਕ ਭਾਈ (ਸੰਤ) ਸਾਧੂ ਸਿੰਘ ਜੀ ਚਲਤੇ ਕੈਸੀ ਸ਼ੋਭਾ ਦੇਤੇ ਹੈਂ ਮਾਨੋਂ ਸੰਤ ਰੂਪੀ ਏਕ ਲਾਟ ਸੇ ਭੇਟੇ ਜਾਕਰ ਦੋ ਲਾਟਾਂ ਹੋਇ ਕਰ ਪ੍ਰਕਾਸ਼ ਕਰਤੀਆਂ ਜਾ ਰਹੀਆਂ ਹਨ। ਸੋ ਕੈਸੇ ਹੈਂ ਸੰਤ ਭਾਈ ਸਾਧੂ ਸਿੰਘ ਜੀ, ਜੈਸੇ ਸ੍ਰੀ ਸੁਖਮਨੀ ਸਾਹਿਬ ਮੇਂ ਸ੍ਰੀ ਸਤਿਗੁਰੂ ਜੀ ਸੇਵਕ ਕਾ ਨਮੂਨਾ ਲਿਖਤੇ ਹੈਂ "ਗੁਰ ਕੇ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥" ਦੂਜੇ ਮੁਖੀ ਸੇਵਕ ਬਾਬਾ ਮਹਿਤਾਬ ਸਿੰਘ ਜੀ, ਤੀਜੇ ਭਾਈ (ਸੰਤ) ਝੰਡਾ ਸਿੰਘ ਜੀ, ਸਾਧਾਰਨ ਮੈਲੇ ਕਪੜਿਆਂ ਵਿਚ ਮਾਨੋਂ ਲਾਲ ਹਨ।

ਸੰਤ ਭਾਈ ਗੁਰਮੁਖ ਸਿੰਘ ਜੀ ਦੇ ਸੇਵਕ ਗ੍ਰਿਹਸਥੀ ਭੀ ਅਤੇ ਤਿਆਗੀ ਭੀ ਹੋਰ ਬਹੁਤ ਹਨ, ਜੋ ਪਾਰਸ ਰੂਪੀ ਸੰਤਾਂ ਦੇ

ਪ੍ਰਤਾਪ ਨਾਲ ਲੋਹੇ ਤੋਂ ਕੰਚਨ ਵਤਿ ਹੋਤੇ ਭਏ ਹੈਂ। ਭਾਵੇਂ ਕੋਈ ਸਨਬੰਧੀ ਹੋਵੇ, ਭਾਵੇਂ ਪ੍ਰੀਤਵਾਨ, ਅੱਠੇ ਪਹਿਰ ਸਿਮਰਨ ਸੇਵਾ ਕਰੇ ਤੋ ਰਹਿਣ ਦੇਤੇ ਹੈਂ ਪਾਸ ਆਪ ਕੇ ਸੰਤ, ਨਹੀਂ ਤਾਂ ਨਹੀਂ ਰਹਿਣ ਦੇਤੇ ਥੇ। ਉਨ੍ਹਾਂ ਦਾ ਤਾਤਪਰਜ ਇਹ, ਜੋ ਅਸਾਡਾ ਲੇਖਾ ਧਰਮ ਰਾਇ ਨੂੰ ਨਾਂਹ ਕਰਨਾ ਪਵੇ। ਸਦਾ ਹੀ ਸ੍ਰੀ ਅਖੰਡ ਪਾਠ ਕਰਾਈ ਜਾਣੇ, ਪਾਠੀਆਂ ਅਤੇ ਸਰੋਤਿਆਂ ਦਾ ਭਲਾ ਵਿਚਾਰ ਕ। ਕਈਆਂ ਨੂੰ ਪਰੇਰ ਕੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚੋਂ ਗੋਹਾ ਆਦਿ ਚੁਕਣ ਦੀ ਸੇਵਾ, ਅਤੇ ਤਪੜੀ ਦੀ ਸੇਵਾ ਵਿਖੇ ਲਾ ਰੱਖਿਆ ਹੈ। ਗਰਮੀ ਦੇ ਦਿਨਾਂ ਵਿਚ ਇਸ਼ਨਾਨ ਕਰਾਕੇ ਸੰਗ ਮਰਮਰ ਸੀਤਲ ਕਰਨਾ, ਸੰਗਤਾਂ ਨੂੰ ਜਲ ਛਕਾਣਾ ਇਤਿਆਦੀ ਸੇਵਾ ਵਿਖੇ ਕਈਆਂ ਨੂੰ ਜੋੜ ਦਿਤਾ ਹੈ। ਕਈਆਂ ਨੂੰ ਸੰਤ ਸੇਵਾ ਵਿਖੇ ਲਾਇਆ ਹੋਇਆ ਹੈ, ਗੱਲ ਕੀ ਕਿ ਘੰਟੇ, ਘੜੀਆਂ, ਮਿੰਟਾਂ, ਸੈਕੰਡਾਂ, ਤਾਈਂ ਪਰਮੇਸਰ ਦੀ ਤਰਫ ਲਾਈ ਜਾਣਾ, ਜਿਸ ਤੇ ਸਭਨਾਂ ਦਾ ਭਲਾ ਕਰਨਾ। ਕੁਤਿਆਂ ਨੂੰ ਨਿਤ ਹੀ ਪ੍ਰਸ਼ਾਦੇ ਛਕਾਂਦੇ ਹਨ, ਸ਼ਹਿਰੋਂ ਬਾਹਰ ਇਕ ਪਾਸੇ ਆਪ ਲੈ ਜਾਂਦੇ ਹਨ। ਮਾਇਆ ਅਤੀਤ ਕੈਸੇ ਜੋ ਕੇਵਲ ਨਿਰਬਾਹ ਮਾਤ੍ਰ ਲਈ ਜਿੰਨੀ ਲੋੜ ਹੋਵੇ ਵਸਤੂ ਦੀ, ਸੋ ਗ੍ਰਹਿਣ ਕਰਨੀ, ਹੋਰ ਅਧਿਕ ਜਿੰਨੀ ਭੀ ਹੋਵੇ, ਰੋਕ੍ਰ ਰੁਪਈਏ, ਮੋਹਰਾਂ ਆਦਿਕ ਸਭ ਮੋੜ ਦਿੰਦੇ ਹਨ। ਗ੍ਰਿਹਸਥੀਆਂ ਨੂੰ ਤਾਂ ਇਸ ਪ੍ਰਕਾਰ ਉਪਦੇਸ਼ ਦਿੰਦੇ ਹਨ ਜੋ ਭਾਈ ਸੱਚ ਬੋਲਣਾ ਧਰਮ ਦੀ ਕਿਰਤ ਕਰਨਾ। ਭਾਵੇਂ ਰੁੱਖੀ ਖਾ ਕੇ ਗੁਜ਼ਰਾਨ ਕਰਨੀ ਪਏ, ਪਰ ਅਧਰਮ ਕੂੜ ਦੀ ਖੋਟੀ ਗ੍ਰਹਿਣ ਨਹੀਂ ਕਰਨੀ। ਲੋਕ ਲਾਜ ਤਿਆਗ ਕੇ ਭਗਤੀ ਕਰਨੀ, ਵੰਡ ਛੱਕਣਾ, ਅਤੇ ਸ਼ੁਭ ਕੰਮ, ਕਰਮ ਕਰਨੋਂ ਨਹੀਂ ਟਲਣਾ। ਪਿਛਲੀ ਰਾਤ ਸ੍ਰੀ ਦਰਬਾਰ ਸਾਹਿਬ ਜਾਣਾ, ਭਜਨ ਕੀਰਤਨ ਦੇ ਸਮੇਂ ਗ਼ਾਫਲ ਨਹੀਂ ਹੋਣਾ, ਐਸਾ ਨ ਹੋਵੇ ਜੋ ਉਂਘ ਆ ਜਾਵੇ। ਸੰਤਾਂ ਦੀ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਕਰਨੀ। ਜੇ ਅਤੀਤ ਹੋਵੇ ਤਾਂ ਇਹ

ਉਪਦੇਸ਼ ਕਰਨਾ ਜੋ ਸੰਤੋਖ ਧਾਰਨ ਕਰੇ, ਮਾਇਆ ਇਕੱਤ੍ਰ ਨਾ ਕਰ ਰਖੇ, ਇਸਤ੍ਰੀ ਜਾਮੇ ਨਾਲ ਕਪੜੇ ਦਾ ਲੜ ਤੱਕ ਨ ਲੱਗਣ ਦੇਵੇ, ਅਰ ਮਕਾਨ ਜ਼ਮੀਨ ਆਦਿਕ ਨਾ ਖਰੀਦੇ, ਨਾ ਕਿਸੇ ਕੋਲੋਂ ਲੈ ਕੇ ਆਪਣੀ ਜਾਇਦਾਦ ਬਣਾਵੇ। ਕਪੜੇ ਸਾਧਾਰਨ ਪਾਵੇ, ਭਾਵੇਂ ਥੋੜੇ ਮੈਲੇ ਭੀ ਹੋਵਣ ਕਿਉਂ ਜੋ ਸੇਵਾ ਵਿਚ ਵਿਘਨ ਨਾ ਪਵੇ। ਇਕ ਸਾਹਿਬੀ ਪੁਸ਼ਾਕ ਹੁੰਦੀ ਹੈ, ਇਕ ਸੇਵਕੀ ਪੁਸ਼ਾਕ ਹੁੰਦੀ ਹੈ; ਸੋ ਸੇਵਕ ਹੋ ਕੇ ਜੋ ਬੜੇ ਲੰਬੇ ਚੋਗੇ ਆਦਿਕ ਅਰ ਵਧੀਆ ਬਸਤ੍ਰ ਪਾ ਲਵੇ ਤਾਂ ਸੇਵਾ ਵਿਚ ਰੋਕ ਪੈ ਜਾਂਦੀ ਹੈ। ਇਸ ਪ੍ਰਕਾਰ ਸ੍ਰੀ ਸੰਤ ਭਾਈ ਗੁਰਮੁਖ ਸਿੰਘ ਜੀ ਸਭ ਜੀਵਾਂ ਦਾ ਭਲਾ ਕਰਦੇ ਹਨ ਅਰ ਨਿਰਮਾਣ ਰਹਿੰਦੇ ਹਨ।


ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ ਦੱਸਦੇ ਸਨ ਕਿ ਕਈ ਵਾਰ ਮੈਂ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਦਰਸ਼ਨ ਕਰਨ ਜਾਇਆ ਕਰਦਾ ਸੀ, ਉਹ ਕਿਹਾ ਕਰਦੇ ਸਨ ਕਿ ਦਾਸ ਨੂੰ ਤਾ ਇਸ ਸੇਵਾ ਤੇ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਲਾਇਆ ਹੈ। ਉਨ੍ਹਾਂ ਦੀ ਕ੍ਰਿਪਾ ਨਾਲ ਇਹ ਤਾਕਤ ਆ ਗਈ ਹੈ ਕਿ ਹੁਣ ਅੱਠੇ ਪਹਿਰ ਸੇਵਾ ਵਿਚ ਲੱਗੇ ਰਹਿਕੇ ਥੱਕੀਦਾ ਨਹੀਂ।

ਉਹ ਇਹ ਬੀ ਕਿਹਾ ਕਰਦੇ ਸਨ ਕਿ ਮੈਂ ਦੋ ਹੀ ਸੰਤ ਦੇਖੇ ਹਨ, ਇਕ ਮਸਤਾਨਾ ਤੇ ਦੂਜਾ ਦਾਨਾ, ਮਸਤਾਨਾ ਤਾਂ ਸਨ ਸੰਤ ਬੀਰਮ ਦਾਸ ਜੀ ਬਧੌਛੀ ਵਾਲੇ ਤੇ ਦਾਨਾ ਸੰਤ ਹਨ ਸੰਤ ਬਾਬਾ ਸ਼ਾਮ ਸਿੰਘ ਜੀ।

## ਸ੍ਰੀ ਮਾਨ ਸੰਤ ਭਾਈ ਸਵਾਇਆ ਸਿੰਘ ਜੀ ਛਬੀਲ ਵਾਲੇ


ਸ੍ਰੀ ਮਾਨ ਸੰਤ ਬਾਬਾ ਜੀ ਨੇ ਸੰਤ ਭਾਈ ਸਵਾਇਆ ਸਿੰਘ ਜੀ ਹੁਰਾਂ ਬਾਬਤ ਆਪਣੇ ਹਸਤ-ਲਿਖਤ ਗ੍ਰੰਥ 'ਸ੍ਰੀ ਭਗਤ ਪ੍ਰੇਮ ਪ੍ਰਕਾਸ਼' ਵਿਚ ਕੁਝ ਇਸ ਪ੍ਰਕਾਰ ਦੇ ਬਚਨ ਲਿਖੇ ਹਨ :–

"ਸੰਤਾਂ ਦੇ ਗੁਣ ਅਕਥਨੀਯ ਹਨ। ਸ੍ਰੀ ਵਾਹਿਗੁਰੂ ਨਾਮ ਸਿਮਰਨ ਅਤੇ ਵਾਹਿਗੁਰੂ ਦੇ ਪਿਆਰਿਆਂ ਦੇ ਗੁਣ ਬਿਚਾਰੇ ਬਿਨਾਂ ਔਰ ਕਿਸੀ ਪ੍ਰਕਾਰ ਇਸ ਜੀਵ ਦਾ ਭਲਾ ਨਹੀਂ।" ਆਪ ਜੀ ਨੇ ਲਿਖਿਆ ਹੈ ਕਿ ਜਿਵੇਂ ਭਾਈ ਗੁਰਦਾਸ ਜੀ ਦਾ ਬਚਨ ਹੈ "ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ" ਤਿਵੇਂ ਹੀ ਸੰਤ ਭਾਈ ਸਵਾਇਆ ਸਿੰਘ ਜੀ ਮੈਲੇ ਕਪੜਿਆਂ ਵਿਚ ਅਮੋਲਕ ਲਾਲ ਰਤਨ ਰੂਪ ਸਨ। ਸੇਵਕ ਨੂੰ ਸਭ ਤੋਂ ਪਹਿਲਾਂ ਇਹ ਮੁਹਾਰਨੀ ਸਿੱਖਾ ਦਿੰਦੇ, "ਸਤਿ ਬਚਨ ਜੀ, ਸਤਿ ਬਚਨ ਜੀ, ਸਤਿ ਬਚਨ ਜੀ, ਸਤਿ ਬਚਨ ਜੀ, ਸਤਿ।" ਵਾ "ਭਲਾ ਜੀ, ਭਲਾ ਜੀ, ਭਲਾ ਜੀ, ਭਲਾ।" ਜੇਕਰ ਸੇਵਾ ਦਾ ਕੰਮ ਬਿਗੜ ਜਾਵੇ ਤਾਂ ਹੱਥ ਜੋੜ ਕੇ ਗੁਰ ਸੰਗਤ ਅੱਗੇ ਬੇਨਤੀ ਕਰਨੀ "ਜੀ ਮੈਂ ਭੁਲ ਗਇਆ, ਜੀ ਮੈਂ ਭੁਲਾ ਹਾਂ ਜੀ।" ਇਹ ਮੁਹਾਰਨੀ ਪਕਾ ਲੈਣ ਪਿਛੋਂ ਸੇਵਾ ਦੇ ਸਿੰਘਾਸਣ ਤੇ ਬੈਠਣ ਦਿੰਦੇ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਪੁਰੀ ਵਿਚ ਅੰਦਰ ਤੇ ਬਾਹਰ, ਸ੍ਰੀ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਮੁਕਤਸਰ, ਸ੍ਰੀ ਦਮਦਮੇ ਸਾਹਿਬ, ਸ੍ਰੀ ਬਾਵਲੀ ਸਾਹਿਬ ਗੋਇੰਦਵਾਲ, ਸ੍ਰੀ ਬਾਬਾ ਬਕਾਲਾ; ਸ੍ਰੀ ਖਡੂਰ ਸਾਹਿਬ ਜੀ ਅਤੇ ਲਾਹੌਰ ਜਗ੍ਹਾ ਜਗ੍ਹਾ ਗੁਰਪੁਰਬਾਂ ਅਤੇ ਮੇਲਿਆਂ ਤੇ ਜਾ ਕਰ ਕੇ ਛਬੀਲਾਂ ਲਗਾਉਂਦੇ ਸਨ। ਕਈਆਂ ਤੀਰਥਾਂ ਤੇ ਇਕ ਕਟੋਰਾ ਜਲ ਦੀ ਪ੍ਰਾਪਤੀ ਹੋਣੀ ਭੀ ਕਠਨ ਸੀ, ਉਥੇ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਤਾਪ ਨਾਲ ਭਾਈ ਸਵਾਇਆ ਸਿੰਘ ਜੀ ਗੰਗਾ ਜਲ ਦੀਆਂ ਨਦੀਆਂ ਵਹਾ ਦੇਂਦ ਸਨ। ਨਾਲ ਹੀ ਅੰਨ ਦਾ ਦਾਨ ਤੇ ਵਾਹਿਗੁਰੂ ਨਾਮ ਵੀ ਜਪਾਉਂਦੇ ਸਨ। ਜਦ ਕਿਸੀ ਸੇਵਾਦਾਰ ਨੇ ਸੰਤਾਂ ਜੋਗ ਕਹਿਣਾ ਕਿ ਇਤਨੇ ਕੌਲੇ ਚੋਰੀ ਹੋ ਗਏ ਹਨ ਤਾਂ ਆਪ ਨੇ ਅੱਗੋਂ ਉੱਤਰ ਦੇਣਾ ਕਿ ਦੇਣੇ ਵਾਲਾ ਵੀ ਆਪ ਸ੍ਰੀ ਸਤਿਗੁਰੂ ਜੀ ਹੈ, ਪੁਨ ਲੈਣੇ ਵਾਲਾ ਵੀ ਆਪ ਹੀ ਹੈ। ਸੇਵਕ ਪ੍ਰਤੀ ਸੰਤਾਂ ਨੇ ਕਹਿਣਾ ਕਿ ਅਸਾਂ ਤੁਸਾਂ ਸਭ ਅੱਗੇ ਹੱਥ



(ਖੱਬਿਓਂ ਸੱਜੇ) ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ,
ਹਕੀਮ ਭਾਈ ਆਇਆ ਸਿੰਘ ਜੀ ਗੰਢ
ਮਾਲਕ–ਭਾਈਓਂ ਕੀ ਦੁਕਾਨ, ਕਟੜਾ ਹਰੀ ਸਿੰਘ, ਅੰਮ੍ਰਿਤਸਰ
ਤੇ ਸ੍ਰੀ ਮਾਨ ਸੰਤ ਸਵਾਇਆ ਸਿੰਘ ਜੀ ਛਬੀਲ ਵਾਲੇ

 www.sikhbookclub.com



ਸੰਤ ਬਾਬਾ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲੇ

 www.sikhbookclub.com

ਜੋੜ ਕਰ ਜੀ ਜੀ ਕਰ ਕੇ ਐਸੇ ਮੁਖੋਂ ਕਹਿਣਾ ਹੈ, 'ਭਾਈ ਜੀ, ਮਾਤਾ ਜੀ, ਬੇਬੇ ਜੀ, ਆਈਏ ਜੀ, ਮਹਾਰਾਜ ਆਈਏ, ਸ੍ਰੀ ਭਾਈ ਜੀ ਆਓ ਗੁਰੂ ਕੇ ਪਿਆਰੇ ਜਲ-ਪਾਨ ਕਰੀਏ ਜੀ। ਕਪਟ ਤਿਆਗ ਕੇ ਪ੍ਰੇਮ ਸਹਿਤ ਜਦ ਇਸ ਪ੍ਰਕਾਰ ਬਚਨ ਕਰਾਂਗੇ ਤਉ ਕੁਝ ਖੱਟ ਲੈ ਜਾਵਾਂਗੇ। ਜੇ ਕਿਸੀ ਨੂੰ ਚੋਰ ਕਹਾਂਗੇ ਖੋਟੀ ਮਤਿ ਕਰ, ਤਾਂ ਅਸੀਂ ਕੀ ਖੱਟਣਾ ਹੈ, ਉਲਟਾ ਮੂਲ ਵੀ ਗਵਾਵਾਂਗੇ।"

ਨੋਟ :—ਸ੍ਰੀ ਦਰਬਾਰ ਸਾਹਿਬ ਜੀ ਦੀ ਪਰਿਕਰਮਾਂ ਵਿਚ ਸੰਤ ਸਵਾਇਆ ਸਿੰਘ ਜੀ ਦੀ ਜਾਰੀ ਕੀਤੀ ਛਬੀਲ ਅਜੇ ਤੱਕ ਜਾਰੀ ਹੈ ਤੇ ਸੰਗਤਾਂ ਨੂੰ ਜਲ ਛਕਾਉਣ ਦੀ ਸੋਹਣੀ ਸੇਵਾ ਕਰ ਰਹੀ ਹੈ। ਇਸ ਛਬੀਲ ਦੀ ਨਵੀਂ ਉਸਾਰੀ ਦੀ ਸੇਵਾ (ਸਮੇਤ ਠੰਢੇ ਜਲ ਦੀ ਮਸ਼ੀਨ ਦੇ) ਸੰਤ ਬਾਬਾ ਖੜਕ ਸਿੰਘ ਜੀ ਡੇਰਾ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਵਾਲਿਆਂ ਨੇ ਕਰਵਾਈ ਹੈ।

੨. ਸੰਤ ਸਵਾਇਆ ਸਿੰਘ ਜੀ ਦਾ ਜੀਵਨ 'ਸੰਤ ਗਾਥਾ' ਭਾਗ ੧ ਵਿਚ ਛਪ ਚੁਕਾ ਹੈ ਜੋ ਪੋਥੀ ਖਾਲਸਾ ਸਮਾਚਾਰ ਦੇ ਦਫਤਰੋਂ ਮਿਲ ਸਕਦੀ ਹੈ।

## ਸੰਤ ਭਾਈ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲਿਆਂ ਦਾ ਸੰਤ ਬਾਬਾ ਸ਼ਾਮ ਸਿੰਘ ਜੀ ਨਾਲ ਮੇਲ

'ਸੰਤ ਭਾਈ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲਿਆਂ ਦਾ ਜੀਵਨ' ਪੁਸਤਕ ਵਿਚ ਲਿਖਿਆ ਹੈ ਕਿ ਆਪ ਦਾ ਦੋ ਵੇਰ ਸ੍ਰੀ ਸੰਤ ਬਾਬਾ ਸ਼ਾਮ ਸਿੰਘ ਜੀ ਨਾਲ ਮਿਲਾਪ ਹੋਇਆ। ਸੰਤ ਬਾਬਾ ਜੀ ਦੇ ਉਪਦੇਸ਼ ਤੇ ਅਸੀਸਾਂ ਦਾ ਸਦਕਾ ਆਪ ਜੀ ਸੱਚੇ ਪਾਤਿਸ਼ਾਹ ਜੀ ਦੇ ਦਰੋਂ ਭਾਰੀ ਮਿਹਰਾਂ ਤੇ ਬਖਸ਼ਿਸ਼ਾਂ ਦੇ ਪਾਤਰ

ਬਣੇ। ਪਹਿਲੀ ਵੇਰ ਜਦੋਂ ਆਪ ਦੀ ਪਲਟਨ ਕੋਹਾਟ ਵਿਚ ਸੀ, ੩ ਮਹੀਨੇ ਦੀ ਛੁੱਟੀ ਲੈ ਕੇ ਆਪਣੇ ਪਿੰਡ ਜਾਣ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਤੀਰਥ ਯਾਤਰਾ ਲਈ ਹਾਜ਼ਿਰ ਹੋਏ। ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕਰ, ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਉਸ ਸਮੇਂ ਵਡੇ ਭਾਗਾਂ ਨਾਲ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰ ਰਹੇ ਸਨ। ਇਹ ਸ਼ਬਦ ਗਾਇਨ ਹੋ ਰਿਹਾ ਸੀ :—

'ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥
ਘਟ ਭੀਤਰਿ ਤੂ ਦੇਖਿ ਬਿਚਾਰਿ ॥'

ਸ਼ਬਦ ਪੜ੍ਹਦਿਆਂ ਆਪ ਨੇ ਕਈ ਪ੍ਰਮਾਣ ਦਿੱਤੇ :—

'ਕਬੀਰ ਮਾਨਸ ਜਨਮ ਦੁਲੰਭ ਹੈ ਹੋਇ ਨਬਾਰੈ ਬਾਰ ॥'
'ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ॥ ਕਹਾ ਗਾਫਲ ਸੋਇਆ ॥'
'ਚੇਤਨਾ ਹੈ ਤਉ ਚੇਤ ਲੈ ਨਿਸਦਿਨਿ ਮੈ ਪ੍ਰਾਨੀ ॥'

ਆਦਿ ਭਾਈ ਜੀਵਾ ਸਿੰਘ ਜੀ ਨੇ ਸੁਣੇ ਤੇ ਪ੍ਰਤੀਤ ਕੀਤਾ ਕਿ ਇਹ ਸ਼ਬਦ ਮਾਨੋਂ ਮੈਨੂੰ ਹੀ ਸੁਤੇ ਨੂੰ ਜਗਾਉਣ ਲਈ ਗਾਇਆ ਗਿਆ ਹੈ। ਕੀਰਤਨ ਉਪਰੰਤ ਬਾਬਾ ਜੀ ਨੂੰ ਮਿਲੇ; ਸੰਤ ਬਾਬਾ ਜੀ ਨੇ ਪਿਆਰ ਨਾਲ ਤੱਕਿਆ। ਇਸ ਉੱਤਮ ਜਗਜਾਸੂ ਨੂੰ ਜੀਅ ਦਾਨ ਦੇ ਕੇ ਗੁਰੂ ਚਰਨਾਂ ਵਿਚ ਜੋੜ ਦਿੱਤਾ।

ਭਾਈ ਜੀਵਾ ਸਿੰਘ ਜੀ ਨੇ ਇਕ ਗੁਰਮੁਖ ਨਿਹੰਗ ਸਿੰਘ ਨੂੰ ਦੱਸਿਆ ਕਿ ਸੰਤਾਂ ਦੇ ਨਿਰਬਾਣ ਕੀਰਤਨ ਨੇ ਮੇਰੇ ਰੋਮ ਰੋਮ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੇ ਦਰਸ਼ਨ ਤੇ ਉਪਦੇਸ਼ ਵਸਾ ਦਿੱਤੇ ਹਨ। ਇਉਂ ਆਪ ਦੇ ਮਨ ਨੇ ਅਜਿਹਾ ਪਲਟਾ ਖਾਧਾ ਕਿ ਦੁਨੀਆਂ ਦੇ ਬੰਧਨਾਂ ਤੋਂ ਆਜ਼ਾਦ ਹੋ ਕੇ ਗੁਰ ਸੇਵਾ ਤੇ ਸਿਮਰਨ ਵਿਚ ਜੁੱਟ ਪਏ। ਪਿੰਡ ਵਿਚ ਛੁੱਟੀ ਕੱਟ ਕੇ ਜਦੋਂ ਆਪ ਪਲਟਨ ਵਿਚ ਪੁੱਜੇ ਤਾਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਹਰ ਰੋਜ਼ ਅੱਧੀ ਰਾਤ ਨੂੰ ਉੱਠ ਕੇ

ਕਈ ਚਾਲੀਹੇ ਮੂਲ ਮੰਤ੍ਰ, ਚੌਪਈ ਪਾਠ ਅਤੇ ਗੁਰਮੰਤ੍ਰ ਦੇ ਪੂਰੇ ਕਰਦੇ। ਇਸ ਮਹਾਨ ਤਪੱਸਿਆ ਦੇ ਸਦਕੇ ਐਸੀ ਨਾਮ ਰੰਗਣ ਚੜ੍ਹੀ ਕਿ ਬਿਨਾਂ ਗੁਰਬਾਣੀ ਅਤੇ ਗੁਰਮਤਿ ਵਿਚਾਰ ਦੇ ਕੋਈ ਗੱਲ ਚੰਗੀ ਨਾ ਲੱਗਦੀ। ਇਕ ਦਿਨ ਆਪ ਨਾਮ ਸਿਮਰਨ ਤੇ ਨਿਤਨੇਮ ਦੇ ਪਾਠ ਕਰਦਿਆਂ ਗੁਰੂ-ਚਰਨਾਂ ਵਿਚ ਅਜਿਹੇ ਲਿਵਲੀਨ ਹੋਏ ਕਿ ਨਿਰਵਿਕਲਪ ਸਮਾਧੀ ਲੱਗ ਗਈ। ਦਸ ਵਜੇ ਸਮਾਧੀ ਖੁੱਲ੍ਹੀ। ਗੁੰਬੀ ਜੀ ਨਾਲ ਸਲਾਹ ਕਰਕੇ ਕਰਨਲ ਸਾਹਿਬ ਦੇ ਬੰਗਲੇ ਵਲ ਚੱਲ ਪਏ। ਭਾਈ ਜੀ ਦੇ ਚਿਤ ਵਿਚ ਹਵਾਲਦਾਰ ਇਨਸਟਰੱਕਟਰ ਤੋਂ ਆਪਣੀ ਗੈਰ-ਹਾਜ਼ਰੀ ਕਾਰਨ ਕੁਝ ਉਦਾਸੀ ਜਿਹੀ ਆਈ। ਪਰ ਸਾਹਿਬ ਬਹਾਦਰ ਨੇ ਦੂਰੋਂ ਹੀ ਵੇਖ ਕੇ ਆਪ ਨੂੰ ਕਿਹਾ, "ਵੱਲ ਜੀਵਾ ਸਿੰਘ ਤੁਮ ਨੇ ਆਜ ਕਮਾਲ ਕੀਆ ਹੈ ਔਰ ਇਨਾਮ ਪਾਇਆ ਹੈ, ਹਮ ਬਹੁਤ ਖ਼ੁਸ਼ ਹੂਆ।" ਆਪ ਨੂੰ ਪ੦) ਰੁ: ਕਰਨਲ ਸਾਹਿਬ ਵਲੋਂ ਤੇ ੭) ਰੁ: ਸੂਬੇਦਾਰ ਮੇਜਰ ਵਲੋਂ ਇਨਾਮ ਦਿਤੇ ਗਏ ਤੇ ਸਿਪਾਹੀਆਂ ਨੇ ਵਧਾਈਆਂ ਦਿਤੀਆਂ। ਗੁੰਬੀ ਜੀ ਤੇ ਭਾਈ ਜੀਵਾ ਸਿੰਘ ਜੀ ਦੋਨੋਂ ਹੈਰਾਨ ਸਨ। ਭਾਈ ਜੀ ਨੇ ਫ਼ੈਸਲਾ ਕੀਤਾ ਕਿ ਜਿਸ ਕਲਗੀਧਰ ਮਹਾਰਾਜ ਜੀ ਨੇ ਮੇਰੀ ਥਾਂ ਅੱਜ ਡਿਊਟੀ ਦਿੱਤੀ ਹੈ, ਹੁਣ ਮੈਂ ਉਸੇ ਦੀ ਨੌਕਰੀ ਕਰਾਂਗਾ। ਸੋ ਫ਼ੌਜ ਵਿਚੋਂ ਨਾਮ ਕਟਵਾ ਲੀਤਾ।

ਉਪਰੰਤ ਆਪ ਗੱਡੀ ਤੇ ਸਵਾਰ ਹੋ ਕੇ ਸਿੱਧੇ ਪੰਜੇ ਸਾਹਿਬ ਜਾ ਪਹੁੰਚੇ। ਇਸ ਪਵਿੱਤਰ ਗੁਰ-ਤੀਰਥ ਤੇ ਗੁਰੂ ਕੇ ਲੰਗਰ ਦੀ ਕਰੜੀ ਸੇਵਾ: ਬਰਤਨ ਸਾਫ਼ ਕਰਨੇ, ਆਟਾ ਗੁੰਨ੍ਹਣਾ, ਪਾਣੀ ਢੋਣਾ ਆਦਿ ਅਤੇ ਨਾਮ ਸਿਮਰਨ ੩ ਮਹੀਨੇ ਕਰ ਕੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ, ਸ੍ਰੀ ਅੰਮ੍ਰਿਤਸਰ ਵਲ ਚਾਲੇ ਪਾ ਦਿੱਤੇ। ਡੇਢ ਮਹੀਨਾ ਸਤਿਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਨਿਤਾਪ੍ਰਤਿ ਹਾਜ਼ਰੀ ਭਰ ਕੇ ਖੂਬ ਆਨੰਦ ਮਾਣਿਆ। ਇਥੇ ਭੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰ, ਬਾਬਾ ਸ਼ਾਮ ਸਿੰਘ

ਜੀ ਦੀ ਧਰਮਸਾਲਾ ਅਤੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬਰਤਨ ਮਾਂਜਣੇ, ਬਾਲਣ ਪਾੜਨਾ ਤੇ ਪਾਣੀ ਢੋਣ ਦੀ ਭਾਰੀ ਸੇਵਾ ਕੀਤੀ। ਹੁਣ ਮਨ ਵਿਚ ਚਾਉ ਆਇਆ ਕਿ ਹੁਣ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਦਰਸ਼ਨ ਕਰੀਏ। ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਜਾ ਕੇ ਸੰਤਾਂ ਜੋਗ 'ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਬੁਲਾਈ। ਸੰਤ ਬਾਬਾ ਜੀ ਨੇ ਬਗੈਰ ਦੱਸੇ ਪੁੱਛੇ ਦੇ ਇਹ ਵਰ ਬਖਸ਼ਿਆ, 'ਸਿੰਘ ਜੀ, ਤੁਸੀਂ ਬੜੇ ਸੁਭਾਗੇ ਹੋ, ਸ੍ਰੀ ਗੁਰੂ ਰਾਮਦਾਸ ਸਾਹਿਬ ਸੋਢੀ ਸੁਲਤਾਨ ਜੀ ਦੀ ਤੁਸਾਂ ਤੇ ਅਪਾਰ ਕ੍ਰਿਪਾ ਹੋਈ ਹੈ। ਹੁਣ ਤੁਸੀਂ ਸ੍ਰੀ ਕਲਗੀਧਰ ਮਹਾਰਾਜ ਜੀ ਦੇ ਚਰਨ ਕਮਲਾਂ ਦੀ ਮੌਜ ਵਿਚ ਰਹੋਗੇ। ਗੁਰਦੇਵ ਵਲੋਂ ਤੁਹਾਡੇ ਲਈ ਇਕ ਪੂਰਨ ਪੁਰਸ਼, ਬਲੀ ਨਿਹੰਗ ਸਿੰਘ ਦੀ ਸੰਗਤ, ਸੇਵਾ ਤਿਆਰ ਹੈ, 'ਸਿਮਰਨ' ਨੂੰ ਸੰਭਾਲਣ ਲਈ ਤੁਹਾਡੇ ਵਲੋਂ 'ਸੇਵਾ' ਦੀ ਕਠਨ ਘਾਲਣਾ ਬਾਕੀ ਹੈ, ਉਹ ਹੁਣ ਪੂਰੀ ਹੋਵੇਗੀ। ਸਾਡੀ ਅਸੀਸ ਤੁਹਾਡੇ ਨਾਲ ਰਹੇਗੀ। ਸਦਾ ਸੁਚੇਤ ਰਹਿ ਕੇ ਵਿਚਰੋ। ਗੁਰੂ ਭਲੀ ਕਰੇਗਾ।" ਸੰਤ ਭਾਈ ਜੀਵਾ ਸਿੰਘ ਜੀ ਦੱਸਦੇ ਸਨ ਕਿ ਸੰਤ ਬਾਬਾ ਜੀ ਨੇ ਭਾਰੀ ਪ੍ਰਸੰਨਤਾ ਪੂਰਬਕ ਸਾਨੂੰ ਵਿਦਾਇਗੀ ਬਖਸ਼ੀ। ੫ ਦਮੜੇ ਤੇ ਸਾਡੇ ਸੀਸ ਲਈ ਦਸਤਾਰਾ ਦੇ ਕੇ ਹੁਕਮ ਕੀਤਾ ਕਿ ਇਸ ਨੂੰ ਨੀਲਾ ਰੰਗ ਚਾੜ੍ਹ ਕੇ ਸਜਾ ਲੈਣਾ ਤੇ ਮੈਂ ਸੀਸ ਨਿਵਾ ਵਿਦਾ ਹੋ ਰਾਤ ਨੂੰ ਸ੍ਰੀ ਫਤਹਿ ਗੜ੍ਹ ਸਾਹਿਬ ਸਰਹੰਦ ਆ ਪੁੱਜਿਆ।

## ਲੇਖਕ ਨੂੰ ਸੰਤਾਂ ਦੇ ਦਰਸ਼ਨ ਹੋਣੇ

੧੯੪੬ ਵਿਚ ਰਾਵਲ ਪਿੰਡੀ ਤੋਂ ਛੁਟੀ ਲੈ ਕੇ ਦਾਸ ਸ੍ਰੀ ਨਨਕਾਣਾ ਸਾਹਿਬ ਤੀਰਥ ਯਾਤਰਾ ਲਈ ਗਿਆ। ਗੁਰਦੁਆਰਾ ਸ੍ਰੀ ਜਨਮ ਅਸਥਾਨ ਦਰਸ਼ਨ ਕਰ ਮੱਥਾ ਟੇਕ ਕੇ ਨਹਿਰ ਦੇ ਲਾਗੇ, ਜਿੱਥੇ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਹੰਸਲੀ ਦੀ ਸੇਵਾ ਕਰਵਾ ਰਹੇ ਸਨ, ਜਾ ਹਾਜ਼ਰ ਹੋਇਆ। ਸੰਤਾਂ

ਅੱਗੇ ਤਿਲ ਫੁੱਲ ਭੇਟ ਕੀਤਾ। ਆਪ ਨੇ ਆਗਿਆ ਕੀਤੀ, ਸੇਵਾ ਕਰੋ, ਤੁਸਾਡੀਆਂ ਸਭੇ ਕਾਮਨਾਂ ਗੁਰੂ ਨਾਨਕ ਸਾਹਿਬ ਪੂਰੀਆਂ ਕਰਨਗੇ। ਦੋ ਦਿਨ ਟੋਕਰੀ ਢੋਣ ਦੀ ਸੇਵਾ ਕਰ ਕੇ ਸੰਤਾਂ ਪਾਸੋਂ ਆਗਿਆ ਲੈ ਕੇ ਤੀਸਰੇ ਦਿਨ ਸਟੇਸ਼ਨ ਤੇ ਪੁੱਜਾ। ਉਥੇ ਇਕ ਸਤਕਾਰਯੋਗ ਮਾਤਾ ਦਾ ਮੇਲ ਹੋਇਆ। ਅਜੇ ਗੱਡੀ ਦੇ ਆਉਣ ਵਿਚ ੪੦ ਮਿੰਟ ਰਹਿੰਦੇ ਸਨ, ਅਸੀਂ ਦੋਵੇਂ ਵਾਪਸੀ ਟਾਂਗਾ ਕਰ ਕੇ ਸੰਤ ਬਾਬਾ ਜੀਵਾ ਸਿੰਘ ਜੀ ਦੀ ਕੁਟੀਆ ਵਿਚ ਤ੍ਰਿਆਰਾ ਸਾਹਿਬ ਪੁੱਜੇ। ਸੰਤਾਂ ਨੇ ਦਾਸ ਨੂੰ ਪੁੱਛਿਆ ਕਿ ਤੁਸੀਂ ਕਿਉਂ ਆਏ ਹੋ? ਮੈਂ ਬੇਨਤੀ ਕੀਤੀ ਕਿ ਆਪ ਜੀ ਦੇ ਦਰਸ਼ਨ ਕਰਨ ਆਏ ਹਾਂ। ਆਪ ਨੇ ਫਿਰ ਬਚਨ ਕੀਤਾ ਸੱਚ ਦਸੋ ਕਿਉਂ ਆਏ ਹੋ? ਮੈਂ ਅਰਜ਼ ਕੀਤੀ, ਜੀ ਸੰਤ ਬਾਬਾ ਗੁਰਮੁਖ ਸਿੰਘ ਜੀ, ਜੋ ਹੰਸਲੀ ਦੀ ਸੇਵਾ ਕਰਵਾ ਰਹੇ ਹਨ, ਉਥੇ ਦੋ ਦਿਨ ਟੋਕਰੀ ਢੋਣ ਦੀ ਸੇਵਾ ਕਰਕੇ ਸਟੇਸ਼ਨ ਤੇ ਮੈਂ ਪੁੱਜਿਆ ਸਾਂ, ਉਥੇ ਇਸ ਬੀਬੀ ਜੀ ਨੇ ਆਪ ਜੀ ਦੀ ਦੱਸ ਪਾਈ ਤੇ ਹੁਣ ਆਪ ਦੇ ਦਰਸ਼ਨ ਕਰਨ ਆਏ ਹਾਂ। ਆਪ ਨੇ ਫੁਰਮਾਇਆ ਕਿ ਸੰਤ ਬਾਬਾ ਗੁਰਮੁਖ ਸਿੰਘ ਜੀ ਬੜੇ ਮਹਾਂ ਪੁਰਸ਼ ਹਨ, ਆਪ ਧੰਨ ਹੋ ਜੋ ਸੰਤਾਂ ਦੇ ਪਾਸ ਸ੍ਰੀ ਗੁਰੂ ਮਹਾਰਾਜ ਜੀ ਦੀ ਟੋਕਰੀ ਢੋਣ ਦੀ ਸੇਵਾ ਕਰ ਕੇ ਆਏ ਹੋ। ਮੈਂ ਤਾਂ ਬੜਾ ਪਾਪੀ ਹਾਂ, ਮੇਰੇ ਕੋਲ ਕਿਉਂ ਆਏ ਹੋ? ਮੈਂ ਸੰਤਾਂ ਦੇ ਮੂੰਹੋਂ ਐਸੇ ਨਿਮਰਤਾ ਦੇ ਬਚਨ ਸੁਣ ਕੇ ਅਸਚਰਜ ਹੋ ਗਿਆ ਤੇ ਮੇਰੇ ਮਨ ਨੇ ਨਿਸਚਾ ਕੀਤਾ ਕਿ ਇਹ ਪੂਰਨ ਮਹਾਂ ਪੁਰਸ਼ ਹਨ। ਮੇਰੇ ਦੱਸਣ ਤੇ ਕਿ ਮੈਂ ਮਿਲਟਰੀ ਵਿਚ ਲੈਫਟੀਨੈਂਟ ਹਾਂ। ਆਪ ਨੇ ਕਿਹਾ ਕਿ 'ਅੰਗਰੇਜ਼ਾਂ ਨੂੰ ਸਮਝਾਓ ਕਿ ਤੁਸੀਂ ਕਿਉਂ ਹਿੰਦੂਆਂ, ਸਿੱਖਾਂ ਨੂੰ ਮਰਵਾਂਦੇ ਹੋ, ਜੇ ਤੁਸਾਂ ਮਰਵਾਣਾ ਹੀ ਹੈ ਤਾਂ ਤੋਪ ਅੱਗੇ ਸਭ ਨੂੰ ਖਲਾਰ ਕੇ ਗੋਲੀ ਮਾਰ ਦਿਓ।' ਇਸ ਤਰ੍ਹਾਂ ਦੇ ਕੁਝ ਹੋਰ ਬਚਨ ਕਰ ਕੇ ਪਾਕਿਸਤਾਨ ਦੇ ਵਿਚ ਜੋ ਕੁਝ ੧੯੪੭ ਵਿਚ ਵਰਤਣਾ ਸੀ, ਉਹ ਗੱਲਾਂ ਗੱਲਾਂ ਵਿਚ ਸਮਝਾ ਦਿੱਤਾ ਤੇ ਨਾਲ ਹੀ

 www.sikhbookclub.com

ਗੁਰੂ ਪੰਥ ਦੀ ਸੇਵਾ ਲਿਖਤ ਦੁਆਰਾ ਕਰਨ ਦਾ ਉਪਦੇਸ਼ ਦਿੱਤਾ। ਉਪਰੰਤ ਮੈਂ ਬੇਨਤੀ ਕੀਤੀ ਕਿ ਜੀ ਸਾਡੀ ਗੱਡੀ ਹੁਣ ਆਉਣ ਵਾਲੀ ਹੈ, ਸਿਗਨਲ ਡਾਊਨ ਹੋ ਗਿਆ ਹੈ। ਸਾਨੂੰ ਹੁਣ ਆਗਿਆ ਬਖਸ਼ੋ। ਬਿਨਾਂ ਕੋਈ ਮੰਗ ਕਰਨ ਦੇ ਆਪ ਨੇ ਫ਼ੁਰਮਾਇਆ : "ਜਾਓ, ਗੁਰੂ ਨਾਨਕ ਸਾਹਿਬ ਤੁਹਾਨੂੰ ਖ਼ੁਸ਼ੀਆਂ ਬਖਸ਼ਣਗੇ।"

ਗੱਡੀ ਤੋਂ ਰਵਾਨਾ ਹੋ ਕੇ ਦਾਸ ਸ੍ਰੀ ਅੰਮ੍ਰਿਤਸਰ ਪੁੱਜਾ। ਸ੍ਰੀ ਦਰਬਾਰ ਸਾਹਿਬ ਹਾਜ਼ਰ ਹੋ ਕੇ ਮੱਥਾ ਟੇਕ ਕੇ ਉਪਰੰਤ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ਦੇ ਆ ਕੇ ਦਰਸ਼ਨ ਕੀਤੇ ਤੇ ਉਨ੍ਹਾਂ ਪ੍ਰਤੀ ਵੱਡੇ ਸੰਤਾਂ ਦਾ ਸੰਦੇਸ਼ ਦਿਤਾ। ਸੰਤਾਂ ਨੇ ਸਾਰੇ ਡੇਰੇ ਦੇ ਸੇਵਾਦਾਰਾਂ ਨੂੰ ਇਕੱਠਾ ਕੀਤਾ ਤੇ ਬਚਨ ਕੀਤਾ ਕਿ ਦੇਖੋ ਇਹ ਭਾਈ ਵੱਡੇ ਸੰਤਾਂ ਦਾ ਹੁਕਮ ਲਿਆਇਆ ਹੈ ਕਿ ਜੋ ਆਦਮੀ ਸੇਵਾ ਤੇ ਭਜਨ ਨਹੀਂ ਕਰਦਾ, ਉਹ ਡੇਰੇ ਵਿਚ ਨਹੀਂ ਰਹਿ ਸਕਦਾ। ਦਾਸ ਨੂੰ ਡਾਇਰੈਕਟ ਕਮਿਸ਼ਨ ਮਿਲਣ ਦੀ ਬੜੀ ਖ਼ੁਸ਼ੀ ਸੀ ਤੇ ਮੈਂ ਬੇਨਤੀ ਕੀਤੀ ਕਿ ਜੀ ਮੈਨੂੰ ਅਸੀਸ ਦਿਓ ਕਿ ਸੱਚੇ ਪਾਤਿਸ਼ਾਹ ਜੀ ਦੀ ਮਿਹਰ ਨਾਲ ਮੇਰੀ ਲੈਫ਼ਟੀਨੈਂਟੀ ਕਾਇਮ ਰਹੇ। ਆਪ ਨੇ ਫ਼ੁਰਮਾਇਆ ਕਿ ਭਾਈ ਇਹ ਕੀ ਮੰਗਿਆ, ਅਸੀਂ ਤਾਂ ਕਹਿੰਦੇ ਹਾਂ ਦੂਣੀ ਤੇ ਚੌਣੀ ਹੋਵੇ। ਦੂਣੀ ਤੋਂ ਭਾਵ ਸੀ ਕਪਤਾਨ ਬਣਨਾ, ਤੇ ਚੌਣੀ ਤੋਂ ਭਾਵ ਸੀ ਮੇਜਰ ਬਣਨਾ। ਮੇਰੀ ਹਾਲੀਂ ਉਸ ਵਕਤ ਸਿਰਫ ਇਕ ਸਾਲ ਦੀ ਨੌਕਰੀ ਲੈਫ਼ਟੀਨੈਂਟੀ ਦੀ ਸੀ ਤੇ ਮੇਜਰ ਬਣਨਾ ਤਾਂ ਮੇਰੇ ਸੁਫ਼ਨੇ ਵਿਚ ਭੀ ਨਹੀਂ ਸੀ, ਤੇ ਨਾ ਹੀ ਇਹ ਮੇਰੀ ਕੋਈ ਮੰਗ ਸੀ। ਸਾਡੇ ਰਿਕਾਰਡ ਆਫ਼ਿਸ (Record Office) ਵਿਚ ਇਕ ਅੰਗਰੇਜ਼ ਮੇਜਰ ਤੇ ਅਸੀਂ ਦੋ ਲੈਫ਼ਟੀਨੈਂਟ ਕੰਮ ਕਰਦੇ ਸਾਂ। ਜਦ ਤੀਰਥ ਯਾਤਰਾ ਤੋਂ ਵਾਪਸ ਮੈਂ ਰਾਵਲਪਿੰਡੀ ਆਪਣੀ ਡਿਊਟੀ ਤੇ ਪਹੁੰਚਾ ਤਾਂ ਅੰਗਰੇਜ਼ ਮੇਜਰ ਨੂੰ ਹੁਕਮ ਆ ਗਿਆ ਕਿ ਹੁਣ ਹਿੰਦੁਸਤਾਨੀਆਂ ਨੂੰ ਰਾਜ ਦੇਣਾ ਹੈ,



 www.sikhbookclub.com

ਇਸ ਕਰ ਕੇ ਤੁਸੀਂ ਵਾਪਸ ਇੰਗਲੈਂਡ ਚਲੇ ਆਓ। ਅੰਗਰੇਜ਼ ਦੇ ਵਾਪਸ ਜਾਣ ਤੇ ਦਾਸ ਨੂੰ ਇਕ ਸਾਲ ਤਿੰਨ ਮਹੀਨੇ ਦੀ ਨੌਕਰੀ ਤੋਂ ਪਿਛੋਂ ਸਿੱਧਾ ਮੇਜਰ ਬਣਾ ਦਿਤਾ ਗਿਆ। ਸ੍ਰੀ ਅੰਮ੍ਰਿਤਸਰ ਦੀ ਸਾਧ-ਸੰਗਤ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਸੰਤ ਬਾਬਾ ਝੰਡਾ ਸਿੰਘ ਸਾਹਿਬ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਦਰੋਂ ਵਾਕ ਸਤਿਆ ਪ੍ਰਾਪਤ ਸੀ।

ਭਾਈ ਸੰਤੋਖ ਸਿੰਘ ਹਜ਼ੂਰੀ ਸੇਵਕ ਸੰਤ ਬਾਬਾ ਜੀਵਾ ਸਿੰਘ ਜੀ ਨੇ ਦਸਿਆ ਹੈ ਕਿ ਮੈਨੇਜਰ ਗੁ: ਨਨਕਾਣਾ ਸਾਹਿਬ ਵਲੋਂ ਸੰਤਾਂ ਨੂੰ ਸੰਦੇਸ਼ ਭੇਜਿਆ ਗਿਆ ਕਿ ਹੁਣ ਹਿੰਦੁਸਤਾਨ ਤੋਂ ਸ਼ਰਨਾਰਥੀ ਆ ਗਏ ਹਨ, ਏਸ ਲਈ ਬਾਹਰ ਖ਼ਤਰਾ ਵਧ ਗਿਆ ਹੈ, ਤੁਸੀਂ ਸ੍ਰੀ ਜਨਮ ਅਸਥਾਨ ਦੇ ਕੋਲ ਕੈਂਪ ਵਿਚ ਆ ਜਾਓ। ਆਪ ਨੇ ਜਵਾਬ ਦਿਤਾ ਕਿ ਅਸੀਂ ਗੁਰੂ ਨਾਨਕ ਸਾਹਿਬ ਦਾ ਦਰ ਛੋੜ ਕੇ ਨੱਸ ਕੇ ਨਹੀਂ ਜਾਣਾ, ਅਸੀਂ ਇਥੇ ਸ਼ਹੀਦ ਹੋਵਾਂਗੇ। ਮੁਸਲਮਾਨਾਂ ਦੇ ਹਮਲੇ ਤੋਂ ਇਕ ਦਿਨ ਪਹਿਲਾਂ ਮੈਨੂੰ (ਭਾਈ ਸੰਤੋਖ ਸਿੰਘ ਨੂੰ) ਕਿਹਾ ਕਿ ਸ਼ਹੀਦੀ ਪੁਲਾ ਬਣਾਓ, ਕਲ੍ਹ ਵਾਹਿਗੁਰੂ ਜੀ ਦਾ ਭਾਣਾ ਵਰਤਣਾ ਹੈ।

## ਸੰਤ ਮੰਨਾ ਸਿੰਘ ਜੀ

ਆਪ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਨਿਕਟ-ਵਰਤੀ ਸੇਵਕਾਂ ਵਿਚੋਂ ਸਨ। ਆਪ ਸਦਾ ਹੀ ਗੁਰਬਾਣੀ ਦੇ ਪੜ੍ਹਣ-ਪੜ੍ਹਾਣ ਤੇ ਅਰਥ-ਭਾਵ ਸਮਝਣ-ਸਮਝਾਣ ਵਿਚ ਆਪਣਾ ਸਮਾਂ ਬਿਤੀਤ ਕਰਦੇ ਸਨ। ਆਪ ਨੂੰ ਗੁਰਬਾਣੀ ਦਾ ਇਤਨਾ ਅਭਿਆਸ ਹੋ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਕਿਸੀ ਪਾਠੀ-ਸਿੰਘ ਪਾਸੋਂ ਕੋਈ ਤੁਕ ਭੁੱਲ ਜਾਵੇ ਜਾਂ ਅਸ਼ੁੱਧ ਪੜ੍ਹੇ ਤਾਂ ਝਟ-ਪਟ ਮੂੰਹ ਜ਼ਬਾਨੀ ਸਹੀ ਤੁਕ ਦੱਸ ਦਿੰਦੇ ਤੇ ਅਰਥ-ਭਾਵ ਵੀ ਸਮਝਾ ਦਿੰਦੇ ਸਨ। ਸੰਤ ਬਾਬਾ ਜੀ ਦੇ ਗੁਰਪੁਰੀ ਚੜ੍ਹਾਈ

ਕਰਨ ਸਮੇਂ ਜੋ ਤਿੰਨ ਮੁਖੀ ਸੇਵਕਾਂ ਦੇ ਨਾਮ ਸਤਿਗੁਰਾਂ ਦੇ ਹਜ਼ੂਰ ਪਰਚੀਆਂ ਪਾਈਆਂ ਗਈਆਂ ਸਨ, ਉਹਨਾਂ ਵਿਚੋਂ ਇਕ ਆਪ ਜੀ ਸਨ। ਦੂਜੇ ਸੇਵਕਾਂ ਦੇ ਸ਼ੁਭ ਨਾਮ ਸੰਤ ਭਾਈ ਝੰਡਾ ਸਿੰਘ ਜੀ ਤੇ ਭਾਈ ਸਹਿਜ ਸਿੰਘ ਜੀ ਸਿੰਧੀ ਸਨ।

## ਸੰਤ ਭਾਈ ਗੋਬਿੰਦ ਸ਼ਾਹ ਸਿੰਘ ਜੀ; ਡੇਰਾ ਇਸਮਾਈਲ ਖਾਂ ਵਾਲੇ

ਆਪ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਨਿਕਟ-ਵਰਤੀ ਸੇਵਕਾਂ ਵਿਚੋਂ ਸਨ। ਆਪ ਦੇ ਸਪੁੱਤਰ ਭਾਈ ਹਰਬੰਸ ਸ਼ਾਹ ਸਿੰਘ ਜੀ, ਗੁ: ਸ਼ਾਹ ਸਾਹਿਬ, ਦਿੱਲੀ ਵਾਲੇ, ਦੱਸਦੇ ਹਨ ਕਿ ਆਪ ਜਵਾਨੀ ਦੀ ਉਮਰਾ ਵਿਚ ਆਪਣੇ ਦੇਸ਼ ਤੋਂ ਸ੍ਰੀ ਅੰਮ੍ਰਿਤਸਰ ਆਏ। ਵੱਡੇ ਭਾਗਾਂ ਨਾਲ, ਸੰਤ ਬਾਬਾ ਜੀ ਦੇ ਦਰਸ਼ਨ ਹੋਏ। ਸੰਤਾਂ ਨੇ ਪੁੱਛਿਆ ਕਿ ਤੇਰਾ ਨਾਮ ਕੀ ਹੈ। ਤਾਂ ਇਹਨਾਂ ਨੇ ਆਪਣਾ ਨਾਮ ਗੋਬਿੰਦ ਸ਼ਾਹ ਸਿੰਘ ਦੱਸਿਆ। ਬਾਬਾ ਜੀ ਨੇ ਫਿਰ ਪੁੱਛਿਆ— "ਸ਼ਾਹ" ਸ਼ਬਦ ਤੁਸੀਂ ਆਪਣੇ ਨਾਮ ਨਾਲ ਕਿਉਂ ਲਾਇਆ ਹੈ? ਉੱਤਰ ਵਿਚ ਇਹਨਾਂ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸਾਡੇ ਬਜ਼ੁਰਗਾਂ ਨੂੰ ਨਾਮ ਬਾਣੀ ਤੇ ਗੁਰਸਿੱਖੀ ਪਰਚਾਰ ਲਈ "ਸ਼ਾਹ" ਦਾ ਵਰ ਬਖਸ਼ਿਆ ਸੀ। ਤਾਂ ਸੰਤਾਂ ਨੇ ਫੁਰਮਾਇਆ "ਬੀਬਾ ਤੁਹਾਡੇ ਬਜ਼ੁਰਗਾਂ ਨੇ ਘਾਲਣਾ ਘਾਲ ਕੇ ਇਹ ਵਰ ਪ੍ਰਾਪਤ ਕੀਤਾ ਸੀ, ਤੂੰ ਵੀ ਅੱਜ ਤੋਂ ਕਮਰ-ਕੱਸਾ ਕਰ ਲੈ, ਗੁਰ-ਸੇਵਾ ਤੇ ਨਾਮ ਸਿਮਰਨ ਵਿਚ ਜੁੱਟ ਜਾਹ, ਤਾਂ "ਸ਼ਾਹ" ਨਾਮ ਰਖਾਣੇ ਦਾ ਹੱਕਦਾਰ ਬਣੇਂਗਾ।" ਉਸ ਦਿਨ ਤੋਂ ਲੈ ਕੇ ਸਵਾਸਾਂ ਦੇ ਅੰਤ ੧੨ ਜਨਵਰੀ ੧੯੫੮ ਤਕ, ਸੰਤ ਬਾਬਾ ਜੀ ਦੇ ਡੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਦੀ ਸੇਵਾ ਵਿਚ ਆਪ ਨੇ ਆਪਣਾ ਸਾਰਾ ਸਮਾਂ ਸਫ਼ਲ ਕੀਤਾ।

ਆਪ ਦੀ ਮੁੱਖ ਸੇਵਾ ਸ੍ਰੀ ਗੁਰੂ ਬਾਬਾ ਜੀ ਦੀ ਉਸ ਇਤਿਹਾਸਕ ਬੀੜ ਦੀ ਹੈ, ਜੋ ਹਸਤ-ਲਿਖਤ ਸ੍ਰੀ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਹੈ । ਇਸ ਬੀੜ ਦੀ ਆਪ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ ਤੇ ਜਿਲਦ ਉਪਰ ਭਾਰੀ ਵਜ਼ਨਦਾਰ ਸੋਨਾ ਚਾੜ੍ਹਿਆ । ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦੀ ਰਿਪੋਰਟ ੧੯੩੦ (ਜਿਸ ਦੀ ਕਾਪੀ ਗਿਆਨੀ ਚੇਤ ਸਿੰਘ ਜੀ ਸਾਬਕਾ ਹੈਡ ਗ੍ਰੰਥੀ ਜੀ ਦੇ ਪਾਸ ਹੈ) ਵਿਚ ਲਿਖਿਆ ਹੈ ਕਿ ੧੮੦ ਤੋਲੇ ੨ ਮਾਸੇ, ੩ ਰੱਤੀ ਸੋਨਾ ਇਸ ਦੀ ਜਿਲਦ ਉਪਰ ਲਗਾਇਆ ਗਿਆ ਹੈ । ਇਹ ਆਪ ਦੀ ਅਦੁਤੀ ਯਾਦਗਾਰ ਹੈ । ਇਸ ਇਤਿਹਾਸਕ ਗੁਰੂ ਬਾਬਾ ਜੀ ਦਾ ਪ੍ਰਕਾਸ਼ ਪੰਜ ਵੱਡੇ ਗੁਰਪੁਰਬਾਂ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਕੀਤਾ ਜਾਂਦਾ ਹੈ । ਇਸ ਤੋਂ ਇਲਾਵਾ ਗੁਰੂ ਬਾਬਾ ਜੀ ਦੀਆਂ ਤਿੰਨ ਵਡੇ ਆਕਾਰ ਵਾਲੀਆਂ ਅਖੰਡ ਪਾਠਾਂ ਵਾਲੀਆਂ ਹਸਤ ਲਿਖਤ ਬੀੜਾਂ (ਜਿਨ੍ਹਾਂ ਵਿਚੋਂ ਇਕ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰਲੀ ਮੰਜ਼ਲ ਤੇ ਹੁੰਦਾ ਹੈ, ਦੂਸਰੀ ਡੇਰਾ ਸੰਤ ਬਾਬਾ ਸ਼ਾਮ ਸਿੰਘ ਜੀ ਅਤੇ ਤੀਸਰੀ ਡੇਰਾ ਸੰਤ ਬਾਬਾ ਅਮੀਰ ਸਿੰਘ ਜੀ ਸਤੋ ਵਾਲੀ ਗਲੀ ਵਿਖੇ ਸ਼ਸ਼ੋਭਤ ਹੈ) ਦੀਆਂ ਜਿਲਦਾਂ ਦੀ ਸੇਵਾ ਅਤੇ ਹੋਰ ਭੀ ਕਈ ਪਵਿਤਰ ਬੀੜਾਂ ਦੀ ਸੇਵਾ ਆਪ ਨੇ ਕਈ ਸਾਲ ਲਗਾਤਾਰ ਲਗਾ ਕੇ ਆਪਣਾ ਜਨਮ ਸਫਲਾ ਕੀਤਾ ।

## ਸ੍ਰੀ ਮਾਨ ਸੰਤ ਸੇਵਾ ਸਿੰਘ ਜੀ, ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲੇ

ਸੰਮਤ ੧੯੨੩ ਵਿਚ ਜਦੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਕਾਰ-ਸੇਵਾ ਹੋਈ ਸੀ, ਉਸ ਸਮੇਂ ਆਪ ਜੀ ਆਪਣੀ ਉਪਜੀਵਕਾ ਦਾ ਕਾਰ-ਵਿਹਾਰ ਕਰਦਿਆਂ ਹੋਇਆਂ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ (ਧਰਮਸ਼ਾਲਾ ਸ੍ਰੀ ਗੁਰੂ ਨਾਨਕ ਸਾਹਿਬ) ਹਾਜ਼ਰੀ ਭਰਿਆ

ਕਰਦੇ ਸਨ। ਸੰਤਾਂ ਦੇ ਡੇਰੇ ਜੋ ਯੱਗ ਹੁੰਦੇ, ਉਨ੍ਹਾਂ ਵਿਚ ਵਧ ਚੜ੍ਹ ਕੇ ਪ੍ਰੇਮ ਨਾਲ ਹਿੱਸਾ ਲੈਂਦੇ; ਉਸ ਸਮੇਂ ਤੋਂ ਹੀ ਬਾਬਾ ਜੀ ਦੀ ਸੰਗਤ ਦੇ ਸਦਕੇ ਆਪ ਦੇ ਹਿਰਦੇ ਵਿਚ ਸਤਿਗੁਰਾਂ ਦੀ ਸੇਵਾ ਦੇ ਅਤੁੱਟ ਸੰਸਕਾਰ ਬੈਠ ਗਏ; ਵੱਡੇ ਭਾਗਾਂ ਨਾਲ ਜਦੋਂ ਸ੍ਰੀ ਕਲਗੀਧਰ ਮਹਾਰਾਜ ਜੀ ਨੇ ਆਪ ਨੂੰ ਕਿਲ੍ਹਾ ਅਨੰਦ ਗੜ੍ਹ ਦੀ ਨਵੀਂ ਉਸਾਰੀ ਦਾ ਚਾਉ ਬਖਸ਼ਿਆ, ਉਸ ਸਮੇਂ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਆਪਣੇ ਹੱਥਾਂ ਨਾਲ ੫ ਇਟਾਂ ਨੀਂਹ ਵਿੱਚ ਰੱਖਣ ਵਾਸਤੇ ਬਖਸ਼ੀਆਂ। ਉਪਰੰਤ ਸੰਤ ਬਾਬਾ ਝੰਡਾ ਸਿੰਘ ਜੀ ਦੇ ਸਹਿਯੋਗ, ਸਹਾਇਤਾ ਤੇ ਅਸੀਸਾਂ ਦਾ ਸਦਕਾ ਸਤਿਗੁਰਾਂ ਨੇ ਆਪ ਪਾਸੋਂ ਕਿਲ੍ਹਾ ਸਾਹਿਬ ਦੀ ਵਿਸ਼ਾਲ ਤੇ ਸੁੰਦਰ ਬਿਲਡਿੰਗ ਖੜੀ ਕਰਵਾ ਦਿਤੀ, ਜੋ ਆਪਣੀ ਮਿਸਾਲ ਆਪ ਹੀ ਹੈ। ਇਸ ਇਤਿਹਾਸਕ ਕਿਲ੍ਹੇ ਵਿਚ ਇਕ ਪੁਰਾਤਨ ਬਾਉਲੀ ਹੈ, ਜਿਸ ਦੇ ਅੰਦਰ ਬਾਹਰ ਸੁੰਦਰ ਸੰਗਮਰਮਰ ਲਗਾਇਆ ਗਿਆ ਹੈ। ਇਸ ਬਾਉਲੀ ਸਾਹਿਬ ਦੀ ਨਵੀਂ ਉਸਾਰੀ ਦੀ ਸੇਵਾ ਇੰਗਲੈਂਡ ਦੀ ਸਾਧ-ਸੰਗਤ ਵਲੋਂ ਗਿਆਨੀ ਗੁਰਦੀਪ ਸਿੰਘ ਜੀ ਹੈੱਡ ਗ੍ਰੰਥੀ, ਗੁ: ਸਾਊਥਹਾਲ, ਲੰਦਨ ਦੇ ਉਦਮ ਨਾਲ ਹੋ ਰਹੀ ਹੈ।

ਅਜ ਕਲ੍ਹ ਆਪ ਗੁ: ਸ਼ੀਸ਼ ਮਹੱਲ, ਸ੍ਰੀ ਕੀਰਤਪੁਰ ਸਾਹਿਬ (ਜਨਮ ਅਸਥਾਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ) ਦੀ ਸੇਵਾ ਕਰਵਾ ਰਹੇ ਹਨ। ਇਹ ਸੇਵਾ ਗੁਰੂ ਪੰਥ ਵਲੋਂ ਸਾਂਝੇ ਤੌਰ ਤੇ ਹੋ ਰਹੀ ਹੈ, ਪਰੰਤੂ ਦਿੱਲੀ ਦੀ ਸਾਧ ਸੰਗਤ ਖਾਸ ਤੌਰ ਤੇ ਆਪਣਾ ਹਿੱਸਾ ਪਾ ਕੇ ਕਮਾਈਆਂ ਸਫਲ ਕਰ ਰਹੀ ਹੈ। ਆਪ ਬਚਨ ਕਰਦੇ ਹਨ ਕਿ ਇਸ ਗੁਰਧਾਮ ਦਾ ਨਾਮ ਸ਼ੀਸ਼ ਮਹੱਲ ਹੈ, ਏਸ ਲਈ ਸਾਡੀ ਇੱਛਾ ਹੈ ਕਿ ਸਤਿਗੁਰੂ ਪਾਤਿਸ਼ਾਹ ਆਪਣੀ ਮਿਹਰ ਕਰਨ ਤੇ ਇਸ ਨੂੰ ਅਤਿ ਸੁੰਦਰ ਸ਼ੀਸ਼ ਮਹੱਲ ਹੀ ਬਣਾਇਆ ਜਾਵੇ। ਆਪ ਜਿਥੇ ਕਿਥੇ ਦੇਸ਼ਾਂ ਪ੍ਰਦੇਸਾਂ ਵਿਚ ਜਾਂਦੇ ਹਨ, ਗੁਰੂ-ਸੰਗਤਾਂ ਨੂੰ ਪ੍ਰੇਰ ਕੇ ਉਹਨਾਂ

ਦੀ ਮਾਇਆ ਇਤਿਹਾਸਕ ਗੁਰਧਾਮਾਂ ਦੀ ਉਸਾਰੀ ਵਿਚ ਸਫਲ ਕਰਦੇ ਹਨ । ਆਪ ਪਾਸੋਂ ਸਤਿਗੁਰਾਂ ਨੇ ਹੋਰ ਵੀ ਕਈ ਗੁਰਦਵਾਰਿਆਂ ਦੀ ਸੇਵਾ ਕਰਵਾਈ ਹੈ । ਆਪ ਨਿਮਰਤਾ ਦੇ ਰੂਪ ਹਨ ਤੇ ਆਪ ਦਾ ਸਾਦਾ ਤੇ ਨਿਮਰਤਾ-ਭਰਿਆ ਜੀਵਨ ਅਜ ਕਲ੍ਹ ਦੇ ਕਲਜੁਗੀ ਜੀਵਾਂ ਲਈ ਇਕ ਰੀਸ ਕਰਨ ਯੋਗ ਮਿਸਾਲ ਹੈ ।

## ਗੁਰੂ ਘਰ ਦੀ ਸੇਵਾ ਦਿਲੀ ਪ੍ਰੇਮ ਨਾਲ ਕਰਨੀ ਚਾਹੀਏ

ਸ: ਬਸ਼ੇਸ਼ਰ ਸਿੰਘ ਜੀ ਦੱਸਦੇ ਸਨ ਕਿ ਜਦ ਮੈਂ ਰਿਆਸਤ ਨਾਭਾ ਵਿਚ ਨਾਜ਼ਮ (ਡਿਪਟੀ ਕਮਿਸ਼ਨਰ) ਲੱਗਾ ਹੋਇਆ ਸਾਂ ਤਾਂ ਇਕ ਦਿਨ ਮੈਂ ਧਰਮਸਾਲਾ ਆਟਾ ਮੰਡੀ ਵਿਖੇ ਸੰਤ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ । ਬਾਬਾ ਜੀ ਨੇ ਕਿਸੇ ਖੋਤਿਆਂ ਵਾਲੇ ਤੋਂ ਲੰਗਰ ਲਈ ਪਾਥੀਆਂ ਮੁੱਲ ਲਈਆਂ ਸਨ, ਮੈਨੂੰ ਹੁਕਮ ਕੀਤਾ ਕਿ ਇਹ ਪਾਥੀਆਂ ਉਠਾ ਕੇ ਲੰਗਰ ਵਿਚ ਪੁਚਾ ਦੇਹ । ਮੈਂ ਆਗਜਾ ਦਾ ਪਾਲਣ ਕੀਤਾ ਪਰ ਛੋਟੇ ਛੋਟੇ ਟੋਟੇ ਪਾਥੀਆਂ ਦੇ ਓਥੇ ਪਏ ਰਹਿਣ ਦਿਤੇ । ਜਦ ਸੰਤ ਬਾਬਾ ਜੀ ਆਏ ਤਾਂ ਇਹ ਵੇਖ ਕੇ ਕਿ ਮੈਂ ਪਾਥੀਆਂ ਦੇ ਛੋਟੇ ਟੋਟੇ ਓਥੇ ਹੀ ਛਡ ਦਿੱਤੇ ਹਨ, ਤਾਂ ਬਚਨ ਕੀਤਾ 'ਤੂੰ ਆਪਣੇ ਘਰ ਦਾ ਕੰਮ ਤਾਂ ਬੜੇ ਪ੍ਰੇਮ ਨਾਲ ਕਰਦਾ ਹੋਵੇਂਗਾ, ਗੁਰੂ ਘਰ ਦਾ ਕੰਮ ਕਿਉਂ ਪ੍ਰੇਮ ਨਾਲ ਨਹੀਂ ਕੀਤਾ ।" ਭਾਵ ਇਹ ਕਿ ਪਾਥੀਆਂ ਜੋ ਗੁਰੂ ਕੇ ਲੰਗਰ ਲਈ ਖ੍ਰੀਦੀਆਂ ਹਨ ਉਨ੍ਹਾਂ ਦਾ ਚੂਰਾ ਪਾਥੀਆਂ ਦੇ ਨਾਲ ਹੀ ਕਿਉਂ ਨਹੀਂ ਉਠਾ ਕੇ ਰਖਿਆ । ਸੰਤਾਂ ਦੇ ਬਚਨਾਂ ਨਾਲ ਮੈਨੂੰ ਭਾਰੀ ਸਿਖਿਆ ਮਿਲੀ ।

ਸੰਤਾਂ ਦਾ ਇਸ ਤਰ੍ਹਾਂ ਦੀਆਂ ਮਾਨ ਪ੍ਰਾਪਤ ਹਸਤੀਆਂ ਤੋਂ ਐਸੇ ਕੰਮ ਕਰਵਾਉਣ ਦਾ ਮਤਲਬ ਨਿਰਹੰਕਾਰਤਾ, ਨਿਰਮਾਣਤਾ

ਤੇ ਸੇਵਾ ਭਾਵ ਸਿਖਾਉਣਾ ਹੁੰਦਾ ਸੀ ਜੋ ਕਿ ਸਿਖੀ ਆਦਰਸ਼ ਦਾ ਮੁੱਖ ਗੁਣ ਹੈ।

## ਸ੍ਰੀ ਅੰਮ੍ਰਿਤ ਸਰੋਵਰ ਨਾਲ ਅਗਾਧ ਪ੍ਰੇਮ

ਭਾਈ ਠਾਕਰ ਸਿੰਘ ਜੀ ਦਸਦੇ ਸਨ ਕਿ ਸੰਤ ਬਾਬਾ ਜੀ ਦਾ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਨਾਲ ਅਗਾਧ ਪ੍ਰੇਮ ਸੀ। ਅਖੀਰਲੇ ਦਿਨਾਂ ਵਿਚ ਨੈਣਾਂ ਦੀ ਜੋਤ ਹਿਰ ਗਈ ਸੀ, ਕੁਟੀਆ ਵਿਚ ਨੇਤ੍ਰ ਬੰਦ ਮੰਜੇ ਤੇ ਬੈਠਿਆਂ, ਕਈ ਵੇਰ, ਹਸਤ ਕਮਲ ਨੀਵਾਂ ਕਰਦੇ ਤੇ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਚਰਨਾਂਮ੍ਰਿਤ ਲੈਣ ਦਾ ਯਤਨ ਕਰਦੇ ਹਨ। ਜੇ ਕੋਈ ਪੁਛਦਾ : ਬਾਬਾ ਜੀ ਆਪ ਕੀ ਕਰ ਰਹੇ ਹੋ, ਤਦ ਫੁਰਮਾਉਂਦੇ : "ਅੰਮ੍ਰਿਤ ਬਹੁਤ ਹੇਠਾਂ ਲਥ ਗਿਆ ਹੈ, ਚਰਨਾਂਮ੍ਰਿਤ ਲੈਣਾ ਸੀ। ਹੱਥ ਨਹੀਂ ਅੱਪੜਦਾ।" ਤਦ ਸੇਵਕ ਕਹਿੰਦੇ : "ਮਹਾਰਾਜ ਜੀ ! ਆਪ ਸ੍ਰੀ ਦਰਬਾਰ ਸਾਹਿਬ ਸਰੋਵਰ ਕਿਨਾਰੇ ਤਾਂ ਨਹੀਂ ਬੈਠੇ ਹੋਏ, ਆਪ ਤਾਂ ਆਪਣੀ ਕੁਟੀਆ ਵਿਚ ਮੰਜੇ ਪਰ ਬੈਠੇ ਹੋ।" ਤਦ ਬਚਨ ਕਰਦੇ, 'ਹਾਂ, ਸਰੋਵਰ ਕੰਢੇ ਨਹੀਂ ਬੈਠਾ ਹੋਇਆ, ਕੁਟੀਆ ਵਿਚ ਹੀ ਬੈਠਾ ਹਾਂ।' ਸੇਵਕ ਨੂੰ ਕੀਹ ਪਤਾ ਕਿ ਬਾਬਾ ਜੀ ਸਰੀਰ ਕਰ ਕੇ ਤਾਂ ਆਪ ਭਾਵੇਂ ਕੁਟੀਆ ਵਿਚ ਹੀ ਬੈਠੇ ਸਨ, ਪਰ ਮਨ ਕਰਕੇ ਆਪ ਸ੍ਰੀ ਦਰਬਾਰ ਸਾਹਿਬ ਸਰੋਵਰ ਦੇ ਕੰਢੇ ਅੰਮ੍ਰਿਤ ਲੈ ਰਹੇ ਸਨ।

## ਅੰਤ ਸਮੇਂ ਲਿਵਲੀਨਤਾ ਤੇ ਸੁਚੇਤਤਾਈ

ਭਾਈ ਬਿਸ਼ਨ ਸਿੰਘ ਜੀ ਸਿੰਧੀ ਦੱਸਦੇ ਹਨ : ਸੰਤ ਬਾਬਾ ਜੀ ਦੇ ਆਪਣੇ ਸ੍ਵਰੂਪ ਵਿਚ ਐਸੀ ਲਿਵਲੀਨਤਾ ਸੀ ਕਿ ਕਈ ਵੇਰ ਜਦ ਲਾਂਗਰੀ ਸਿੰਘ ਨੇ ਬੇਨਤੀ ਕਰਨੀ ਕਿ ਮਹਾਰਾਜ ਜੀ, ਪ੍ਰਸ਼ਾਦਿ ਛਕੋ, ਤਾਂ ਆਪ ਨੇ ਉੱਤਰ ਦੇਣਾ-ਕਿ ਅਜੇ ਤਕ ਪ੍ਰਸ਼ਾਦਿ ਨਹੀਂ ਪਾਇਆ ? ਇਕ ਸਮੇਂ ਬਾਬਾ ਜੀ ਨੇ ਗਰਮੀਆਂ ਵਿਚ ਐਸੀ

ਧਾਰਨਾ ਧਾਰੀ ਕਿ ਅਠ੍ਹਾਰਾਂ ਦਿਨ ਪ੍ਰਸ਼ਾਦਿ ਨਹੀਂ ਛਕਿਆ; ਪ੍ਰੇਮੀ ਪ੍ਰਸ਼ਾਦਿ, ਦੁੱਧ ਲਿਆਉਂਦੇ ਪਰ ਆਪ ਹੱਸ ਕੇ ਮੋੜ ਦਿੰਦੇ ਕਿ ਲੋੜ ਨਹੀਂ, ਨਾਮ ਦੇ ਅਧਾਰ ਵਿਚ ਬੈਠੇ ਰਹਿੰਦੇ–ਹਕੀਮ ਡਾਕਟਰ ਭੀ ਆ ਕੇ ਦੇਖਦੇ ਤਾਂ ਕਹਿੰਦੇ ਕੋਈ ਰੋਗ ਨਹੀਂ। ਫਿਰ ਇਸੇ ਤਰ੍ਹਾਂ ਸਰਦੀਆਂ ਵਿਚ ਅੱਠ ਦਿਨ ਪਉਣ ਅਹਾਰ ਰਹੇ, ਜਲ ਤੀਕ ਬੀ ਨਹੀਂ ਛਕਿਆ – ਅੱਠੇ ਪਹਿਰ ਨਾਮ ਦੇ ਆਧਾਰ ਵਿਚ ਜੁੜੇ ਰਹਿੰਦੇ।

ਲੇਖਕ ਜਦ ਆਪ ਜੀ ਦੀ ਸੇਵਾ ਵਿਚ ੧੯੨੨-੨੩ ਵਿਚ ਰਹਿੰਦਾ ਸੀ ਤਾਂ ਰਾਤ ਦੇ ਇਕ ਤੇ ਦੋ ਵਜੇ ਦੇ ਦਰਮਿਆਨ ਯਾ ਹੋਰ ਵਖੋ ਵੱਖ ਸਮਿਆਂ ਵਿਚ ਕਈ ਵੇਰ ਆਪ ਦੇ ਵਿਸਰਾਮ ਵਾਲੇ ਕਮਰੇ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੁੰਦਾ ਸੀ, ਉਸ ਸਮੇਂ ਹਮੇਸ਼ਾਂ ਹੀ ਆਪ ਦੇ ਮੰਜੇ ਪਾਸੋਂ ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ ਵਾਹਿਗੁਰੂ–ਵਾਹਿਗੁਰੂ ਨਾਮ ਦੀ ਧੁਨੀ ਲਗਾਤਾਰ ਸੁਣਾਈ ਦੇਂਦੀ ਸੀ।

ਸੰਤ ਬਲਵੰਤ ਸਿੰਘ ਜੀ ਕਨਖਲ ਵਾਲੇ ਦੱਸਦੇ ਸਨ ਕਿ ਜਦ ਸੰਤ ਬਾਬਾ ਜੀ ਦੀ ਸਮਾਧੀ ਖੁਲ੍ਹਦੀ ਸੀ–ਤਾਂ ਆਪ ਦੇ ਮੁਖੋਂ ਉਹੋ ਸ਼ਬਦ ਨਿਕਲਦਾ ਸੀ ਜਿਸ ਸ਼ਬਦ ਨੂੰ ਲੈ ਕੇ ਆਪ ਸਮਾਧੀ ਵਿਚ ਇਸਥਿਤ ਹੋਏ ਹੁੰਦੇ ਸਨ, ਕਦੇ ਸਤਿਨਾਮ, ਵਾਹਿਗੁਰੂ ਕਦੇ ਧੰਨ ਨਿਰੰਕਾਰ। ਇਕ ਦਿਨ ਰਹਿਰਾਸ ਦਾ ਪਾਠ ਹੋ ਰਿਹਾ ਸੀ, ਜਦ ਪਾਠ "ਸੋ ਪੁਰਖ ਨਿਰੰਜਨ" ਤੇ ਆਇਆ, ਤਦ ਆਪ ਦੀ ਬਿਰਤੀ 'ਸੋ ਪੁਰਖ' ਵਿਚ ਲਿਵਲੀਨ ਹੋ ਕੇ ਸਮਾਧੀ ਲੱਗ ਗਈ। ਦੀਵਾਨ ਦੀ ਸਮਾਪਤੀ ਹੋ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਦੀ ਸੇਵਾ ਕੀਤੀ ਗਈ, ਪਰ ਸੰਤ ਜੀ ਅਡੋਲ ਸਮਾਧੀ ਵਿਚ ਟਿਕੇ ਰਹੇ। ਰਾਤ ਦੇ ਬਾਰ੍ਹਾਂ ਬਜੇ ਆਪ ਦੀ ਸਮਾਧੀ ਖੁਲ੍ਹੀ ਤੇ ਆਪ ਦੇ ਮੁਖ ਵਿਚੋਂ ਉਹੀ ਧੁਨੀ ਨਿਕਲੀ "ਸੋ ਪੁਰਖ ਨਿਰੰਜਨ ਹਰਿ ਪੁਰਖ ਨਿਰੰਜਨ"। ਫਿਰ ਆਪ ਨੇ ਬਚਨ ਕੀਤਾ, "ਕਿਉਂ

ਭਾਈ ਕੋਈ ਹੈ ? ਕੀ, ਰਹਿਰਾਸ ਦਾ ਪਾਠ ਹੋ ਗਿਆ ਹੈ ? ਮੈਂ ਤਾਂ ਅਜੇ 'ਸੋ ਪੁਰਖ ਨਿਰੰਜਨ' ਤੇ ਹੀ ਬੈਠਾ ਹਾਂ।" ਭਾਈ ਸਹਿਜ ਸਿੰਘ ਨੇ ਕਿਹਾ ਕਿ ਮਹਾਰਾਜ ਜੀ, ਇਸ ਵਕਤ ਬਾਰਾਂ ਵੱਜ ਗਏ ਹਨ, ਆਪ ਜੀ ਨੇ ਹਣ ਤਕ ਕੁਛ ਨਹੀਂ ਛਕਿਆ। ਸੰਤ ਜੀ ਨੇ ਕਿਹਾ : "ਹੱਛਾ ! ਮੈਂ ਕੁਛ ਨਹੀਂ ਛਕਿਆ, ਹੁਣ ਛੱਕ ਲਵਾਂ, ਜਾਓ ਲੈ ਆਓ।" ਜਦੋਂ ਭਾਈ ਸਹਿਜ ਸਿੰਘ ਜੀ ਫੁਲਕਾ ਦਾਲ ਲੈਣ ਵਾਸਤੇ ਗਏ,ਤਦੋਂ ਫੇਰ ਬਾਬਾ ਜੀ ਦੀ ਸਮਾਧੀ ਲੱਗ ਗਈ।

ਇਹ ਸਮਾਧੀ ਅੰਮ੍ਰਿਤ ਵੇਲੇ ਚਾਰ ਬਜੇ ਖੁਲ੍ਹੀ।

ਉਸ ਸਮੇਂ ਆਪ ਨੇ ਕਿਹਾ ਕਿ ਗ਼ੁਲਾਮ ਨੂੰ ਆਪਣੀ ਕੋਠੀ ਵਿਚ ਲੈ ਚਲੋ—ਦੋ ਸੇਵਾਦਾਰਾਂ ਨੇ ਸਜੇ ਤੇ ਖੱਬੇ ਪਾਸੋਂ ਬਾਂਹ ਤੋਂ ਫੜ ਕੇ ਉਠਾਇਆ ਤਾਂ ਆਪ ਜੀ ਦੇ ਮੁਖੋਂ ਇਹ ਧੁਨੀ ਨਿਕਲੀ "ਵਾਹਿਗੁਰੂ, ਵਾਹਿਗੁਰੂ ਤੂੰ ਹੀ ਨਿਰੰਕਾਰ।" ਆਪ ਜੀ ਨੂੰ ਮੰਜੇ ਉਤੇ ਲਿਟਾ ਦਿਤਾ ਗਿਆ, ਫਿਰ ਆਪ ਜੀ ਦੀ ਸਮਾਧੀ ਲਗ ਗਈ; ਸਵੇਰੇ ਦਸ ਬਜੇ ਇਹ ਸਮਾਧੀ ਖੁਲ੍ਹੀ।

## ਗੁਰਪੁਰੀ ਗਮਨ

ਅੰਤ ਸਮੇਂ ਤੋਂ ਲਗ ਪਗ ਦੋ ਸਾਲ ਪਹਿਲਾਂ ਸੰਤ ਬਾਬਾ ਜੀ ਦਾ ਸਰੀਰ ਕਮਜ਼ੋਰ ਹੋ ਗਿਆ – ਕੋਈ ਉਠਾ ਕੇ ਬਿਠਾਵੇ ਤਾਂ ਬਹਿੰਦੇ, ਵੱਡੇ ਤੱਕੀਏ ਬਿਨਾ ਬੈਠ ਨਾ ਸਕਦੇ, ਦੋ ਤਿੰਨ ਸਰੀਰਾਂ ਦੀ ਮਦਦ ਤੋਂ ਬਿਨਾ ਚੱਲ ਵੀ ਨਹੀਂ ਸਨ ਸਕਦੇ। ਮੰਜੇ ਤੇ ਲੇਟੇ ਰਹਿੰਦੇ-ਜਦ ਭੀ ਮੁਖੋਂ ਬਚਨ ਉਚਾਰਦੇ ਤਾਂ ਇਹ ਕਹਿੰਦੇ, ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ। ਦਿਨ ਵਿਚ ਦੋ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਤਿਆਰ ਹੋ ਪੈਂਦੇ–ਚੇਤਾ ਤੇ ਚਿਤ–ਅੰਤ ਪ੍ਰਯੰਤ ਐਸਾ ਸਾਫ ਰਿਹਾ, ਕਿ ਪਾਠ ਅਥਵਾ ਕਥਾ ਵਿਚ ਭੁੱਲ ਚੁਕ ਦੱਸਦੇ ਰਹੇ। ਭਾਈ ਸਹਿਜ ਸਿੰਘ ਜੀ ਸੰਤਾਂ ਦੀ ਬੋਲੀ ਸਮਝਦੇ ਸਨ ਤੇ ਇਸ ਸਮੇਂ

ਵਿਸ਼ੇਸ਼ ਕਰ ਕੇ ਸੰਤਾਂ ਦੇ ਨੇੜੇ ਰਹਿਕੇ ਆਪ ਨਾਲ ਹੀ ਬਚਨ ਬਿਲਾਸ ਕਰਦੇ ਰਹਿੰਦੇ ਸਨ।

ਵਾਹਿਗੁਰੂ ਅਕਾਲ ਪੁਰਖ ਦਾ ਹੁਕਮ ੧੬ ਅਪ੍ਰੈਲ ੧੯੨੬ ਈ: ਨੂੰ ਸਰੀਰ ਨੂੰ ਤਾਪ ਚੜ੍ਹ ਗਿਆ। ਸੇਵਕਾਂ ਨੇ ਭਾਈ ਕਿਸ਼ਨ ਸਿੰਘ ਜੋ ਗੰਢ ਹਕੀਮ, ਜੋ ਦਵਾਈ ਦੇਣ ਦੀ ਸੇਵਾ ਹਮੇਸ਼ਾਂ ਬੜੇ ਪ੍ਰੇਮ ਨਾਲ ਕਰਦੇ ਹੁੰਦੇ ਸਨ, ਨੂੰ ਬੁਲਾ ਭੇਜਿਆ। ਆਪ ਤੇ ਡਾਕਟਰ ਮੰਗਲ ਸਿੰਘ ਨੇ ਨਮੋਨੀਏ ਦਾ ਇਲਾਜ ਸ਼ੁਰੂ ਕਰ ਦਿਤਾ। ੧੧ ਵੈਸਾਖ ਸੰਮਤ ਬਿਕ੍ਰਮੀ ੧੯੮੩ ਮੁਤਾਬਕ ੨੩ ਅਪ੍ਰੈਲ ੧੯੨੬ ਈ: ਵਾਲੇ ਦਿਨ ਆਪ ਦੋਪਹਿਰ ਤਕ ਹੌਲੀ ਹੌਲੀ ਬਚਨ ਕਰਦੇ ਰਹੇ। ਉਸ ਤੋਂ ਉਪਰੰਤ ਸਾਹ ਖਿੱਚ ਕੇ ਆਉਣ ਲੱਗ ਪਿਆ। ਸ: ਬਸ਼ੇਸ਼ਰ ਸਿੰਘ ਜੀ ਗਰੇਵਾਲ ਨੇ ਡਾਕਟਰ ਹਿਦਾਇ-ਤੁੱਲਾ ਸਿਵਲ ਸਰਜਨ ਨੂੰ ਬੁਲਾ ਕੇ ਲਿਆਂਦਾ ਤੇ ਉਸਦੇ ਨਾਲ ਮੈਡੀਕਲ ਕਾਲਜ ਦਾ ਪ੍ਰਿੰਸੀਪਲ ਭੀ ਆਇਆ। ਜਦ ਆਪ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਤਾਂ ਬੜੇ ਅਸਚਰਜ ਹੋਏ ਕਿ ਸੰਤਾਂ ਦੀ ਉਮਰ ਇਤਨੀ ਵੱਡੀ ਹੈ, ਡਬਲ ਨਮੋਨੀਆ ਹੋ ਚੁਕਾ ਹੈ, ਪਰ ਦਿਲ ਦੀ ਧੜਕਣ ਜਵਾਨਾਂ ਦੀ ਤਰ੍ਹਾਂ ਚਲ ਰਹੀ ਹੈ. ਤੇ ਜ਼ਬਾਨ ਲਗਾਤਾਰ ਹਿੱਲ ਰਹੀ ਹੈ। ਡਾਕਟਰਾਂ ਨੇ ਪੁੱਛਿਆ ਕਿ ਸੰਤ ਜੀ ਕੀ ਕਹਿ ਰਹੇ ਹਨ ਤਾਂ ਪ੍ਰੇਮੀਆਂ ਨੇ ਦੱਸਿਆ ਕਿ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਨਾਮ ਸਿਮਰਨ ਕਰ ਰਹੇ ਹਨ। ਸਿਵਲ ਸਰਜਨ ਨੇ ਸੰਤਾਂ ਅਗੇ ਨਮਸਕਾਰ ਕੀਤੀ ਤੇ ਫੀਸ ਮੋੜ ਦਿੱਤੀ।

ਰਾਤ ਦੇ ਨੌਂ ਬਜੇ ਦੇ ਆਨ ਮਾਨ ਭਾਈ ਰਾਮ ਸਿੰਘ ਜੀ ਰਾਗੀ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਆਰੰਭ ਕੀਤਾ। ਉਸ ਸਮੇਂ ਸੰਤ ਬਾਬਾ ਜੀ ਦਾ ਸੀਸ ਕਮਲ, ਭਾਈ ਠਾਕਰ ਸਿੰਘ ਜੀ ਦੇ ਗੋਡਿਆਂ ਉਪਰ ਸੀ, ਤੇ ਆਪ ਨੇ ਬਾਬਾ ਜੀ ਦੀ ਨਬਜ਼ ਦੇਖੀ ਤਾਂ ਸੁਆਸ ਆ ਰਹੇ ਸਨ। ਸਾਢੇ ਨੌਂ ਬਜੇ ਦੇ ਕ੍ਰੀਬ ਸ੍ਰੀ ਜਪੁਜੀ ਸਾਹਿਬ

ਦੇ ਪਾਠ ਦਾ ਭੋਗ ਪਾਇਆ ਗਿਆ, ਤਾਂ ਸੰਤ ਰਾਜ ਜੀ ਦੀ ਆਤਮਾ ਪੰਚ ਭੂਤਕ ਸਰੀਰ ਤਿਆਗ ਕੇ ਗੁਰੂ ਚਰਨਾਂ ਵਿਚ ਸਮਾ ਗਈ।

## ਸਸਕਾਰ ਸਮਾਰੋਹ

ਖੋਜ ਕਰਨ ਤੋਂ ਇਹ ਸਿੱਧ ਹੁੰਦਾ ਹੈ, ਕਿ ਸਰੀਰ ਤਿਆਗਣ ਸਮੇਂ ਆਪ ਜੀ ਦੀ ਆਯੂ ਲਗ ਪਗ ੧੨੩ ਬਰਸਾਂ ਦੀ ਸੀ। ਅੰਤ ਸਮੇਂ ਆਪ ਜੀ ਨੂੰ ਕੋਈ ਜ਼ੋਰ ਦਾ ਅਕੜਾ ਨਹੀਂ ਹੋਇਆ, ਸੁਖਾਲੇ ਹੀ ਪ੍ਰਾਣ ਤਿਆਗ ਦਿਤੇ, ਯਥਾ ਗੁਰਵਾਕ :—

"ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥"

ਰਾਤ ਦੇ ਯਾਰ੍ਹਾਂ ਵਜੇ ਤੱਕ ਸ੍ਰੀ ਅੰਮ੍ਰਿਤਸਰ ਜੀ ਦੀ ਸੰਗਤ ਨੂੰ ਖਬਰ ਹੋ ਗਈ, ਤੇ ਸੈਂਕੜੇ ਮਾਈ ਭਾਈ ਫੁੱਲ ਲੈ ਲੈ ਕੇ ਆ ਹਾਜ਼ਰ ਹੋਏ। ਸੰਤ ਬਾਬਾ ਜੀ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਲਿਟਾਈ ਗਈ ਤੇ ਫੁਲਾਂ ਨਾਲ ਢੱਕੀ ਗਈ॥ ਸਾਰੀ ਰਾਤ ਗੁਰਬਾਣੀ ਦਾ ਪਾਠ ਹੁੰਦਾ ਰਿਹਾ – ਬਾਰਾਂ ਵੈਸਾਖ ਸੰਮਤ ਬਿਕ੍ਰਮੀ ੧੯੮੩ ਮੁਤਾਬਿਕ ੨੪ ਅਪ੍ਰੈਲ ੧੯੨੬ ਨੂੰ ਅੰਮ੍ਰਿਤ ਵੇਲੇ ਤੋਂ ਲਗਾਤਾਰ ਕਈ ਰਾਗੀ ਜਥੇ ਵਾਰੀ ਵਾਰੀ ਸ਼ਬਦ ਕੀਰਤਨ ਕਰਦੇ ਰਹੇ। ਦਿਨ ਦੇ ਬਾਰਾਂ ਬਜੇ ਤਕ ਸ਼ਹਿਰ ਅਤੇ ਪਿੰਡਾਂ ਤੋਂ ਹਜ਼ਾਰਾਂ ਸੰਗਤਾਂ ਸੰਤਾਂ ਦੇ ਅੰਤਮ ਦਰਸ਼ਨਾਂ ਲਈ ਇਕੱਠੀਆਂ ਹੋ ਗਈਆਂ। ਸ: ਸੁੰਦਰ ਸਿੰਘ ਜੀ ਮੁਨਿਆਰ ਅਤੇ ਬਾਬਾ ਹਰਨਾਮ ਸਿੰਘ ਜੀ ਚਾਵਲ ਮੰਡੀ ਵਾਲੇ ਅਤੇ ਹੋਰ ਪ੍ਰੇਮੀਆਂ ਨੇ ਮਿਲਕੇ ਬੜਾ ਸੁੰਦਰ ਬਿਬਾਨ ਤਿਆਰ ਕਰਵਾਇਆ ਤੇ ਸੰਤਾਂ ਦੇ ਸਰੀਰ ਨੂੰ ਅੰਤਮ ਇਸ਼ਨਾਨ ਕਰਵਾਇਆ ਗਿਆ। ਉਪਰੰਤ ਬੜਾ ਭਾਰੀ ਜਲੂਸ ਨਿਕਲਿਆ। ਸ੍ਰੀ ਦਰਬਾਰ ਸਾਹਿਬ ਮੱਥਾ ਟਿਕਾਇਆ ਗਿਆ। ਰਸਤੇ ਵਿਚ ਹਜ਼ਾਰਾਂ ਸੰਗਤਾਂ ਨੇ ਫੁਲਾਂ ਦੀ ਬਰਖਾ ਕੀਤੀ,



 www.sikhbookclub.com

ਕਿਉੜਾ ਤੇ ਗੁਲਾਬ ਛਿੜਕਾਇਆ । ਜਿਥੋਂ ਜਿਥੋਂ ਬਿਬਾਣ ਲੰਘਿਆ, ਸਾਰੇ ਬਜ਼ਾਰ ਫੁਲਾਂ ਨਾਲ ਭਰ ਗਏ ਤੇ ਬਜ਼ਾਰ ਵਿੱਚ ਸਾਰੇ ਫੁਲ ਖ਼ਤਮ ਹੋ ਗਏ। ਫਿਰ ਸ੍ਰੀ ਬਾਬਾ ਅਟਲ ਰਾਏ ਸਾਹਿਬ, ਤੇ ਸ੍ਰੀ ਰਾਮਸਰ ਸਾਹਿਬ ਹੁੰਦੇ ਹੋਏ ਭਾਈ ਸਵਾਇਆ ਸਿੰਘ ਜੀ ਦੀਆਂ ਟੂਟੀਆਂ ਦੇ ਪਾਸ ਸ਼ਮਸ਼ਾਨ ਭੂਮੀ ਪਹੁੰਚੇ ਜਿਥੇ ਇਕ ਕਿਸਮ ਦਾ ਬੜਾ ਭਾਰੀ ਮੇਲਾ ਲੱਗ ਗਿਆ । ਸ਼ਹਿਰ ਦੇ ਲੋਕੀਂ ਦੱਸਦੇ ਹਨ ਕਿ ਸਾਡੀ ਯਾਦ ਵਿਚ ਐਸਾ ਸਮਾਰੋਹ ਸ੍ਰੀ ਅੰਮ੍ਰਿਤਸਰ ਵਿੱਚ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਚੰਦਨ ਦੀ ਚਿਖ਼ਾ ਤਿਆਰ ਕੀਤੀ ਗਈ । ਅਠ ਮਣ ਚੰਦਨ ਤੇ ਚਾਰ ਪੀਪੇ ਦੇਸੀ ਘਿਉ ਦੇ ਅਰ ਬੇ-ਸ਼ੁਮਾਰ ਸਮੱਗ੍ਰੀ ਪਾਕੇ ਸਸਕਾਰ ਕੀਤਾ ਗਿਆ – ਚੰਦਨ ਦੀ ਸੇਵਾ ਵਿਸੇਸ਼ ਕਰਕੇ ਸ: ਸੁੰਦਰ ਸਿੰਘ ਜੀ ਸੂਤਰ ਵਾਲੇ ਤੇ ਮਾਰਵਾੜੀ ਪ੍ਰੇਮੀਆਂ ਨੇ ਕੀਤੀ।

ਨੋਟ :—ਸੰਤਾਂ ਨੇ ਬਚਨ ਕੀਤਾ ਸੀ ਕਿ ਸਾਡੀ ਸਮਾਧ ਨਹੀਂ ਬਨਾਉਣੀ, ਇਸੇ ਕਾਰਨ ਆਪ ਜੀ ਦੇ ਸਰੀਰ ਦਾ ਸਸਕਾਰ ਸ਼ਮਸ਼ਾਨ ਭੂਮੀ ਵਿਚ ਕੀਤਾ ਗਿਆ ਸੀ।

## ਪਾਤਾਲ ਪੁਰੀ ਪੁਸ਼ਪ ਪ੍ਰਵਾਹ

ਸ੍ਰੀ ਮਾਨ ਸੰਤ ਬਾਬਾ ਜੀ ਦੇ ਫੁਲਾਂ ਦੀ ਸਵਾਰੀ ੨੯ ਅਪ੍ਰੈਲ ੧੯੨੬ ਈ: ਨੂੰ ਬਾਬਾ ਜੀ ਦੇ ਡੇਰੇ ਆਟਾ ਮੰਡੀ ਤੋਂ ਚੜ੍ਹ ਕੇ ਸ਼ਹਿਰ ਦੇ ਕਈ ਵਡੇ ਵਡੇ ਬਜ਼ਾਰਾਂ ਵਿਚੋਂ ਹੁੰਦੀ ਹੋਈ ਸ੍ਰੀ ਦਰਬਾਰ ਸਾਹਿਬ ਦਰਸ਼ਨ ਯਾਤਰਾ ਕਰਾ ਕੇ ਬੜੀ ਧੂਮ ਧਾਮ ਨਾਲ ਰਾਤ ਨੂੰ ਸਟੇਸ਼ਨ ਤੇ ਪੁਚਾਈ ਗਈ। ਸਵਾਰੀ ਦੇ ਨਾਲ ਸਿੱਖ ਪੰਥ ਦੇ ਸਾਰੇ ਭੇਖਾਂ ਦੇ ਮੁਖੀ, ਅਖਾੜਿਆਂ ਦੇ ਮਹੰਤ, ਤੇ ਹੋਰ ਬੇਅੰਤ ਮਾਈ ਭਾਈ ਸ਼ਾਮਲ ਹੋਏ। ਸਵਾਰੀ ਸਰਹੰਦ ਰੇਲਵੇ ਸਟੇਸ਼ਨ ਤੋਂ ਉਤਰ ਕੇ ਗੁਰਦੁਵਾਰਾ ਫ਼ਤਹਿ ਗੜ੍ਹ ਸਾਹਿਬ ਦੇ ਦਰਸ਼ਨ ਕਰਕੇ, ਸ੍ਰੀ ਕੀਰਤਪੁਰ ਸਾਹਿਬ ਦੇ ਸਾਰੇ ਗੁਰਦਵਾਰਿਆਂ ਦੇ ਦਰਸ਼ਨ ਕਰਾ ਕੇ,

ਫੇਰ ਗੁਰਦਵਾਰਾ ਪਾਤਾਲਪੁਰੀ ਲਿਜਾਈ ਗਈ ਤੇ ਫੁਲ ਪ੍ਰਵਾਹ ਕੀਤੇ ਗਏ। ਇਸ ਪ੍ਰਕਾਰ ਸੰਤ ਰਾਜ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਮਹਾਰਾਜ ਦੀ ਸੰਸਾਰਕ ਯਾਤਰਾ ਸੰਪੂਰਨ ਹੋਈ।

"ਜਨ ਕੀ ਮਹਿਮਾ ਕਥੀ ਨ ਜਾਇ॥
ਪਾਰਬ੍ਰਹਮੁ ਜਨੁ ਰਹਿਆ ਸਮਾਇ॥"

## ਸੁਭਰ ਭਰੇ ਪ੍ਰੇਮ ਰਸ ਰੰਗਿ

ਦਸੰਬਰ ੧੯੫੪ ਈ: ਵਿਚ ਜਦੋਂ ਲੇਖਕ (ਦਾਸ ਪ੍ਰੇਮ ਸਿੰਘ) ਐਜੂਕੇਸ਼ਨਲ ਕਾਨਫਰੰਸ ਵਿੱਚ ਭਾਗ ਲੈਣ ਲਈ ਬੰਬਈ ਪੁੱਜਾ, ਤਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਦਰਸ਼ਨ ਊਸ਼ਾ ਕ੍ਰਿਸ਼ਨ (ਨਿਵਾਸ ਅਸਥਾਨ ਸੇਠ ਡੇਟਾ ਰਾਮ ਜੀ) ਵਿਖੇ ਕੀਤੇ। ੨੨ ਦਸੰਬਰ ੧੯੫੪ ਨੂੰ ਆਪ ਜੀ ਨੇ ਦਾਸ ਨੂੰ ਇਕ ਸਾਖੀ ਸੁਣਾਈ, ਕਿ "ਇਕ ਦਿਨ ਗੁਰੂ ਪੰਚਮ ਪਾਤਸ਼ਾਹ ਜੀ ਦੇ ਹਜ਼ੂਰ ਦੀਵਾਨ ਵਿਚ ਇਕ ਜਗਿਆਸੂ ਨੇ ਉਠ ਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀ, ਆਪ ਨੇ ਹੁਕਮ ਕੀਤਾ ਹੈ ਕਿ ਫਲਾਣਾ ਫਲਾਣਾ ਕੰਮ ਨਹੀਂ ਕਰਨਾ, ਸਾਹਿਬ ਜੀਉ ਦਸੋ ਮੈਂ ਕਿਹੜਾ ਕੰਮ ਕਰਾਂ? ਸਤਿਗੁਰਾਂ ਨੇ ਉਸ ਜਗਿਆਸੂ ਪ੍ਰਤੀ ਇਹ ਤੁਕ ਉਚਾਰਨ ਕੀਤੀ :–

"ਸੁਭਰ ਭਰੇ ਪ੍ਰੇਮ ਰਸ ਰੰਗਿ॥
ਉਪਜੈ ਚਾਉ ਸਾਧ ਕੈ ਸੰਗਿ॥" [ਸੁਖਮਨੀ, ੨੦-੨

"ਐਸੇ ਮਹਾਂ ਪੁਰਖ ਸੰਤਾਂ ਦੀ ਤੂੰ ਸੰਗਤ ਕਰ ਜੋ (ਸਭਰ ਭਰੇ) ਸ੍ਰੀ ਵਾਹਿਗੁਰੂ ਜੀ ਦੇ ਪ੍ਰੇਮ ਦੇ ਰਸ ਵਿਚ ਨਕੋ ਨਕ ਭਰੇ ਹੋਏ ਹਨ, ਉਨ੍ਹਾਂ ਦੀ ਸੰਗਤ ਕਰਨ ਕਰਕੇ ਤੇਰੇ ਮਨ ਵਿੱਚ ਚਾਉ ਉਪਜੇਗਾ ਨਾਮ ਸਿਮਰਨ ਦਾ, ਅਤੇ ਸ੍ਰੇਸਟ ਕੰਮਾਂ ਦਾ। ਜੋ ਕੰਮ ਉਹ ਸੰਤ ਬਚਨ ਕਰਨਗੇ, ਸੋ ਕੰਮ ਤੇਰੇ ਕਰਨੇ ਯੋਗ ਹੋਣਗੇ।" ਇਸ ਗੁਰਬਾਣੀ ਦੀ ਤੁਕ ਦੀ ਵਿਆਖਿਆ ਦੱਸ ਕੇ, ਭਾਈ ਸਾਹਿਬ ਜੀਉ ਨੇ ਦਾਸ ਨੂੰ ਫੁਰਮਾਇਆ ਕਿ ਜਿਨ੍ਹਾਂ ਸੰਤਾਂ ਦੀ ਸੰਗਤ ਕਰਨ

ਦਾ ਉਪਦੇਸ਼ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਉਸ ਸਮੇਂ ਉਸ ਜਗਿਆਸੂ ਨੂੰ ਕੀਤਾ ਸੀ, ਐਸੇ ਸੰਤ ਸਨ, ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ।

## ਸੰਤ ਬਾਬਾ ਨੰਦ ਸਿੰਘ ਜੀ ਦੀ ਸਾਖ

ਸੰਤ ਹੀਰਾ ਸਿੰਘ ਜੀ ਚਾਵਲ ਮੰਡੀ ਅੰਮ੍ਰਿਤਸਰ ਵਾਲੇ ਦੱਸਦੇ ਹਨ, ਕਿ ਅਸੀਂ ਇਕ ਵਾਰ ਇਕ ਸਪੈਸ਼ਲ ਟਰੇਨ ਲੈ ਕੇ ਜਗਰਾਵਾਂ ਸੰਤ ਬਾਬਾ ਨੰਦ ਸਿੰਘ ਜੀ ਦੇ ਦਰਸ਼ਨ ਕਰਨ ਗਏ, ਇਸ ਟਰੇਨ ਦੇ ਵਿਚ ਲਗ ਪਗ ਸਾਢੇ ਪੰਜ ਸੌ ਸਤਿਸੰਗੀ ਸਾਡੇ ਨਾਲ ਸਨ । ਸੰਤ ਬਾਬਾ ਜੀ ਨੇ ਮੈਨੂੰ ਅੰਦਰ ਬੁਲਾਇਆ, ਤੇ ਸਹਜ ਸੁਭਾਵ ਬਚਨ ਕੀਤਾ ਕਿ ਜਿਸ ਵਕਤ ਅੰਮ੍ਰਿਤ ਵੇਲੇ ਨਾਮ ਸਿਮਰਨ ਵਿਚ ਸਾਡੀ ਸੁਰਤ ਅੰਤਰ ਆਤਮੇ ਜੁੜਦੀ ਹੈ ਤਾਂ ਉਸ ਸਮੇਂ ਆਤਮਕ ਮੰਡਲਾਂ ਵਿਚ ਸਾਨੂੰ ਦੋ ਪਾਵਨ ਵਿਅਕਤੀਆਂ ਦੇ ਦਰਸ਼ਨ ਹੁੰਦੇ ਹਨ :–

੧. ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ।
੨. ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ।

## ਸੰਤ ਭਾਈ ਰਣਧੀਰ ਸਿੰਘ ਜੀ

"ਅਭਿਆਸ ਕਮਾਈ" ਪੁਸਤਕ ਦੇ ਲੇਖਕ ਸੰਤ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ ਇਸ ਦੇ ਸਫ਼ਾ ੨੪੫ ਪਰ ਇਸ ਪ੍ਰਕਾਰ ਲਿਖਦੇ ਹਨ :—

"ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ, ਪੂਰਨ ਗੁਰਮਤਿ ਮਰਿਯਾਦਾ ਪੁਰਸ਼ੋਤਮ ਸੰਤ ਸਨ । ਉਨ੍ਹਾਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ । ਪਰ ਅਕਸਰ ਲੋਗ ਕਈ ਵੇਰ ਇਉਂ ਕਹਿੰਦੇ ਹਨ, ਮੈਂ ਸੰਤ ਸ਼ਾਮ ਸਿੰਘ ਜੀ ਤੋਂ ਅੰਮ੍ਰਿਤ ਛਕਿਆ । ਸੰਤ

ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ, ਕਿਸੇ ਤੋਂ ਹੱਥ ਨਹੀਂ ਲਵਾਇਆ ਸੀ। ਅਤੇ ਸਾਰੀ ਉਮਰ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਹੀ ਬਿਤੀਤ ਕੀਤੀ। ਕਦੇ ਆਪ ਨੇ ਆਪ ਨੂੰ ਗੁਰੂ ਨਹੀਂ ਸਦਵਾਇਆ, ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਪੁਜਾਰੀ ਸਿਖ ਹੀ ਬਣੇ ਰਹੇ। ਸੰਤ ਜੀ ਨੂੰ ਗੁਰੂ ਡਮ ਦੀ ਕਦੇ ਚਾਟ ਨਹੀਂ ਲਗੀ।"

## ਪ੍ਰਦੇਸੀ ਪਰ ਬਾਬਾ ਜੀ ਦੇ ਦਰਸ਼ਨਾਂ ਦਾ ਪ੍ਰਭਾਵ

ਭਾਈ ਕਿਸ਼ਨ ਸਿੰਘ ਜੀ, ਦੱਸਦੇ ਹਨ ਕਿ ਇਕ ਵਾਰ ਇਕ ਆਇਰਸ਼ (ਆਇਰਲੈਂਡ-ਯੂਨਾਈਟਡ ਕਿੰਗਡਮ ਦਾ ਵਾਸੀ) ਸਜਣ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਦਰਸ਼ਨ ਕਰਨ ਆਇਆ। ਸੰਤਾਂ ਦੇ ਪਲੰਘ ਦੇ ਚਰਨਾ ਵਾਲੇ ਪਾਸੇ ਬੈਠ ਕੇ ਇਕ-ਟੱਕ ਦਰਸ਼ਨ ਕਰਦਾ ਰਿਹਾ। ਆਪ ਦੇ ਪਾਸ ਭਾਈ ਠਾਕਰ ਸਿੰਘ ਜੀ ਗ੍ਰੰਥੀ, ਜੋ ਸੰਤ ਬਾਬਾ ਜੀ ਦੇ ਮੁਖੀ ਸੇਵਕ ਸਨ, ਬੈਠੇ ਹੋਏ ਸਨ, ਕੁਝ ਸਮੇਂ ਪਿਛੋਂ ਉਨ੍ਹਾਂ ਪ੍ਰਤੀ ਉਸ ਆਇਰਿਸ਼ ਨੇ ਕਿਹਾ, ਮੈਂ ਆਪਣੇ ਦੇਸ਼ ਤੋਂ ਹਜ਼ਾਰਾਂ ਮੀਲ ਸਫਰ ਕਰਕੇ ਕੇਵਲ ਸੰਤਾਂ, ਮਹਾਤਮਾਂ ਦੇ ਦਰਸ਼ਨ ਕਰਨ ਲਈ ਰਵਾਨਾ ਹੋਇਆ ਸਾਂ, ਸਾਰੀ ਦੁਨੀਆਂ ਫਿਰਿਆ ਹਾਂ, ਅਨੇਕ ਮਹਾਤਮਾਂ ਦੇ ਦਰਸ਼ਨ ਕੀਤੇ ਹਨ ਪਰ ਐਸੇ ਪਰਮ ਸ਼ਾਂਤ ਰੂਪ ਮਹਾਤਮਾ, ਜੈਸੇ ਸੰਤ ਬਾਬਾ ਜੀ ਹਨ, ਹੋਰ ਕਿਤੇ ਨਹੀਂ ਮਿਲੇ। ਇਨ੍ਹਾਂ ਦੇ ਦਰਸ਼ਨ ਮਨ ਤੇ ਸ਼ਾਂਤੀ ਦਾ ਪ੍ਰਭਾਵ ਪਾਉਂਦੇ ਤੇ ਪਰਮਾਤਮਾ ਚੇਤੇ ਆਉਂਦਾ ਹੈ।

## ਚਿਤਵੀ ਸ਼ੰਕਾ ਦਾ ਸਮਾਧਾਨ

ਸੰਤ ਬਾਬਾ ਜੀ ਦੀ ਬਿਰਧ ਅਵਸਥਾ ਵਿਚ, ਜਦੋਂ ਕਿ ਆਪ ਜੀ ਬਹੁਤ ਕਰ ਕੇ ਸਮਾਧੀ ਵਿਚ ਇਸਥਿਤ ਰਹਿੰਦੇ ਸਨ, ਮੰਜੇ ਤੇ ਲੇਟੇ ਹੁੰਦੇ ਸਨ ਅਤੇ ਕਿਸੇ ਨਾਲ ਬਚਨ-ਬਿਲਾਸ ਨਹੀਂ ਕਰਦੇ

ਸਨ। ਇਕ ਦਿਨ ਇਕ ਬੈਰਾਗੀ ਸੱਜਣ ਦਰਸ਼ਨ ਕਰਨ ਲਈ ਆਇਆ । ਸੰਤਾਂ ਦੇ ਮੰਜੇ ਅੱਗੇ ਨਮਸਕਾਰ ਕਰਕੇ ਬੈਠ ਗਿਆ। ਜੋ ਸੇਵਕ ਉਸ ਸਮੇਂ ਸੰਤਾਂ ਦੇ ਪਾਸ ਡਿਊਟੀ ਤੇ ਹਾਜ਼ਰ ਸੀ, ਉਸ ਪ੍ਰਤੀ ਵੈਰਾਗੀ ਮਹਾਤਮਾ ਨੇ ਕਿਹਾ ਕਿ ਮੈਂ ਸੰਤ ਬਾਬਾ ਜੀ ਨਾਲ ਇਕ ਗੱਲ ਕਰਕੇ ਆਪਣੀ ਮਨਸ਼ਾ ਪੂਰੀ ਕਰਨੀ ਹੈ। ਸੇਵਾਦਾਰ ਨੇ ਉੱਤਰ ਦਿਤਾ ਕਿ ਸੰਤ ਬਾਬਾ ਜੀ ਅਜ ਕਲ ਬਚਨ ਨਹੀਂ ਕਰਦੇ। ਵੈਰਾਗੀ ਹਠ ਕਰਕੇ ਬੈਠਾ ਰਿਹਾ ਕਿ ਮੈਂ ਤਾਂ ਜੋ ਸੰਕਲਪ ਮਨ ਵਿਚ ਧਾਰ ਕੇ ਆਇਆ ਹਾਂ, ਉਸਦੀ ਪੂਰੀ ਤਸੱਲੀ ਕਰ ਕੇ ਹੀ ਜਾਵਾਂਗਾ। ਸੰਤ ਬਾਬਾ ਜੀ ਆਪਣੀ ਆਤਮਿਕ ਗਿਆਤ ਨਾਲ ਵੈਰਾਗੀ ਦੇ ਮਨ ਦੀ ਗੱਲ ਬੁਝ ਕੇ ਮੰਜੇ ਤੇ ਲੇਟਿਆਂ ਹੀ ਇਹ ਗੁਰ-ਵਾਕ ਮੁਖੋਂ ਉਚਾਰਨ ਕੀਤਾ :–

"ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥"

[ਗਉੜੀ ਕਬੀਰ ਜੀ–੧੦

ਉਹ ਵੈਰਾਗੀ ਸੰਤਾਂ ਦੇ ਮੰਜੇ ਅੱਗੇ ਮੱਥਾ ਟੇਕ ਕੇ ਉਠ ਖਲੋਤਾ ਤੇ ਸੇਵਾਦਾਰ ਨੂੰ ਕਿਹਾ, ਕਿ ਹੁਣ ਮੇਰੀ ਨਿਸ਼ਾ ਹੋ ਗਈ ਹੈ, ਬਸ ਮੈਂ ਹੁਣ ਜਾਂਦਾ ਹਾਂ ।

## ਸੇਵਾ ਸਿਮਰਨ ਤੇ ਕੀਰਤਨ ਦਾ ਮੰਡਲ

ਸਰਦਾਰ ਬਸ਼ੇਸ਼ਰ ਸਿੰਘ ਜੀ ਨੇ ਦੱਸਿਆ ਸੀ ਕਿ ਜਦੋਂ ਮੈਂ ਖਾਲਸਾ ਕਾਲਜ ਵਿਚ ਦਾਖਲ ਹੋਣ ਲਈ ਅੰਮ੍ਰਿਤਸਰ ਆਇਆ ਤਾਂ ਮੇਰਾ ਚਿਤ ਬੜਾ ਵੈਰਾਗ ਵਿਚ ਰਹਿੰਦਾ ਸੀ ਤੇ ਅਰਦਾਸਾਂ ਕਰਦਾ ਸਾਂ ਕਿ ਹੇ ਗੁਰੂ ਰਾਮਦਾਸ ਸਾਹਿਬ ਜੀ ਮੈਨੂੰ ਐਸਾ ਸੰਤ ਮਿਲਾਓ ਜੋ ਮੇਰੇ ਮਨ ਨੂੰ ਸ਼ਾਂਤੀ ਬਖਸ਼ੇ । ਇਹੋ ਖਿਆਲ ਲੈ ਕੇ ਮੈਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਮਿਲਿਆ। ਗੱਲਾਂ ਬਾਤਾਂ ਵਿਚ ਮੈਂ ਪੁੱਛ ਕੀਤੀ ਕਿ ਕੋਈ ਐਸੇ ਸੰਤ ਮਹਾਂ ਪੁਰਸ਼

ਦਾ ਪਤਾ ਦੱਸੋ, ਜਿਨ੍ਹਾਂ ਦੇ ਦਰਸ ਪਰਸ ਤੋਂ ਕੋਈ ਆਤਮਕ ਲਾਭ ਪ੍ਰਾਪਤ ਕਰ ਸਕਾਂ, ਤਾਂ ਭਾਈ ਸਾਹਿਬ ਜੀ ਨੇ ਦੱਸਿਆ ਕਿ ਇਸ ਵੇਲੇ ਐਸੇ ਸੰਤਾਂ ਦਾ ਪਤਾ ਤਾਂ ਮੈਂ ਦੱਸ ਦੇਂਦਾ ਹਾਂ ਪਰ ਉਨ੍ਹਾਂ ਨੂੰ ਮਿਲੋ ਤਾਂ ਉਨ੍ਹਾਂ ਦੀ ਆਗਿਆ ਦਾ ਪਾਲਣ ਹਰ ਹਾਲ ਕਰਨਾ ਹੋਵੇਗਾ । ਮੈਂ ਕਿਹਾ ਜ਼ਰੂਰ ਕਰਾਂਗਾ ਜੇ ਓਹ ਕਹਿਣ ਝਾੜੂ ਲੈ ਕੇ ਬਾਜ਼ਾਰ ਦੀ ਸਫਾਈ ਕਰ ਤਾਂ ਬਿਨਾਂ ਝਿਜਕ ਆਗਿਆ ਦਾ ਪਾਲਣਾ ਕਰਾਂਗਾ । ਭਾਈ ਸਾਹਿਬ ਜੀ ਨੇ ਦੱਸਿਆ, ਐਸੇ ਸੰਤ ਹਨ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ। ਮੇਰੇ ਬਜ਼ੁਰਗਾਂ ਦੇ ਮੇਲ ਗੇਲ ਉਨ੍ਹਾਂ ਨਾਲ ਮੁੱਦਤਾਂ ਦੇ ਹਨ, ਮੇਰੀ ਉਮਰ ਪੰਜ ਕੁ ਸਾਲ ਦੀ ਸੀ ਜਦੋਂ ਮੇਰੇ ਪਿਤਾ ਜੀ ਮੈਨੂੰ ਉਂਗਲੀ ਲਾ ਕੇ ਉਨ੍ਹਾਂ ਪਾਸ ਲੈ ਗਏ ਸਨ, ਸੰਤਾਂ ਨੇ ਮੈਨੂੰ ਬੜਾ ਪਿਆਰ ਕੀਤਾ। ਮਗਰੋਂ ਮੈਂ ਅੰਮ੍ਰਿਤ ਭੀ ਉਨ੍ਹਾਂ ਸੰਤਾਂ ਦੀ ਜਥੇਦਾਰੀ ਵਿਚ ਹੀ ਛਕਿਆ । ਸ: ਬਸ਼ੇਸ਼ਰ ਸਿੰਘ ਜੀ ਨੇ ਦੱਸਿਆ ਕਿ ਭਾਈ ਸਾਹਿਬ ਜੀ ਤੋਂ ਇਹ ਪਤਾ ਪਾ ਕੇ ਮੈਂ ਜਾ ਕੇ ਸੰਤਾਂ ਦ ਦਰਸ਼ਨ ਕੀਤੇ, ਤਦੋਂ ਸੰਤ ਜੀ ਵਡੀ ਧਰਮਸਾਲਾ ਬੱਤੀ ਹੱਟਾਂ ਚੁਰੱਸਤੀ ਅਟਾਰੀ ਵਿਖੇ ਰਹਿੰਦੇ ਸਨ। ਸੰਤਾਂ ਨੇ ਕਿਹਾ: ਪਹਿਲੇ ਪ੍ਰਸ਼ਾਦ ਛਕੋ, ਥਾਲ ਵਿਚ ਚਾਰ ਫੁਲਕੇ ਤੇ ਦਾਲਾ ਜੋ ਮੂੰਗੀ ਮੋਠ ਮਾਂਹ ਮਿਲਾ ਕੇ ਬਣਾਈ ਹੋਈ ਸੀ ਮਿਲੀ। ਪ੍ਰਸ਼ਾਦ ਛਕਿਆ, ਬੜਾ ਸੁਆਦ ਆਇਆ, ਸੰਤਾਂ ਨੇ ਆਪਣੀ ਪ੍ਰੇਮ ਨਜ਼ਰ ਨਾਲ ਮੈਨੂੰ ਆਪਣਾ ਬਣਾ ਲਿਆ, ਤੇ ਫੇਰ ਕਾਲਜ ਦੀ ਪੜ੍ਹਾਈ ਵੇਲੇ ਹਰ ਸਨੀਚਰ ਵਾਰ ਸੰਤਾਂ ਪਾਸ ਆ ਜਾਂਦਾ, ਐਤਵਾਰ ਸੇਵਾ ਕਰਕੇ ਸੋਮਵਾਰ ਕਾਲਜ ਚਲਾ ਜਾਂਦਾ । ਦਿਲ ਇਹੋ ਚਾਹੇ ਕਿ ਅੱਠੇ ਪਹਿਰ ਸੰਤਾਂ ਦੇ ਚਰਨਾਂ ਵਿਚ ਰਹਾਂ। ਸਿਖੀ ਦੀ ਆਦਰਸ਼ਕ ਰਹਿਣੀ, ਬਹਿਣੀ, ਕਹਿਣੀ ਜਿਸ ਨੂੰ ਕਿਹਾ ਜਾ ਸਕਦਾ ਹੈ, ਉਹ ਸੰਤਾਂ ਵਿਚ ਮੈਂ ਪਰੀਪੂਰਨ ਤੱਕੀ । ਓਥੇ ਸੇਵਾ ਤੇ ਸਿਮਰਨ ਮੁੱਖ ਸੀ। ਕੋਈ ਕਿਸੇ ਨੂੰ ਕੁਝ ਕਹਿਣ ਦਾ ਹੀਆ ਨਹੀਂ ਸੀ ਕਰ ਸਕਦਾ ਕਿ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ। ਸਚੇ ਸੋਢੀ

ਸੁਲਤਾਨ ਗੁਰੂ ਰਾਮਦਾਸ ਜੀ ਦੀ ਸੇਵਾ ਤੇ ਕੀਰਤਨ ਦੀ ਲਗਨ ਪ੍ਰਧਾਨ ਸੀ, ਕੇਵਲ 'ਠਾਕੁਰ ਹੀ ਕਾ ਆਹਰੁ ਜੀਉ' ਵਾਲੀ ਦਸ਼ਾ ਵਾਪਰ ਰਹੀ ਸੀ।

## ਦਰਸ਼ਨ ਦਾ ਪ੍ਰਭਾਵ

ਬਾਬਾ ਜੀ ਦੇ ਦਰਸ਼ਨਾਂ ਨਾਲ ਨਵੇਂ ਆਦਮੀ ਨੂੰ ਭੀ (ਜਿਹੜਾ ਕਿ ਪਹਿਲੀ ਵੇਰ ਹੀ ਦਰਸ਼ਨ ਨੂੰ ਆਇਆ ਹੋਵੇ) ਠੰਢ ਪੈ ਜਾਂਦੀ ਸੀ; ਤੇ ਕਠੋਰ ਤੋਂ ਵੀ ਕਠੋਰ ਹਿਰਦਾ ਨਰਮ ਹੋ ਜਾਂਦਾ ਸੀ, ਯਥਾ ਗੁਰਵਾਕ "ਦਰਸਨੁ ਭੇਟਤ ਹੋਤ ਨਿਹਾਲ।" ਵਾਹ–ਵਾਹ, ਅਸਚਰਜ ਦਰਸ਼ਨ ਸਨ—ਸ੍ਰੀ ਮਾਨ ਬਾਬਾ ਜੀ ਦੇ। ਰੋਮ–ਰੋਮ ਵਿਚੋਂ ਸ਼ਾਂਤੀ, ਸੀਤਲਤਾ, ਧੀਰਜ ਤੇ ਗੰਭੀਰਤਾ ਬਰਸ ਰਹੀ ਹੁੰਦੀ ਸੀ। ਜੋ ਉਪਮਾਂ ਸੰਤਾਂ ਦੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿਚ ਕੀਤੀ ਹੈ, ਉਸ ਦਾ ਪਰਤੱਖ ਪਰਤੌ ਬਾਬਾ ਜੀ ਦਾ ਦਰਸ਼ਨ ਸੀ :—

"ਸਫਲ ਦਰਸਨੁ ਪੇਖਤ ਪੁਨੀਤ ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥
ਭੇਟਤ ਸੰਗਿ ਰਾਮ ਗੁਨ ਰਵੇ ॥
ਪਾਰ-ਬ੍ਰਹਮ ਕੀ ਦਰਗਹ ਗਵੇ ॥
ਸੁਨਿ ਕਰਿ ਬਚਨ ਕਰਨ ਆਘਾਨੇ ॥
ਮਨਿ ਸੰਤੋਖੁ ਆਤਮ ਪਤੀਆਨੇ ॥
ਪੂਰਾ ਗੁਰੁ ਅਖੵਉ ਜਾ ਕਾ ਮੰਤ੍ਰ ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥"

[ਸੁਖਮਨੀ ੧੮-੪

ਬੱਸ ਏਹੀ ਹਾਲ ਉਸ ਜੀਵ ਦਾ ਹੁੰਦਾ ਸੀ, ਜਿਸ ਨੂੰ ਭਾਗਾਂ



 www.sikhbookclub.com

ਨਾਲ ਆਪ ਦੇ ਦਰਸ਼ਨ ਪ੍ਰਾਪਤ ਹੋਣ । ਸ੍ਰੀ ਮਾਨ ਸੰਤ ਬਾਬਾ ਜੀ ਦਾ ਸਰੀਰ ਬੜਾ ਅਰੋਗ ਤੇ ਸੁਤੰਤ੍ਰ ਸੀ, ਰੰਗ ਕਣਕ ਭਿੰਨਾ, ਚਿਹਰਾ ਵੱਡਾ ਤੇ ਬੜੇ ਤੇਜ ਵਾਲਾ, ਨੈਣ ਵੱਡੇ ਵੱਡੇ ਮਸਤਾਏ ਤੇ ਰਸ ਭਰੇ ਹੋਏ ਲਾਲੀ ਸਹਿਤ । ਪਿਛਲੇ ਸਮੇਂ ਬਾਬਾ ਜੀ ਨੇਤਰ ਬੰਦ ਰਖਦੇ ਸਨ, ਤੇ ਜਦ ਕਦੇ ਖੋਲ੍ਹਦੇ ਸਨ ਤਾਂ ਤੇਜ ਸਹਾਰਿਆ ਨਹੀਂ ਸੀ ਜਾਂਦਾ। ਨਾਸਕਾਂ ਬੜੀਆਂ ਵੱਡੀਆਂ ਤੇ ਖੁੱਲ੍ਹੀਆਂ ਸਨ । ਦਾੜ੍ਹਾ ਸੁਫੈਦ ਤੇ ਸਿੱਧਾ ਸੀ । ਗਰਦਨ ਬੜੀ ਮਜ਼ਬੂਤ ਤੇ ਗੋਲ ਸੀ। ਛਾਤੀ ਐਡੀ ਚੌੜੀ ਸੀ ਕਿ ਜਿਸ ਤਰ੍ਹਾਂ ਕਿਸੇ ਪਹਿਲਵਾਨ ਦੀ ਹੁੰਦੀ ਹੈ। ਆਪ ਜੀ ਦੇ ਹਸਤ ਤੇ ਚਰਨ ਕਮਲ ਬੜੇ ਕੋਮਲ ਤੇ ਨਰਮ ਸਨ । ਇਨ੍ਹਾਂ ਪਵਿਤ੍ਰ ਹੱਥਾਂ ਪੈਰਾਂ ਨੇ ਲਗ ਪਗ ਸੌ ਸਾਲ ਤੋਂ ਵੱਧ ਸਤਿਗੁਰਾਂ ਦੀ, ਹਜ਼ਾਰਾਂ ਪੁਰਸ਼ਾਂ ਦੀ ਅਤੇ ਪਸ਼ੂ ਪੰਖੀਆਂ ਦੀ ਸੇਵਾ ਕੀਤੀ। ਧੰਨ ॥ ਧੰਨ ॥ ਧੰਨ ॥

[ਸੰਖੇਪ ਜੀਵਨ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ
ਰਚਿਤ ਕੈਪਟਨ ਸੂਰਜ ਸਿੰਘ ਵਿਚੋਂ]

## ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ

ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ਇਕ ਮਹਾਨ ਉਚ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ । ਆਪ ਜੀ ਨੇ ਜਵਾਨੀ ਦੀ ਅਵਸਥਾ ਵਿਚ ਸੰਤ ਬਾਬਾ ਸ਼ਾਮ ਸਿੰਘ ਜੀ ਪਾਸ ਹਾਜ਼ਿਰ ਹੋ ਕੇ ਸੇਵਾ ਦੀ ਮੰਗ ਕੀਤੀ। ਸੰਤਾਂ ਨੇ ਸਤਿਗੁਰਾਂ ਦਾ ਇਹ ਵਾਕ :—

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

ਕਹਿ ਕੇ ਗੁਰੂ ਕੇ ਲੰਗਰ ਦੀ ਸੇਵਾ ਦੀ ਆਗਿਆ ਬਖ਼ਸ਼ੀ। ਆਪ ਸ਼ਹਿਰ ਵਿਚ ਲਗਾਤਾਰ ੬ ਘੰਟੇ ਗਜਾ ਕਰਨ (ਪ੍ਰਸ਼ਾਦੇ ਇਕੱਠੇ ਕਰਨ) ਦੀ ਅਣਥਕ ਸੇਵਾ ਕਰਦੇ ਹੋਏ ਮੁਖੋਂ ਹਰ ਵਕਤ ਸ੍ਰੀ



 www.sikhbookclub.com

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਉਚਾਰਨ ਕਰਦੇ ਰਹਿੰਦੇ ਸਨ। ਹਨੇਰੀ, ਝੱਖੜ, ਮੀਂਹ, ਕੱਕਰ ਅਤੇ ਕੜਕਦੀ ਧੁੱਪ ਵਿਚ ਵੀ ਗੁਰੂ ਸਾਹਿਬ ਜੀ ਦੇ ਹੁਕਮ "ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ" ਅਨੁਸਾਰ ਹਰ ਵਕਤ ਗੁਰ ਸੇਵਾ ਤੇ ਸੰਤ ਸੇਵਾ ਵਿਚ ਜੁੱਟੇ ਰਹਿੰਦੇ ਸਨ।

ਆਪ ਜੀ ਨੂੰ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਪੰਜ ਭੂਤਕ ਚੋਲੇ ਨੂੰ ਤਿਆਗਣ ਪਿਛੋਂ ਡੇਰੇ ਦੀ ਸੇਵਾ ਦੀ ਗੱਦੀ ਉੱਤੇ ੧੦ ਮਈ, ੧੯੨੬ ਈ: ਨੂੰ ਬਿਠਾਇਆ ਗਿਆ। ਸੇਵਾ ਦੀ ਗੱਦੀ ਸੰਭਾਲਣ ਤੋਂ ਉਪਰੰਤ ਸੰਤ ਬਾਬਾ ਝੰਡਾ ਸਿੰਘ ਜੀ ਨੇ ਲਗ ਪਗ ੩੫ ਵਰ੍ਹੇ ਜਿਸ ਉਤਸ਼ਾਹ ਤੇ ਪ੍ਰੇਮ ਨਾਲ ਗੁਰ ਸੇਵਾ ਸੰਗਤਾਂ ਪਾਸੋਂ ਕਰਵਾਈ, ਉਹ ਬੇਮਿਸਾਲ ਹੈ, ਆਪ ਬੜੇ ਸਾਦਾ ਨੂੰ ਲ੍ਹੇ ਸੁਭਾਵ ਵਾਲੇ ਵੈਰਾਗ ਤੇ ਤਿਆਗ ਦੇ ਪੁਤਲੇ, ਸਤਿਗੁਰਾਂ ਦੇ ਦਰੋਂ ਘਰੋਂ ਅਗੰਮੀ ਬਖਸ਼ਿਸ਼ਾਂ ਦੁਆਰਾ ਵਰੋਸਾਏ ਹੋਏ ਪੂਰਨ ਪ੍ਰਤਾਪ ਸ਼ੀਲ ਮਹਾਂ ਪੁਰਸ਼ ਸਨ।

ਆਪ ਦੇ ਸਤਿਕਾਰ ਯੋਗ ਪਿਤਾ ਜੀ ਦਾ ਸ਼ੁਭ ਨਾਮ 'ਬਾਬਾ ਜੀਵਨ ਸਿੰਘ' ਜੀ ਤੇ ਪੂਜਨੀਕ ਮਾਤਾ ਜੀ ਦਾ ਨਾਮ ਸੀ 'ਜਵਾਲੀ'।

ਆਪ ਦਾ ਜਨਮ ਅਸਥਾਨ ਗਲੀ ਨੱਢਿਆਂ ਵਾਲੀ, ਕਟੜਾ ਕਰਮ ਸਿੰਘ ਅੰਮ੍ਰਿਤਸਰ ਵਿਖੇ ਹੈ, ਜਿਥੇ ਹੁਣ ਦੋ-ਮਨਜ਼ਲਾ ਗੁਰਦੁਆਰਾ ਸ਼ੋਭ ਰਿਹਾ ਹੈ। ਇਥੇ ਜਥੇਦਾਰ ਬਾਬਾ ਲਾਭ ਸਿੰਘ ਜੀ ਲਗ ਪਗ ੧੫ ਸਾਲ ਬੜੇ ਪ੍ਰੇਮ ਨਾਲ ਗੁਰੂ ਮਹਾਰਾਜ ਦੀ ਸੇਵਾ ਕਰਦੇ ਰਹੇ ਹਨ; ਉਨ੍ਹਾਂ ਦੇ ਗੁਰ ਪੁਰੀ ਸਿਧਾਰਨ ਪਿਛੋਂ ਉਨ੍ਹਾਂ ਦੀ ਧਰਮ ਪਤਨੀ ਮਾਤਾ ਮੋਹਨ ਕੌਰ ਜੀ ਨੇ ਸੇਵਾ ਸਿਰ ਚਾ ਲਈ ਹੈ।

ਆਪਣੇ ਮਹਾਂ ਪੁਰਸ਼ਾਂ ਦੀ ਆਗਿਆ ਪਾਲਣ ਦੀ ਇਕ ਘਟਨਾ, ਜੋ ਜਗਿਆਸੂ ਮਨਾਂ ਲਈ ਸਿਖਿਆਦਾਇਕ ਹੈ, ਇਸ ਪ੍ਰਕਾਰ ਹੈ :—

ਇਕ ਚਿਠੀ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਦੀ ਆਗਿਆ ਅਨੁਸਾਰ ਸੰਤ ਬਾਬਾ ਸਾਧੂ ਸਿੰਘ ਜੀ ਨੇ ਸ੍ਰੀ ਮੁਕਤਸਰ ਤੋਂ ਬਾਬਾ ਝੰਡਾ ਸਿੰਘ ਜੀ ਵਲ ਸ੍ਰੀ ਅੰਮ੍ਰਿਤਸਰ ਲਿਖ ਭੇਜੀ ਕਿ ਰਾਤੋ ਰਾਤ ਯਤਨ ਕਰਕੇ ਇਤਨਾ ਸਾਮਾਨ ਸੇਵਾ ਲਈ ਪ੍ਰੇਮੀਆਂ ਪਾਸੋਂ ਇਕੱਠਾ ਕਰਵਾ ਕੇ ਮੁਕਤਸਰ ਲੈ ਆਓ। ਰਾਤੋ-ਰਾਤ ਉਦਮ ਹੋਇਆ ਤੇ ਸਵੇਰੇ ੪ ਵਜੇ ਟਰੱਕ ਭਰ ਕੇ ਬਹੁਤ ਸਾਰੀ ਸੰਗਤ ਨਾਲ ਸ੍ਰੀ ਮੁਕਤਸਰ ਵਲ ਚੱਲ ਪਏ। ਸ੍ਰੀ ਬਾਬਾ ਸਾਧੂ ਸਿੰਘ ਜੀ ਨੇ, ਜੋ ਉਸ ਸਮੇਂ ਪ੍ਰਕਰਮਾ ਵਿੱਚ ਸੇਵਾ ਕਰਵਾ ਰਹੇ ਸਨ, ਜਥੇਦਾਰ ਬਘੇਲ ਸਿੰਘ ਨੂੰ ਸੱਦ ਕੇ ਆਖਿਆ, ਆਓ ਜਥੇਦਾਰ ਜੀ ਤੁਹਾਨੂੰ ਸੱਚੇ ਲੋਕ ਝੂਠੇ ਬਣਦੇ ਵਿਖਾਈਏ। ਜਦੋਂ ਬਾਬਾ ਝੰਡਾ ਸਿੰਘ ਜੀ ਟਰੱਕ ਲੈ ਕੇ ਸ੍ਰੀ ਮੁਕਤਸਰ ਪੁਜੇ, ਤਾਂ ਸੰਤ ਸਾਧੂ ਸਿੰਘ ਜੀ ਨੇ ਬੜੇ ਰੋਅਬ ਨਾਲ ਫੁਰਮਾਇਆ, "ਕਿਸ ਦੇ ਹੁਕਮ ਨਾਲ ਇਤਨਾ ਸਾਮਾਨ ਲੈ ਕੇ ਆਏ ਹੋ, ਹੁਣੇ ਵਾਪਸ ਲੈ ਜਾਓ।" ਬਾਬਾ ਝੰਡਾ ਸਿੰਘ ਜੀ ਨੇ ਨਿੰਮ੍ਰਤਾ ਨਾਲ ਹੱਥ ਜੋੜ ਲਏ, ਅੱਖਾਂ ਵਿਚ ਜਲ ਵਗ ਤੁਰਿਆ ਤੇ ਕਿਹਾ, "ਮਹਾਰਾਜ ਜੀ, ਮੈਂ ਭੁੱਲ ਗਿਆ ਜੀ।" ਬਾਬਾ ਬਘੇਲ ਸਿੰਘ ਨੇ ਬਾਬਾ ਝੰਡਾ ਸਿੰਘ ਜੀ ਨੂੰ ਇਸ਼ਾਰਾ ਕੀਤਾ ਕਿ ਤੁਸੀਂ ਚਿਠੀ ਵਿਖਾ ਦਿਓ ਕਿ ਮੈਂ ਇਹ ਸਾਮਾਨ ਆਪ ਜੀ ਦੇ ਹੁਕਮ ਨਾਲ ਲਿਆਇਆ ਹਾਂ। ਪਰ ਬਾਬਾ ਜੀ ਨੇ ਫਿਰ ਵੀ ਇਹੀ ਨਿੰਮ੍ਰਤਾ ਦੇ ਬਚਨ ਕਹੇ, "ਜੀ ਮੈਂ ਭੁੱਲ ਗਿਆ ਹਾਂ।" ਦੋਨੋਂ ਹੱਥ ਜੋੜ ਕੇ ਸਤਿ ਬਚਨ ਕਹਿ ਕੇ ਜਦੋਂ ਬਾਬਾ ਜੀ ਮੁੜ ਪਏ ਤਾਂ ਸੰਤ ਸਾਧੂ ਸਿੰਘ ਜੀ ਨੇ ਆਵਾਜ਼ ਮਾਰ ਕੇ ਵਾਪਸ ਬੁਲਾ ਲਿਆ ਤੇ ਪਿਆਰ ਨਾਲ ਜੱਫੀ ਪਾ ਲਈ, ਤੇ ਬਾਬਾ ਬਘੇਲ ਸਿੰਘ ਜੀ ਵੱਲ ਇਸ਼ਾਰਾ ਕਰਕੇ ਸੰਤਾਂ ਨੇ ਫੁਰਮਾਇਆ ਕਿ ਤੁਸਾਂ ਹੁਣ ਸੱਚੇ ਲੋਕ ਝੂਠੇ ਬਣਦੇ ਵੇਖੇ ਹਨ, ਇਹ ਹੈ ਸੇਵਕ ਦਾ ਹੁਕਮ ਮੰਨਣਾ। ਤੁਸੀਂ ਤਾਂ ਇਹਨਾਂ ਨੂੰ ਚਿਠੀ ਹੀ ਯਾਦ ਕਰਾਉਂਦੇ ਰਹੇ।



 www.sikhbookclub.com

ਆਪ ਜੀ ਨੂੰ ਸਚੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰੋਂ ਘਰੋਂ ਬਚਨ ਦੀ ਸੱਤਿਆ ਪ੍ਰਾਪਤ ਸੀ । ਸ੍ਰੀ ਅੰਮ੍ਰਿਤਸਰ ਦੀ ਸਾਧ ਸੰਗਤ ਵਿਚ ਬੇਅੰਤ ਸਾਖੀਆਂ ਪ੍ਰਸਿੱਧ ਹਨ ਕਿ ਆਪ ਦੇ ਮੁਖੋਂ ਜੋ ਬਚਨ ਸਹਿਜ ਸੁਭਾ ਨਿਕਲਦਾ ਉਹ ਗੁਰੂ ਮਿਹਰ ਨਾਲ ਸੱਤਿ ਹੋ ਕੇ ਵਰਤਦਾ ਸੀ । ਸ੍ਰੀ ਤਰਨ ਤਾਰਨ ਸਾਹਿਬ ਵਿਖੇ ਹੰਸਲੀ ਦੀ ਸੇਵਾ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਸੀ । ਇਕ ਦਿਨ ਗੁਰੂ ਕੇ ਲੰਗਰ ਵਿਚ ਕੇਵਲ ਦੋ ਟੋਕਰੇ ਪ੍ਰਸ਼ਾਦਿਆਂ ਦੇ ਮੌਜੂਦ ਸਨ ਤੇ ਬੇਅੰਤ ਗੁਰੂ ਕੀਆਂ ਸੰਗਤਾਂ ਪ੍ਰਸ਼ਾਦ ਛਕਣ ਲਈ ਆ ਗਈਆਂ ।

ਮੁਖੀ ਸੇਵਾਦਾਰ ਉਦਾਸ ਹੋ ਗਏ, ਵਕਤ ਐਸਾ ਸੀ ਕਿ ਨਾ ਲੰਗਰ ਬਾਹਰੋਂ ਪੁੱਜ ਸਕਦਾ ਸੀ ਤੇ ਨਾ ਹੀ ਛੇਤੀ ਤਿਆਰ ਹੋ ਸਕਦਾ ਸੀ । ਬਾਬਾ ਜੀ ਕਿਸੇ ਰੰਗ ਵਿਚ ਆ ਕੇ ਬੀਬੀ ਮੋਹਨ ਕੌਰ ਜੀ, ਜੋ ਲੰਗਰ ਦੇ ਪ੍ਰਬੰਧਕ ਸਨ, ਨੂੰ ਬਚਨ ਕੀਤਾ, ਕਿ ਢਕੇ ਹੋਏ ਪ੍ਰਸ਼ਾਦਿਆਂ ਦੇ ਦੋ ਟੋਕਰਿਆਂ ਉਤੇ ਹੋਰ ਚਾਦਰ ਪਾ ਦਿਓ ਤੇ ਪਰਦੇ ਹੇਠੋਂ ਪ੍ਰਸ਼ਾਦੇ ਕੱਢ ਕੱਢ ਕੇ ਖੁੱਲ੍ਹੇ ਗੱਫੇ ਵਰਤਾਈ ਜਾਵੋ ਤੇ ਆਪ ਸਿਮਰਨ ਵਿਚ ਜੁੜਕੇ ਪਾਸ ਬੈਠੇ ਰਹੇ । ਸੰਤਾਂ ਦੇ ਹੁਕਮ ਅਨੁਸਾਰ 'ਸਤਿਨਾਮ ਵਾਹਿਗੁਰੂ' 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਇਆਂ ਲੰਗਰ ਵਰਤਦਾ ਰਿਹਾ ਤੇ ਸਤਿਗੁਰਾਂ ਦੀ ਮਿਹਰ ਨਾਲ ਸਾਰੀ ਸੰਗਤ ਤ੍ਰਿਪਤ ਹੋਕੇ ਉਠੀ । ਜਦ ਬਾਬਾ ਜੀ ਨੇ ਚਾਦਰ ਚੁੱਕੀ ਤਾਂ ਅਜੇ ਪ੍ਰਸ਼ਾਦੇ ਟੋਕਰਿਆਂ ਵਿਚ ਮੌਜੂਦ ਸਨ । ਬਾਬਾ ਜੀ ਨੇ ਦ੍ਰਵ ਕੇ ਸਤਿਗੁਰਾਂ ਦਾ ਸ਼ੁਕਰ ਤੇ ਧੰਨਵਾਦ ਕੀਤਾ ਤੇ ਬੀਬੀ ਮੋਹਨ ਕੌਰ ਨੂੰ ਕਿਹਾ ਕਿ ਇਸ ਗਲ ਦਾ ਕਿਸੇ ਨਾਲ ਜ਼ਿਕਰ ਨਹੀਂ ਕਰਨਾ ।

ਦਾਸ (ਲੇਖਕ ਪ੍ਰੇਮ ਸਿੰਘ) ਨੂੰ ਜਦ ਵੀ ਸ੍ਰੀ ਮਾਨ ਸੰਤ ਬਾਬਾ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ, ਬਿਨਾਂ ਗੁਰ ਸੇਵਾ ਦੇ ਹੋਰ ਕੋਈ ਬਚਨ ਨਹੀਂ ਕਰਦੇ ਸਨ । ਇਕੇਰਾਂ ਦਿੱਲੀ ਦੇ ਰੇਲਵੇ ਸਟੇਸ਼ਨ ਤੇ ਜਦ ਆਪ ਜੀ ਦੇ ਦਰਸ਼ਨ ਹੋਏ ਤਾਂ ਆਪ ਨੇ

ਭਾਈ ਗੁਰਦਾਸ ਜੀ ਦਾ ਇਹ ਵਾਕ ਉਚਾਰਣ ਕੀਤਾ–

'ਵਿਣ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਣੀ।'

ਇਕ ਹੋਰ ਸਮੇਂ ਜਦ ਆਪ ਜੀ ਸ੍ਰੀ ਤਪਿਆਣਾ ਸਾਹਿਬ, ਖਡੂਰ ਸਾਹਿਬ ਤੋਂ ਵਾਪਸ ਸ੍ਰੀ ਅੰਮ੍ਰਿਤਸਰ ਆ ਰਹੇ ਸਨ ਤਾਂ ਆਪ ਦੇ ਮੁਖ ਤੋਂ ਇਹ ਗੁਰ ਵਾਕ ਸੁਣਿਆ :–

'ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥'

[ਜੈਤਸਰੀ ਵਾਰ ਮ: ੫-੬

ਇਸ ਪ੍ਰਕਾਰ ਸਤਿਗੁਰਾਂ ਦੇ ਵਾਕ ਆਪਣੇ ਮੁਖੋਂ ਉਚਾਰਣ ਕਰਦੇ ਸੰਗਤਾਂ ਨੂੰ ਸਤਿਗੁਰਾਂ ਦੀ ਸੇਵਾ ਵਿਚ ਜੋੜਦੇ ਰਹਿੰਦੇ ਸਨ।

ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਹੁਕਮ ਨਾਲ, ਬਾਬਾ ਜੀ ਨੂੰ ਸ੍ਰੀ ਖਡੂਰ ਸਾਹਿਬ ਜੀ ਦੇ ਗੁਰਧਾਮਾਂ ਦੀ ਸੇਵਾ ਨਾਲ ਬਹੁਤ ਪ੍ਰੇਮ ਸੀ। ਆਪ ਦੇ ਗੁਰ ਪੁਰੀ ਸਿਧਾਰਨ ਪਿਛੋਂ ਜਥੇਦਾਰ ਉੱਤਮ ਸਿੰਘ ਜੀ, ਜੋ ਬਾਬਾ ਜੀ ਦੇ ਹੀ ਵਰੋਸਾਏ ਹੋਏ ਹਨ, ਇਥੇ ਸੇਵਾ ਕਰਵਾ ਰਹੇ ਹਨ। ਸਤਿਗੁਰਾਂ ਨੇ ਆਪਣੀ ਮਿਹਰ ਕਰ ਕੇ ਜਥੇਦਾਰ ਉੱਤਮ ਸਿੰਘ ਜੀ ਪਾਸੋਂ ਗੁ: ਸ੍ਰੀ ਦਰਬਾਰ ਸਾਹਿਬ, ਖਡੂਰ ਸਾਹਿਬ, ਜਿਸ ਪਵਿੱਤਰ ਧਰਤੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਏ, ਦੀ ਨਵੀਂ ਵਿਸ਼ਾਲ ਬਿਲਡਿੰਗ ਦੀ ਸੇਵਾ ਕਰਵਾਈ ਹੈ। ਇਸੇ ਗੁਰ ਅਸਥਾਨ ਨੂੰ ਕਈ ਲੋਕ, ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਖੱਡੀ ਵਿਚ ਗਿਰਨ ਦੇ ਕਾਰਨ, ਗੁ: ਖੱਡੀ ਸਾਹਿਬ ਦੇ ਨਾਮ ਨਾਲ ਭੀ ਯਾਦ ਕਰਦੇ ਹਨ। ਉਪਰੰਤ ਦੂਜੀ ਮੁਖ ਸੇਵਾ ਬਾਬਾ ਉਤਮ ਸਿੰਘ ਜੀ ਨੇ ਇਥੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੀ ਇਮਾਰਤ ਦੀ ਉਸਾਰੀ ਦੀ ਕਰਵਾਈ ਹੈ।

ਗਵਾਲੀਅਰ ਕਿਲ੍ਹੇ ਵਿਚ, ਜਿਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ੫੨ ਹਿੰਦੂ ਰਾਜਿਆਂ ਨੂੰ ਕੈਦ ਵਿਚੋਂ ਬੰਦ-ਖਲਾਸ

ਕਰਵਾਈ ਸੀ, 'ਦਾਤਾ ਬੰਦੀ-ਛੋੜ ਗੁਰਦੁਆਰੇ' ਦੀ ਆਲੀਸ਼ਾਨ ਬਿਲਡਿੰਗ ਬਣਵਾਈ ਹੈ। ਇਹ ਮਹਾਨ ਯਾਦਗਾਰ ਕਾਇਮ ਕਰਨ ਲਈ ਗੁਰੂ ਸੰਗਤਾਂ ਨੇ ਜਥੇਦਾਰ ਉੱਤਮ ਸਿੰਘ ਜੀ ਦੀ ਅਗੁਵਾਈ ਵਿਚ ਲੱਖਾਂ ਰੁਪਏ ਆਪਣੀ ਕਮਾਈ ਵਿਚੋਂ ਸਫਲ ਕੀਤੇ ਤੇ ਇਸ ਰਿਆਸਤ ਵਿਚ ਸਿਖ-ਕੌਮ ਦਾ ਝੰਡਾ ਬੁਲੰਦ ਕੀਤਾ ਹੈ। ਇਸ ਗੁਰ-ਅਸਥਾਨ ਵਿਖੇ ਜਥੇਦਾਰ ਸਾਹਿਬ ਵਲੋਂ ਜਥੇਦਾਰ ਅਮਰ ਸਿੰਘ ਜੀ ਇੰਚਾਰਜ ਹਨ ਤੇ ਬਾਬਾ ਹਰਭਜਨ ਸਿੰਘ ਜੀ ਉਹਨਾਂ ਦੇ ਸਹਾਇਕ ਹਨ।

ਇਕ ਹੋਰ ਸ੍ਰੀ ਬਾਬਾ ਝੰਡਾ ਸਿੰਘ ਜੀ ਦੇ ਮੁਖੀ ਸੇਵਕ ਸੰਤ ਬਿਸ਼ਨ ਸਿੰਘ ਜੀ ਹੋਏ ਹਨ। ਆਪ ਨੇ ਸੰਤ ਬਾਬਾ ਜੀ ਦੀ ਆਗਿਆ ਵਿਚ ਗੁਰ-ਸੰਗਤਾਂ ਨੂੰ ਪ੍ਰੇਰ ਕੇ ਇਕ ਸੁਵਰਨ ਦੀ ਗੁਰੂ ਬਾਬਾ ਜੀ ਦੀ ਪਾਲਕੀ ਬਣਵਾ ਕੇ ਸ੍ਰੀ ਹਜ਼ੂਰ ਸਾਹਿਬ ਭੇਟਾ ਕੀਤੀ। ਇਕ ਹੋਰ ਸਵਰਨ ਪਾਲਕੀ ਬੀ ਆਪ ਜੀ ਨੇ ਪਿਛੋਂ ਬਣਵਾਈ ਸੀ ਉਹ ਬੀ ਇਸ ਸਮੇਂ ਸ੍ਰੀ ਹਜ਼ੂਰ ਸਾਹਿਬ ਵਿਖੇ ਸੋਭ ਰਹੀ ਹੈ। ਸੰਤਾਂ ਦੇ ਗੁਰਪੁਰੀ ਸਿਧਾਰਨ ਪਿਛੋਂ, ਸਤਿਗੁਰਾਂ ਨੇ ਆਪਣੀ ਮਿਹਰ ਕਰ ਕੇ, ਇਨ੍ਹਾਂ ਪਾਸੋਂ ਦੋ ਮੁਖ ਸੇਵਾ ਕਰਵਾਈਆਂ, ਪਹਿਲੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਸੋਨਾ ਲਗਵਾਣ ਦੀ ਅਤੇ ਦੂਸਰੀ, ਗੁਰੂ ਕੇ ਬਾਗ, ਸ੍ਰੀ ਅੰਮ੍ਰਿਤਸਰ ਵਿਖੇ ਅਤਿ ਸੁੰਦਰ ਅਤੇ ਵਿਸ਼ਾਲ ਦੀਵਾਨ-ਅਸਥਾਨ ਬਨਾਣ ਦੀ, ਜਿਸ ਵਿਚ ਇਕੋ ਵੇਰ ਬੇ-ਸ਼ੁਮਾਰ ਸੰਗਤਾਂ ਬੈਠ ਕੇ ਸਤਿਸੰਗ ਦਾ ਆਨੰਦ ਮਾਣ ਸਕਦੀਆਂ ਹਨ।

ਸੰਤ ਬਾਬਾ ਝੰਡਾ ਸਿੰਘ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਦੇ ਭੌਰੇ ਅਤੇ ਗੁਰ-ਸੇਵਾ ਦਾ ਮਾਨੋਂ ਸਾਕਾਰ ਰੂਪ ਸਨ। ਆਪ ਦੀ ਨਿਰਮਾਣ ਨੇ ਅਣਥੱਕ ਸੇਵਾ ਤੇ ਪ੍ਰਸੰਨ ਹੋ ਕੇ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਆਪਣਾ ਸਰੀਰ ਤਿਆਗਣ ਤੋਂ ਇਕ ਮਹੀਨਾ ਪਹਿਲੇ ਬਚਨ ਕੀਤਾ ਕਿ ਜੋ ਗੁਰਸਿੱਖ ਮਾਈ ਭਾਈ ਸੰਤ ਬਾਬਾ ਝੰਡਾ ਸਿੰਘ ਜੀ ਦੀ ਅਗੁਵਾਈ ਹੇਠ ਸੇਵਾ ਕਰ ਕੇ

ਖੁਸ਼ੀ ਪ੍ਰਾਪਤ ਕਰੇਗਾ, ਉਸ ਉੱਪਰ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੀਆਂ ਖੁਸ਼ੀਆਂ ਹੋਣਗੀਆਂ।

ਸੰਤ ਬਾਬਾ ਜੀ ੧੦ ਤੇ ੧੧ ਦਸੰਬਰ ੧੯੬੧ ਮੁਤਾਬਕ ੨੫ ਤੇ ੨੬ ਮੱਘਰ ੨੦੧੮ ਬਿਕ੍ਰਮੀ ਦੀ ਵਿਚਕਾਰਲੀ ਰਾਤ ੧੨-੨੦ ਵਜੇ ਦੇ ਲਗ ਪਗ ੭੫ ਸਾਲ ਦੀ ਆਯੂ ਬਿਤੀਤ ਕਰਕੇ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਸੰਤ ਬਾਬਾ ਜੀ ਦੇ ਸਤਾਰ੍ਹਵੀਂ ਵਾਲੇ ਦਿਨ ਸੰਤਾਂ ਦੇ ਡੇਰੇ ਵਿਚ ਬੜਾ ਭਾਰੀ ਦੀਵਾਨ ਸਜਾਇਆ ਗਿਆ। ਜਿਸ ਵਿਚ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ-ਸਾਹਿਬਾਨ ਤੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਦੇ ਸੰਤ ਤੇ ਮਹੰਤ ਅਤੇ ਸ਼ਹਿਰ ਤੇ ਪਿੰਡਾਂ ਦੇ ਮੁਖੀ ਅਧਿਕਾਰੀਆਂ ਦੀ ਹਾਜ਼ਰੀ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਸਮਾਪਤੀ ਤੋਂ ਉਪਰੰਤ ਸੰਤ ਬਾਬਾ ਖੜਕ ਸਿੰਘ ਜੀ (ਜਥੇਦਾਰ, ਬੀੜ ਬਾਬਾ ਬੁੱਢਾ ਸਾਹਿਬ ਜੀ) ਦੀ ਦਸਤਾਰ-ਬੰਦੀ ਕੀਤੀ ਗਈ। ਕਾਰ-ਸੇਵਾ ਬਾਬਾ ਗੁਰਮੁਖ ਸਿੰਘ ਜੀ ਦੇ ਮੁਖੀ ਜਥੇਦਾਰ ਗੁਰਪੁਰਵਾਸੀ ਬਾਬਾ ਬਘੇਲ ਸਿੰਘ ਜੀ, ਗੁਰਪੁਰਵਾਸੀ ਜਥੇਦਾਰ ਦਲੀਪ ਸਿੰਘ ਜੀ, ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ–ਪ੍ਰਧਾਨ ਸੇਵਾ-ਪੰਥੀ ਸੰਪ੍ਰਦਾ, ਜਥੇਦਾਰ ਉੱਤਮ ਸਿੰਘ ਜੀ, ਜਥੇਦਾਰ ਦੀਵਾਨ ਸਿੰਘ ਜੀ ਤੇ ਹੋਰ ਸਰਬ ਸਾਧ-ਸੰਗਤ ਨੇ ਸਰਬ-ਸੰਮਤੀ ਨਾਲ ਸੰਤ ਬਾਬਾ ਖੜਕ ਸਿੰਘ ਜੀ ਨੂੰ ਇਸ ਡੇਰੇ ਦਾ ਮੁਖੀ ਥਾਪਿਆ, ਦਸਤਾਰਾਂ ਭੇਟਾ ਕੀਤੀਆਂ ਤੇ ਵਧਾਈਆਂ ਦਿੱਤੀਆਂ। ਦਸਤਾਰ-ਬੰਦੀ ਸਮੇਂ ਨਰਸਿੰਘਿਆਂ ਅਤੇ ਬੈਂਡ ਵਾਜਿਆਂ ਦੀਆਂ ਘਨਘੋਰ ਧੁਨਾਂ ਅਤੇ ਫੁੱਲਾਂ ਦੀ ਵਰਖਾ ਨੇ ਇਸ ਸੁਭਾਗ ਸਮਾਗਮ ਨੂੰ ਸੂਹਾ ਦਿੱਤਾ। ਉਪਰੰਤ ਹਜ਼ਾਰਾਂ ਦੀ ਗਿਣਤੀ ਵਾਲੀਆਂ ਸੰਗਤਾਂ ਵਿਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।



ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ

 www.sikhbookclub.com



ਸ੍ਰੀ ਮਾਨ ਸੰਤ ਬਾਬਾ ਖੜਕ ਸਿੰਘ ਜੀ


www.sikhbookclub.com

# ਸ੍ਰੀ ਮਾਨ ਸੰਤ ਬਾਬਾ ਖੜਕ ਸਿੰਘ ਜੀ

ਆਪ ਸੰਤ ਬਾਬਾ ਗੁਰਮੁਖ ਸਿੰਘ, ਸੰਤ ਬਾਬਾ ਸਾਧੂ ਸਿੰਘ ਜੀ, ਕਾਰ-ਸੇਵਾ ਵਾਲਿਆਂ ਦੇ ਪੂਰਨਿਆਂ ਤੇ ਚਲਦੇ ਹੋਏ ਪਿਛਲੇ ਲਗ ਪਗ ੩੫ ਸਾਲਾਂ ਤੋਂ ਸਤਿਗੁਰਾਂ ਦੇ ਇਤਿਹਾਸਕ ਗੁਰਧਾਮਾਂ ਦੀ ਸੇਵਾ ਕਰਵਾ ਰਹੇ ਹਨ। ਆਪ ਜੀ ਪਾਸੋਂ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਅਪਾਰ ਰਹਿਮਤ ਕਰਕੇ, ਬੀੜ ਬਾਬਾ ਬੁੱਢਾ ਸਾਹਿਬ ਜੀ ਦਾ ਗੁਰਦੁਆਰਾ ਐਸੀ ਸ਼ਾਨ ਵਾਲਾ ਬਣਵਾਇਆ ਹੈ ਕਿ ਸੰਗਤਾਂ ਦੂਰ ਦੂਰ ਤੋਂ ਦਰਸ਼ਨ ਕਰਨ ਲਈ ਆਉਂਦੀਆਂ ਹਨ। ਆਪ ਨੇ ਸੰਗਤਾਂ ਦੀ ਸਹੂਲਤ ਵਾਸਤੇ ੧੦ ਮੀਲ ਲੰਬੀ ਪੱਕੀ ਸੜਕ ਬਣਾ ਦਿੱਤੀ ਹੈ, ਜੋ ਛਿਹਰਟਾ ਸਾਹਿਬ ਤੋਂ ਗੁਰੂ ਕੀ ਵਡਾਲੀ ਸਾਹਿਬ, ਫੇਰ ਸੰਨ੍ਹ ਸਾਹਿਬ ਬਾਸਰਕੀ, ਗੁ: ਪਿੰਡ ਢੰਡ (ਕਸੇਲ), ਗੁ: ਬੀੜ ਬੁੱਢਾ ਸਾਹਿਬ ਤੇ ਗੁ: ਮਾਣਕ ਚੌਂਕ (ਬੀਬੀ ਵੀਰੋ), ਝਬਾਲ ਨਾਲ ਜਾ ਮਿਲਦੀ ਹੈ। ਬਾਬਾ ਜੀ ਦੇ ਉੱਦਮ ਨਾਲ ਬਾਬਾ ਬੁੱਢਾ ਸਾਹਿਬ ਹਾਇਰ ਸੈਕੰਡਰੀ ਸਕੂਲ ਤੇ ਬਾਬਾ ਬੁੱਢਾ ਸਾਹਿਬ ਖਾਲਸਾ ਕਾਲਜ ਬੜੀ ਸ਼ਾਨ ਨਾਲ ਚਲ ਰਹੇ ਹਨ।

ਆਪ ਜੀ ਦੇ ਸਤਿਕਾਰ ਜੋਗ ਪਿਤਾ ਦਾ ਨਾਮ ਸ੍ਰ: ਪਾਲਾ ਸਿੰਘ ਸੀ ਤੇ ਪੂਜਨੀਕ ਮਾਤਾ ਜੀ ਦਾ ਨਾਮ ਚੰਦ ਕੌਰ। ਆਪ ਦਾ ਜਨਮ ਪਿੰਡ ਬਰਕੀ ਦਾ ਹੈ, ਪਰੰਤੂ ਆਪ ਦੀ ਪ੍ਰਿਤਪਾਲਾ ਨਾਨਕੇ ਪਰਿਵਾਰ ਵਿਚ ਪਿੰਡ ਮਰਗਿੰਦ ਪੁਰਾ ਮੱਖੀ (ਕਲਸੀਆਂ) ਤਹਸੀਲ ਪੱਟੀ ਵਿਚ ਕੀਤੀ ਗਈ। ਆਪ ਦਾ ਸ਼ੁਭ ਜਨਮ ਦਿਨ ਮੰਗਲਵਾਰ ਸ਼ਾਮ ਦੇ ੮ ਵਜ ਕੇ ੯ ਮਿੰਟ ਤੇ ੨ ਜੇਠ ੧੯੫੨ ਬਿਕਰਮੀ (੧੮੯੫ ਈ:) ਨੂੰ ਹੋਇਆ।

ਸ੍ਰੀ ਬਾਬਾ ਖੜਕ ਸਿੰਘ ਜੀ ਸੇਵਾ, ਤਿਆਗ, ਕੁਰਬਾਨੀ ਤੇ ਪਰਉਪਕਾਰ ਦਾ ਮੁਜੱਸਮ ਹਨ। ਆਪ ਜੀ ਵਲੋਂ ਤਿੰਨ ਵੱਡੀਆਂ

ਧਾਰਮਕ ਰੀਤੀਆਂ ਬਦਸਤੂਰ ਉਸੇ ਤਰ੍ਹਾਂ ਹਰ ਰੋਜ਼ ਚਲਾਈਆਂ ਜਾ ਰਹੀਆਂ ਹਨ, ਜੋ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀਉ ਨੇ ਅੱਜ ਤੋਂ ਲਗ ਪਗ ੬੦ ਸਾਲ ਪਹਿਲਾਂ ਆਰੰਭ ਕੀਤੀਆਂ ਸਨ, ਜਿਹਾ ਕਿ—

੧. ਸ੍ਰੀ ਦਰਬਾਰ ਸਾਹਿਬ ਜੀ ਹਰ ਰੋਜ਼ ਰਾਤ ਨੂੰ ਇਸ਼ਨਾਨ ਸੇਵਾ ਤੋਂ ਉਪਰੰਤ ਕੜਾਹ ਪ੍ਰਸ਼ਾਦਿ ਦੀ ਸਭ ਤੋਂ ਪਹਿਲੀ ਦੇਗ ਭੇਟਾ ਕਰਨੀ।

੨. ਡੇਰੇ ਵਿਚ ਸ੍ਰੀ ਅਖੰਡ (ਪ੍ਰੇਮ) ਪਾਠ ਸਾਹਿਬ ਜੀ ਦੀ ਲੜੀ ਜਾਰੀ ਰੱਖਣਾ ਅਤੇ

੩. ਗੋਬਿੰਦ ਸੰਗਤ ਲਈ ਗੁਰੂ ਕਾ ਲੰਗਰ ਵਰਤਾਉਣਾ।

ਗੁਰਦੁਆਰਾ ਸੰਨ੍ਹ ਸਾਹਿਬ ਅਤੇ ਜਨਮ-ਅਸਥਾਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਵਡਾਲੀ ਦੀਆਂ ਅਤਿ-ਸੁੰਦਰ ਇਮਾਰਤਾਂ ਬਣ ਚੁਕੀਆਂ ਹਨ, ਜੋ ਆਪਣੀ ਮਿਸਾਲ ਆਪ ਹੀ ਹਨ। ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਛਬੀਲ, ਸੰਤ ਭਾਈ ਸਵਾਇਆ ਸਿੰਘ ਜੀ ਸਮੇਤ ਠੰਡੇ ਪਾਣੀ ਦੀ ਮਸ਼ੀਨ ਦੇ, ਦੀ ਸੇਵਾ ਭੀ ਸਤਿਗੁਰਾਂ ਨੇ ਆਪ ਪਾਸੋਂ ਕਰਵਾਈ ਹੈ। ਗੁ: ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਆਪ ਵਲੋਂ ਸੰਗਮਰਮਰ ਦੀ ਭਾਰੀ ਸੇਵਾ ਹੋਈ ਹੈ—ਇਹ ਸਭ ਸ੍ਰੀ ਗੁਰੂ ਰਾਮਦਾਸ ਜੀ ਦੀ ਇਹਨਾਂ ਉੱਪਰ ਮਿਹਰ ਹੈ, ਜੋ ਇਸ ਸੇਵਾ ਤੇ ਲੱਖਾਂ ਰੁਪਏ ਗੁਰੂ-ਸੰਗਤਾਂ ਦੇ ਸਫ਼ਲ ਹੋ ਰਹੇ ਹਨ। ਜੋ ਮਾਈ ਭਾਈ ਇਹਨਾਂ ਗੁਰ-ਤੀਰਥਾਂ ਦੇ ਦਰਸ਼ਨ ਕਰਦੇ ਹਨ, ਉਹ ਬਾਬਾ ਜੀ ਦੀ ਇਸ ਘਾਲ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿੰਦੇ।

ਅਜ ਕਲ ਆਪ ਜੀ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਗੁਰੂ ਕੇ ਲੰਗਰ ਦੀ ਸੇਵਾ ਕਰਵਾ ਰਹੇ ਹਨ। ਇਹ ਸੇਵਾ ਬੁਧਵਾਰ

੩੧ ਜੁਲਾਈ ੧੯੭੪ ਨੂੰ ਆਰੰਭ ਕੀਤੀ ਗਈ ਸੀ। ਗੁਰੂ ਕੇ ਲੰਗਰ ਦਾ ਸਾਰਾ ਰਕਬਾ ੪੮੪੦ ਮੁਰੱਬਾ ਗਜ਼ (ਲਗ ਪਗ ਇਕ ਏਕੜ) ਹੈ, ਜਿਸ ਦੇ ਮੱਧ ਵਿਚ ਇਕ ਵਿਸ਼ਾਲ ਤਿੰਨ-ਮਨਜ਼ਲੀ ਇਮਾਰਤ ਬਣਾਈ ਜਾਵੇਗੀ। ਆਉਣ ਵਾਲੇ ਸਮੇਂ ਦੀਆਂ ਲੋੜਾਂ ਨੂੰ ਮੁਖ ਰੱਖਦਿਆਂ ਹੋਇਆਂ ਹੇਠਲੇ ਹਿੱਸੇ ਵਿਚ ਇਕ ਵਿਸ਼ਾਲ ਡੂੰਘਾ ਤਹਿਖਾਨਾ ਬਣਾਇਆ ਜਾ ਰਿਹਾ ਹੈ। ਇਸ ਦੇ ਬਨਣ ਨਾਲ ਵੱਡੇ ਗਰਪੁਰਬਾਂ, ਦੀਵਾਲੀ ਆਦਿਕ ਦੇ ਸਮੇਂ ਜਦੋਂ ਬੇ-ਸ਼ੁਮਾਰ ਸੰਗਤਾਂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਆਉਂਦੀਆਂ ਹਨ, ਉਸ ਸਮੇਂ ਆਪਣਾ ਸਾਰਾ ਸਾਮਾਨ ਮੋਟਰਕਾਰਾਂ, ਸਕੂਟਰ ਸਾਈਕਲ ਜੋੜੇ ਆਦਿ ਇਸ ਵਿਚ ਰੱਖ ਕੇ ਬੇਫ਼ਿਕਰ ਹੋ ਕੇ ਆਪਣਾ ਸਮਾਂ ਤੀਰਥ ਯਾਤਰਾ ਵਿਚ ਸਫਲ ਕਰ ਸਕਣਗੀਆਂ। ਦੂਸਰੀ ਤੇ ਤੀਸਰੀ ਮੰਜ਼ਲ ਵਿਚ ਸੰਗਤਾਂ ਬੈਠਕੇ ਗੁਰੂ ਕਾ ਲੰਗਰ ਛਕਣਗੀਆਂ।

ਹਰ ਰੋਜ਼, ਹਜ਼ਾਰਾਂ ਸੰਗਤਾਂ 'ਸਤਿਨਾਮ ਵਾਹਿਗੁਰੂ' 'ਸਤਿਨਾਮ ਵਾਹਿਗੁਰੂ' ਦਾ ਜਾਪ ਜਪਦਿਆਂ ਸੇਵਾ ਕਰਕੇ ਆਪਣਾ ਜਨਮ ਸਫਲਾ ਕਰ ਰਹੀਆਂ ਹਨ। ਇਸ ਗੁਰ-ਸੇਵਾ ਦਾ ਦ੍ਰਿਸ਼ ਇਕ ਅਲੌਕਿਕ ਨਜ਼ਾਰਾ ਹੈ, ਜੋ ਭੀ ਦਰਸ਼ਨ ਕਰਦਾ ਹੈ, ਉਸਦਾ ਹਿਰਦਾ ਗਦ ਗਦ ਹੁੰਦਾ ਹੈ :—

'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ'

ਇਸ ਮਹਾਨ ਇਤਿਹਾਸਕ ਸੇਵਾ ਉਪਰ ਇੰਜੀਨੀਅਰਾਂ ਦੇ Estimates ਦੇ ਮੁਤਾਬਕ ਲਗ ਪਗ ੫੦ ਲੱਖ ਰੁਪਿਆ ਖਰਚ ਹੋਣ ਦਾ ਅੰਦਾਜ਼ਾ ਹੈ। ਇਥੇ ਸੰਤਾਂ ਵਲੋਂ ਜਥੇਦਾਰ ਦਰਸ਼ਨ ਸਿੰਘ ਜੀ ਮੁਖੀ ਸੇਵਕ ਹਨ, ਜੋ ਦਿਨ ਰਾਤ ਇਕ ਕਰਕੇ ਅੱਠੇ ਪਹਿਰ ਸੇਵਾ ਵਿਚ ਜੁੱਟੇ ਰਹਿੰਦੇ ਹਨ।

ਸੇਵਾ ਅਸਥਾਨ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪ੍ਰਬੰਧਕਾਂ ਵਲੋਂ ਇਕ ਬੋਰਡ ਹੇਠ ਲਿਖੇ ਅੱਖਰਾਂ ਵਿਚ, ਲਗਾਇਆ ਗਿਆ ਹੈ:

ੴ

ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਲੰਗਰ ਦੀ ਸੇਵਾ ਸੰਤ ਬਾਬਾ ਖੜਕ ਸਿੰਘ ਜੀ, ਬੀੜ ਬਾਬਾ ਬੁੱਢਾ ਸਾਹਿਬ ਵਾਲੇ ਕਰਵਾ ਰਹੇ ਹਨ। ਸੰਗਤਾਂ ਤਨ, ਮਨ, ਧਨ, ਰਾਹੀਂ ਹਿੱਸਾ ਪਾ ਕੇ ਜਨਮ ਸਫਲਾ ਕਰਨ।

ਦਾਸ–ਮੈਨੇਜਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

–ਸਮਾਪਤ–


www.sikhbookclub.com